Video Surveillance Systems
Affordable, Reliable, Customized
4, 8, 16 and 32 Camera Systems
- Watch Your Business from anywhere in the World on Internet, iphone and Android Smart Phones.
- Control Employee Theft by Text Insertion Systems.
Contact: Jatinder Singh Ph: 269-532-1786 Cell: 269-271-5194
www.watchyourbusiness.com

ਸ਼ਿਕਾਗੋ ਵਿਚ ਪਹਿਲੀ ਵਾਰ ਹੀਰ ਐਂਟਰਟੇਨਮੈਂਟ ਪੇਸ਼ ਕਰਦੇ ਹਨ
23 ਜੁਲਾਈ 2011, ਸ਼ਾਮ 7 ਵਜੇ





ਸੁਪਰ ਸਟਾਰ ਧਰਮ ਭਾ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ ਅਮਨਟੈਲ
AMANTEL.COM
$100 'ਚ 126 ਘੰਟੇ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ (7560 ਮਿੰਟ)
Customer Service 24/7 ਟੋਲ ਫਰੀ ਨੰਬਰ 'ਤੇ ਕਾਲ ਕਰੋ
1-888-652-6268,732-983-4332/4333

Twelfth Year in Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 30, July 23, 2011
20451 N Plum Grove Rd. Palatine, IL 60074
Ph:847-359-0746, Fax:847-705-9388

## ਮੁੰਬਈ ਧਮਾਕੇ: ਭਾਰਤੀ ਖ਼ੁਫੀਆ ਤੰਤਰ ਦੀ ਨਾਕਾਮੀ ਜੱਗ ਜ਼ਾਹਿਰ

### ਪੁੱਛ-ਗਿੱਛ ਦੌਰਾਨ ਸ਼ੱਕੀ ਬੰਦੇ ਦੇ ਭਰਾ ਦੀ ਮੌਤ

**ਮੁੰਬਈ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਸਰਕਾਰ ਦੇ ਪੁਖਤਾ ਸੁਰੱਖਿਆ ਪ੍ਰਬੰਧਾਂ ਦੇ ਦਾਅਵਿਆਂ ਦੇ ਬਾਵਜੂਦ ਅਤਿਵਾਦੀਆਂ ਨੇ 13 ਜੁਲਾਈ ਨੂੰ ਮੁੰਬਈ 'ਚ ਲਗਾਤਾਰ ਤਿੰਨ ਬੰਬ ਧਮਾਕੇ ਕਰਕੇ ਦਰਸਾ ਦਿੱਤਾ ਹੈ ਕਿ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਰੋਕ ਸਕਣਾ ਸੁਰੱਖਿਆ ਏਜੰਸੀਆਂ ਦੇ ਵੱਸ ਦੀ ਗੱਲ ਨਹੀਂ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਧਮਾਕਿਆਂ ਬਾਰੇ ਕਿਸੇ ਏਜੰਸੀ ਨੇ ਕੋਈ ਅਗਾਊਂ ਚਿਤਾਵਨੀ ਵੀ ਨਹੀਂ ਦਿੱਤੀ ਸੀ ਜਦੋਂ ਕਿ 15 ਅਗਸਤ ਨੂੰ 'ਆਜ਼ਾਦੀ ਦਿਹਾੜੇ' ਦੇ ਮੱਦੇਨਜ਼ਰ ਦੇਸ਼ ਦੀਆਂ ਸਾਰੀਆਂ ਸੁਰੱਖਿਆ ਏਜੰਸੀਆਂ ਨੂੰ ਪੂਰਾ ਚੌਕਸ ਕੀਤਾ ਹੋਇਆ ਹੈ। ਯਾਦ ਰਹੇ ਕਿ ਕੁਝ ਸਾਲ ਪਹਿਲਾਂ ਜਦੋਂ ਅਤਿਵਾਦੀਆਂ ਨੇ ਮੁੰਬਈ 'ਤੇ ਸਿੱਧਾ ਧਾਵਾ ਬੋਲ ਕੇ 186 ਲੋਕਾਂ ਨੂੰ ਮਾਰ ਦਿੱਤਾ ਸੀ ਤਾਂ ਭਾਰਤ ਸਰਕਾਰ ਨੇ ਅੱਗੇ ਤੋਂ ਅਜਿਹੀਆਂ ਦਹਿਸ਼ਤੀ ਕਾਰਵਾਈਆਂ ਨੂੰ ਡੱਕਾ ਲਾਉਣ ਲਈ ਬਜਟ 'ਚ ਅਰਬਾਂ ਰੁਪਏ ਰੱਖ ਕੇ ਸੁਰੱਖਿਆ ਏਜੰਸੀਆਂ ਨੂੰ ਆਧੁਨਿਕ ਸਾਜ਼ੋ-ਸਾਮਾਨ ਨਾਲ ਲੈਸ ਕੀਤਾ ਸੀ ਪਰ ਇਕ ਵਾਰ ਫਿਰ ਸਭ ਧਰਿਆ-ਧਰਾਇਆ ਰਹਿ ਗਿਆ।

ਇਨ੍ਹਾਂ ਬੰਬ ਧਮਾਕਿਆਂ 'ਚ 21 ਬੰਦੇ ਮਾਰੇ ਗਏ ਅਤੇ 141 ਤੋਂ ਵੱਧ ਜ਼ਖ਼ਮੀ ਹੋ ਗਏ। ਅਤਿਵਾਦੀਆਂ ਦਾ ਮਕਸਦ ਵੱਧ ਤੋਂ ਵੱਧ ਲੋਕਾਂ ਨੂੰ ਮਾਰ ਕੇ ਦਹਿਸ਼ਤ ਮਚਾਉਣਾ ਸੀ। ਇਸੇ ਕਰਕੇ ਉਨ੍ਹਾਂ ਭੀੜ-ਭੜੱਕੇ ਵਾਲੀਆਂ ਥਾਂਵਾਂ ਧਮਾਕਿਆਂ ਲਈ ਚੁਣੀਆਂ। ਅਤਿਵਾਦੀਆਂ ਨੇ ਜ਼ਾਵੇਰੀ ਬਾਜ਼ਾਰ, ਦਾਦਰ ਅਤੇ ਓਪੇਰਾ ਹਾਊਸ ਖੇਤਰਾਂ ਨੂੰ ਨਿਸ਼ਾਨਾ ਬਣਾਇਆ। ਇਸ ਬਾਰੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਸਵੀਕਾਰ ਕੀਤਾ ਹੈ ਕਿ ਮੁੰਬਈ ਵਿਚ ਹੋਏ ਹਮਲੇ ਬਾਰੇ ਕਿਸੇ ਤਰ੍ਹਾਂ ਦੀ ਭਰੋਸੇਯੋਗ ਖ਼ੁਫ਼ੀਆ ਜਾਣਕਾਰੀ ਨਹੀਂ ਸੀ। ਉਨ੍ਹਾਂ ਇਸ ਤਰ੍ਹਾਂ ਦੀ ਵੀ ਕਿਸੇ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਕਿ ਬੰਬ ਧਮਾਕਿਆਂ ਦਾ ਉਦੇਸ਼ ਭਾਰਤ-ਪਾਕਿਸਤਾਨ ਵਿਚਕਾਰ ਗੱਲਬਾਤ ਨੂੰ ਲੀਹ ਤੋਂ ਲਾਹੁਣਾ ਹੋ ਸਕਦਾ ਹੈ। ਉਧਰ, ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਦੋਸ਼ੀਆਂ ਨੂੰ ਤੁਰੰਤ ਕਾਨੂੰਨ ਦੇ ਘੇਰੇ 'ਚ ਲਿਆਉਣ ਲਈ ਪੂਰੀ ਸ਼ਿੱਦਤ ਨਾਲ ਪੈਰਵੀ ਕੀਤੀ ਜਾਵੇਗੀ। ਉਨ੍ਹਾਂ ਵਾਅਦਾ ਕੀਤਾ ਕਿ ਭਵਿੱਖ ਵਿਚ ਇਸ ਤਰ੍ਹਾਂ ਦੇ ਹਮਲੇ ਰੋਕਣ ਲਈ ਸਰਕਾਰ ਪੂਰੀ ਵਾਹ ਲਾਵੇਗੀ।



ਧਮਾਕਿਆਂ ਤੋਂ ਬਾਅਦ ਦਾ ਦ੍ਰਿਸ਼

ਜ਼ਿਕਰਯੋਗ ਹੈ ਕਿ ਇਨ੍ਹਾਂ ਧਮਾਕਿਆਂ ਦੀ ਜ਼ਿੰਮੇਵਾਰੀ ਕਿਸੇ ਨੇ ਨਹੀਂ ਲਈ ਪਰ ਇੰਡੀਅਨ

(ਬਾਕੀ ਸਫਾ 6 'ਤੇ)

## ਚੋਣਾਂ ਕਮਿਸ਼ਨ ਦੀ ਸਰਗਰਮੀ ਨੇ ਬਾਦਲਾਂ ਦੀ ਨੀਂਦ ਉਡਾਈ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਤੋਂ ਪਹਿਲਾਂ ਹੀ ਹੋਣ ਦੀ ਚਰਚਾ ਨੇ ਸੱਤਧਾਰੀ ਅਕਾਲੀ-ਭਾਜਪਾ ਸਰਕਾਰ ਨੂੰ ਫਿਕਰ 'ਚ ਪਾ ਦਿੱਤਾ ਹੈ, ਤੇ ਇਹ ਹੁਣ ਤੋਂ ਹੀ ਪੂਰੀ ਤਰ੍ਹਾਂ ਸਰਗਰਮ ਹੋ ਗਈ ਹੈ। ਚੋਣਾਂ ਦਸੰਬਰ ਮਹੀਨੇ 'ਚ ਹੋਣ ਦੀ ਚਰਚਾ ਅਤੇ ਚੋਣ ਕਮਿਸ਼ਨ ਦੇ ਤਕਰੀਬਨ ਸੱਤ ਮਹੀਨੇ ਪਹਿਲਾਂ ਹੀ ਸਰਗਰਮ ਹੋਣ ਕਾਰਨ ਹੁਕਮਰਾਨ ਅਕਾਲੀ ਦਲ ਅਤੇ ਭਾਜਪਾ ਦੀ ਨੀਂਦ ਉੱਡ-ਪੁੱਡ ਗਈ ਹੈ। ਸਰਕਾਰ ਨੇ ਜਿੱਥੇ ਵਿਕਾਸ ਕਾਰਜਾਂ ਲਈ ਸਰਕਾਰੀ ਖ਼ਜ਼ਾਨੇ ਦੇ ਮੂੰਹ ਖੋਲ੍ਹ ਦਿੱਤੇ ਹਨ, ਉਥੇ ਪ੍ਰਸ਼ਾਸਕੀ ਸੁਧਾਰਾਂ ਨੂੰ ਤੁਰੰਤ ਲਾਗੂ ਕਰਨ ਲਈ ਸਰਗਰਮੀ ਵਿੱਢ ਦਿੱਤੀ ਗਈ ਹੈ।

ਇਸ ਸਭ ਦੇ ਮੱਦੇਨਜ਼ਰ ਕੈਬਨਿਟ ਦੀ ਮੀਟਿੰਗ 'ਚ ਪੰਜਾਬ ਸਰਕਾਰ ਵੱਲੋਂ ਸਿਹਤ ਵਿਭਾਗ ਵਿਚ ਨਵੀਂ ਭਰਤੀ ਤੇ ਹੋਰ ਵਰਗਾਂ ਨੂੰ ਕਈ ਤਰ੍ਹਾਂ ਦੀਆਂ ਵੱਡੀਆਂ ਛੋਟਾਂ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਏ ਫੈਸਲਿਆਂ ਵਿਚ ਸਿਹਤ ਵਿਭਾਗ ਦੀਆਂ 3669 ਅਸਾਮੀਆਂ ਭਰਨਾ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲੰਗਰ ਲਈ ਇਕ ਕਰੋੜ ਰੁਪਏ ਦੀ ਗਰਾਂਟ ਦੇਣਾ ਸ਼ਾਮਲ ਹੈ।ਹੈਰਾਨੀ ਦੀ ਗੱਲ ਹੈ ਕਿ ਸਰਕਾਰ ਨੇ ਕਈ ਅਜਿਹੇ ਲੋਕ ਲੁਭਾਊ ਫੈਸਲੇ ਲਏ ਹਨ ਜੋ ਮੰਤਰੀ ਮੰਡਲ ਦੇ ਏਜੰਡੇ ਵਿਚ ਵੀ ਸ਼ਾਮਲ ਨਹੀਂ ਸਨ। ਮੰਤਰੀ ਮੰਡਲ ਨੇ ਤਲਵੰਡੀ ਸਾਬੋ ਵਿਖੇ ਬਾਲਾ ਜੀ ਐਜੂਕੇਸ਼ਨਲ ਟਰੱਸਟ ਵੱਲੋਂ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਨਾਂ ਨਾਲ ਬਣਾਈ ਜਾਣ ਵਾਲੀ ਸੈਲਫ-ਫਾਇਨਾਂਸਿੰਗ ਪ੍ਰਾਈਵੇਟ ਯੂਨੀਵਰਸਿਟੀ ਦੇ ਖਰੜਾ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਖ-ਵੱਖ ਵਿਭਾਗਾਂ ਵਿਚ ਹੋਣ ਵਾਲੇ ਪ੍ਰਸ਼ਾਸਕੀ



ਸੁਖਬੀਰ ਸਿੰਘ ਬਾਦਲ

ਸੁਧਾਰ ਅਗਸਤ ਮਹੀਨੇ ਤੱਕ ਲਾਗੂ ਕਰਕੇ ਨਵੰਬਰ ਮਹੀਨੇ ਤੱਕ ਇਸ ਦੇ ਨਤੀਜੇ ਲਿਆਉਣੇ ਚਾਹੁੰਦੇ ਹਨ ਪਰ ਹੁਣ ਚੋਣ ਕਮਿਸ਼ਨ ਦੇ ਕੰਮ ਵਿਚ ਆਈ ਤੇਜ਼ੀ ਨੇ ਉਨ੍ਹਾਂ ਦੀਆਂ ਸਾਰੀਆਂ ਸਕੀਮਾਂ ਇਕ ਲਿਹਾਜ ਨਾਲ ਫੇਲ੍ਹ ਹੀ ਕਰ ਦਿੱਤੀਆਂ ਜਾਪਦੀਆਂ ਹਨ। ਜੇਕਰ ਚਰਚਾ ਅਨੁਸਾਰ ਚੋਣਾਂ ਦਸੰਬਰ ਮਹੀਨੇ ਹੋਣ ਦਾ ਐਲਾਨ ਹੋ ਜਾਂਦਾ ਹੈ ਤਾਂ ਆਦਰਸ਼ ਚੋਣ ਜ਼ਾਬਤਾ ਅਕਤੂਬਰ ਮਹੀਨੇ

(ਬਾਕੀ ਸਫਾ 6 'ਤੇ)

ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ
ਟੂਰਨਾਮੈਂਟ 4 ਸਤੰਬਰ, 2011
(ਦਿਨ ਐਤਵਾਰ)
BUSSE WOODS FOREST PRESERVE SOUTH, Elk Grove Village- IL
ਟੂਰਨਾਮੈਂਟ ਵਿਚ ਨਾਮੀ ਕਬੱਡੀ ਖਿਡਾਰੀ ਆਪਣੀ ਖੇਡ ਦੇ ਜੌਹਰ ਵਿਖਾਉਣਗੇ
ਰੰਗਾਰੰਗ ਸਭਿਆਚਾਰਕ ਪ੍ਰੋਗਰਾਮ ਵੀ ਹੋਵੇਗਾ
For More Info.
e-mail:chicagokabaddicup@yahoo.com

Worldwide Travel, Inc.
Call for special fares
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ

Great America Brokers
2 Liquor Stores For Sale in MI with Property
Liquor store near Lansing
Monthly Sales- $55,000
Asking Price $599K
Liquor store in Sagnaw
Monthly Sales- $60,000
Asking Price $399K
Land Contract available
Call:Ladi Multani
Ph:517-204-4171

# ਸਿੱਖ ਰਿਲੀਜੀਅਸ ਸੁਸਾਇਟੀ ਆਫ ਇੰਡੀਆਨਾ ਅਤੇ ਸਪੋਰਟਸ ਕਮੇਟੀ ਵਲੋਂ ਪੇਸ਼ ਹੈ

# ਪੰਜਾਬੀ ਖੇਡ ਮੇਲਾ

## ਐਤਵਾਰ 7 ਅਗਸਤ 2011

*ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ*




**ਸਥਾਨ:ਗੁਰਦੁਆਰਾ ਕਰਾਊਨ ਪੁਆਇੰਟ, ਇੰਡੀਆਨਾ**

10005 Colorado St., Crown Point, Indiana 46307, Ph:219-793-9446

**ਇਕ ਸੰਪੂਰਨ ਪਰਿਵਾਰਕ ਮੇਲਾ**
**ਕੋਈ ਦਾਖਲਾ ਫੀਸ ਨਹੀਂ**

**ਵਾਲੀਬਾਲ, ਸੌਕਰ, ਕਬੱਡੀ, ਕ੍ਰਿਕਟ, ਅਥਲੈਟਿਕਸ, ਖੋ-ਖੋ, ਸ਼ਾਟ ਪੁੱਟ, ਡਿਸਕਸ ਥਰੋ, ਹਾਸੇ ਠੱਠੇ ਵਾਲੀਆਂ ਖੇਡਾਂ, ਰੱਸਾਕਸ਼ੀ, ਮਿਊਜ਼ੀਕਲ ਚੇਅਰ ਅਤੇ ਬੱਚਿਆਂ ਲਈ ਹੋਰ ਬਹੁਤ ਸਾਰੀਆਂ ਖੇਡਾਂ**

**ਬਿਨਾ ਰਜਿਸਟਰੇਸ਼ਨ ਖੇਡਾਂ ਵਿਚ ਹਿੱਸਾ ਨਹੀਂ ਲਿਆ ਜਾ ਸਕੇਗਾ**

**ਰਜਿਸਟਰੇਸ਼ਨ:** ਸਭ ਟੀਮਾਂ ਤੇ ਖਿਡਾਰੀਆਂ ਲਈ ਰਜਿਸਟਰੇਸ਼ਨ 31 ਜੁਲਾਈ 2011 ਬਾਅਦ ਦੁਪਹਿਰ ਇਕ ਵਜੇ ਤੱਕ ਕਰਵਾਉਣੀ ਜ਼ਰੂਰੀ ਹੈ। ਟੀਮ ਲਈ ਫੀਸ 50 ਡਾਲਰ ਅਤੇ ਵਿਅਕਤੀਗਤ ਖਿਡਾਰੀਆਂ ਲਈ ਫੀਸ 5 ਡਾਲਰ ਪ੍ਰਤੀ ਖਿਡਾਰੀ ਹੋਵੇਗੀ।

*ਗੁਰੂ ਕਾ ਲੰਗਰ ਅਤੁੱਟ ਵਰਤੇਗਾ।*
*ਗਰਮਾ ਗਰਮ ਜਲੇਬੀਆਂ*

**ਵਾਲੀਬਾਲ ਅਤੇ ਕ੍ਰਿਕਟ ਟੂਰਨਾਮੈਂਟ ਸ਼ੁੱਕਰਵਾਰ 5 ਅਗਸਤ ਅਤੇ ਸਨਿਚਰਵਾਰ 6 ਅਗਸਤ ਨੂੰ ਸਵੇਰੇ 11 ਤੋਂ 6 ਵਜੇ ਤਕ ਹੋਵੇਗਾ।**

**ਸ਼ਰਾਬ ਅਤੇ ਮੀਟ ਦੀ ਸਖਤ ਮਨਾਹੀ**









*ਹੋਰ ਜਾਣਕਾਰੀ ਲਈ ਸੰਪਰਕ ਕਰੋ*

ਕੁਲਦੀਪ ਸਿੰਘ ਟਾਂਡਾ (ਚੇਅਰਮੈਨ) 219-775-5903
ਸਰਵਣ ਸਿੰਘ ਟਿਵਾਣਾ 219-670-4579
ਸ਼ਮਸ਼ੇਰ ਸਿੰਘ ਬੋਪਾਰਾਏ 219-510-4537
ਬਲਰਾਜ ਸਿੰਘ 219-662-8818
ਰਾਜਿੰਦਰ ਸਿੰਘ ਬੈਂਸ 708-833-2231
ਅਮਰੀਕ ਸਿੰਘ ਬਸਰਾ 219-363-0615

ਜਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਿਕਾਗੋ ਵਿਚ ਪਹਿਲੀ ਵਾਰ

# ਹੀਰ ਐਂਟਰਟੇਨਮੈਂਟ ਪੇਸ਼ ਕਰਦੇ ਹਨ




## ਸਨਿਚਰਵਾਰ 23 ਜੁਲਾਈ 2011 ਸ਼ਾਮ 7 ਵਜੇ

**Holiday Inn** 3405 Algonquin Rd., Rolling Meadows, IL 60008
www.schaumburgi.com Ph:847- 259- 5000

ਹੋਰ ਜਾਣਕਾਰੀ ਲਈ ਕਾਲ ਕਰੋ
ਬਲਵਿੰਦਰ ਸਿੰਘ (ਫਸਟ ਚੁਆਇਸ ਕਾਰਪੈਟਸ) 773-988-6181
ਮੇਜਰ ਸਿੰਘ ਮੌਜੀ 630-823-1103
ਹੈਪੀ ਸਿੰਘ ਹੀਰ 630-205-6575, ਬਿੰਦੂ ਸਿੰਘ ਹੀਰ 847-254-3368

ਟਿਕਟਾਂ ਇਨ੍ਹਾਂ ਸਟੋਰਾਂ 'ਤੇ ਉਪਲਬਧ ਹਨ
ਸਟਾਰਫੂਡ, ਸ਼ਾਮਬਰਗ - 847-985-7000
ਸਪਾਈਸ ਮਾਰਟ, ਨੇਪਰਵਿਲ - 630-305-4347
ਪੰਜਾਬੀ ਢਾਬਾ, ਦੀਵਾਨ ਐਵਨਿਊ - **773-262-2080**
ਸਿੰਘ ਗਰੌਸਰ, ਪੈਲਾਟਾਈਨ - 847-241-5189
ਸਿੰਘ ਗਰੌਸਰ, ਗਰੇਸ ਲੇਕ - 847-548-0074
ਸ਼ੇਰੇ ਪੰਜਾਬ, ਡਾਊਨਰਜ਼ ਗਰੂਵ - 630-971-8300
ਨਿਊ ਇੰਡੀਆ ਕੈਰੀ ਆਊਟ - 847-219-7432
ਫਸਟ ਚੁਆਇਸ ਕਾਰਪੈਟਸ - 773-274-6969

ਟਿਕਟ
$35
$50 VIP

# ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਯੂ ਐਸ ਏ



ਸ੍ਰੀਮਤੀ ਸੋਨੀਆ ਗਾਂਧੀ
*ਪ੍ਰਧਾਨ, ਆਲ ਇੰਡੀਆ ਕਾਂਗਰਸ ਕਮੇਟੀ*



ਡਾ. ਮਨਮੋਹਨ ਸਿੰਘ
*ਪ੍ਰਧਾਨ ਮੰਤਰੀ*



ਸ੍ਰੀ ਗੁਲਚੈਨ ਸਿੰਘ ਚਰਕ
*ਮੈਂਬਰ, ਕਾਂਗਰਸ ਵਰਕਿੰਗ ਕਮੇਟੀ ਅਤੇ ਇੰਚਾਰਜ ਪੰਜਾਬ, ਬਿਹਾਰ ਤੇ ਚੰਡੀਗੜ੍ਹ*



ਕੈਪਟਨ ਅਮਰਿੰਦਰ ਸਿੰਘ
*ਪ੍ਰਧਾਨ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ*

## ਪੰਜਾਬ ਦੇ ਹਰਮਨ ਪਿਆਰੇ ਅਤੇ ਅਗਾਂਹਵਧੂ ਆਗੂ ਸ. ਮਲਕੀਤ ਸਿੰਘ ਦਾਖਾ ਨੂੰ ਪੰਜਾਬ ਪ੍ਰਦੇਸ ਕਾਂਗਰਸ ਦੀ ਲੁਧਿਆਣਾ ਇਕਾਈ ਦਾ ਪ੍ਰਧਾਨ ਬਣਾਏ ਜਾਣ 'ਤੇ ਪਾਰਟੀ ਹਾਈ ਕਮਾਨ ਦਾ ਦਿੱਲੀ ਧੰਨਵਾਦ

# ਸ. ਮਲਕੀਤ ਸਿੰਘ ਦਾਖਾ ਨੂੰ ਬਹੁਤ ਬਹੁਤ ਵਧਾਈ

## ਉਮੀਦ ਕਰਦੇ ਹਾਂ ਕਿ ਸ. ਦਾਖਾ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਲੁਧਿਆਣੇ ਜ਼ਿਲੇ ਦੀਆਂ ਸਾਰੀਆਂ 14 ਸੀਟਾਂ 'ਤੇ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਲਈ ਦਿਨ-ਰਾਤ ਇਕ ਕਰ ਦੇਣਗੇ।



*ਸ. ਮਲਕੀਤ ਸਿੰਘ ਦਾਖਾ*

# ਵਲੋਂ:ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਮਿਲਵਾਕੀ (ਵਿਸਕਾਨਸਿਨ)



ਅਜੈਬ ਸਿੰਘ ਲੱਖਣ, ਪ੍ਰਧਾਨ ਸ਼ਿਕਾਗੋ ਇਕਾਈ 847-544-1788



ਕੁਲਵੰਤ ਸਿੰਘ ਢਿੱਲੋਂ (ਹਿਬਤਪੁਰ), ਪ੍ਰਧਾਨ 414-248-2792




ਹਰਵਿੰਦਰ ਸਿੰਘ (ਲਾਲੀ) ਸਿੱਧੂ ਸੀਨੀਅਰ ਮੀਤ ਪ੍ਰਧਾਨ 414-788-9813



ਹਰਜੀਤ ਸਿੰਘ ਸੰਧਰ ਜਨਰਲ ਸਕੱਤਰ 414-807-5934



ਜਗਦੀਸ਼ਰ ਸਿੰਘ ਕਲੇਰ 414-460-7118



ਹਰਵਿੰਦਰ ਸਿੰਘ ਲਾਡੀ, ਕੈਸ਼ੀਅਰ 414-862-7694



ਦਰਸ਼ਨ ਸਿੰਘ ਗਰੇਵਾਲ ਸਕੱਤਰ



ਬਹਾਦਰ ਸਿੰਘ ਬੋਪਾਰਾਏ 414-217-5012



ਸਤਵਿੰਦਰ ਸਿੰਘ ਪੌਂਪੀ 414-406-9016



ਪਰਮਜੀਤ ਸਿੰਘ ਬਿਲਕੂ 262-993-5800

ਅੰਮ੍ਰਿਤਪਾਲ ਸਿੰਘ ਗਿੱਲ ਤੇ ਸੁਖਜਿੰਦਰ ਸਿੰਘ ਜੌੜਾ

### ਸ਼ਿਕਾਗੋ ਕਾਂਗਰਸ

ਅਜੈਬ ਸਿੰਘ ਲੱਖਣ, ਨਰਿੰਦਰ ਸਿੰਘ ਸਰਾਂ, ਗਿਆਨ ਸਿੰਘ ਸੀਹਰਾ, ਹਰਜਿੰਦਰ ਸਿੰਘ ਖੰਗੂੜਾ, ਸਤਨਾਮ ਮਿਨਹਾਸ, ਹਰਦੀਪ ਗਿੱਲ, ਸਤਿੰਦਰ ਸਿੰਘ ਸੁਸਾਣਾ, ਅੰਮ੍ਰਿਤਪਾਲ ਗਿੱਲ, ਅਸ਼ੋਕ ਕੁਮਾਰ ਯਸ਼ਪਾਲ ਮਾਇਰ, ਅਜਮੇਰ ਸਿੰਘ ਪੰਨੂ, ਨੀਲ ਕੰਠ ਸ਼ਰਮਾ, ਹੈਪੀ ਹੀਰ, ਲੱਕੀ ਸਹੋਤਾ, ਜੱਸੀ ਸਹੋਤਾ, ਲਵ ਕੁਮਾਰ ਮਿਨਹਾਸ, ਸੁਰਿੰਦਰਪਾਲ ਸਿੰਘ ਚੀਮਾ, ਸੰਜੀਵ ਸਿੰਘ ਬਿੱਲੂ, ਜਿੰਦਰ ਬੈਨੀਪਾਲ, ਪੀਟਾ ਸਹੋਤਾ, ਜਸਵਿੰਦਰ ਜੱਸੀ, ਜਸਵਿੰਦਰ ਸਿੰਘ ਗਿੱਲ, ਨਾਜ਼ਰ ਸਿੰਘ ਗਿੱਲ, ਗੁਰਦੇਵ ਸਿੰਘ ਗਿੱਲ, ਸੁਰਿੰਦਰ ਭੱਟੀ, ਪਰਮਜੀਤ ਖੰਗੂੜਾ, ਰਛਪਾਲ ਖੰਗੂੜਾ, ਹਰਜਿੰਦਰ ਦਿਆਲ, ਮਹਿੰਦਰ ਰਕਾਲਾ, ਭੁਪਿੰਦਰ ਸਿੰਘ ਬਿੱਲਾ।

### ਇੰਡੀਆਨਾ ਕਾਂਗਰਸ

ਸਤਵੰਤ ਸਿੰਘ ਨਿੱਜਰ, ਪ੍ਰਿਥਪਾਲ ਸਿੰਘ ਘੋਤੜਾ, ਅਮਰੀਕ ਸਿੰਘ, ਬਲਜੀਤ ਸਿੰਘ, ਗੁਰਦੀਪ ਸਿੰਘ ਨਿੱਜਰ, ਮਨਜੀਤ ਸਿੰਘ ਨਾਗਰਾ, ਸੰਦੀਪ ਸਿੰਘ ਲਾਡੀ, ਗੁਰਮੁਖ ਸਿੰਘ ਧਾਲੀਵਾਲ, ਕੁਲਵੰਤ ਸਿੰਘ, ਮੱਖਣ ਸਿੰਘ, ਚਤਰਪਾਲ ਸਿੰਘ ਆਹਲੂਵਾਲੀਆ, ਸੁਖਦੇਵ ਸਿੰਘ, ਬਲਵਿੰਦਰ ਸਿੰਘ, ਦਵਿੰਦਰ ਸਿੰਘ ਨਿੱਜਰ।

### ਓਹਾਇਓ ਕਾਂਗਰਸ

ਚਮਕੌਰ ਸਿੰਘ (ਪ੍ਰਧਾਨ ਕਾਂਗਰਸ ਓਹਾਇਓ), ਮੁਖਤਿਆਰ ਸਿੰਘ ਸੇਖੋਂ, ਗੁਰਜੰਟ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਸੁੱਖੀ, ਦਵਿੰਦਰ ਸਿੰਘ ਹੈਪੀ (ਡੇਅਟਨ), ਰੂਬੀ (ਡੇਅਟਨ), ਕਰਤਾਰ ਸਿੰਘ ਮਾਸਟਰ (ਡੇਅਟਨ), ਸੁਖਵੀਰ ਸੁੱਖੀ, ਹਰਬੰਸ ਗਿੱਲ, ਅਮਨਦੀਪ ਧਾਰਨੀ, ਸੁਖਦੇਵ ਰਕਬਾ, ਚਮਕੌਰ ਚੱਕਰ, ਪਰਮਜੀਤ ਸਿੰਘ ਸਿਨਸਿਨੈਟੀ, ਹਰਪ੍ਰੀਤ ਸਿੰਘ, ਅਵਤਾਰ ਸਿੰਘ ਸਪਰਿੰਗਫੀਲਡ-ਸਕੱਤਰ।

### ਨਿਊ ਯਾਰਕ ਕਾਂਗਰਸ

ਮੰਗਲ ਸਿੰਘ ਸ਼ਾਹੀ, ਮਲਕੀਤ ਸਿੰਘ, ਨਰਿੰਦਰ ਸਿੰਘ ਤੂਰ, ਜਗੀਰ ਸਿੰਘ ਸਬਜ਼ੀ ਮੰਡੀ, ਗੁਰਪ੍ਰੀਤ ਸਿੰਘ ਚੀਮਾ, ਅਸ਼ੋਕ ਕੁਮਾਰ।

### ਮਿਸ਼ੀਗਨ ਕਾਂਗਰਸ

ਲਾਲੀ ਤੇ ਪਾਲੀ ਧਾਲੀਵਾਲ, ਕਰਨ ਗਿੱਲ, ਇੰਦਰਜੀਤ ਬਾਠ, ਪਲਵਿੰਦਰ ਬਾਠ, ਅਵਤਾਰ ਸਿੰਘ, ਨਿਰਮਲ ਸਿੰਘ ਹੇਅਰ, ਜਸਵੰਤ ਚਾਹਲ ਤੇ ਕੁਲਵਿੰਦਰ ਗਿੱਲ।

### ਕੈਲੀਫੋਰਨੀਆ

ਅਮੋਲਕ ਸਿੰਘ ਗਾਖਲ, ਮੰਗਲ ਸਿੰਘ ਭੰਡਾਲ।

### ਸ਼ਿਆਟਲ

ਚੰਨਾ ਆਲਮਗੀਰ, ਧਰਮ ਸਿੰਘ ਮੈਰੀਪੁਰ, ਡਾ. ਹਰਚੰਦ ਸਿੰਘ, ਹਰਦੀਪ ਸਿੰਘ ਗਿੱਲ, ਪਰਮਿੰਦਰ ਸਿੰਘ ਭੱਟੀ, ਜਗਦੇਵ ਸਿੰਘ ਸੰਧੂ, ਜੱਸੀ ਸਪਰਾਏ, ਪ੍ਰਿਤਪਾਲ ਧਾਲੀਵਾਲ ਝਲਵਾਣਾ, ਰਵਿੰਦਰ ਕੰਗ

### ਮਿਸੀਸਿਪੀ ਕਾਂਗਰਸ

ਮਨਦੀਪ ਸਿੰਘ, ਆਦਰ ਮਾਨ, ਚੰਦਰਪਾਲ ਖੁਰਾਣਾ, ਪਵਨ ਅਰੋੜਾ, ਸੁਖਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਖਿੰਦ, ਨੀਲਮ ਸਿੰਘ ਸਿੱਧੂ ਤੇ ਕਮੇਟੀ।

### ਅਰਕਨਸਾਸ ਕਾਂਗਰਸ

ਦਲਜੀਤ ਸਿੰਘ ਚਾਹਲ, ਚਰਨ ਸਿੰਘ ਸੋਮਲ, ਅਮਰਜੀਤ ਸਿੰਘ ਕੰਗ, ਪਰਮਿੰਦਰ ਸਿੰਘ ਗਿੱਲ, ਰਾਜਿੰਦਰਪਾਲ ਸਿੰਘ ਚਾਹਲ ਅਤੇ ਕਮੇਟੀ।

**ਸੇਂਟ ਲੁਇਸ (ਮਿਜ਼ੌਰੀ):** ਸੁਖਚੈਨ ਸਿੰਘ ਅਤੇ ਕਮੇਟੀ।

# ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਸਿਨਸਿਨੈਟੀ ਦੇ ਮੇਲੇ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ

**ਸਿਨਸਿਨੈਟੀ, ਓਹਾਇਓ (ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਸਿਨਸਿਨੈਟੀ ਦੇ ਪ੍ਰਧਾਨ ਸ੍ਰੀ ਹਰਵਿੰਦਰ ਸਿੰਘ ਵਾਲੀਆ ਨੇ ਸੁਸਾਇਟੀ ਵਲੋਂ ਆਉਂਦੀ 31 ਜੁਲਾਈ ਨੂੰ ਵੈਸਟ ਚੈਸਟਰ ਟਾਊਨ ਵਿਚ ਕਰਵਾਏ ਜਾ ਰਹੇ ਖੇਡ ਮੇਲੇ ਵਿਚ ਸਮੂਹ ਪੰਜਾਬੀ ਭਾਈਚਾਰੇ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿਤਾ ਹੈ।


ਹਰਵਿੰਦਰ ਸਿੰਘ ਵਾਲੀਆ

ਇਸ ਮੇਲੇ ਵਿਚ ਕਬੱਡੀ, ਵਾਲੀਬਾਲ ਅਤੇ ਕ੍ਰਿਕਟ ਦੀਆਂ ਖੇਡਾਂ ਤੋਂ ਇਲਾਵਾ ਅਥਲੈਟਿਕਸ ਦੀਆਂ ਖੇਡਾਂ ਵੀ ਕਰਵਾਈਆਂ ਜਾਣਗੀਆਂ। ਸਰੋਤਿਆਂ ਦੇ ਮਨੋਰੰਜਨ ਲਈ ਮਿਸ ਪੂਜਾ, ਰੋਸ਼ਨ ਪ੍ਰਿੰਸ ਅਤੇ ਰਮਨਦੀਪ ਸੰਗੀਤ ਦਾ ਪ੍ਰੋਗਰਾਮ ਦੇਣਗੇ। ਮੇਲੇ ਲਈ ਕੋਈ ਫੀਸ ਨਹੀਂ। ਖਾਣ-ਪੀਣ ਦਾ ਪ੍ਰਬੰਧ ਵੀ ਮੁਫਤ ਹੋਵੇਗਾ। ਮੇਲਾ ਪੂਰੀ ਤਰ੍ਹਾਂ ਪਰਿਵਾਰਕ ਹੋਵੇਗਾ।

ਹਰਵਿੰਦਰ ਸਿੰਘ ਵਾਲੀਆ ਉਨ੍ਹਾਂ ਪੰਜਾਬੀਆਂ ਵਿਚੋਂ ਹਨ ਜਿਨ੍ਹਾਂ ਨੇ ਆਪਣੇ ਕਾਰੋਬਾਰ ਚਲਾਉਣ ਦੇ ਨਾਲ ਨਾਲ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਖੇਡਾਂ ਨੂੰ ਅਮਰੀਕਾ ਵਿਚ ਪ੍ਰਫੁਲਿਤ ਕਰਨ ਲਈ ਹਮੇਸ਼ਾਂ ਵੱਧ ਚੜ੍ਹ ਕੇ ਯੋਗਦਾਨ ਪਾਇਆ ਹੈ। ਨਿਊ ਯਾਰਕ ਰਹਿੰਦਿਆਂ ਉਹ ਸੰਨ 1989 ਤੋਂ ਕੋਈ 2008 ਤਕ ਪੰਜਾਬ ਸਪੋਰਟਸ ਕਲੱਬ, ਨਿਊ ਯਾਰਕ ਦੇ ਮੀਤ ਪ੍ਰਧਾਨ ਰਹੇ ਅਤੇ ਹਰ ਸਾਲ ਖੇਡ ਮੇਲਾ ਕਰਵਾਉਣ ਵਾਲਿਆਂ ਵਿਚ ਮੋਹਰੀ ਰੋਲ ਨਿਭਾਇਆ।

ਪੰਜਾਬ ਦੇ ਜਿਲਾ ਸ਼ਹੀਦ ਊਧਮ ਸਿੰਘ ਨਗਰ ਦੇ ਬੰਗਿਆਂ ਨੇੜਲੇ ਪਿੰਡ ਚੱਕ ਕਲਾਲ ਦੇ ਵਾਸੀ ਸ੍ਰੀ ਵਾਲੀਆ ਨੇ ਚਰਨ ਕੰਵਲ ਖਾਲਸਾ ਹਾਈ ਸਕੂਲ ਬੰਗਾ ਤੋਂ ਹਾਈ ਸਕੂਲ ਕਰਨ ਪਿਛੋਂ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਪੜ੍ਹਾਈ ਕੀਤੀ ਅਤੇ ਫਿਰ ਇੰਗਲੈਂਡ ਹੁੰਦੇ ਹੋਏ ਅਮਰੀਕਾ ਪਹੁੰਚ ਗਏ। ਕੁਝ ਸਮਾਂ ਛੋਟੀਆਂ-ਮੋਟੀਆਂ ਜੌਬਾਂ ਕਰਨ ਤੋਂ ਬਾਅਦ ਟੈਕਸੀ ਚਲਾਈ ਅਤੇ ਫਿਰ ਗੈਸ ਸਟੇਸ਼ਨ ਬਿਜਨਸ ਵਿਚ ਪੈ ਗਏ। ਸੰਨ 2009 ਵਿਚ ਉਨ੍ਹਾਂ ਓਹਾਇਓ ਸਟੇਟ ਵਿਚ ਮੋਟਲ ਲੈ ਲਿਆ ਪਰ ਸਭਿਆਚਾਰ ਅਤੇ ਖੇਡਾਂ ਨਾਲ ਵਾਸਤਾ ਉਵੇਂ ਹੀ ਰਿਹਾ। ਇਥੇ ਉਹ ਪਹਿਲਾਂ ਪੰਜਾਬ ਸਪੋਰਟਸ ਕਲੱਬ ਸਿਨਸਿਨੈਟੀ ਅਤੇ ਫਿਰ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਸਿਨਸਿਨੈਟੀ ਨਾਲ ਜੁੜ ਗਏ। ਹੁਣ ਉਹ ਇਸ ਸੁਸਾਇਟੀ ਦੇ ਪ੍ਰਧਾਨ ਹਨ ਅਤੇ ਸੁਸਾਇਟੀ ਵਲੋਂ ਆਉਂਦੀ 31 ਜੁਲਾਈ ਨੂੰ ਖੇਡ ਮੇਲਾ ਕਰਵਾਇਆ ਜਾ ਰਿਹਾ ਹੈ। ਸ੍ਰੀ ਵਾਲੀਆ ਨੇ ਸਮੂਹ ਪੰਜਾਬੀ ਭਾਈਚਾਰੇ ਨੂੰ ਇਸ ਮੇਲੇ ਵਿਚ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਹਮੇਸ਼ਾਂ ਕੋਸ਼ਿਸ਼ ਰਹੀ ਹੈ ਕਿ ਨੌਜਵਾਨ ਪੀੜ੍ਹੀ ਨੂੰ ਖੇਡਾਂ ਅਤੇ ਆਪਣੇ ਵਿਰਸੇ ਨਾਲ ਜੋੜ ਕੇ ਰਖਿਆ ਜਾਵੇ। ਸ੍ਰੀ ਵਾਲੀਆ ਆਪਣੇ ਦੋ ਬੱਚਿਆਂ ਅਤੇ ਪਤਨੀ ਨਾਲ ਅਜੇ ਨਿਊ ਯਾਰਕ ਹੀ ਵਸਦੇ ਹਨ ਪਰ ਬਿਜਨਸ ਦੇ ਸਿਲਸਿਲੇ ਵਿਚ ਬਹੁਤਾ ਸਮਾਂ ਸਿਨਸਿਨੈਟੀ ਹੀ ਰਹਿੰਦੇ ਹਨ। ਉਨ੍ਹਾਂ ਨਾਲ ਸੰਪਰਕ ਫੋਨ 917-862-5000 'ਤੇ ਕੀਤਾ ਜਾ ਸਕਦਾ ਹੈ।

# ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਵਜੋਂ ਦਾਖਾ ਦੀ ਤਾਜਪੋਸ਼ੀ

**ਲੁਧਿਆਣਾ (ਬਿਊਰੋ):** ਸਾਬਕਾ ਮੰਤਰੀ ਅਤੇ ਲੁਧਿਆਣਾ ਦਿਹਾਤੀ ਦੇ ਪ੍ਰਧਾਨ ਮਲਕੀਅਤ ਸਿੰਘ ਦਾਖਾ ਦੀ ਲੰਘੀ 16 ਜੁਲਾਈ ਨੂੰ ਜ਼ਿਲ੍ਹਾ ਪ੍ਰਧਾਨ ਵਜੋਂ ਪ੍ਰਦੇਸ਼ ਕਾਂਗਰਸ ਦੇ ਆਗੂਆਂ ਨੇ ਤਾਜਪੋਸ਼ੀ ਕੀਤੀ। ਸੈਂਕੜੇ ਕਾਂਗਰਸੀ ਵਰਕਰਾਂ ਨੇ ਤਾੜੀਆਂ ਅਤੇ ਨਾਅਰਿਆਂ ਦੀ ਗੂੰਜ ਵਿਚ ਸ. ਦਾਖਾ ਨੂੰ ਪ੍ਰਧਾਨ ਬਣਨ 'ਤੇ ਜੀ ਆਇਆ ਕਿਹਾ ਤੇ ਵਧਾਈ ਦਿੱਤੀ। ਤਾਜਪੋਸ਼ੀ ਦੀ ਰਸਮ ਸਾਬਕਾ ਮੰਤਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਲਾਲ ਸਿੰਘ, ਮੈਂਬਰ ਪਾਰਲੀਮੈਂਟ ਮੁਨੀਸ਼ ਤਿਵਾੜੀ, ਸਾਬਕਾ ਮੰਤਰੀ ਤੇਜ ਪ੍ਰਕਾਸ਼ ਸਿੰਘ ਕੋਟਲੀ, ਵਿਧਾਇਕ ਅਮਰੀਕ ਸਿੰਘ ਢਿੱਲੋਂ, ਵਿਧਾਇਕ ਗੁਰਦੀਪ ਸਿੰਘ ਭੈਣੀ, ਵਿਧਾਇਕ ਜੱਸੀ ਖੰਗੂੜਾ ਤੇ ਐਮ.ਪੀ. ਸੁਖਦੇਵ ਸਿੰਘ ਲਿਬੜਾ ਨੇ ਅਦਾ ਕੀਤੀ।

ਇਸ ਮੌਕੇ ਬੋਲਦਿਆਂ ਸ. ਲਾਲ ਸਿੰਘ ਨੇ ਕਿਹਾ ਕਿ ਹਾਈ ਕਮਾਂਡ ਨੇ ਸ੍ਰੀ ਦਾਖਾ 'ਚ ਇਮਾਨਦਾਰ ਤੇ ਵਫਾਦਾਰ ਸਿਆਸਤਦਾਨ ਦੀ ਪਛਾਣ ਕੀਤੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸ੍ਰੀ ਦਾਖਾ ਦੀ ਅਗਵਾਈ ਵਿੱਚ ਲੁਧਿਆਣਾ ਜ਼ਿਲ੍ਹੇ ਦੀਆਂ 14 ਸੀਟਾਂ 'ਤੇ ਫਤਿਹ ਹਾਸਲ ਕਰੇਗੀ। ਉਨ੍ਹਾਂ ਸੁਖਬੀਰ ਬਾਦਲ 'ਤੇ ਵਰ੍ਹਦਿਆਂ ਕਿਹਾ ਕਿ ਉਹ ਪੈਸੇ ਅਤੇ ਤਾਕਤ ਦੇ ਆਸਰੇ ਦੁਬਾਰਾ ਜਿੱਤਣ ਦੇ ਸੁਪਨੇ ਵੇਖ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਨੂੰ ਇਹ ਭੁਲੇਖਾ ਦੂਰ ਕਰ ਲੈਣਾ ਚਾਹੀਦਾ ਹੈ। ਪੰਜਾਬ ਦੇ ਲੋਕ ਜਾਗਦੀ ਜ਼ਮੀਰ ਵਾਲੇ ਹਨ, ਉਹ ਪੰਜਾਬ ਲਈ ਲੋਟੂ ਟੋਲੇ ਦੀ ਥਾਂ ਪੰਜਾਬ ਦੇ ਹਿੱਤਾਂ ਲਈ ਕੰਮ ਕਰਨ ਵਾਲੀ ਪਾਰਟੀ ਨੂੰ ਤਰਜੀਹ ਦੇਣਗੇ।


ਮਲਕੀਅਤ ਸਿੰਘ ਦਾਖਾ ਨੂੰ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਕਰਦੇ ਕਾਂਗਰਸੀ ਆਗੂ

ਕਾਂਗਰਸ ਦੇ ਬੁਲਾਰੇ ਮੁਨੀਸ਼ ਤਿਵਾੜੀ ਨੇ ਕਿਹਾ ਕਿ ਪਾਰਟੀ ਨੇ ਚੋਣ ਪ੍ਰਕਿਰਿਆ ਆਰੰਭ ਦਿੱਤੀ ਹੈ। ਭਵਿੱਖ ਵਿਚ ਵੱਡੀਆਂ ਰੈਲੀਆਂ ਤੇ ਕਾਨਫਰੰਸਾਂ ਕੀਤੀਆਂ ਜਾਣਗੀਆਂ।

ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰਧਾਨ ਭਲਿੰਦਰ ਸਿੰਘ, ਤੇਜ ਪ੍ਰਕਾਸ਼ ਸਿੰਘ ਕੋਟਲੀ, ਅਮਰੀਕ ਸਿੰਘ ਢਿੱਲੋਂ, ਕ੍ਰਿਸ਼ਨ ਕੁਮਾਰ ਬਾਵਾ, ਗੁਰਦੇਵ ਲਾਪਰਾਂ, ਅਮਰਜੀਤ ਸਿੰਘ ਟਿਕਾ, ਰਾਮਨਾਥ ਸਾਹਨੇਵਾਲ, ਜੁਗੀ ਬਰਾੜ, ਡੀ.ਆਰ. ਭੱਟੀ, ਸਾਬਕਾ ਕੌਂਸਲਰ ਸਤਵਿੰਦਰ ਸਿੰਘ ਜਵੱਦੀ, ਤਰਲੋਚਨ ਸਿੰਘ ਸਫਰੀ, ਪਵਨ ਦੀਵਾਨ, ਈਸ਼ਰ ਸਿੰਘ ਮੇਹਰਬਾਨ, ਗੁਰਮੇਲ ਸਿੰਘ ਪਹਿਲਵਾਨ, ਮਾਂਗਟ, ਹਰਪਾਲ ਸਿੰਘ ਸੰਗੋਵਾਲ, ਗੁਰਸਿਮਰਨ ਸਿੰਘ ਮੰਡ, ਪਰਮਜੀਤ ਸਿੰਘ ਘਵੱਦੀ, ਰਕੇਸ਼ ਪਾਂਡੇ, ਪਰਮਿੰਦਰ ਮਹਿਤਾ, ਰਾਜਿੰਦਰ ਬਸੰਤ ਤੇ ਸੁਰਿੰਦਰ ਡਾਵਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਦਾਖਾ ਦੀ ਅਗਵਾਈ ਵਿਚ ਲੁਧਿਆਣਾ ਜ਼ਿਲ੍ਹੇ 'ਚ ਕਾਂਗਰਸ ਮਜ਼ਬੂਤ ਹੋਵੇਗੀ।

ਸ੍ਰੀ ਦਾਖਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਉਹ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਕਾਂਗਰਸ ਹੀ ਇਕ ਅਜਿਹੀ ਪਾਰਟੀ ਹੈ ਜਿਸ ਵਿਚ ਸਭੈ ਸਾਂਝੀਵਾਲਤਾ ਦੀ ਭਾਵਨਾ ਕਾਇਮ ਹੈ ਜਦਕਿ ਹੋਰ ਪਾਰਟੀਆਂ ਰੰਗ, ਨਸਲ ਦੇ ਆਧਾਰ 'ਤੇ ਵੰਡੀਆਂ ਜਾ ਚੁੱਕੀਆਂ ਹਨ।

## ਗੁਰਪ੍ਰਤਾਪ ਸਿੰਘ ਵਡਾਲਾ 23 ਨੂੰ ਹਿਊਸਟਨ ਆਉਣਗੇ

**ਹਿਊਸਟਨ (ਬਿਊਰੋ):** ਉਘੇ ਅਕਾਲੀ ਆਗੂ ਸ. ਕੁਲਦੀਪ ਸਿੰਘ ਵਡਾਲਾ ਦੇ ਸਪੁੱਤਰ ਅਤੇ ਨਕੋਦਰ ਹਲਕੇ ਦੇ ਚੋਣ ਇੰਚਾਰਜ ਸ. ਗੁਰਪ੍ਰਤਾਪ ਸਿੰਘ ਵਡਾਲਾ ਆਪਣੇ ਅਮਰੀਕੀ ਦੌਰੇ ਦੌਰਾਨ ਸਨਿਚਰਵਾਰ 23 ਜੁਲਾਈ ਨੂੰ ਹਿਊਸਟਨ ਪਹੁੰਚਣਗੇ।

ਇਹ ਜਾਣਕਾਰੀ ਦਿੰਦਿਆਂ ਸ. ਵਡਾਲਾ ਦੇ ਪਰਿਵਾਰਕ ਦੋਸਤ ਅਤੇ ਗੁਰਦੁਆਰਾ ਬਰੀਨ ਰੋਡ ਦੇ ਪ੍ਰਧਾਨ ਸ. ਹੀਰਾ ਲਾਲ ਸਿੰਘ ਚਮਦਲ ਨੇ ਦੱਸਿਆ ਕਿ ਸਨਿਚਰਵਾਰ ਨੂੰ ਉਹ ਗੁਰਦੁਆਰਾ ਬਰੀਨ ਰੋਡ ਪਹੁੰਚ ਕੇ ਸੰਗਤਾਂ ਦੇ ਦਰਸ਼ਨ ਕਰਨਗੇ ਜਦੋਂਕਿ ਐਤਵਾਰ ਨੂੰ ਉਹ ਸਵੇਰੇ 10 ਵਜੇ ਗੁਰਦੁਆਰਾ ਸਾਹਿਬ ਸ਼ੂਗਰਲੈਂਡ ਅਤੇ ਬਾਅਦ ਦੁਪਹਿਰ ਇਕ ਵਜੇ ਗੁਰਦੁਆਰਾ ਸਿੱਖ ਸੈਂਟਰ ਵਿਖੇ ਸੰਗਤਾਂ ਦੇ ਦਰਸ਼ਨ ਕਰਨਗੇ। ਸ. ਚਮਦਲ ਅਨੁਸਾਰ ਸ. ਵਡਾਲਾ ਦੇ ਮਾਣ ਵਿਚ ਉਨ੍ਹਾਂ ਦੇ ਪ੍ਰਸ਼ੰਸਕਾਂ ਵਲੋਂ ਇਕ ਪਰਿਵਾਰਕ ਦਾਅਵਤ ਗੌਰਮੈਟ ਇੰਡੀਆ ਰੈਸਟੋਰੈਂਟ ਵਿਚ ਉਸੇ ਸ਼ਾਮ ਕੀਤੀ ਜਾਏਗੀ। ਹੋਰ ਜਾਣਕਾਰੀ ਲਈ ਫੋਨ ਸ. ਚਮਦਲ 832-434-7740 ਜਾਂ ਗੁਰਮਿੰਦਰ ਸਿੰਘ 281-748-4381 'ਤੇ ਸੰਪਰਕ ਕੀਤਾ ਜਾ ਸਕਦਾ ਹੈ।


Law Office of Navdeep S. Jhaj

Immigration Law Attorney

General Legal Practice


Navdeep S. Jhaj
Member, American Immigration Lawyers Association

Estate Planning
Personal Injury
Bankruptcy

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ

- ਇਮੀਗਰੇਸ਼ਨ
- ਜਨਰਲ ਲਾਅ
- ਪਰਸਨਲ ਇੰਜਰੀ
- ਬੈਂਕਰਪਸੀ
- ਐਸਟੇਟ ਪਲਾਨਿੰਗ


1930 W Hubbard, 2nd Floor, Chicago, IL 60622
Voice: 312.404.8893, Fax: 312.243.2277
email: navjhaj@me.com

ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ


ਅਮਰੀਕ ਸਿੰਘ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

Amar Carpets Inc
ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

**Punjab Times**
**Established in 2000**
**12th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**Corrspondents**
Mann Mandeep
Bureau Chief
661-889-1927
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.


**All disputes subject to Chicago jurisdiction.**

# ਫੋਨ ਹੈਕਿੰਗ ਸਕੈਂਡਲ:ਮਰਡੌਕ ਪਿਓ-ਪੁੱਤ ਨੇ ਮੁਆਫ਼ੀ ਮੰਗੀ

**ਲੰਡਨ:** 'ਦਿ ਨਿਊਜ਼ ਆਫ ਦਿ ਵਰਲਡ' ਅਖ਼ਬਾਰ ਦੇ ਹੈਕਿੰਗ ਸਕੈਂਡਲ ਬਾਰੇ ਬਰਤਾਨਵੀ ਸੰਸਦੀ ਕਮੇਟੀ ਦੀ ਚੱਲ ਰਹੀ ਸੁਣਵਾਈ ਦੌਰਾਨ 'ਨਿਊਜ਼ ਕਾਰਪੋਰੇਸ਼ਨ' ਦੇ ਚੇਅਰਮੈਨ ਰੂਪਰਟ ਮਰਡੌਕ ਅਤੇ ਉਸ ਦੇ ਪੁੱਤਰ ਜੇਮਸ ਮਰਡੌਕ ਨੇ ਬਰਤਾਨਵੀ ਸੰਸਦ ਅਤੇ ਪੀੜਤ ਲੋਕਾਂ ਤੋਂ ਮੁਆਫੀ ਮੰਗ ਲਈ ਹੈ। ਇਸੇ ਦੌਰਾਨ ਸੁਣਵਾਈ ਵੇਲੇ ਇਕ ਵਿਅਕਤੀ ਨੇ ਰੂਪਰਟ ਮਰਡੌਕ ਉਤੇ ਪਲੇਟ ਨਾਲ ਹਮਲਾ ਕਰ ਦਿੱਤਾ। ਯਾਦ ਰਹੇ ਕਿ ਮਰਡੌਕ ਪਿਉ-ਪੁੱਤਰ ਕਮੇਟੀ ਅੱਗੇ ਆਪਣਾ ਪੱਖ ਰੱਖਣ ਆਏ ਸਨ।

ਚਸ਼ਮਦੀਦ ਗਵਾਹਾਂ ਮੁਤਾਬਕ ਰੂਪਰਟ ਮਰਡੌਕ ਦੇ ਕੋਈ ਸੱਟ ਨਹੀਂ ਲੱਗੀ ਅਤੇ ਕਿਸੇ ਡਾਕਟਰ ਨੂੰ ਸੱਦਣ ਦੀ ਜ਼ਰੂਰਤ ਨਹੀਂ ਪਈ। ਇਸ ਤੋਂ ਬਾਅਦ ਸੰਸਦੀ ਕਮੇਟੀ ਦੀ ਕਾਰਵਾਈ ਵਿਚ 15 ਕੁ ਮਿੰਟ ਦਾ ਵਿਘਨ ਪਿਆ। ਇਸ ਮੌਕੇ ਉਥੇ ਹਾਜ਼ਰ ਪੱਤਰਕਾਰਾਂ ਅਤੇ ਹੋਰ ਲੋਕਾਂ ਨੂੰ ਕਮਰੇ ਵਿਚੋਂ ਬਾਹਰ ਕੱਢ ਦਿੱਤਾ ਗਿਆ। ਕਿਹਾ ਜਾ ਰਿਹਾ ਹੈ ਕਿ ਇਸ ਹਮਲੇ ਤੋਂ ਬਾਅਦ ਰੂਪਰਟ ਦੀ ਪਤਨੀ ਵੈਂਡੀ ਡੈਂਗ ਨੇ ਹਮਲਾਵਰ ਦੇ ਥੱਪੜ ਮਾਰਿਆ। ਇਸ ਪਿੱਛੋਂ ਪੁਲਿਸ ਤੁਰੰਤ ਹਮਲਾਵਰ ਨੂੰ ਫੜ ਕੇ ਲੈ ਗਈ।

ਇਸ ਤੋਂ ਪਹਿਲਾਂ ਰੂਪਰਟ ਮਰਡੌਕ ਅਤੇ ਉਸ ਦੇ ਪੁੱਤਰ ਜੇਮਸ ਮਰਡੌਕ ਨੇ ਫੋਨ ਹੈਕਿੰਗ ਸਕੈਂਡਲ 'ਤੇ ਬਰਤਾਨਵੀ ਸੰਸਦ ਤੋਂ ਮੁਆਫੀ ਮੰਗ ਲਈ ਹੈ। ਹਾਊਸ ਆਫ ਕਾਮਨਜ਼ ਦੀ ਸਭਿਆਚਾਰ, ਮੀਡੀਆ ਅਤੇ ਖੇਡ ਕਮੇਟੀ ਸਾਹਮਣੇ ਪੇਸ਼ ਹੁੰਦਿਆਂ ਜੇਮਸ ਨੇ ਕਿਹਾ, "ਗੈਰ-ਕਾਨੂੰਨੀ ਵੁਆਇਸਮੇਲ ਹੈਕਿੰਗ ਦੇ ਪੀੜਤਾਂ ਅਤੇ ਪਰਿਵਾਰਾਂ ਤੋਂ ਮੈਂ ਖਾਸ ਤੌਰ 'ਤੇ ਖ਼ਿਮਾ ਮੰਗਦਾ ਹਾਂ। ਮੇਰੇ, ਮੇਰੇ ਪਿਤਾ ਅਤੇ ਨਿਊਜ਼ ਕਾਰਪੋਰੇਸ਼ਨ ਦੇ ਸਭ ਮੁਲਾਜ਼ਮਾਂ ਲਈ ਇਹ ਬੇਹੱਦ ਅਫਸੋਸਨਾਕ ਗੱਲ ਹੈ। ਇਹੋ ਜਿਹੀਆਂ ਕਾਰਵਾਈਆਂ ਸਾਡੇ ਮਾਪਦੰਡਾਂ ਨਾਲ ਮੇਲ ਨਹੀਂ ਖਾਦੀਆਂ, ਪਰ ਸਾਡੀ ਕੰਪਨੀ ਚੀਜ਼ਾਂ ਨੂੰ ਸਹੀ ਮੋੜਾ ਦੇਣ ਲਈ ਦ੍ਰਿੜ੍ਹ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਦੁਬਾਰਾ ਅਜਿਹਾ ਕਾਂਡ ਨਾ ਵਾਪਰੇ ਅਤੇ ਕੰਪਨੀ ਉਹੋ ਜਿਹੀ ਹੀ ਰਹੇ, ਜਿਹੋ ਜਿਹੀ ਇਸ ਦੀ ਕਲਪਨਾ ਕੀਤੀ ਗਈ ਸੀ।"



*ਰੂਪਰਟ ਮਰਡੌਕ*

ਰੂਪਰਟ ਮਰਡੌਕ ਨੇ ਕਮੇਟੀ ਨੂੰ ਸੰਬੋਧਨ ਹੁੰਦਿਆਂ ਕਿਹਾ "ਮੈਂ ਸਿਰਫ ਇਕ ਵਾਕ ਕਹਿਣਾ ਚਾਹੁੰਦਾ ਹਾਂ: ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਮਾਯੂਸਕੁਨ ਦਿਨ ਹੈ।" ਫਿਰ ਉਸ ਦੇ ਪੁੱਤਰ ਜੇਮਸ ਨੇ ਕਿਹਾ ਕਿ ਉਸ ਨੂੰ ਇਸ ਬਾਰੇ ਕੋਈ ਇਲਮ ਨਹੀਂ ਸੀ ਕਿ ਨਿਊਜ਼ ਕਾਰਪੋਰੇਸ਼ਨ ਦੀ ਸਾਬਕਾ ਮੁੱਖ ਕਾਰਜਕਾਰੀ ਅਧਿਕਾਰੀ ਰਿਬੈਕਾ ਬਰੂਕਸ ਨੂੰ ਫੋਨ ਹੈਕਿੰਗ ਕਾਂਡ ਬਾਰੇ ਪਤਾ ਸੀ ਜਾਂ ਨਹੀਂ। ਮਰਡੌਕ ਪਿਓ-ਪੁੱਤਰ ਵੱਲੋਂ ਇਸ ਕਮੇਟੀ ਸਾਹਮਣੇ ਆਪਣੇ ਬੰਦ ਹੋਏ ਅਖਬਾਰ 'ਨਿਊਜ਼ ਆਫ ਦਿ ਵਰਲਡ' ਦੇ ਕਾਰ-ਵਿਹਾਰ ਬਾਰੇ ਸਬੂਤ ਪੇਸ਼ ਕੀਤੇ ਜਾ ਰਹੇ ਹਨ।

ਰੂਪਰਟ ਨੇ ਕਿਹਾ ਕਿ ਇਸ ਸਾਲ ਦੇ ਸ਼ੁਰੂ ਤਕ ਕੰਪਨੀ ਵਿਚੋਂ ਫੋਨ ਹੈਕਿੰਗ ਦੇ ਪਾਸਾਰ ਬਾਰੇ ਉਸ ਨੂੰ ਕੋਈ ਜਾਣਕਾਰੀ ਨਹੀਂ ਸੀ। 'ਨਿਊਜ਼ ਆਫ ਦਿ ਵਰਲਡ' ਉਸ ਦੇ ਸੰਸਾਰ ਵਿਆਪੀ ਕਾਰੋਬਾਰ ਦਾ ਮਹਿਜ਼ 1 ਫੀਸਦੀ ਸੀ ਅਤੇ ਉਹ ਇਨ੍ਹਾਂ ਡਿਵੀਜ਼ਨਾਂ ਨੂੰ ਚਲਾਉਣ ਲਈ ਭਰੋਸੇ ਦੇ ਵਿਅਕਤੀਆਂ ਨੂੰ ਨਿਯੁਕਤ ਕਰਦਾ ਹੈ।

### ਫੋਨ ਹੈਕਿੰਗ ਦਾ ਪਰਦਾਫਾਸ਼ ਕਰਨ ਵਾਲੇ ਪੱਤਰਕਾਰ ਦੀ ਮੌਤ

**ਲੰਡਨ:** ਫੋਨ ਹੈਕਿੰਗ ਵਰਤਾਰਾ ਉਜਾਗਰ ਕਰਨ ਵਾਲੇ 'ਨਿਊਜ਼ ਆਫ ਦ ਵਰਲਡ' ਦੇ ਪੱਤਰਕਾਰ ਸਿਆਨ ਹੋਇਰ ਦੀ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਉਹਨੇ ਇਸ ਅਖ਼ਬਾਰ ਵੱਲੋਂ ਫੋਨ ਹੈਕਿੰਗ ਦੀਆਂ ਗੈਰ-ਕਾਨੂੰਨੀ ਕਾਰਵਾਈਆਂ ਕਰਨ ਦਾ ਪਰਦਾਫਾਸ਼ ਕੀਤਾ ਸੀ। ਉਹ ਆਪਣੇ ਵਾਟਰਫੋਰਡ ਸਥਿਤ ਘਰ 'ਚ ਮਰਿਆ ਪਿਆ ਮਿਲਿਆ।

## ਚੋਣਾਂ ਕਮਿਸ਼ਨ ਦੀ ਸਰਗਰਮੀ ਨੇ ਬਾਦਲਾਂ ਦੀ ਨੀਂਦ ਉਡਾਈ

*(ਸਫਾ ਇਕ ਦੀ ਬਾਕੀ)*

ਕਿਸੇ ਵੀ ਸਮੇਂ ਲਾਗੂ ਹੋ ਸਕਦਾ ਹੈ ਤੇ ਫਿਰ ਸਰਕਾਰ ਲਈ ਮਨਪਸੰਦ ਨਤੀਜਿਆਂ ਲਈ ਪ੍ਰਸ਼ਾਸਨ ਨੂੰ ਤਾੜਨ ਜਾਂ ਪੁਚਕਾਰਨ ਦੀ ਗੁੰਜਾਇਸ਼ ਘੱਟ ਹੀ ਰਹਿ ਜਾਂਦੀ ਹੈ। ਪੰਜਾਬ ਦੀ ਅਫਸਰਸ਼ਾਹੀ ਦੀ ਪਿਛਲੀ ਕਾਰਗੁਜ਼ਾਰੀ ਦੇਖ ਕੇ ਤਾਂ ਰਾਜਸੀ ਹਲਕਿਆਂ ਵਿਚ ਹੁਣੇ ਤੋਂ ਹੀ ਇਹ ਚਰਚਾ ਹੈ ਕਿ ਅਫਰਸ਼ਾਹੀ ਦਾ ਵੱਡਾ ਹਿੱਸਾ ਹੁਣ ਤੋਂ ਹੀ ਰਾਜਸੀ ਵਫਾਦਾਰੀਆਂ ਬਦਲੀ ਬੈਠਾ ਹੈ।

ਵੱਖ-ਵੱਖ ਵਿਭਾਗਾਂ ਵਿਚ ਸਮਾਂਬੱਧ ਕੰਮ ਨੂੰ ਕਾਨੂੰਨੀ ਬਣਾਉਣ ਲਈ ਪੰਜਾਬ ਸਰਕਾਰ ਸੇਵਾ ਅਧਿਕਾਰ ਲਾਗੂ ਕਰ ਰਹੀ ਹੈ। ਟਰਾਂਸਪੋਰਟ ਵਿਭਾਗ ਦੇ ਸਾਰੇ ਕੰਮ ਦੀ ਓਵਰਹਾਲਿੰਗ ਦਾ ਅਮਲ ਵਿੱਢਿਆ ਜਾ ਚੁੱਕਾ ਹੈ ਅਤੇ ਤੀਜਾ, ਜ਼ਮੀਨੀ ਰਿਕਾਰਡ ਤੇ ਰਜਿਸਟਰੀਆਂ ਨੂੰ ਆਨਲਾਈਨ ਕਰਨ ਦਾ ਟੀਚਾ ਮਿਥਿਆ ਹੈ। ਸਰਕਾਰ ਦਾ ਇਹ ਟੀਚਾ ਸੀ ਕਿ ਸਤੰਬਰ ਤੱਕ ਇਹ ਪ੍ਰਸ਼ਾਸਕੀ ਸੁਧਾਰ ਲਾਗੂ ਹੋਣੇ ਚਾਹੀਦੇ ਹਨ ਪਰ ਨਵੀਂ ਹਾਲਤ ਵਿਚ ਸੇਵਾ ਦੇ ਅਧਿਕਾਰ ਤੇ ਟਰਾਂਸਪੋਰਟ ਵਿਭਾਗ ਦੇ ਕੰਮ ਵਿਚ ਸੁਧਾਰ ਨੂੰ ਅਗਸਤ ਮਹੀਨੇ ਹੀ ਲਾਗੂ ਕਰਨ ਲਈ ਜ਼ੋਰ ਦਿੱਤਾ ਜਾ ਰਿਹਾ ਹੈ। ਸੇਵਾ ਦਾ ਅਧਿਕਾਰ 15 ਅਗਸਤ ਨੂੰ ਹਰ ਹਾਲ ਸ਼ੁਰੂ ਕਰਨ ਲਈ ਸਾਰੀ ਸਰਕਾਰੀ ਮਸ਼ੀਨਰੀ ਪੱਬਾਂ ਭਾਰ ਹੈ। ਉਪ ਮੁੱਖ ਮੰਤਰੀ ਪਿਛਲੇ ਹਫਤੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਕਰ ਚੁੱਕੇ ਹਨ।

ਸੇਵਾ ਦਾ ਅਧਿਕਾਰ ਲਾਗੂ ਕਰਨ ਲਈ ਸਰਕਾਰ ਨੇ ਤਿੰਨ ਮੈਂਬਰੀ ਕਮਿਸ਼ਨ ਵੀ ਬਣਾਉਣਾ ਹੈ ਜੋ ਇਸ ਮਹੀਨੇ ਦੇ ਆਖੀਰ ਵਿਚ ਬਣਾਏ ਜਾਣ ਦੀ ਸੰਭਾਵਨਾ ਹੈ। ਟਰਾਂਸਪੋਰਟ ਵਿਭਾਗ ਦਾ ਸਾਰਾ ਕੰਮਕਾਜ ਆਨਲਾਈਨ ਕਰਨ ਦਾ ਕੰਮ ਤਾਂ ਭਾਵੇਂ ਸ਼ੁਰੂ ਹੈ ਪਰ ਆਨਲਾਈਨ ਫੀਸਾਂ ਜਮ੍ਹਾਂ ਕਰਵਾਉਣ ਲਈ ਰਿਜ਼ਰਵ ਬੈਂਕ ਦੀ ਮਨਜ਼ੂਰੀ ਅਜੇ ਮਿਲਣੀ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਕਾਹਲੀ ਦੇ ਬਾਵਜੂਦ ਸਤੰਬਰ ਮਹੀਨੇ ਤੋਂ ਪਹਿਲਾਂ ਨਵੇਂ ਸੁਧਾਰਾਂ ਨੂੰ ਲਾਗੂ ਕਰ ਸਕਣਾ ਮੁਸ਼ਕਲ ਹੈ। ਜ਼ਮੀਨੀ ਰਿਕਾਰਡ ਤੇ ਰਜਿਸਟਰੀਆਂ ਦਾ ਕੰਮ ਆਨਲਾਈਨ ਕਰਨ ਦੀ ਹੱਦ ਪਹਿਲਾਂ ਮਾਰਚ 2011 ਮਿਥੀ ਗਈ ਸੀ ਪਰ ਇਹ ਕੰਮ ਹਾਲੇ ਤੱਕ ਲਾਗੂ ਨਹੀਂ ਹੋ ਸਕਿਆ। ਪ੍ਰਸ਼ਾਸਕੀ ਸੁਧਾਰਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਵਿਚ ਅਫਸਰਸ਼ਾਹੀ ਦਾ ਰੋਲ ਵੀ ਅਹਿਮ ਰਹੇਗਾ।

# ਮੁੰਬਈ ਧਮਾਕੇ: ਭਾਰਤੀ ਖ਼ੁਫੀਆ ਤੰਤਰ ਦੀ ਨਾਕਾਮੀ ਜੱਗ ਜ਼ਾਹਿਰ

*(ਸਫਾ ਇਕ ਦੀ ਬਾਕੀ)*

ਮੁਜ਼ਾਹਿਦੀਨ ਉਤੇ ਸ਼ੱਕ ਕੀਤਾ ਜਾ ਰਿਹਾ ਹੈ। ਅਤਿਵਾਦੀਆਂ ਨੇ ਧਮਾਕਿਆਂ ਲਈ ਬਾਰੂਦੀ ਛੜਾਂ (ਆਈ.ਈ.ਡੀ.) ਦੀ ਵਰਤੋਂ ਕੀਤੀ। ਪੁਲਿਸ ਨੇ ਅਜੇ ਤੱਕ ਹਰਕਤ-ਉਲ-ਜਹਾਦੀ ਇਸਲਾਮੀ ਦੇ ਦੋ ਸ਼ੱਕੀ ਮੈਂਬਰਾਂ ਖ਼ਿਲਾਫ਼ ਵਿਦੇਸ਼ੀਆਂ ਬਾਰੇ ਕਾਨੂੰਨ ਦੀ ਉਲੰਘਣਾ ਦੇ ਦੋਸ਼ 'ਚ ਐਫ.ਆਈ.ਆਰ. ਦਰਜ ਕੀਤੀ ਹੈ। ਪੁਲਿਸ ਅਨੁਸਾਰ ਮੁਹੰਮਦ ਰਿਆਜ਼-ਉਲ ਸਰਕਾਰ ਉਰਫ ਆਕਾਸ਼ ਖਾਨ ਅਤੇ ਮੁਹੰਮਦ ਮਹਿਤਾਬ ਖ਼ਿਲਾਫ਼ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਇਨ੍ਹਾਂ ਨੂੰ 16 ਜੁਲਾਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਮਾਮਲੇ ਦੀ ਜਾਂਚ ਦੌਰਾਨ ਪੁਲਿਸ ਦੀ ਕਾਰਗੁਜ਼ਾਰੀ 'ਤੇ ਉਸ ਵੇਲੇ ਸਵਾਲ ਉਠਿਆ ਜਦੋਂ ਇੰਡੀਅਨ ਮੁਜਾਹਿਦੀਨ (ਆਈ.ਐਮ.) ਦੇ ਸ਼ੱਕੀ ਮੈਂਬਰ ਦੇ ਭਰਾ ਫ਼ੈਜ਼ ਉਸਮਾਨੀ ਦੀ ਹਸਪਤਾਲ ਵਿਚ ਮੌਤ ਹੋ ਗਈ। ਫ਼ੈਜ਼, ਅਫ਼ਜ਼ਲ ਉਸਮਾਨੀ ਦਾ ਭਰਾ ਸੀ ਜੋ ਇਸ ਸਮੇਂ 2008 ਦੇ ਗੁਜਰਾਤ ਬੰਬ ਧਮਾਕਿਆਂ ਦੇ ਦੋਸ਼ 'ਚ ਜੇਲ੍ਹ 'ਚ ਬੰਦ ਹੈ। ਫ਼ੈਜ਼ ਦੇ ਪਰਿਵਾਰ ਨੇ ਦੋਸ਼ ਲਾਇਆ ਕਿ ਪੁਲਿਸ ਤਸ਼ੱਦਦ ਕਾਰਨ ਉਸ ਦੀ ਮੌਤ ਹੋਈ ਹੈ। ਮਹਾਰਾਸ਼ਟਰ ਦੇ ਡੀ.ਜੀ.ਪੀ. ਅਜੀਤ ਪਰਸਿੰਸ ਨੇ ਇਸ ਮਾਮਲੇ ਦੀ ਸੀ.ਆਈ.ਡੀ. ਜਾਂਚ ਦੇ ਹੁਕਮ ਦਿੱਤੇ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਫ਼ੈਜ਼ ਦਾ ਲੋਕਮਾਨਯ ਤਿਲਕ ਹਸਪਤਾਲ ਵਿਚ ਅਧਰੰਗ ਅਤੇ ਖ਼ੂਨ ਦਾ ਦਬਾਅ ਵਧਣ ਕਰਕੇ ਇਲਾਜ ਚੱਲ ਰਿਹਾ ਸੀ ਤੇ ਰਾਤ ਨੂੰ ਉਸ ਦੀ ਮੌਤ ਹੋ ਗਈ। ਮੁੰਬਈ ਦੇ ਨੀਮ ਸ਼ਹਿਰੀ ਗੋਵੰਤੀ ਇਲਾਕੇ ਦੇ ਵਸਨੀਕ ਫ਼ੈਜ਼ ਨੂੰ ਚੈਂਬੂਰ ਦੇ ਕ੍ਰਾਈਮ ਬਰਾਂਚ ਯੂਨਿਟ ਨੇ ਚੁੱਕਿਆ ਸੀ ਤੇ ਮਗਰੋਂ ਉਸ ਨੂੰ ਲੋਕਮਾਨਯ ਤਿਲਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ।



*ਫ਼ੈਜ਼ ਉਸਮਾਨੀ ਜਿਸ ਦੀ ਪੁਲਿਸ ਹਿਰਾਸਤ ਦੌਰਾਨ ਮੌਤ ਹੋ ਗਈ*

ਜ਼ਿਕਰਯੋਗ ਹੈ ਕਿ ਭਾਰਤ 'ਚ ਹੁਣ ਤੱਕ ਸੈਂਕੜੇ ਲੋਕ ਦਹਿਸ਼ਤੀ ਕਾਰਵਾਈਆਂ ਦੀ ਭੇਟ ਚੜ੍ਹ ਚੁੱਕੇ ਹਨ ਪਰ ਸਰਕਾਰ ਅਤੇ ਪ੍ਰਸ਼ਾਸਨ ਕੁਝ ਸਮਾਂ ਸਖਤੀ ਕਰਨ ਤੋਂ ਬਾਅਦ ਅਵੇਸਲੀ ਹੋ ਜਾਂਦੇ ਹਨ, ਤੇ ਦਹਿਸ਼ਤ ਦੇ ਵਪਾਰੀ ਆਪਣੇ ਮਕਸਦ 'ਚ ਫਿਰ ਕਾਮਯਾਬ ਹੋ ਜਾਂਦੇ ਹਨ। ਮੁੰਬਈ ਦੀਆਂ ਰੇਲ ਗੱਡੀਆਂ ਵਿਚ ਪੰਜ ਸਾਲ ਪਹਿਲਾਂ ਹੋਏ ਲੜੀਵਾਰ ਬੰਬ ਧਮਾਕਿਆਂ ਵਿਚ 186 ਵਿਅਕਤੀ ਮਾਰੇ ਗਏ ਸਨ। ਧਮਾਕੇ 26 ਨਵੰਬਰ ਨੂੰ ਹੋਏ ਸਨ। 2003 ਵਿਚ ਇਥੇ ਜ਼ਾਵੇਰੀ ਬਾਜ਼ਾਰ ਵਿਚ ਧਮਾਕਾ ਹੋਇਆ ਸੀ ਜਿਸ ਵਿਚ 54 ਵਿਅਕਤੀ ਮਾਰੇ ਗਏ ਸਨ। ਇਸ ਤੋਂ ਪਹਿਲਾਂ 12 ਮਾਰਚ, 1993 ਨੂੰ 13 ਥਾਂਵਾਂ 'ਤੇ ਲੜੀਵਾਰ ਬੰਬ ਧਮਾਕਿਆਂ ਵਿਚ 257 ਵਿਅਕਤੀ ਮਾਰੇ ਗਏ ਤੇ 713 ਜ਼ਖ਼ਮੀ ਹੋ ਗਏ। ਇਹ ਇਥੇ ਪਹਿਲੇ ਅਜਿਹੇ ਧਮਾਕੇ ਸਨ ਜਿਨ੍ਹਾਂ ਵਿਚ ਆਰ.ਡੀ.ਐਕਸ. ਦੀ ਵਰਤੋਂ ਕੀਤੀ ਗਈ। ਇਨ੍ਹਾਂ ਧਮਾਕਿਆਂ ਦੀ ਯੋਜਨਾ ਮਾਫੀਆ ਸਰਗਨਾ ਦਾਊਦ ਇਬਰਾਹੀਮ ਨੇ ਬਣਾਈ ਸੀ। ਇਸ ਤੋਂ ਇਲਾਵਾ ਪੁਣੇ 'ਚ 13 ਫਰਵਰੀ, 2010 ਨੂੰ ਹੋਏ ਧਮਾਕਿਆਂ 'ਚ 17 ਜਣੇ ਹਲਾਕ ਤੇ 60 ਜ਼ਖ਼ਮੀ ਹੋ ਗਏ ਸਨ। ਮੁੰਬਈ 'ਚ 26 ਨਵੰਬਰ 2008 ਨੂੰ ਹੋਏ ਧਮਾਕਿਆਂ 'ਚ 166, ਅਸਾਮ 'ਚ 30 ਅਕਤੂਬਰ 2008 ਨੂੰ 77, ਇੰਫਾਲ 'ਚ 21 ਅਕਤੂਬਰ 2008 ਨੂੰ 17, ਮਾਲੇਗਾਉਂ 'ਚ 29 ਸਤੰਬਰ 2008 ਨੂੰ 5, ਨਵੀਂ ਦਿੱਲੀ 'ਚ 13 ਸਤੰਬਰ 2008 ਨੂੰ 26, ਅਹਿਮਦਾਬਾਦ 'ਚ 26 ਜੁਲਾਈ 2008 ਨੂੰ 57, ਜੈਪੁਰ 'ਚ 13 ਮਈ 2008 ਨੂੰ 57, ਰਾਮਪੁਰ 'ਚ ਜਨਵਰੀ 2008 ਨੂੰ 8 ਅਤੇ ਹੈਦਰਾਬਾਦ 'ਚ ਅਗਸਤ 2007 ਨੂੰ ਹੋਏ ਧਮਾਕਿਆਂ 'ਚ 30 ਵਿਅਕਤੀ ਹਲਾਕ ਹੋ ਗਏ ਸਨ।



*ਮੁੰਬਈ ਦੀ ਸਲਾਮਤੀ ਲਈ ਮੋਮਬੱਤੀਆਂ ਬਾਲ ਰਹੇ ਬੱਚੇ*

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਕਬੱਡੀ ਦੇ ਮੈਦਾਨ ਵਿਚ ਗਰਜੇਗੀ ਖਾਲਸਾਈ ਟੀਮ

## ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਗੱਭਰੂਆਂ ਦੀ ਟੀਮ ਤਿਆਰ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਬਤ ਸੂਰਤ ਸਿੱਖ ਨੌਜਵਾਨਾਂ ਦੀ ਆਪਣੀ ਪਲੇਠੀ ਕਬੱਡੀ ਟੀਮ ਤਿਆਰ ਕੀਤੀ ਹੈ ਜੋ ਅਗਸਤ ਵਿਚ ਕੈਨੇਡਾ ਵਿਖੇ ਹੋਣ ਵਾਲੇ ਕਬੱਡੀ ਮੁਕਾਬਲੇ ਵਿਚ ਹਿੱਸਾ ਲਵੇਗੀ। ਵਧ ਰਹੇ ਪਤਿਤਪੁਣੇ ਤੇ ਨਸ਼ਿਆਂ ਦੇ ਰੁਝਾਨ ਦੌਰਾਨ ਨੌਜਵਾਨਾਂ ਨੂੰ ਖੇਡਾਂ ਰਾਹੀਂ ਸਿੱਖੀ ਨਾਲ ਜੋੜਨ ਦਾ ਇਹ ਉਪਰਾਲਾ ਭਾਵੇਂ ਹਾਲ ਦੀ ਘੜੀ ਮੱਧਮ ਜਿਹੀ ਆਸ ਦੀ ਕਿਰਨ ਵਾਂਗ ਹੈ ਪਰ ਜੇਕਰ ਇਹ ਯਤਨ ਸਫਲ ਹੋਇਆ ਤਾਂ ਭਵਿੱਖ ਵਿਚ ਚਾਨਣ ਮੁਨਾਰਾ ਸਾਬਤ ਹੋਵੇਗਾ।

ਮਿਲੀ ਜਾਣਕਾਰੀ ਅਨੁਸਾਰ ਕਬੱਡੀ ਦੀ ਇਹ ਟੀਮ ਤਕਰੀਬਨ ਇਕ ਸਾਲ ਪਹਿਲਾਂ ਬਣਾਈ ਗਈ ਸੀ ਤੇ ਇਸ ਟੀਮ ਨੇ ਹੁਣ ਤਕ ਖੇਡੇ ਗਏ ਅੱਠ ਮੈਚਾਂ ਵਿਚ ਵਧੀਆ ਨਤੀਜੇ ਦਿੱਤੇ ਹਨ। ਫਤਿਹਗੜ੍ਹ ਸਾਹਿਬ ਵਿਖੇ ਐਨ.ਆਰ.ਆਈ. ਕਲੱਬ ਵੱਲੋਂ ਕਰਵਾਏ ਟੂਰਨਾਮੈਂਟ ਵਿਚ ਸ਼੍ਰੋਮਣੀ ਕਮੇਟੀ ਦੀ ਟੀਮ ਜੇਤੂ ਰਹੀ ਤੇ ਮਲੂਕਾ ਵਿਖੇ ਹੋਏ ਮੁਕਾਬਲਿਆਂ ਵਿਚ ਦੂਜਾ ਸਥਾਨ ਹਾਸਲ ਕੀਤਾ। ਹੁਣ ਇਹ ਟੀਮ ਅਗਸਤ ਵਿਚ ਕੈਨੇਡਾ ਵਿਖੇ ਹੋਣ ਵਾਲੇ ਕੌਮਾਂਤਰੀ ਕਬੱਡੀ ਮੁਕਾਬਲੇ ਵਿਚ ਹਿੱਸਾ ਲੈਣ ਜਾਵੇਗੀ ਜਿਥੇ 13 ਅਗਸਤ ਨੂੰ ਮੈਚ ਹੋਵੇਗਾ। ਇਸ ਤੋਂ ਬਾਅਦ ਇਹ ਟੀਮ ਹੋਰ ਕਬੱਡੀ ਮੈਚ ਵੀ ਖੇਡੇਗੀ। ਇਹ ਟੀਮ ਇਸ ਵੇਲੇ ਫਤਿਹਗੜ੍ਹ ਸਾਹਿਬ ਵਿਖੇ ਹੈ ਜਿਥੇ ਖਿਡਾਰੀਆਂ ਦੇ ਅਭਿਆਸ ਲਈ ਵਿਸ਼ੇਸ਼ ਕੋਚ ਨਿਯੁਕਤ ਕੀਤਾ ਹੈ। ਇਨ੍ਹਾਂ ਖਿਡਾਰੀਆਂ ਨੂੰ ਦਸ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ ਤੇ ਤਕਰੀਬਨ ਇੰਨੀ ਹੀ ਰਕਮ ਹਰੇਕ ਖਿਡਾਰੀ ਦੀ ਖੁਰਾਕ 'ਤੇ ਹਰ ਮਹੀਨੇ ਖ਼ਰਚ ਕੀਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਖੇਡ ਮੁਕਾਬਲਿਆਂ ਵਿਚ ਮਿਲਣ ਵਾਲੇ ਸਾਰੇ ਪੁਰਸਕਾਰ ਖਿਡਾਰੀਆਂ ਵਿਚ ਵੰਡੇ ਜਾਂਦੇ ਹਨ। ਖੇਡ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਜਾਣ ਵਾਸਤੇ ਏ.ਸੀ. ਬੱਸ ਦਾ ਪ੍ਰਬੰਧ ਕੀਤਾ ਗਿਆ ਹੈ ਤੇ ਫਤਿਹਗੜ੍ਹ ਸਾਹਿਬ ਵਿਖੇ ਰਹਿਣ ਲਈ ਢੁਕਵੀਂ ਥਾਂ ਦਾ ਪ੍ਰਬੰਧ ਕੀਤਾ ਗਿਆ ਹੈ। ਖਿਡਾਰੀਆਂ ਨੂੰ ਨਸ਼ਿਆਂ ਤੇ ਬਾਹਰੀ ਖੁਰਾਕ ਤੋਂ ਦੂਰ ਰਹਿਣ ਦੀ ਸਖ਼ਤ ਹਦਾਇਤ ਹੈ। ਜ਼ਿਕਰਯੋਗ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਮਨਾਏ ਗਏ ਸ਼ਤਾਬਦੀ ਸਮਾਗਮਾਂ ਸਮੇਂ ਭਾਰਤ ਤੇ ਪਾਕਿਸਤਾਨ ਦੀਆਂ ਕਬੱਡੀ ਟੀਮਾਂ ਦੇ ਮੁਕਾਬਲੇ ਕਰਵਾਏ ਗਏ ਸਨ। ਉਸ ਵੇਲੇ ਭਾਰਤੀ ਟੀਮ ਦੇ ਖਿਡਾਰੀਆਂ ਵਿਚ ਵਧੇਰੇ ਸਿੱਖ ਨੌਜਵਾਨ ਸ਼ਾਮਲ ਸਨ ਪਰ ਉਹ ਸਾਰੇ ਹੀ ਗ਼ੈਰ-ਕੇਸਾਧਾਰੀ ਸਨ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਸਾਬਤ ਸੂਰਤ ਸਿੱਖ ਨੌਜਵਾਨਾਂ ਦੀ ਟੀਮ ਬਣਾਉਣ ਦੀ ਯੋਜਨਾ ਬਣਾਈ ਗਈ ਤੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਸਹਿਮਤੀ ਨਾਲ ਇਸ ਟੀਚੇ ਨੂੰ ਪੂਰਾ ਕੀਤਾ। ਅਰੰਭ ਵਿਚ ਸਾਬਤ ਸੂਰਤ ਸਿੱਖ ਖਿਡਾਰੀਆਂ ਨੂੰ ਲੱਭਣਾ ਹੀ ਵੱਡੀ ਚੁਣੌਤੀ।

ਸ਼੍ਰੋਮਣੀ ਕਮੇਟੀ ਦੀ ਟੀਮ ਵਿਚ ਸ਼ਾਮਲ ਸਾਰੇ ਹੀ ਖਿਡਾਰੀ ਸਿੱਖੀ ਨੂੰ ਸਮਰਪਿਤ ਹਨ ਤੇ ਭਵਿੱਖ ਵਿਚ ਵੀ ਕੇਸਧਾਰੀ ਰਹਿਣ ਲਈ ਪ੍ਰਤੀਬੱਧ ਹਨ। ਇਹ ਟੀਮ ਵਿਚ ਇਸ ਵੇਲੇ ਗੁਰਦਾਸਪੁਰ, ਕਪੂਰਥਲਾ, ਮੋਗਾ ਤੇ ਸਮਰਾਲਾ ਖੇਤਰ ਦੇ ਵਧੇਰੇ ਖਿਡਾਰੀ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਟੀਮ ਤੋਂ ਇਲਾਵਾ ਜੂਨੀਅਰ ਖਿਡਾਰੀਆਂ ਨੂੰ ਵੀ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਸ਼੍ਰੋਮਣੀ ਕਮੇਟੀ ਵਲੋਂ ਸਾਬਤ ਸੂਰਤ ਸਿੱਖ ਖਿਡਾਰੀ ਬਣਾਉਣ ਦੀ ਇਹ ਮੁਹਿੰਮ ਤਕਰੀਬਨ ਇਕ ਦਹਾਕਾ ਪਹਿਲਾਂ ਸ਼ੁਰੂ ਕੀਤੀ ਗਈ ਸੀ। 2002 ਵਿਚ ਸ਼੍ਰੋਮਣੀ ਕਮੇਟੀ ਵਲੋਂ ਆਪਣੇ ਕਾਲਜਾਂ ਵਿਚ ਖਿਡਾਰੀਆਂ ਲਈ ਖਾਲਸਾਈ ਖੇਡ ਮੁਕਾਬਲੇ ਸ਼ੁਰੂ ਕੀਤੇ ਸਨ ਜੋ ਹੁਣ ਸਾਲਾਨਾ ਖੇਡ ਮੁਕਾਬਲਿਆਂ ਦਾ ਰੂਪ ਲੈ ਚੁੱਕੇ ਹਨ। ਇਨ੍ਹਾਂ ਮੁਕਾਬਲਿਆਂ ਵਿਚ 75 ਫੀਸਦੀ ਤੋਂ ਵਧੇਰੇ ਸਿੱਖ ਖਿਡਾਰੀ ਸ਼ਾਮਲ ਹੁੰਦੇ ਹਨ।

ਇਨ੍ਹਾਂ ਯਤਨਾਂ ਤਹਿਤ ਹੀ ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਦਹਾਕੇ ਦੌਰਾਨ ਮਨਾਏ ਗਏ ਸ਼ਤਾਬਦੀ ਸਮਾਗਮਾਂ ਸਮੇਂ ਵੀ ਖੇਡ ਮੁਕਾਬਲੇ ਕਰਵਾਏ ਗਏ ਸਨ ਜਿਸ ਦੇ ਸਿੱਟੇ ਵਜੋਂ ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਚੰਗੇ ਖਿਡਾਰੀ ਉਭਰ ਰਹੇ ਹਨ।

## ਮੁੰਬਈ ਹਮਲੇ:ਅਮਰੀਕਾ ਦੀ ਪਾਕਿ ਨੂੰ ਘੁਰਕੀ

**ਨਵੀਂ ਦਿੱਲੀ:** ਅਮਰੀਕਾ ਨੇ ਮੁੰਬਈ ਹਮਲਿਆਂ ਬਾਰੇ ਪਾਕਿਸਤਾਨ ਨੂੰ ਸਹਿੰਦੀ-ਸਹਿੰਦੀ ਚਿਤਾਵਨੀ ਦਿੱਤੀ ਹੈ ਅਤੇ ਦਹਿਸ਼ਤਗਰਦੀ ਬਾਰੇ ਸਖ਼ਤ ਰੁਖ਼ ਅਪਨਾਉਣ ਦਾ ਵਾਅਦਾ ਕਰਦਿਆਂ ਉਸ ਨੂੰ ਦਹਿਸ਼ਤਪਸੰਦਾਂ ਨੂੰ ਸੁਰੱਖਿਅਤ ਛੁਪਣਗਾਹਾਂ ਤੇ ਖੁੱਲ੍ਹੀ ਛੂਟ ਦੇਣ ਤੋਂ ਬਾਜ ਆਉਣ ਲਈ ਆਖਦਿਆਂ ਪਿਛਲੇ ਹਫਤੇ ਮੁੰਬਈ 'ਚ ਬੰਬ ਧਮਾਕਿਆਂ ਦੇ ਮੱਦੇਨਜ਼ਰ ਭਾਰਤ ਨੂੰ ਇਸ ਦੇ ਸ਼ਹਿਰਾਂ ਦੀ ਸੁਰੱਖਿਆ ਲਈ ਮਦਦ ਦੇਣ ਦਾ ਵੀ ਅਹਿਦ ਲਿਆ ਹੈ। ਇਹ ਨਿਸ਼ਚਾ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਦੂਜੇ ਸਾਲਾਨਾ ਭਾਰਤ-ਅਮਰੀਕੀ ਰਣਨੀਤੀ ਸੰਵਾਦ ਦੀ ਸਮਾਪਤੀ 'ਤੇ ਪ੍ਰਗਟਾਇਆ ਜਿਸ ਦੌਰਾਨ ਉਨ੍ਹਾਂ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨਾਲ ਪਰਮਾਣੂ ਸਹਿਯੋਗ, ਅਫਗਾਨਿਸਤਾਨ ਦੇ ਹਾਲਾਤ ਤੇ ਮੁੰਬਈ 'ਚ ਹੋਏ ਬੰਬ ਧਮਾਕਿਆਂ ਸਣੇ ਕਈ ਮੁੱਦਿਆਂ 'ਤੇ ਵਿਚਾਰ-ਚਰਚਾ ਕੀਤੀ।

ਬੀਬੀ ਕਲਿੰਟਨ ਨੇ ਭਾਰਤ ਨੂੰ ਤਸੱਲੀ ਦਵਾਈ ਕਿ ਅਮਰੀਕਾ ਪਿਛਲੇ ਹਫਤੇ ਮੁੰਬਈ ਵਿਚ ਹੋਏ ਅਤਿਵਾਦੀ ਹਮਲੇ ਬਾਰੇ ਬਹੁਤ ਚਿੰਤਤ ਹੈ। ਇਸ ਕਰਕੇ ਉਹ ਅਜਿਹੀਆਂ ਹਿੰਸਕ ਕਾਰਵਾਈਆਂ ਨੂੰ ਰੋਕਣ ਲਈ ਭਾਰਤ ਦੀ ਪਿੱਠ 'ਤੇ ਹਮੇਸ਼ਾ ਖੜ੍ਹਾ ਰਹੇਗਾ ਤੇ ਪਾਕਿਸਤਾਨ ਉੱਤੇ ਵੀ ਦਬਾਅ ਪਾਵੇਗਾ ਤਾਂ ਜੋ ਅਜਿਹੀਆਂ ਘਿਣਾਉਣੀਆਂ ਅਤਿਵਾਦੀ ਸਰਗਰਮੀਆਂ ਨੂੰ ਉਸ ਮੁਲਕ ਦੀ ਧਰਤੀ ਤੋਂ ਕਦੇ ਵੀ ਹੱਲਾਸ਼ੇਰੀ ਨਾ ਮਿਲੇ।


Desi Entertainment Indiana



ਖੁਸ਼ੀ ਦੇ ਹਰ ਮੌਕੇ ਲਈ ਡੀ ਜੇ

Full DJ service for all occasions

Have a blast with Professional sound, lighting, & dholis. Serving IN, MI, IL, OH.
Booking Available:

Call: DJ K-MP, Ph: 574-850-2941
email: mankamal_22@yahoo.com

Freeway Travel Inc

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ



Call Raju
Tel: 773-973-0200
Fax: 773-973-0557
2542 W Devon Ave. Chicago IL 60659

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250

Best Way Travels & Tour Inc.

Since 1975



6353 N Claremont
(Corner of Devon & Claremont)
Chicago, IL 60659

Best Fares For India/ Pakistan.
Europe 50% Discount Business Class.

Ph:773-465-4949, Fax:773-465-8599



GP Singh

"Buy a Home With ZERO CASH
NO MONEY DOWN!

ਬਿਨਾ ਕਿਸੇ ਨਕਦ ਪੈਸੇ ਦੇ ਘਰ ਖਰੀਦੋ
ਕੋਈ ਮਨੀ ਡਾਊਨ ਨਹੀਂ

Call 24hr FREE INFORMATION: 1-888-760-3069, ID # 1052




$131,000
Carol stream $630 Payment
Beautiful and Clean. GreatNeighborhood,3B.R, 2 Bath.Starter Home.Why Rent?
Free Info.1-888-760-3069
ID#3301



$225,400
PALATINE $912.00 Payment
Walking distance to school, park and shopping. Lovely clean home. Patio. Wooden floor.
Free Info. 888-760-3069
ID#3405



$280,000
Elgin $1275 Payment
New community. Good School. Walking distance to park.Full Basement.Custom patio.
Free Info. 1-888-760-3069
ID#3303




$155,000
Aurora. $706.00 Payment
Beautiful home on corner lot. Open floor plan.Upgrade kitchen. First time buyer delight.
Free Info.: 1-888-760-3069
ID#3404




$ 160,000
Elgin $746 Payment
Great opportunity First time home buyer. Walking distance to school & park. Clean and New safe Area.
Free Info.: 1-888-760-3069
ID#3305




$195,000
NAPERVILLE $889.00 Pmt.
Great opportunity. Best School Distt. Bright living room, Granite counter. Hardwood floor.
Free Info.: 1-888-760-3069
ID # 3401


Call GP Singh Realtor/Mortgage Broker 630-942-8004
Statewide Home Realty

# ਲਾਹੌਰ 'ਚ ਭਾਈ ਤਾਰੂ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ 'ਤੇ ਰੋਕ

**ਚੰਡੀਗੜ੍ਹ:** ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਸਿੱਖ ਭਾਈਚਾਰੇ ਨੂੰ ਝਗੜੇ ਵਾਲੇ ਗੁਰਦੁਆਰਾ ਸਾਹਿਬ ਵਿਚ ਭਾਈ ਤਾਰੂ ਸਿੰਘ ਦਾ ਸ਼ਹੀਦੀ ਦਿਹਾੜਾ ਨਹੀਂ ਮਨਾਉਣ ਦਿੱਤਾ ਗਿਆ। ਇਸਲਾਮੀ ਧਾਰਮਿਕ ਤਬਕੇ ਨੇ ਅਧਿਕਾਰੀਆਂ ਨੂੰ ਇਸ ਗੱਲ ਲਈ ਕਾਇਲ ਕਰ ਲਿਆ ਕਿ ਮੁਸਲਮਾਨਾਂ ਲਈ ਪਵਿੱਤਰ ਦਿਹਾੜਾ 'ਸ਼ਬ-ਏ-ਬਰਾਤ' ਸਿੱਖਾਂ ਦੇ ਸਮਾਗਮ ਨਾਲੋਂ ਜ਼ਿਆਦਾ ਅਹਿਮ ਹੈ। ਇਸ ਤੋਂ ਬਾਅਦ ਲਾਹੌਰ ਦੀ ਸਿੱਖ ਸੰਗਤ ਨੂੰ ਵਿਵਾਦਗ੍ਰਸਤ ਗੁਰਦੁਆਰੇ ਦੀ ਥਾਂ 'ਤੇ ਧਾਰਮਿਕ ਸਮਾਗਮ ਕਰਨ ਤੋਂ ਰੋਕ ਦਿੱਤਾ ਗਿਆ। 'ਦਿ ਐਕਸਪ੍ਰੈਸ ਟ੍ਰਿਬਿਊਨ' ਅਖਬਾਰ ਦੀ ਰਿਪੋਰਟ ਅਨੁਸਾਰ ਦਾਵਤ-ਏ-ਇਸਲਾਮੀ ਦੀਆਂ ਕੋਸ਼ਿਸ਼ਾਂ ਕਰਕੇ ਸਿੱਖਾਂ ਦੇ ਵਾਜੇ-ਛੈਣੇ ਬਾਹਰ ਸੁੱਟ ਦਿੱਤੇ ਗਏ ਤੇ ਗੁਰਦੁਆਰੇ 'ਚ ਸਿੱਖਾਂ ਦੇ ਦਾਖਲੇ 'ਤੇ ਰੋਕ ਲਾ ਦਿੱਤੀ ਗਈ।

ਬਰੇਲਵੀ ਗਰੁੱਪ ਵੱਲੋਂ 18 ਜੁਲਾਈ ਨੂੰ 'ਸ਼ਬ-ਏ-ਬਰਾਤ' ਦਿਹਾੜਾ ਮਨਾਇਆ ਗਿਆ ਤੇ ਇਸ ਦੇ ਮੱਦੇਨਜ਼ਰ ਗੁਰਦੁਆਰੇ ਦੇ ਆਲੇ-ਦੁਆਲੇ ਪੁਲਿਸ ਤਾਇਨਾਤ ਕਰ ਦਿੱਤੀ ਗਈ। ਸਿੱਖ ਭਾਈਚਾਰਾ 15 ਜੁਲਾਈ ਨੂੰ ਗੁਰਦੁਆਰੇ 'ਚ ਅਠਾਰਵੀਂ ਸਦੀ ਦੇ ਸਿੱਖ ਸ਼ਹੀਦ ਭਾਈ ਤਾਰੂ ਸਿੰਘ ਦੀ ਯਾਦ ਵਿਚ ਸਮਾਗਮ ਕਰਨਾ ਚਾਹੁੰਦਾ ਸੀ। ਭਾਈ ਤਾਰੂ ਸਿੰਘ ਨੂੰ ਪੰਜਾਬ ਦੇ ਮੁਗਲ ਸੂਬੇਦਾਰ ਜ਼ਕਰੀਆ ਖਾਨ ਦੇ ਹੁਕਮ 'ਤੇ 1745 ਵਿਚ ਸ਼ਹੀਦ ਕਰ ਦਿੱਤਾ ਗਿਆ ਸੀ ਤੇ ਉਨ੍ਹਾਂ ਦੀ ਯਾਦ ਵਿਚ ਲਾਹੌਰ ਦੇ ਨੌਲੱਖਾ ਬਾਜ਼ਾਰ 'ਚ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਬਣਾਇਆ ਗਿਆ ਸੀ। ਹਰ ਸਾਲ ਜੁਲਾਈ ਮਹੀਨੇ ਸਿੱਖਾਂ ਵੱਲੋਂ ਉਨ੍ਹਾਂ ਦੀ ਸ਼ਹਾਦਤ ਦੀ ਯਾਦ 'ਚ ਸਮਾਗਮ ਕੀਤਾ ਜਾਂਦਾ ਹੈ।

ਭਾਰਤ-ਪਾਕਿ ਵੰਡ ਤੋਂ ਬਾਅਦ ਇਸ ਗੁਰਦੁਆਰੇ ਦਾ ਪ੍ਰਬੰਧ ਔਕਾਫ ਟਰੱਸਟ ਬੋਰਡ ਨੇ ਆਪਣੇ ਹੱਥਾਂ ਵਿਚ ਲੈ ਲਿਆ ਸੀ ਪਰ ਕੁਝ ਬੰਦਸ਼ਾਂ ਦੇ ਨਾਲ ਸਿੱਖਾਂ ਨੂੰ ਇਸ ਗੁਰਦੁਆਰੇ ਦੀ ਦੇਖ-ਭਾਲ ਕਰਨ ਦੀ ਆਗਿਆ ਦਿੱਤੀ ਜਾਂਦੀ ਰਹੀ ਹੈ। ਚਾਰ ਕੁ ਸਾਲ ਪਹਿਲਾਂ ਦਾਵਤ-ਏ-ਇਸਲਾਮੀ ਨੇ ਦਾਅਵਾ ਕੀਤਾ ਸੀ ਕਿ ਇਹ ਗੁਰਦੁਆਰਾ 15ਵੀਂ ਸਦੀ ਦੇ ਮੁਸਲਿਮ ਫਕੀਰ ਪੀਰ ਸ਼ਾਹ ਕਾਕੂ ਦੀ ਮਜ਼ਾਰ 'ਤੇ ਬਣਾਇਆ ਗਿਆ ਸੀ। ਇਸ ਬਰੇਲਵੀ ਗਰੁੱਪ ਨੇ ਦਾਅਵਾ ਕੀਤਾ ਸੀ ਕਿ ਕਾਕੂ ਬਾਬਾ ਫਰੀਦੂਦੀਨ ਗੰਜੇਸ਼ਕਰ ਦਾ ਪੋਤਾ ਸੀ ਜਦਕਿ ਅਖਬਾਰ ਨੇ ਲਿਖਿਆ ਕਿ ਬਾਬਾ ਫਰੀਦੂਦੀਨ 1280 ਵਿਚ ਚਲਾਣਾ ਕਰ ਗਏ ਸਨ ਜਦਕਿ ਕਾਕੂ ਦੀ ਮੌਤ ਉਸ ਤੋਂ ਤਕਰੀਬਨ 200



ਸਾਲ ਬਾਅਦ 1477 ਵਿਚ ਹੋਈ ਸੀ। ਸਿੱਖ ਭਾਈਚਾਰੇ ਨੇ ਔਕਾਫ ਬੋਰਡ ਕੋਲ ਪਹੁੰਚ ਕੀਤੀ ਤਾਂ ਦੋਵਾਂ ਭਾਈਚਾਰਿਆਂ ਨੂੰ ਗੁਰਦੁਆਰੇ ਵਿਚ ਆਪੋ-ਆਪਣੇ ਅਕੀਦਿਆਂ ਮੁਤਾਬਕ ਧਾਰਮਿਕ ਰਸਮਾਂ ਕਰਨ ਦੀ ਆਗਿਆ ਦੇ ਦਿੱਤੀ। ਦਾਵਤ-ਏ-ਇਸਲਾਮੀ ਵੱਲੋਂ ਹਰੇਕ ਵੀਰਵਾਰ ਇਥੇ ਦੂਆ ਕੀਤੀ ਜਾਂਦੀ ਹੈ ਜਦਕਿ ਸਿੱਖਾਂ ਵੱਲੋਂ ਸਾਲ 'ਚ ਇਕ ਦਿਨ ਸ਼ਹੀਦੀ ਸਮਾਗਮ ਕੀਤਾ ਜਾਂਦਾ ਹੈ। ਇਸ ਸਾਲ ਜਦੋਂ 13 ਜੁਲਾਈ ਨੂੰ ਸਿੱਖਾਂ ਨੇ ਆਪਣੇ ਸੰਗੀਤਕ ਸਾਜ਼-ਯੰਤਰ ਉੱਥੇ ਲਗਾਏ ਤਾਂ ਦਾਵਤ-ਏ-ਇਸਲਾਮੀ ਦੇ ਬੰਦਿਆਂ ਨੇ ਉਨ੍ਹਾਂ ਦਾ ਸਾਮਾਨ ਚੁੱਕ ਕੇ ਬਾਹਰ ਸੁੱਟ ਦਿੱਤਾ ਤੇ ਲੋਕਾਂ ਨੂੰ ਉੱਥੇ ਜਾਣ ਤੋਂ ਰੋਕ ਦਿੱਤਾ। ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਆਪਣੀ ਪਛਾਣ ਜ਼ਾਹਰ ਨਾ ਕਰਦਿਆਂ ਦੱਸਿਆ ਕਿ ਗਰੁੱਪ ਦੇ ਆਗੂ ਸੋਹੇਲ ਬੱਟ ਨੇ ਦਾਅਵਾ ਕੀਤਾ ਹੈ ਕਿ ਗੁਰਦੁਆਰਾ ਹੁਣ ਮਸਜਿਦ ਬਣ ਗਿਆ ਹੈ ਤੇ ਇਥੇ ਗਾਉਣ-ਵਜਾਉਣ ਦਾ ਕੋਈ ਸਾਮਾਨ ਨਹੀਂ ਲਿਆਉਣ ਦਿੱਤਾ ਜਾਵੇਗਾ। ਬੱਟ ਨੇ ਮੰਨਿਆ ਕਿ ਉਸ ਨੇ ਸਿੱਖਾਂ ਨੂੰ ਆਪਣਾ ਸਮਾਗਮ ਕਰਨ ਤੋਂ ਰੋਕਿਆ ਹੈ ਕਿਉਂਕਿ ਇਹ ਗੁਰਦੁਆਰਾ ਮਸਜਿਦ ਦੇ ਵਿਹੜੇ ਵਿਚ ਹੈ। ਉਸ ਨੇ ਕਿਹਾ ਕਿ"ਸ਼ਬ-ਏ-ਬਰਾਤ ਸਿੱਖ ਰਵਾਇਤ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ। ਉਸ ਨੇ ਕਿਹਾ ਕਿ ਔਕਾਫ ਬੋਰਡ ਨੇ ਗਰੁੱਪ ਦੀ ਇਹ ਦਲੀਲ ਪ੍ਰਵਾਨ ਕਰ ਲਈ ਹੈ। ਔਕਾਫ ਬੋਰਡ ਦੇ ਅਧਿਕਾਰੀਆਂ ਨੇ ਮੰਨਿਆ ਕਿ ਉਨ੍ਹਾਂ ਸਿੱਖਾਂ ਨੂੰ ਆਪਣੇ ਸਮਾਗਮ ਸ਼ਬ-ਏ-ਬਰਾਤ ਤੱਕ ਮੁਲਤਵੀ ਕਰਨ ਲਈ ਕਿਹਾ ਸੀ।

ਔਕਾਫ ਬੋਰਡ ਦੇ ਡਿਪਟੀ ਪ੍ਰਸ਼ਾਸਕ ਫਰਾਜ਼ ਅੱਬਾਸ ਜੋ ਪਾਕਿਸਤਾਨ ਭਰ ਵਿਚ ਸਿੱਖਾਂ ਨਾਲ ਸਬੰਧਤ ਮੁੱਦੇ ਨਜਿੱਠਦੇ ਹਨ, ਨੇ ਮੰਨਿਆ ਕਿ ਸਿੱਖਾਂ ਨੂੰ ਗੁਰਦੁਆਰੇ ਵਿਚ ਦਾਖਲ ਹੋਣ ਤੋਂ ਰੋਕਿਆ ਗਿਆ ਹੈ। ਗੁਰੂ ਨਾਨਕ ਮਿਸ਼ਨ ਸੰਸਥਾ ਦੇ ਪ੍ਰਧਾਨ ਸਰਦਾਰ ਬਿਸ਼ਨ ਸਿੰਘ ਨੇ ਕਿਹਾ ਕਿ ਸਿੱਖਾਂ ਨੂੰ ਗੁਰਦੁਆਰੇ 'ਚ ਜਾਣ ਤੋਂ ਰੋਕਣਾ ਸੰਵਿਧਾਨ ਦੇ ਉਲਟ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਸਿੱਖਾਂ ਦੇ ਮਸਲੇ ਵੱਲ ਧਿਆਨ ਨਹੀਂ ਦੇ ਰਹੀ। ਉਨ੍ਹਾਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਇਫਤਿਖਾਰ ਚੌਧਰੀ ਨੂੰ ਪਾਕਿਸਤਾਨ ਵਿਚ ਘੱਟ ਗਿਣਤੀਆਂ ਦੇ ਹੱਕਾਂ ਦੇ ਇਸ ਦਮਨ ਵੱਲ ਆਪਣੇ ਤੌਰ 'ਤੇ ਧਿਆਨ ਦੇ ਕੇ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

# ਸ਼੍ਰੋਮਣੀ ਕਮੇਟੀ ਵਿਚ 'ਦਸ ਨੰਬਰੀਆਂ' ਦੀ ਘੁਸਪੈਠ !

**ਬਠਿੰਡਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਕੁਝ ਮਾੜੇ ਕਿਰਦਾਰ ਵਾਲੇ ਲੋਕ ਵੀ ਨੌਕਰੀ ਹਾਸਲ ਕਰਨ 'ਚ ਕਾਮਯਾਬ ਹੋ ਗਏ ਹਨ ਜਿਨ੍ਹਾਂ ਨੂੰ ਪੁਲੀਸ ਦੀ ਭਾਸ਼ਾ 'ਚ 'ਦਸ ਨੰਬਰੀਏ' ਕਿਹਾ ਜਾਂਦਾ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਬੰਧਕਾਂ ਨੂੰ ਕੋਈ ਜਾਣਕਾਰੀ ਨਹੀ ਕਿਉਂਕਿ ਉਨ੍ਹਾਂ ਕੋਲ ਅਜਿਹੇ ਮੁਲਾਜ਼ਮਾਂ ਦੇ ਪਿਛੋਕੜ ਦੀ ਪੜਤਾਲ ਕਰਨ ਦਾ ਕੋਈ ਪ੍ਰਬੰਧ ਨਹੀ ਹੈ। ਸ਼੍ਰੋਮਣੀ ਕਮੇਟੀ 'ਚ ਤਕਰੀਬਨ ਇਕ ਦਰਜਨ ਅਜਿਹੇ ਮੁਲਾਜ਼ਮ ਹਨ ਜਿਨ੍ਹਾਂ ਨੂੰ ਪੁਲੀਸ ਵੱਲੋਂ ਬਕਾਇਦਾ 'ਬਦਮਾਸ਼' ਐਲਾਨਿਆ ਹੋਇਆ ਹੈ ਤੇ ਇਹ ਲੋਕ ਆਪਣੇ ਪਿਛੋਕੜ ਨੂੰ ਛੁਪਾ ਕੇ ਧੋਖੇ ਨਾਲ ਨੌਕਰੀਆਂ ਹਾਸਲ ਕਰ ਗਏ ਹਨ।

ਉਂਜ ਇਨ੍ਹਾਂ 'ਦਸ ਨੰਬਰੀਆਂ' 'ਚੋਂ ਕੁਝ ਤਾਂ ਸੁਧਰ ਕੇ ਸਮਾਜ ਦੀ ਮੁੱਖ ਧਾਰਾ ਵਿਚ ਵੀ ਸ਼ਾਮਲ ਹੋ ਗਏ ਹਨ ਪਰ ਪੁਲੀਸ ਦੇ ਰਿਕਾਰਡ 'ਚ ਉਹ ਅੱਜ ਵੀ ਬਦਮਾਸ਼ ਹਨ। ਬਾਰਡਰ ਰੇਂਜ ਅੰਮ੍ਰਿਤਸਰ ਦੇ ਡਿਪਟੀ ਇੰਸਪੈਕਟਰ ਜਨਰਲ ਪੁਲੀਸ ਤੋਂ ਸੂਚਨਾ ਦੇ ਅਧਿਕਾਰ ਤਹਿਤ ਮਿਲੀ ਜਾਣਕਾਰੀ 'ਚ ਸਾਫ ਲਿਖਿਆ ਹੈ ਕਿ ਕੁਝ 'ਦਸ ਨੰਬਰੀਏ' ਵੀ ਸ਼੍ਰੋਮਣੀ ਕਮੇਟੀ 'ਚ ਕੰਮ ਕਰਦੇ ਹਨ। ਥਾਣਾ ਕਿਲਾ ਲਾਲ ਸਿੰਘ ਦੇ ਰਿਕਾਰਡ 'ਚ ਜੋ ਵਿਅਕਤੀ 'ਦਸ ਨੰਬਰੀਆ' ਹੈ, ਉਹ ਅੱਜ ਕੱਲ੍ਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਤਾਇਨਾਤ ਹੈ। ਨਿਯਮਾਂ ਅਨੁਸਾਰ ਪੁਲੀਸ ਨੂੰ ਇਸ ਵਿਅਕਤੀ 'ਤੇ ਅੱਖ ਰੱਖਣੀ ਪੈਂਦੀ ਹੈ।

ਥਾਣਾ ਕੰਬੋ ਦਾ 'ਦਸ ਨੰਬਰੀਆ' ਹੁਣ ਸ਼੍ਰੋਮਣੀ ਕਮੇਟੀ 'ਚ ਮੁਲਾਜ਼ਮ ਹੈ। ਇਸੇ ਤਰ੍ਹਾਂ ਥਾਣਾ ਕਲਾਨੌਰ ਵੱਲੋਂ ਇਕ ਵਿਅਕਤੀ ਨੂੰ 'ਬਦਮਾਸ਼' ਐਲਾਨੇ ਜਾਣ ਦੇ ਬਾਵਜੂਦ ਉਹ ਸ਼੍ਰੋਮਣੀ ਕਮੇਟੀ 'ਚ ਨੌਕਰੀ ਲੈਣ 'ਚ ਕਾਮਯਾਬ ਹੋ ਗਿਆ ਹੈ। ਪੁਲੀਸ ਵੱਲੋਂ ਐਲਾਨਿਆ ਇਹ 'ਦਸ ਨੰਬਰੀਆ' ਹੁਣ ਸ਼੍ਰੋਮਣੀ ਕਮੇਟੀ 'ਚ ਬਤੌਰ ਸੇਵਾਦਾਰ ਕੰਮ ਕਰ ਰਿਹਾ ਹੈ। ਥਾਣਾ ਸਰਾਂਏ ਅਮਾਨਤ ਖਾਂ ਦਾ ਇਕ 'ਦਸ ਨੰਬਰੀਆ' ਸ਼੍ਰੋਮਣੀ ਕਮੇਟੀ ਦੇ ਇਕ ਇਤਿਹਾਸਕ ਗੁਰੂ ਘਰ ਵਿਚ ਨੌਕਰੀ 'ਤੇ ਤਾਇਨਾਤ ਹੈ। ਐਸ.ਐਸ.ਪੀ ਬਠਿੰਡਾ ਵੱਲੋਂ ਦਿੱਤੀ ਸੂਚਨਾ ਅਨੁਸਾਰ ਥਾਣਾ ਮੌੜ ਦਾ ਇਕ 'ਦਸ ਨੰਬਰੀਆ' ਵੀ ਸ਼੍ਰੋਮਣੀ ਕਮੇਟੀ 'ਚ ਮੁਲਾਜ਼ਮ ਲੱਗਾ ਹੋਇਆ ਹੈ। ਇਸ ਵਿਅਕਤੀ ਉਪਰ ਲੁੱਟਾਂ ਖੋਹਾਂ ਤੇ ਅਸਲਾ ਐਕਟ ਤਹਿਤ ਪੁਲੀਸ ਕੇਸ ਦਰਜ ਹਨ। ਉਂਜ ਇਸ ਦਾ ਪੁਲੀਸ ਹੁਣ ਚਰਿੱਤਰ ਠੀਕ ਦੱਸ ਰਹੀ ਹੈ। ਗੁਰਦੁਆਰਾ ਮਸਤੂਆਣਾ ਸਾਹਿਬ ਤਲਵੰਡੀ ਸਾਬੋ 'ਚ ਵੀ 'ਦਸ ਨੰਬਰੀਆ' ਮੁਲਾਜ਼ਮ ਵਜੋਂ ਕੰਮ ਕਰ ਰਿਹਾ ਹੈ। ਦਿਲਚਸਪ ਗੱਲ ਇਹ ਹੈ ਕਿ ਤਲਵੰਡੀ ਸਾਬੋ ਵਿਖੇ ਇਕ ਢਾਡੀ ਜਥੇ ਦਾ ਮੁਖੀ ਵੀ 'ਦਸ ਨੰਬਰੀਆ' ਹੈ। ਥਾਣਾ ਬਨੂੜ ਤੇ ਥਾਣਾ ਫਰੀਦਕੋਟ ਦੇ ਦੋ ਦਸ ਨੰਬਰੀਏ ਵੀ ਗੁਰੂ ਘਰਾਂ 'ਚ ਪਾਠੀ ਸਿੰਘਾਂ ਵਜੋਂ ਸੇਵਾ ਕਰ ਰਹੇ ਹਨ।

ਜ਼ਿਲ੍ਹਾ ਤਰਨਤਾਰਨ ਦੇ ਇਕ ਗੁਰੂ ਘਰ 'ਚ ਵੀ ਮੁਲਾਜ਼ਮ 'ਦਸ ਨੰਬਰੀਆ' ਹੈ। ਗੁਰਦਾਸਪੁਰ ਜ਼ਿਲ੍ਹੇ ਦਾ ਇਕ ਦਸ ਨੰਬਰੀਆਂ ਵੀ ਸ਼੍ਰੋਮਣੀ ਕਮੇਟੀ 'ਚ ਮੁਲਾਜ਼ਮ ਵਜੋਂ ਤਾਇਨਾਤ ਹੈ। ਪੁਲੀਸ ਰਿਕਾਰਡ ਅਨੁਸਾਰ ਮਾਲਵਾ ਇਲਾਕੇ ਦੇ ਅੱਧੀ ਦਰਜਨ ਜ਼ਿਲ੍ਹਿਆਂ ਵਿਚ ਇਸ ਵੇਲੇ 562 'ਦਸ ਨੰਬਰੀਏ' ਹਨ। ਬਠਿੰਡਾ, ਮਾਨਸਾ ਤੇ ਫਰੀਦਕੋਟ 'ਚ ਇਨ੍ਹਾਂ ਦੀ ਗਿਣਤੀ 230 ਬਣਦੀ ਹੈ। ਇਵੇਂ ਹੀ ਬਾਰਡਰ ਰੇਂਜ 'ਚ ਤਿੰਨ ਸੌ ਦੇ ਕਰੀਬ 'ਦਸ ਨੰਬਰੀਏ' ਹਨ। ਪੁਲੀਸ ਅਨੁਸਾਰ ਬਹੁਤੇ 'ਬਦਮਾਸ਼' ਤਾਂ ਮਿਹਨਤ ਮਜ਼ਦੂਰੀ ਕਰਨ ਲੱਗ ਪਏ ਹਨ।

### ਜਥੇਦਾਰ ਮੱਕੜ ਨੇ ਪੱਲਾ ਝਾੜਿਆ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਹੈਰਾਨੀ ਨਾਲ ਆਖਿਆ ਹੈ ਕਿ ਸੂਚੀ ਮਿਲਣ 'ਤੇ ਛਾਂਟੀ ਕਰ ਦਿੱਤੀ ਜਾਵੇਗੀ।।ਉਨ੍ਹਾਂ ਆਖਿਆ ਕਿ ਬਹੁਤੇ ਸੇਵਾਦਾਰ ਤਰਸ ਦੇ ਅਧਾਰ 'ਤੇ ਭਰਤੀ ਕਰ ਲਏ ਜਾਂਦੇ ਸਨ ਤੇ ਇਨ੍ਹਾਂ ਦੀ ਸਿਫਾਰਸ਼ ਸ਼੍ਰੋਮਣੀ ਕਮੇਟੀ ਮੈਂਬਰ ਵੱਲੋਂ ਕੀਤੀ ਹੁੰਦੀ ਹੈ ਪਰ ਪੁਲੀਸ ਪੜਤਾਲ ਨਹੀਂ ਕਰਾਈ ਜਾਂਦੀ ਹੁਣ ਜੋ ਪੱਕੇ ਮੁਲਾਜ਼ਮ ਭਰਤੀ ਕੀਤੇ ਜਾਂਦੇ ਹਨ, ਉਨ੍ਹਾਂ ਦੀ ਬਕਾਇਦਾ ਪੁਲੀਸ ਪੜਤਾਲ ਕਰਾਈ ਜਾਂਦੀ ਹੈ। ਉਨ੍ਹਾਂ ਸਫਾਈ ਵੀ ਦਿੱਤੀ ਕਿ ਉਨ੍ਹਾਂ ਨੂੰ ਕਿਸੇ ਦਸ ਨੰਬਰੀ ਮੁਲਾਜ਼ਮ ਬਾਰੇ ਕਿਸੇ ਤਰ੍ਹਾਂ ਦੀ ਹਾਲੇ ਤੱਕ ਕੋਈ ਜਾਣਕਾਰੀ ਨਹੀਂ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ

ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਦਾ ਵੀ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ


ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਖੇਤੀ ’ਚ ਵਧੀਆ ਕਾਰਗੁਜ਼ਾਰੀ ਲਈ ਪੰਜਾਬ ਦੇਸ਼ ਭਰ ’ਚੋਂ ਅੱਵਲ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਨੂੰ ਅਨਾਜ ਦੇ ਖੇਤਰ ਵਿਚ ਸਮੁੱਚੇ ਤੌਰ ’ਤੇ ਬਿਹਤਰੀਨ ਕਾਰਗੁਜ਼ਾਰੀ ਬਦਲੇ ਪਹਿਲਾ ਐਵਾਰਡ ਤੇ ਹਰਿਆਣਾ ਨੂੰ ਕਣਕ ਵਿਚ ਬਿਹਤਰੀਨ ਉਤਪਾਦਨ ਲਈ ਐਵਾਰਡ ਦਿੱਤਾ ਗਿਆ। ਇਹ ਐਵਾਰਡ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ, ਖੇਤੀ ਮੰਤਰੀਆਂ ਤੇ ਸੀਨੀਅਰ ਅਧਿਕਾਰੀਆਂ ਨੇ ਪ੍ਰਧਾਨ ਮੰਤਰੀ ਕੋਲੋਂ ਪ੍ਰਾਪਤ ਕੀਤੇ। ਪੰਜਾਬ ਤੇ ਉੱਤਰ ਪ੍ਰਦੇਸ਼ ਦੋਵਾਂ ਨੂੰ ਅਨਾਜ ਪੈਦਾਵਾਰ ਦੇ ਮਾਮਲੇ ਵਿਚ ਸਾਂਝੇ ਤੌਰ ’ਤੇ ਪਹਿਲਾ ਐਵਾਰਡ ਦਿੱਤਾ ਗਿਆ।

ਭਾਰਤੀ ਖੇਤੀ ਖੋਜ ਪ੍ਰੀਸ਼ਦ (ਆਈ.ਸੀ.ਏ.ਆਰ.) ਦੇ 83ਵੇਂ ਸਥਾਪਨਾ ਦਿਵਸ ’ਤੇ ਕਰਵਾਏ ਸਮਾਗਮ ’ਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਸਾਲ 2020 ਤੱਕ ਦੇਸ਼ ਨੂੰ 28 ਕਰੋੜ ਟਨ ਅਨਾਜ ਦੀ ਲੋੜ ਪਵੇਗੀ ਤੇ ਇਸ ਲੋੜ ਨੂੰ ਪੂਰਾ ਕਰਨ ਲਈ ਅਨਾਜ ਦੀ ਪੈਦਾਵਾਰ ਦਰ ਵਿਚ ਵਾਧੇ ਦੀ ਲੋੜ ਲਈ ਸਾਂਝੇ ਤੌਰ ’ਤੇ ਯਤਨ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਦੇਸ਼ ਨੇ ਸਾਲ 2010 ਤੇ 11 ਵਿਚ ਰਿਕਾਰਡ ਤੋੜ ਉਤਪਾਦਨ ਕੀਤਾ ਹੈ ਪਰ ਉਤਪਾਦਨ ਵਿਚ ਵਾਧੇ ਲਈ ਦੇਸ਼ ਨੂੰ ਦੂਜੇ ਹਰੇ ਇਨਕਲਾਬ ਦੀ ਲੋੜ ਹੈ। ਇਸ ਲਈ ਖੇਤੀ ਖੋਜ ਤੇ ਪੈਸਾ ਵਧਾਉਣ ਦੀ ਜ਼ਰੂਰਤ ਹੈ। ਇਸ ਵੇਲੇ ਦੇਸ਼ ਖੇਤੀ ਖੋਜ ’ਤੇ ਕੇਵਲ 0.6 ਫੀਸਦੀ ਖਰਚ ਕਰ ਰਿਹਾ ਹੈ ਤੇ ਸਾਲ 2020 ਤਕ ਖੇਤੀ ਖੋਜ ’ਤੇ ਦੋ ਤੋਂ ਤਿੰਨ ਫੀਸਦੀ ਖਰਚ ਕਰਨ ਦੀ ਲੋੜ ਹੈ।

ਇਸ ਮੌਕੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਕਿਹਾ ਕਿ ਦੇਸ਼ ਨੇ ਅਨਾਜ ਦਾ ਜਿਹੜਾ ਟੀਚਾ ਗਿਆਰਵੀਂ ਪੰਜ ਸਾਲਾਂ ਵਿਚ ਪੂਰਾ ਕਰਨ ਦਾ ਟੀਚਾ ਮਿਥਿਆ ਸੀ, ਉਹ ਇਕ ਸਾਲ ਪਹਿਲਾਂ ਹੀ ਪ੍ਰਾਪਤ ਕਰ ਲਿਆ ਹੈ। ਦੇਸ਼ ਦੇ ਕਿਸਾਨਾਂ ਨੇ ਅਨਾਜ ਹੀ ਨਹੀਂ ਸਗੋਂ ਬਾਗਬਾਨੀ ਤੇ ਦਾਲਾਂ ਦੇ ਖੇਤਰ ਵਿਚ ਜਿਹੜੇ ਟੀਚੇ ਨਿਰਧਾਰਤ ਕੀਤੇ ਸਨ, ਉਹ ਵੀ ਪੂਰੇ ਕਰ ਲਏ ਹਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਖੇਤੀਬਾੜੀ ਮੰਤਰੀ ਸੁੱਚਾ ਸਿੰਘ ਲੰਗਾਹ, ਪ੍ਰਮੁੱਖ ਸਕੱਤਰ ਡੀ.ਐਸ ਗੁਰੂ ਤੇ ਪੰਜਾਬ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਬਲਵਿੰਦਰ ਸਿੰਘ ਸਿੱਧੂ ਨੇ ਪ੍ਰਧਾਨ ਮੰਤਰੀ ਕੋਲੋਂ ਅਨਾਜ ਦੇ ਉਤਪਾਦਨ ਵਿਚ ਸਮੁੱਚੇ ਤੌਰ ’ਤੇ ਬਿਹਤਰੀਨ ਕਾਰਗੁਜ਼ਾਰੀ ਬਦਲੇ ਕ੍ਰਿਸ਼ੀ ਕਰਮਨ ਐਵਾਰਡ ਪ੍ਰਾਪਤ ਕੀਤਾ ਜਿਸ ਵਿਚ ਸੂਬੇ ਨੂੰ ਟਰਾਫੀ, ਦੋ ਕਰੋੜ ਰੁਪਏ ਦਿੱਤੇ ਗਏ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਪ੍ਰਧਾਨ ਮੰਤਰੀ ਕੋਲੋਂ ਕਣਕ ਦੇ ਖੇਤਰ ਵਿਚ ਬਿਹਤਰ ਕਾਰਗੁਜ਼ਾਰੀ ਬਦਲੇ ਇਕ ਕਰੋੜ ਦਾ ਐਵਾਰਡ ਤੇ ਟਰਾਫੀ ਪ੍ਰਾਪਤ ਕੀਤੀ।

ਰਾਜਸਥਾਨ, ਆਸਾਮ ਤੇ ਛੱਤੀਸਗੜ੍ਹ ਦੇ ਮੁੱਖ ਮੰਤਰੀਆਂ ਤੇ ਪੰਜ ਰਾਜਾਂ ਦੇ ਖੇਤੀਬਾੜੀ ਮੰਤਰੀਆਂ ਨੇ ਐਵਾਰਡ ਪ੍ਰਾਪਤ ਕੀਤੇ।

ਐਵਾਰਡ ਲੈਣ ਤੋਂ ਬਾਅਦ ਸ. ਬਾਦਲ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਦੇਸ਼ ਨੂੰ ਅਨਾਜ ਦੇ ਮਾਮਲੇ ਵਿਚ ਆਤਮ-ਨਿਰਭਰ ਬਣਾਉਣ ਵਿਚ ਮੋਹਰੀ ਭੂਮਿਕਾ ਨਿਭਾਈ ਹੈ ਤੇ ਉਨ੍ਹਾਂ ਨੇ ਆਪਣੀ ਜ਼ਮੀਨ ਦੀ ਸਿਹਤ ਖਰਾਬ ਕਰ ਲਈ ਲਈ ਹੈ ਪਰ ਇਸ ਦੇ ਬਦਲੇ ਕੇਂਦਰ ਸਰਕਾਰ ਨੇ ਰਾਜ ਦੇ ਕਿਸਾਨਾਂ ਨੂੰ ਬਣਦੀ ਮਦਦ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਐਵਾਰਡ ਮਿਲਣਾ ਚੰਗੀ ਗੱਲ ਹੈ ਪਰ ਲੋੜ ਰਾਜ ਦੇ ਕਿਸਾਨਾਂ ਦੀ ਸਹਾਇਤਾ ਕਰਨ ਤੇ ਉਨ੍ਹਾਂ ਨੂੰ ਸੰਕਟ ਵਿਚੋਂ ਕੱਢਣ ਦੀ ਹੈ।



ਡਾ. ਮਨਮੋਹਨ ਸਿੰਘ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਨਾਮ ਦਿੰਦੇ ਹੋਏ।

## ਭਾਖੜਾ ਡੈਮ ’ਤੇ ਅਤਿਵਾਦੀ ਹਮਲੇ ਦਾ ਖ਼ਤਰਾ

**ਨਵੀਂ ਦਿੱਲੀ:** ਖੁਫੀਆ ਵਿਭਾਗ ਨੇ ਸੰਕੇਤ ਦਿੱਤੇ ਹਨ ਕਿ ਅਤਿਵਾਦੀ ਹਿਮਾਚਲ ਪ੍ਰਦੇਸ਼ ਵਿਚ ਭਾਖੜਾ ਨੰਗਲ ਡੈਮ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੇ ਹਨ। ਖੁਫੀਆ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਡੈਮ ਦੀ ਸੁਰੱਖਿਆ ਸਖਤ ਕਰਨ ਲਈ ਸੂਚਨਾ ਜਾਰੀ ਕਰ ਦਿੱਤੀ ਗਈ ਹੈ।

ਲਸ਼ਕਰ-ਏ-ਤਾਇਬਾ ਅਤੇ ਜਮਾਤ-ਉਦ-ਦਾਵਾ ਮੌਨਸੂਨ ਦੇ ਸਮੇਂ ਵਿਚ ਭਾਖੜਾ ਡੈਮ ਨੂੰ ਨਿਸ਼ਾਨਾ ਬਣਾ ਸਕਦੇ ਹਨ ਕਿਉਂਕਿ ਇਸ ਸਮੇਂ ਵਿਚ ਪਾਣੀ ਦਾ ਪੱਧਰ ਬਹੁਤ ਉੱਚਾ ਹੁੰਦਾ ਹੈ। ਜੇ ਡੈਮ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਦਿੱਲੀ ’ਚ ਤਬਾਹੀ ਮੱਚ ਸਕਦੀ ਹੈ। ਲਸ਼ਕਰ ਨੇ ਪ੍ਰਮੁੱਖ ਭਾਰਤੀ ਡੈਮਾਂ ’ਤੇ ਹਮਲੇ ਕਰਨ ਲਈ ਆਪਣੇ ਅਤਿਵਾਦੀਆਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਹੈ। ਖੁਫੀਆ ਵਿਭਾਗ ਦੀ ਰਿਪੋਰਟ ਮੁਤਾਬਕ ਮੌਜੂਦਾ ਸਮੇਂ ਵਿਚ ਡੈਮ ਦੀ ਸੁਰੱਖਿਆ ਦੇ ਲਈ ਉਠਾਏ ਗਏ ਕਦਮ ਤੇ ਉਥੇ ਲਗਾਏ ਗਏ ਯੰਤਰ ਨਾਕਾਫੀ ਹਨ।

## ਸਵਿੱਸ ਬੈਂਕਾਂ ’ਚ ਭਾਰਤੀਆਂ ਦੇ 2.5 ਅਰਬ ਡਾਲਰ ਜਮ੍ਹਾਂ

**ਜਨੇਵਾ:** ਸਵਿਟਜ਼ਰਲੈਂਡ ਦੇ ਬੈਂਕਾਂ ’ਚ ਜਮ੍ਹਾਂ ਭਾਰਤੀ ਧਨ ਕੁਬੇਰਾਂ ਦੀ ਰਾਸ਼ੀ ਬਾਰੇ ਤਸਵੀਰ ਸਾਫ਼ ਕਰਦਿਆਂ ਸਵਿੱਸ ਸੈਂਟਰਲ ਬੈਂਕ ਨੇ ਦਾਅਵਾ ਕੀਤਾ ਹੈ ਕਿ 2010 ਤੱਕ ਇੱਥੇ ਭਾਰਤੀ ਖ਼ਾਤਾਧਾਰਕਾਂ ਦੇ 2.5 ਅਰਬ ਅਮਰੀਕੀ ਡਾਲਰ ਜਮ੍ਹਾਂ ਸਨ। ਵੱਖ-ਵੱਖ ਸਿਆਸੀ ਪਾਰਟੀਆਂ ਤੇ ਗ਼ੈਰ-ਸਰਕਾਰੀ ਸੰਸਥਾਵਾਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਸਵਿਟਜ਼ਰਲੈਂਡ ਦੇ ਬੈਂਕਾਂ ’ਚ ਭਾਰਤ ਦਾ 1.5 ਖਰਬ ਡਾਲਰ ਕਾਲ਼ਾ ਧਨ ਜਮ੍ਹਾਂ ਹੈ। ਸਵਿੱਸ ਨੈਸ਼ਨਲ ਬੈਂਕ ਦੇ ਪ੍ਰਧਾਨ ਵਾਲਟਰ ਮੇਈਰ ਨੇ ਕਿਹਾ ਕਿ ਸਾਲਾਨਾ ਅੰਕੜਿਆਂ ਮੁਤਾਬਕ 2010 ਤੱਕ ਭਾਰਤੀਆਂ ਦੇ ਸਵਿੱਸ ਬੈਂਕਾਂ ’ਚ 2.5 ਅਰਬ ਡਾਲਰ ਜਮ੍ਹਾਂ ਸਨ।

## ਹਾਂਸੀ-ਬੁਟਾਣਾ ਮਾਮਲੇ ਬਾਰੇ ਬਾਦਲ ਵੱਲੋਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਕਿਹਾ ਹੈ ਕਿ ਉਹ ਨਿੱਜੀ ਦਖਲ ਦੇ ਕੇ ਹਰਿਆਣਾ ਵੱਲੋਂ ਹਾਂਸੀ ਬੁਟਾਣਾ ਨਹਿਰ ਦੇ ਨਾਲ ਕੀਤੀ ਜਾ ਰਹੀ ਦੀਵਾਰ ਦੀ ਉਸਾਰੀ ਰੁਕਵਾਉਣ ਤੇ ਇਸ ਸਿਲਸਿਲੇ ’ਚ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਹਦਾਇਤ ਕਰਨ। ਮੁੱਖ ਮੰਤਰੀ ਨੇ ਅਨਾਜ ਦੇ ਹੋਰ ਭੰਡਾਰ ਤੇ ਅਨਾਜ ਦੀ ਚੁਕਵਾਈ ਵਿਚ ਤੇਜ਼ੀ ਲਿਆਉਣ ਤੋਂ ਇਲਾਵਾ ਕਣਕ ਤੇ ਝੋਨੇ ਦੀ ਖਰੀਦ ਵਾਂਗ ਮੱਕੀ ਦੀ ਖਰੀਦ ਵੀ ਐਫ.ਸੀ.ਆਈ. ਕੋਲੋ ਕਰਵਾਉਣ ’ਤੇ ਜ਼ੋਰ ਦਿੱਤਾ। ਮੁੱਖ ਮੰਤਰੀ ਨੇ ਕੇਂਦਰ ਕੋਲੋਂ 400 ਕਰੋੜ ਦੀ ਵਾਧੂ ਕੇਂਦਰੀ ਸਹਾਇਤਾ ਦੀ ਵੀ ਮੰਗ ਕੀਤੀ।

ਸ. ਬਾਦਲ 17 ਜੁਲਾਈ ਨੂੰ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ’ਤੇ ਮਿਲੇ ਤੇ ਹਾਂਸੀ-ਬੁਟਾਣਾ ਨਹਿਰ ਦੇ ਨਾਲ ਹਰਿਆਣਾ ਵੱਲੋਂ ਕੀਤੀ ਜਾ ਰਹੀ ਦੀਵਾਰ ਦੀ ਉਸਾਰੀ ਬਾਰੇ ਜਾਣੂ ਕਰਵਾਇਆ। ਇਸ ਦੀਵਾਰ ਦੀ ਉਸਾਰੀ ਨਾਲ ਮੀਂਹ ਦੇ ਪਾਣੀ ਦਾ ਕੁਦਰਤੀ ਵਹਾਅ ਰੁਕ ਜਾਵੇਗਾ ਤੇ ਇਸ ਕਰਕੇ ਪੰਜਾਬ ਵਿਚ ਜਾਨ ਮਾਲ ਤੇ ਫਸਲਾਂ ਦੀ ਵਿਆਪਕ ਤਬਾਹੀ ਹੋਣ ਦਾ ਖਤਰਾ ਖੜ੍ਹਾ ਹੋ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਤਕਨੀਕੀ ਮਾਹਿਰਾਂ ਨੇ ਵੀ ਦੀਵਾਰ ਦੀ ਉਸਾਰੀ ਨਾ ਕਰਨ ਦੀ ਸਲਾਹ ਦਿੱਤੀ ਹੈ ਪਰ ਇਸ ਦੇ ਬਾਵਜੂਦ ਹਰਿਆਣਾ ਸਰਕਾਰ ਆਪਣੀ ਜ਼ਿੱਦ ’ਤੇ ਅੜੀ ਹੋਈ ਹੈ।

ਉਨ੍ਹਾਂ ਕਿਹਾ ਕਿ ਹਰਿਆਣਾ ਨੇ ਇਕਤਰਫਾ ਤੌਰ ’ਤੇ ਦੀਵਾਰ ਦੀ ਉਸਾਰੀ ਕਰਕੇ ਅੰਤਰਰਾਜੀ ਸਮਝੌਤਿਆਂ ਨੂੰ ਦਾਅ ’ਤੇ ਲਾ ਦਿੱਤਾ ਹੈ। ਹਰਿਆਣਾ ਦੀ ਇਸ ਗੈਰ ਕਾਨੂੰਨੀ ਕਾਰਵਾਈ ਨਾਲ ਦੇਸ਼ ਤੇ ਦੂਜੇ ਸੂਬਿਆਂ ਦੀ ਰਾਜਨੀਤੀ ’ਤੇ ਮਾੜਾ ਅਸਰ ਪਵੇਗਾ। ਇਸ ਨਾਲ ਦੇਸ਼ ਵਿਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋਣ ਦੇ ਆਸਾਰ ਬਣ ਜਾਣਗੇ। ਇਸ ਲਈ ਇਸ ਦੀਵਾਰ ਦੀ ਉਸਾਰੀ ਤੁਰੰਤ ਰੋਕੀ ਜਾਵੇ। ਪ੍ਰਧਾਨ ਮੰਤਰੀ ਨੇ ਇਸ ਮਾਮਲੇ ਨੂੰ ਪੂਰੀ ਗੰਭੀਰਤਾ ਨਾਲ ਲਿਆ ਹੈ। ਮੁੱਖ ਮੰਤਰੀ ਨੇ ਕੁਝ ਦਿਨਾਂ ਵਿਚ ਦੂਜੀ ਵਾਰ ਅਨਾਜ ਦੇ ਭੰਡਾਰ ਤੇ ਆਵਾਜਾਈ ਦਾ ਮਾਮਲਾ ਪ੍ਰਧਾਨ ਮੰਤਰੀ ਉਠਾਉਂਦਿਆਂ ਮੰਗ ਕੀਤੀ ਕਿ ਸੂਬੇ ਵਿਚ ਸਿਰਫ਼ 22 ਲੱਖ ਮੀਟ੍ਰਿਕ ਟਨ ਅਨਾਜ ਭੰਡਾਰ ਕਰਨ ਦੀ ਸਮਰੱਥਾ ਹੈ ਤੇ ਲੋੜ 49 ਲੱਖ ਮੀਟ੍ਰਿਕ ਟਨ ਦੀ ਹੈ। ਇਸ ਲਈ ਅਨਾਜ ਦੇ ਭੰਡਾਰ ਕਰਨ ਲਈ ਫੌਰੀ ਕਦਮ ਚੁੱਕਣ ਦੀ ਇਸ ਕਰਕੇ ਵੀ ਜਿਆਦਾ ਲੋੜ ਹੈ ਕਿਉਂਕਿ ਝੋਨੇ ਦੀ ਫਸਲ ਵੀ ਦੋ ਮਹੀਨਿਆਂ ’ਚ ਆ ਜਾਣੀ ਹੈ।

## Matrimonials

### ਜੀਵਨ ਸਾਥੀ ਦੀ ਲੋੜ

Seeking jat sikh alliance for Dec 82 born,5'-6",beautiful, B.E, M.S girl,working with Bank of America, Contact:704-930-1734, sandhu8332@gmail.com.

Suitable US citizen match for professionally qualified Jatt Sikh handsome boy, 28, 5’8", Contact Cell No. 704 733 8382 or email- kds0083@gmail.com

Looking for a widow/ divorcee independent professional lady in 60s to share walk & talk, views & cruises with retired US citizen physician, 78, wife died five years ago. No responsibilities. Call:315-383-2008

Indian Attorney in 60s, Height 5'-6", slim body, is looking for a sincere, educated, God fearing, companion, caste no bar,serious inquiries only. email: Ph - 323-573-9315, Email: singhb1@yahoo.com

US/Canadian citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com





**Business Opportunity**

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanpreet Kaur
Ph:317-332-1389

spkaurus@yahoo.co.in - www.shopherbalife.com/skaur



**Desi Bazar**

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ



**R K Carpet & Flooring, Inc.**

6346 N. Claremont Ave. Chicago, IL 60659

ਵਾਜ਼ਬ ਭਾਅ, ਭਰੋਸੇਯੋਗ ਸਰਵਿਸ



*Commercial *Installation
*Residential *Cleaning
*Industrial *Repair
*Sales

Ravinder Singh Ravi
Ph:773-761-6888
Fax:773-761-6865

# ਪਾਵਨ ਸਰੂਪਾਂ ਦੀ ਅਣ-ਅਧਿਕਾਰਤ ਛਪਾਈ ਦਾ ਮਾਮਲਾ ਭਖ਼ਿਆ

**ਅੰਮ੍ਰਿਤਸਰ:** ਇਕ ਪਰਵਾਸੀ ਪੰਜਾਬੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਛਪਾਈ ਕਰਾਉਣ ਦਾ ਮਾਮਲਾ ਪੂਰੀ ਤਰ੍ਹਾਂ ਭਖ ਗਿਆ ਹੈ। ਇਸ ਮਾਮਲੇ 'ਤੇ ਕਾਰਵਾਈ 'ਚ ਢਿਲਮੱਠ ਵਰਤਣ ਦਾ ਦੋਸ਼ ਲਾਉਂਦਿਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਅਖ਼ਬਾਰਾਂ 'ਚ ਇਸ਼ਤਿਹਾਰ ਦੇ ਕੇ ਸ਼੍ਰੋਮਣੀ ਕਮੇਟੀ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਧਾ ਦਖ਼ਲ ਦਿੰਦਿਆਂ ਸ. ਸਰਨਾ ਵੱਲੋਂ ਪੰਥਕ ਧਿਰਾਂ ਦੀ ਲੁਧਿਆਣਾ ਵਿਖੇ ਸੱਦੀ ਇਕੱਤਰਤਾ ਰੱਦ ਕਰਨ ਦਾ ਹੁਕਮ ਸੁਣਾ ਦਿੱਤਾ। ਇਸ ਦੇ ਨਾਲ ਹੀ ਦੋਹਾਂ ਧਿਰਾਂ ਵੱਲੋਂ ਤਿੱਖੀ ਬਿਆਨਬਾਜ਼ੀ ਅਤੇ ਦੂਸ਼ਣਬਾਜ਼ੀ ਸ਼ੁਰੂ ਹੋ ਗਈ ਹੈ।



ਅਵਤਾਰ ਸਿੰਘ ਮੱਕੜ

ਜ਼ਿਕਰਯੋਗ ਹੈ ਕਿ ਪਰਵਾਸੀ ਸਿੱਖ ਸੁਰਿੰਦਰ ਸਿੰਘ ਢੇਸੀ ਅਤੇ ਫਗਵਾੜਾ ਤੋਂ ਉਨ੍ਹਾਂ ਦੇ ਸਾਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਕਿਸੇ ਨਿੱਜੀ ਪ੍ਰਕਾਸ਼ਕ ਕੋਲੋਂ ਛਪਵਾਏ ਸਨ। ਸੁਨਹਿਰੀ ਅੱਖਰਾਂ ਵਿਚ ਛਪੇ ਇਹ ਪਾਵਨ ਸਰੂਪ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਇਤਿਹਾਸਕ ਗੁਰਦੁਆਰੇ ਸੰਗ ਢੇਸੀਆਂ (ਨੇੜੇ ਗੋਰਾਇਆ), ਗੁਰਦੁਆਰਾ ਸੁਖਚੈਨਆਣਾ ਸਾਹਿਬ, ਫਗਵਾੜਾ ਤੋਂ ਇਲਾਵਾ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ, ਫਗਵਾੜਾ ਨੂੰ ਸੌਂਪੇ ਗਏ ਸਨ। ਇਨ੍ਹਾਂ ਪਾਵਨ ਸਰੂਪਾਂ ਵਿਚ ਸ਼ਬਦ ਜੋੜਾਂ ਦੀਆਂ ਗਲਤੀਆਂ ਹੋਣ ਕਾਰਨ ਇਹ ਮਾਮਲਾ ਭਖ ਗਿਆ। ਦੱਸਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਪ੍ਰਕਾਸ਼ਿਤ ਕਰਨ ਦਾ ਕਾਨੂੰਨੀ ਅਧਿਕਾਰ ਹੈ ਅਤੇ ਇਹ ਕਾਨੂੰਨ ਪੰਜਾਬ ਸਰਕਾਰ ਵੱਲੋਂ 2008 ਵਿਚ ਲਾਗੂ ਕੀਤਾ ਗਿਆ ਸੀ। ਇਸ ਵਿਚ ਸਪੱਸ਼ਟ ਕੀਤਾ ਗਿਆ ਸੀ ਕਿ ਸ਼੍ਰੋਮਣੀ ਕਮੇਟੀ ਤੋਂ ਬਿਨਾਂ ਕੋਈ ਵੀ ਨਿੱਜੀ ਪ੍ਰਕਾਸ਼ਕ ਪਾਵਨ ਸਰੂਪ ਨਹੀਂ ਛਾਪੇਗਾ।

ਇਸ ਮਾਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਨਾਲ ਸਬੰਧਤ ਸਾਰੀਆਂ ਪਾਰਟੀਆਂ ਨੂੰ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਤਲਬ ਕਰ ਲਿਆ। ਇਸ ਤੋਂ ਪਹਿਲਾਂ ਉਨ੍ਹਾਂ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਹਦਾਇਤ ਕੀਤੀ ਸੀ ਕਿ ਉਹ 19 ਜੁਲਾਈ ਨੂੰ ਲੁਧਿਆਣਾ ਵਿਚ ਰੈਲੀ ਨਾ ਕਰਨ। ਸ. ਸਰਨਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਮਿਲੇ ਆਦੇਸ਼ ਨੂੰ ਤੁਰੰਤ ਮੰਨ ਲਿਆ ਸੀ।

ਸਿੱਖ ਹਲਕਿਆਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਸੁਨਹਿਰੀ ਰੰਗ ਵਿਚ ਛਪਾਉਣ ਅਤੇ ਇਨ੍ਹਾਂ ਵਿਚ ਸ਼ਬਦ ਜੋੜਾਂ ਦੀਆਂ ਗਲਤੀਆਂ ਦਾ ਮਾਮਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦਾ ਮੁੱਦਾ ਹੈ, ਇਸ ਨੂੰ ਰਾਜਸੀ ਰੰਗਤ ਨਹੀਂ ਦੇਣੀ ਚਾਹੀਦੀ। ਇਨ੍ਹਾਂ ਪਾਵਨ ਸਰੂਪਾਂ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਵੱਲੋਂ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਸੀ ਜਿਸ ਨੇ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪ ਦਿੱਤੀ ਹੈ। ਇਸ ਤਿੰਨ ਮੈਂਬਰੀ ਕਮੇਟੀ ਵਿਚ ਭਾਈ ਮੱਲ ਸਿੰਘ, ਗਿਆਨੀ ਭਰਪੂਰ ਸਿੰਘ ਅਤੇ ਭਾਈ ਮਾਨ ਸਿੰਘ ਸ਼ਾਮਲ ਹਨ। ਤਿੰਨ ਮੈਂਬਰੀ ਕਮੇਟੀ ਨੇ ਪਾਵਨ ਸਰੂਪਾਂ ਦੀ ਜਾਂਚ ਮਗਰੋਂ ਆਪਣੀ ਰਿਪੋਰਟ ਵਿਚ ਸਪੱਸ਼ਟ ਕੀਤਾ ਕਿ ਇਹ ਪਾਵਨ ਸਰੂਪ 'ਪਦ-ਛੇਦ' ਵਾਲੇ ਅਤੇ ਵੱਡ ਆਕਾਰੀ ਹਨ। ਇਨ੍ਹਾਂ ਦੀ ਛਪਾਈ ਸੁਨਹਿਰੀ ਤੇ ਚਮਕਦਾਰ ਹੋਣ ਕਰਕੇ ਪੜ੍ਹਨ ਵਿਚ ਮੁਸ਼ਕਲ ਆਉਂਦੀ ਹੈ। ਸਰੂਪਾਂ 'ਤੇ ਇਸ ਦੇ ਪ੍ਰਿੰਟਰ ਅਤੇ ਪ੍ਰਕਾਸ਼ਕ ਦਾ ਨਾਂ ਨਾ ਹੋਣ ਕਾਰਨ ਇਸ ਦੀ ਪ੍ਰਮਾਣਿਕਤਾ ਵੀ ਸਿੱਧ ਨਹੀਂ ਹੁੰਦੀ।

ਉਂਜ, ਇਹ ਮਾਮਲਾ ਉਸ ਵੇਲੇ ਸਿਆਸੀ ਰੰਗਤ ਲੈ ਗਿਆ ਜਦੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਕੇ ਮੁੱਦਾ ਉਠਾਇਆ ਕਿ ਇਨ੍ਹਾਂ ਪਾਵਨ ਸਰੂਪਾਂ ਵਿਚ ਬਹੁਤ ਸਾਰੀਆਂ ਗਲਤੀਆਂ ਹਨ ਜਿਨ੍ਹਾਂ ਲਈ ਸ਼੍ਰੋਮਣੀ ਕਮੇਟੀ ਜ਼ਿੰਮੇਵਾਰ ਹੈ। ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸਾਰੇ ਸਰੂਪ ਵਾਪਸ ਮੰਗਵਾ ਲਏ ਗਏ ਸਨ। ਉਨ੍ਹਾਂ ਸ. ਸਰਨਾ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਸ਼ਬਦ ਜੋੜਾਂ ਵਿਚ ਗਲਤੀ ਕਰਨ ਵਾਲਾ ਤਾਂ ਦੋਸ਼ੀ ਹੈ ਹੀ ਪਰ ਗਲਤੀ ਦੀ ਸੁਧਾਈ ਦੀ ਬਜਾਏ ਇਸ ਨੂੰ ਅਖ਼ਬਾਰਾਂ ਰਾਹੀਂ ਇਸ਼ਤਿਹਾਰ ਦੇ ਰੂਪ ਵਿਚ ਜਨਤਕ ਕਰਨ ਵਾਲਾ ਉਸ ਤੋਂ ਵੀ ਵੱਡਾ ਦੋਸ਼ੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਜਿਹੀ ਦੂਸ਼ਣਬਾਜ਼ੀ ਪੰਥ ਦੋਖੀਆਂ ਦੇ ਇਸ਼ਾਰੇ 'ਤੇ ਸ਼੍ਰੋਮਣੀ ਕਮੇਟੀ ਦੇ ਵਕਾਰ ਨੂੰ ਢਾਹ ਲਾਉਣ ਲਈ ਕੀਤੀ ਗਈ।

## ਸਰਨਾ ਵੱਲੋਂ ਮੱਕੜ 'ਤੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਦੋਸ਼

ਨਵੀਂ ਦਿੱਲੀ: ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਨਹਿਰੀ ਅੱਖਰਾਂ ਵਿਚ ਛਪੇ ਸਰੂਪਾਂ ਵਿਚ ਬਾਣੀ ਦੀਆਂ ਤਰੁਟੀਆਂ ਹੋਣ ਦਾ ਤੱਥ ਜਨਤਕ ਕਰਨ ਦੇ ਬਾਵਜੂਦ ਅਕਾਲ ਤਖ਼ਤ ਵੱਲੋਂ ਦੋਸ਼ੀਆਂ 'ਤੇ ਕੋਈ ਕਾਰਵਾਈ ਨਾ ਕੀਤੇ ਜਾਣ ਕਾਰਨ, ਇਨ੍ਹਾਂ ਵਿਚੋਂ ਕੁਝ ਤਰੁਟੀਆਂ ਦੀ ਜਾਣਕਾਰੀ ਅਖ਼ਬਾਰਾਂ ਰਾਹੀਂ ਸੰਗਤਾਂ ਨੂੰ ਦੇਣ ਲਈ ਗੁਰਦੁਆਰਾ ਕਮੇਟੀ ਨੂੰ ਮਜਬੂਰ ਹੋਣਾ ਪਿਆ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਗੁਨਾਹ ਦੀ ਜ਼ਿੰਮੇਵਾਰੀ ਕਬੂਲਣ ਦੀ ਬਜਾਏ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ, ਦਿੱਲੀ ਦੇ ਮੁਖੀਆਂ ਉਤੇ ਕਾਂਗਰਸ ਦੇ ਇਸ਼ਾਰਿਆਂ 'ਤੇ ਮੁੱਦਾ ਉਠਾਉਣ ਦੇ ਦੋਸ਼ ਲਾ ਕੇ ਲੋਕਾਂ ਦਾ ਧਿਆਨ ਮੁੱਖ ਮੁੱਦੇ ਤੋਂ ਹਟਾਉਣ ਦੇ ਯਤਨ ਕੀਤੇ ਹਨ। ਇਸੇ ਲਈ ਸਮੂਹ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਬੈਠਕ 19 ਜੁਲਾਈ ਨੂੰ ਲੁਧਿਆਣਾ ਵਿਖੇ ਸੱਦੀ ਗਈ ਸੀ। ਇਸ ਇਕੱਤਰਤਾ ਵਿਚ ਸਿਰਫ਼ ਬਾਣੀ ਦੀ ਹੋ ਰਹੀ ਬੇਅਦਬੀ ਤੇ ਲੋਕਾਂ ਨੂੰ ਗੁੰਮਰਾਹ ਕਰ ਕੇ ਦੋਸ਼ੀਆਂ ਨੂੰ ਬਚਾਉਣ ਦੀਆਂ ਹੋ ਰਹੀਆਂ ਸਾਜ਼ਿਸ਼ਾਂ 'ਤੇ ਹੀ ਵਿਚਾਰ ਕੀਤਾ ਜਾਣਾ ਸੀ।



ਪਰਮਜੀਤ ਸਿੰਘ ਸਰਨਾ

## ਹਿਨਾ ਰੱਬਾਨੀ ਪਾਕਿਸਤਾਨ ਦੀ ਨਵੀਂ ਵਿਦੇਸ਼ ਮੰਤਰੀ

**ਇਸਲਾਮਾਬਾਦ (ਬਿਊਰੋ):** ਹਿਨਾ ਰੱਬਾਨੀ ਖੇਰ ਪਾਕਿਸਤਾਨ ਦੇ ਨਵੇਂ ਵਿਦੇਸ਼ ਮੰਤਰੀ ਹੋਣਗੇ। ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਇਸ ਬਾਰੇ ਦਸਤਾਵੇਜ਼ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਭੇਜ ਚੁੱਕੇ ਹਨ।

ਮੋਹਤਰਮਾ ਖੇਰ ਹੁਣ ਵਿਦੇਸ਼ ਰਾਜ ਮੰਤਰੀ ਦੇ ਅਹੁਦੇ 'ਤੇ ਸੀ। ਖੇਰ ਅਗਲੇ ਹਫ਼ਤੇ ਵਿਦੇਸ਼ ਮੰਤਰੀ ਪੱਧਰ ਦੀ ਗੱਲਬਾਤ ਲਈ ਭਾਰਤ ਆ ਰਹੀ ਹੈ। ਸ਼ਾਹ ਮੁਹੰਮਦ ਕੁਰੈਸ਼ੀ ਦੇ ਕੈਬਨਿਟ 'ਚ ਫੇਰ-ਬਦਲ ਤੋਂ ਬਾਅਦ ਬਾਹਰ ਹੋਣ 'ਤੇ ਵਿਦੇਸ਼ ਮੰਤਰੀ ਦਾ ਅਹੁਦਾ ਖਾਲੀ ਹੋਇਆ ਸੀ?

## ਦਿੱਲੀ ਦੇ 4 ਸਿੱਖ ਕਾਲਜਾਂ ਨੂੰ ਘੱਟ ਗਿਣਤੀ ਵਿਦਿਅਕ ਅਦਾਰਿਆਂ ਦਾ ਦਰਜਾ

**ਨਵੀਂ ਦਿੱਲੀ:** ਦਿੱਲੀ ਯੂਨੀਵਰਸਿਟੀ ਦੇ 60 ਸਾਲ ਪੁਰਾਣੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਨੂੰ ਘੱਟ ਗਿਣਤੀ ਵਿਦਿਅਕ ਅਦਾਰਾ ਐਲਾਨ ਦਿਤਾ ਗਿਆ ਹੈ ਤੇ ਹੁਣ ਇਸ ਨੂੰ ਸੰਵਿਧਾਨ ਦੀ ਧਾਰਾ 30(1) ਅਧੀਨ ਮੁਕੰਮਲ ਸੁਰੱਖਿਆ ਹਾਸਲ ਹੋ ਗਈ ਹੈ। ਇਸ ਖਾਲਸਾ ਕਾਲਜ ਦੇ ਨਾਲ ਹੀ ਦਿੱਲੀ ਯੂਨੀਵਰਸਿਟੀ ਦੇ 3 ਹੋਰ ਕਾਲਜਾਂ ਗੁਰੂ ਨਾਨਕ ਦੇਵ ਖਾਲਸਾ ਕਾਲਜ ਦੇਵ ਨਗਰ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ ਪੀਤਮਪੁਰਾ ਤੇ ਮਾਤਾ ਸੁੰਦਰੀ ਕਾਲਜ ਫਾਰ ਵਿਮੈਨ ਨੂੰ ਵੀ ਘੱਟ ਗਿਣਤੀ ਵਿਦਿਅਕ ਅਦਾਰਿਆਂ ਸਬੰਧੀ ਕੌਮੀ ਕਮਿਸ਼ਨ ਨੇ ਘੱਟ ਗਿਣਤੀ ਦੇ ਅਦਾਰੇ ਐਲਾਨ ਦਿੱਤਾ ਹੈ। ਇਹ ਸਾਰੇ ਕਾਲਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾਂਦੇ ਹਨ।

ਦਿੱਲੀ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਸੇਂਟ ਸਟੀਫਨ ਅਤੇ ਜੀਸਿਸ ਐਂਡ ਮੈਰੀ ਕਾਲਜ ਤੋਂ ਮਗਰੋਂ ਘੱਟ ਗਿਣਤੀ ਦੇ ਕਾਲਜ ਐਲਾਨੇ ਜਾਣ ਵਾਲੇ ਸਿਰਫ ਇਹੋ ਚਾਰ ਅਦਾਰੇ ਰਹਿ ਗਏ ਸਨ। ਸੰਵਿਧਾਨ ਦੀ ਧਾਰਾ 30 (1) ਅਧੀਨ ਧਾਰਮਿਕ ਤੇ ਭਾਸ਼ਾਈ ਘੱਟ ਗਿਣਤੀਆਂ ਨੂੰ ਆਪਣੇ ਵਿੱਦਿਅਕ ਅਦਾਰੇ ਕਾਇਮ ਕਰਕੇ ਚਲਾਉਣ ਦੇ ਅਧਿਕਾਰ ਹਨ ਤੇ ਉਨ੍ਹਾਂ ਨੂੰ ਕੇਂਦਰੀ ਵਿੱਦਿਅਕ ਅਦਾਰਿਆਂ ਵਾਂਗ ਸਰਕਾਰ ਦੀ ਕੋਟਾ ਨੀਤੀ ਲਾਗੂ ਕਰਨ ਦਾ ਵੀ ਬੰਧੇਜ ਨਹੀਂ ਹੁੰਦਾ। ਇਨ੍ਹਾਂ ਅਦਾਰਿਆਂ ਲਈ ਇਕੋ ਰਾਖਵਾਂਕਰਨ ਉਸ ਘੱਟ ਗਿਣਤੀ ਲਈ ਹੁੰਦਾ ਹੈ ਜਿਸ ਲਈ ਇਹ ਕਾਇਮ ਕੀਤੇ ਹੁੰਦੇ ਹਨ ਤੇ ਇਹ 50 ਫੀਸਦੀ ਤਕ ਹੋ ਸਕਦਾ ਹੈ। ਘੱਟ ਗਿਣਤੀ ਕਾਲਜਾਂ ਦੀਆਂ ਪ੍ਰਬੰਧਕੀ ਕਮੇਟੀਆਂ ਨੂੰ ਟੀਚਿੰਗ ਸਟਾਫ ਰੱਖਣ ਦੀ ਖੁੱਲ੍ਹ ਹੁੰਦੀ ਹੈ।

ਦਿੱਲੀ ਗੁਰਦੁਆਰਾ ਕਮੇਟੀ ਦੀ 2008 ਦੀ ਇਹ ਮੰਗ ਕਰਦੀ ਪਟੀਸ਼ਨ 'ਤੇ ਕਮਿਸ਼ਨ ਦੇ ਪੂਰੇ ਬੈਂਚ ਦੇ ਜਸਟਿਸ ਐਮ.ਐਸ.ਏ. ਸਿਦੀਕੀ, ਮੈਂਬਰ ਡਾ. ਮੋਹਿੰਦਰ ਸਿੰਘ ਤੇ ਡਾ. ਸਿਰਿਅਕ ਥਾਮਸ ਨੇ ਕਿਹਾ ਕਿ ਇਨ੍ਹਾਂ ਅਦਾਰਿਆਂ ਨੂੰ ਘੱਟ ਗਿਣਤੀ ਕਰਾਰ ਦੇਣ ਲਈ ਸਾਰੇ ਤੱਥ ਸਹੀ ਹਨ।


# Holistic Health Management

# ਯੋਗ ਵਿਗਿਆਨ ਵਰਕਸ਼ਾਪ

## ਲੈਫਟੀਨੈਂਟ ਜਨਰਲ (ਡਾ.) ਮਹਿੰਦਰ ਐਮ ਵਾਲੀਆ, ਪੀਐਚ.ਡੀ. ਵਲੋਂ

ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਲੈਫਟੀਨੈਂਟ ਜਨਰਲ (ਡਾ.) ਮਹਿੰਦਰ ਐਮ ਵਾਲੀਆ, ਪੀਐਚ.ਡੀ., ਪੀ ਵੀ ਐਸ ਐਮ, ਏ ਵੀ ਐਸ ਐਮ, ਐਸ ਐਮ ਸਿਹਤ ਵਿਗਿਆਨ ਬਾਰੇ ਆਪਣੇ ਤਜ਼ਰਬੇ ਸ਼ਿਕਾਗੋ ਵਾਸੀਆਂ ਨਾਲ ਸਾਂਝੇ ਕਰਨ ਲਈ ਰਾਜ਼ੀ ਹੋਏ ਹਨ। ਜਨਰਲ ਵਾਲੀਆ ਯੋਗ ਆਚਾਰੀਆ ਸਵਾਮੀ ਰਾਮਦੇਵ ਨਾਲ 1994 ਤੋਂ ਜੁੜੇ ਹੋਏ ਹਨ। ਦਰਅਸਲ ਬਾਬਾ ਰਾਮਦੇਵ ਦਾ ਪਹਿਲਾ ਯੋਗ ਕੈਂਪ ਡਾ. ਵਾਲੀਆ ਨੇ ਹੀ ਜੰਮੂ-ਕਸ਼ਮੀਰ ਵਿਚ ਲਵਾਇਆ ਸੀ ਜਿਥੇ ਕਿ ਉਹ ਉਸ ਸਮੇਂ ਫੌਜ ਦੇ ਮੁਖੀ ਸਨ। ਉਦੋਂ ਤੋਂ ਹੀ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਦੁਨੀਆਂ ਭਰ 'ਚ ਲੋਕਾਂ ਨੂੰ ਸਿਹਤਮੰਦ ਬਣਾਉਣ ਲਈ ਯੋਗ ਦੇ ਲੇਖੇ ਲਾਇਆ ਹੋਇਆ ਹੈ।

### ਕੁਝ ਵਰਕਸ਼ਾਪ ਬਾਰੇ

*ਪ੍ਰਾਣਾਯਾਮ-ਪ੍ਰਾਨ-ਜੀਵਨ ਦੇ ਸ੍ਰੋਤ ਦਾ ਅਭਿਆਸ।
*ਮੁਦਰਾ ਵਿਗਿਆਨ-5 ਮੂਲ ਤੱਤਾਂ ਦਾ ਸੰਤੁਲਨ।
*ਐਕਿਊਪ੍ਰੈਸ਼ਰ-ਨਾੜੀਆਂ ਦੀ ਸ਼ਕਤੀ ਵਿਚ ਰੁਕਾਵਟ ਨੂੰ ਦੂਰ ਕਰਨ ਲਈ।
*ਰੰਗ ਚਿਕਿਤਸਾ, ਧੁਨੀ ਅਤੇ ਚੁੰਬਕ ਚਿਕਿਤਸਾ।
*ਵਾਸਤੂ ਸਾਸ਼ਤਰ ਦੇ ਤੱਤ।
*ਦੇਸੀ ਇਲਾਜ/ਨੇਚਰ ਕਿਓਰ।
*ਹਾਂਦਰੂ ਮਾਨਸਿਕ ਬਿਰਤੀ ਬਣਾਉਣਾ।

### ਕੌਣ ਇਸ ਵਰਕਸ਼ਾਪ 'ਚ ਸ਼ਾਮਲ ਹੋਵੇ?

ਕੋਈ ਵੀ ਅਤੇ ਹਰ ਕੋਈ ਜੋ ਆਪਣੀ ਸਿਹਤ ਨੂੰ ਬਿਹਤਰ ਅਤੇ ਤਣਾਓਮੁਕਤ ਬਣਾਉਣਾ ਚਾਹੁੰਦਾ ਹੈ।

### ਵਰਕਸ਼ਾਪ ਦਾ ਵੇਰਵਾ

(ੳ) ਬੁੱਧਵਾਰ, 27 ਜੁਲਾਈ 2011
ਸ਼ਾਮ 7 ਵਜੇ ਤੋਂ 8:30 ਵਜੇ ਤੱਕ
ਕੁਦਰਤੀ ਦੈਵੀ ਤਰੀਕੇ ਨਾਲ ਸਿਹਤ ਸੰਭਾਲ-ਪ੍ਰਦਰਸ਼ਨ ਅਤੇ ਅਭਿਆਸ

(ਅ) ਵੀਰਵਾਰ, 28 ਜੁਲਾਈ 2011
ਸ਼ਾਮ 7 ਵਜੇ ਤੋਂ 8:30 ਵਜੇ ਤੱਕ
ਸਾਈਬਰਨੈਟਿਕ ਮੈਡੀਟੇਸ਼ਨ (ਤਪ)-ਸੰਕਲਪ ਅਤੇ ਅਭਿਆਸ

(ੲ) ਸ਼ੁਕਰਵਾਰ, 29 ਜੁਲਾਈ 2011
ਸ਼ਾਮ 7 ਵਜੇ ਤੋਂ 8:30 ਵਜੇ ਤੱਕ
ਕੁਦਰਤੀ ਇਲਾਜ ਅਤੇ ਘਰੇਲੂ ਨੁਸਖੇ

**ਸਥਾਨ: ਗੁਰਦੁਆਰਾ ਪੈਲਾਟਾਈਨ**
1280 ਵਿਨੇਟਕਾ ਸਟਰੀਟ,
ਪੈਲਾਟਾਈਨ, ਇਲੀਨਾਇ 60067

ਇਹ ਵਰਕਸ਼ਾਪ ਬਿਲਕੁਲ ਮੁਫਤ ਹੈ ਅਤੇ ਕੋਈ ਵੀ ਇਸ ਵਰਕਸ਼ਾਪ ਵਿਚ ਖੁਸ਼ੀ ਨਾਲ ਹਿੱਸਾ ਲੈ ਸਕਦਾ ਹੈ। ਵਰਕਸ਼ਾਪ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਸੰਪਰਕ ਕਰੋ: ਕਰਨਲ ਨਿਰਮਲ ਸਿੰਘ ਸਿੰਘਾ ਫੋਨ 630-980-6377, ਈਮੇਲ: yogaseminar@aol.com

*ਲੰਗਰ: ਹਰ ਰੋਜ਼ ਸ਼ਾਮੀ 8:30 ਵਜੇ ਗੁਰੂ ਕਾ ਲੰਗਰ ਅਟੁੱਟ ਵਰਤੇਗਾ।*

**Workshop Inspired by: Guruvarya Param Pujya Saheb Ji, The Spiritual Grandmaster of Anoopam Mission.**

# ਪੰਜਾਬ ਯੂਨੀਵਰਸਿਟੀ ਨੇ ਮਾਂ ਬੋਲੀ ਪੰਜਾਬੀ ਦਾ ਮਾਣ ਵਧਾਇਆ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਨੇ ਮਾਂ ਬੋਲੀ ਪ੍ਰਤੀ ਆਪਣਾ ਕਰਜ਼ ਚੁਕਾਉਂਦਿਆਂ ਅਧਿਆਪਕਾਂ ਲਈ ਪੰਜਾਬੀ ਦੀ ਪ੍ਰੀਖਿਆ ਲਾਜ਼ਮੀ ਕਰ ਦਿੱਤੀ ਹੈ। ਇਸ ਫ਼ੈਸਲੇ ਅਨੁਸਾਰ



ਕੈਂਪਸ, ਖੇਤਰੀ ਸੈਂਟਰਾਂ ਤੇ ਕਾਲਜਾਂ ਵਿਚ ਅਧਿਆਪਕ ਦੀ ਨੌਕਰੀ ਲੈਣ ਲਈ ਦਸਵੀਂ ਪੰਜਾਬੀ ਨਾਲ ਪਾਸ ਕਰਨੀ ਜ਼ਰੂਰੀ ਹੋਵੇਗੀ। ਪਹਿਲਾਂ ਤੋਂ ਨੌਕਰੀ ਕਰ ਰਹੇ ਅਧਿਆਪਕਾਂ ਨੂੰ ਪੰਜਾਬੀ ਦਾ ਇਮਤਿਹਾਨ ਪਾਸ ਕਰਨ ਲਈ ਤਿੰਨ ਸਾਲ ਦੀ ਮੋਹਲਤ ਦਿੱਤੀ ਗਈ ਹੈ।

ਯੂਨੀਵਰਸਿਟੀ ਵੱਲੋਂ ਚੰਡੀਗੜ੍ਹ ਪ੍ਰਸ਼ਾਸਨ ਨੂੰ ਵੱਖਰਾ ਪੱਤਰ ਲਿਖ ਕੇ ਕਾਲਜਾਂ ਵਿਚ ਵੀ ਅਧਿਆਪਕਾਂ ਲਈ ਪੰਜਾਬੀ ਲਾਜ਼ਮੀ ਕਰਨ ਦੀ ਸਿਫਾਰਸ਼ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਵੱਲੋਂ ਪ੍ਰਸ਼ਾਸਨ ਨੂੰ ਭੇਜੇ ਇਸ ਪੱਤਰ ਵਿਚ ਕਿਹਾ ਜਾਵੇਗਾ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਤੋਂ ਇਸ ਲਈ ਵਿਸ਼ੇਸ਼ ਆਗਿਆ ਲੈਣ ਲਈ ਯਤਨ ਕੀਤੇ ਜਾਣ। ਅਹਿਮ ਮੀਟਿੰਗ ਵਿਚ ਇਹ ਵੀ ਫੈਸਲਾ ਕੀਤਾ ਗਿਆ ਕਿ ਚੰਡੀਗੜ੍ਹ ਦੇ ਕਾਲਜਾਂ ਦੇ ਜਿਹੜੇ ਅਧਿਆਪਕ ਪੰਜਾਬੀ ਜਾਂ ਹਿੰਦੀ ਦੀ ਜਾਣਕਾਰੀ ਨਹੀਂ ਰੱਖਦੇ, ਉਨ੍ਹਾਂ ਵਾਸਤੇ ਕੈਂਪਸ ਵਿਚ ਦੋਹਾਂ ਭਾਸ਼ਾਵਾਂ ਦੀਆਂ ਵਿਸ਼ੇਸ਼ ਕਲਾਸਾਂ ਲਾਈਆਂ ਜਾਣ ਪਰ ਚੰਡੀਗੜ੍ਹ ਦੇ ਕਾਲਜਾਂ ਵਿਚ ਪੜ੍ਹਾਉਂਦੇ ਅਧਿਆਪਕਾਂ ਨੂੰ ਤਿੰਨ ਸਾਲਾਂ ਵਿਚ ਪੰਜਾਬੀ ਜਾਂ ਹਿੰਦੀ ਦੀ ਪ੍ਰੀਖਿਆ ਤੋਂ ਬਾਹਰ ਰੱਖਿਆ ਗਿਆ ਹੈ।

ਯੂਨੀਵਰਸਿਟੀ ਸੈਨੇਟ ਦੀ ਪਿਛਲੀ ਮੀਟਿੰਗ ਵਿਚ ਕੈਂਪਸ ਤੇ ਖੇਤਰੀ ਸੈਂਟਰਾਂ ਵਿਚ ਪੜ੍ਹਾਉਂਦੇ ਵੱਡੀ ਗਿਣਤੀ ਅਜਿਹੇ ਅਧਿਆਪਕਾਂ ਦਾ ਮਸਲਾ ਉੱਠਿਆ ਸੀ ਜਿਨ੍ਹਾਂ ਨੂੰ ਪੰਜਾਬੀ ਭਾਸ਼ਾ ਦਾ ਗਿਆਨ ਨਹੀਂ ਹੈ ਪਰ ਉਹ ਪੰਜਾਬੀ ਮਾਧਿਅਮ ਦੀਆਂ ਕਲਾਸਾਂ ਨੂੰ ਪੜ੍ਹਾ ਰਹੇ ਹਨ। ਪੰਜਾਬੀ ਦਾ ਗਿਆਨ ਨਾ ਰੱਖਣ ਵਾਲੇ ਇਹ ਅਧਿਆਪਕ ਪੰਜਾਬੀ ਮਾਧਿਅਮ ਦੇ ਵਿਦਿਆਰਥੀਆਂ ਦੀਆਂ ਉੱਤਰ ਪੱਤਰੀਆਂ ਵੀ ਜਾਂਚ ਰਹੇ ਹਨ। ਸੈਨੇਟ ਵਿਚ ਲੰਬੀ ਬਹਿਸ ਤੋਂ ਬਾਅਦ ਡੀ.ਯੂ.ਆਈ. ਦੀ ਅਗਵਾਈ ਵਿਚ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਸੀ। ਸੈਨੇਟ ਵੱਲੋਂ ਗਠਿਤ ਇਸ ਕਮੇਟੀ ਨੇ ਆਪਣੀ ਮੀਟਿੰਗ ਦੌਰਾਨ ਇਹ ਫੈਸਲਾ ਕੀਤਾ ਕਿ ਕੈਂਪਸ ਤੇ ਖੇਤਰੀ ਕਾਲਜਾਂ ਦੇ ਅਧਿਆਪਕਾਂ ਵਾਸਤੇ ਨੌਕਰੀ ਲਈ ਉਹ ਸਾਰੀਆਂ ਸ਼ਰਤਾਂ ਜ਼ਰੂਰੀ ਕੀਤੀਆਂ ਜਾਣ ਜਿਹੜੀਆਂ ਰਾਜ ਦੇ ਸਰਕਾਰੀ ਕਾਲਜਾਂ ਵਿਚ ਲਾਜ਼ਮੀ ਕਰਾਰ ਦਿੱਤੀਆਂ ਗਈਆਂ ਹਨ।

ਮੀਟਿੰਗ ਵਿਚ ਇਹ ਵੀ ਫੈਸਲਾ ਕੀਤਾ ਗਿਆ ਕਿ ਯੂਨੀਵਰਸਿਟੀ ਵੱਲੋਂ ਪਹਿਲਾਂ ਤੋਂ ਨੌਕਰੀ ਕਰ ਰਹੇ ਅਧਿਆਪਕਾਂ ਲਈ ਸਾਲ ਵਿਚ ਤਿੰਨ ਵਾਰ ਪੰਜਾਬੀ ਦਾ ਇਮਤਿਹਾਨ ਲਿਆ ਜਾਵੇ। ਅਧਿਆਪਕਾਂ ਨੂੰ ਦਸਵੀਂ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਭਾਸ਼ਾ ਵਿਭਾਗ ਤੋਂ ਵੀ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਇਸ ਫੈਸਲੇ ਨੂੰ ਸੈਨੇਟ ਜਾਂ ਸਿੰਡੀਕੇਟ ਵਿਚ ਅੰਤਿਮ ਪ੍ਰਵਾਨਗੀ ਲਈ ਭੇਜਣਾ ਜ਼ਰੂਰੀ ਨਹੀਂ ਹੈ ਕਿਉਂਕਿ ਕਮੇਟੀ ਨੂੰ ਫੈਸਲਾ ਕਰਨ ਦਾ ਅਧਿਕਾਰ ਸੈਨੇਟ ਵੱਲੋਂ ਹੀ ਦਿੱਤਾ ਗਿਆ ਹੈ ਪਰ ਫੈਸਲੇ ਬਾਰੇ ਨੋਟੀਫਿਕੇਸ਼ਨ ਉਪ ਕੁਲਪਤੀ ਵੱਲੋਂ ਹੀ ਜਾਰੀ ਕੀਤਾ ਜਾਵੇਗਾ। ਪੰਜਾਬ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਆਰ.ਸੀ. ਸੋਬਤੀ ਵੱਲੋਂ ਪਹਿਲਾਂ ਵੀ ਅਧਿਆਪਕਾਂ ਲਈ ਪੰਜਾਬੀ ਦਾ ਇਮਤਿਹਾਨ ਲਾਜ਼ਮੀ ਕਰਨ ਦਾ ਐਲਾਨ ਕੀਤਾ ਗਿਆ ਸੀ ਪਰ ਪਿੱਛੋਂ ਉਹ ਇਸ ਦਾ ਵਿਰੋਧ ਹੋਣ ਕਰਕੇ ਪਿੱਛੇ ਹਟ ਗਏ ਸਨ। ਉਨ੍ਹਾਂ ਨੇ ਪੰਜਾਬੀ ਜਾਂ ਹਿੰਦੀ ਵਿਚੋਂ ਇਕ ਦੀ ਪ੍ਰੀਖਿਆ ਲਾਜ਼ਮੀ ਕਰ ਦਿੱਤੀ ਸੀ।







## ਗਰੇਵਾਲ ਨੂੰ ਅਮਰੀਕਾ ਦੇ ਹਵਾਲੇ ਕਰਨ ਨੂੰ ਹਰੀ ਝੰਡੀ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਪਰਵਾਸੀ ਭਾਰਤੀ ਅਵਤਾਰ ਸਿੰਘ ਗਰੇਵਾਲ ਦੀ ਅਮਰੀਕਾ ਨੂੰ ਸਪੁਰਦਗੀ ਲਈ ਹਰੀ ਝੰਡੀ ਦੇ ਦਿੱਤੀ ਹੈ ਜਿਥੇ ਫੀਨਿਕਸ 'ਚ ਉਸ ਨੂੰ 2007 ਵਿਚ ਆਪਣੀ ਪਤਨੀ ਦੀ ਹੱਤਿਆ ਦੇ ਮਾਮਲੇ ਦਾ ਸਾਹਮਣਾ ਕਰਨਾ ਪਵੇਗਾ। ਅਦਾਲਤ ਨੇ 15 ਜੁਲਾਈ ਨੂੰ ਮੈਜਿਸਟ੍ਰੀਅਲ ਕੋਰਟ ਦੇ ਇਸ ਬਾਰੇ ਫੈਸਲੇ ਨੂੰ ਦਿੱਤੀ ਚੁਣੌਤੀ ਖਾਰਜ ਕਰ ਦਿੱਤੀ ਹੈ।


ਅਵਤਾਰ ਗਰੇਵਾਲ ਆਪਣੀ ਪਤਨੀ ਨਾਲ

ਜਸਟਿਸ ਬਦਰ ਦੁਰੇਜ਼ ਅਹਿਮਦ ਤੇ ਮਨਮੋਹਨ ਸਿੰਘ 'ਤੇ ਅਧਾਰਤ ਬੈਂਚ ਨੇ ਕਿਹਾ ਕਿ ਮੁਢਲੀ ਜਾਂਚ ਤੋਂ ਇਹ ਹੀ ਖੁਲਾਸਾ ਹੁੰਦਾ ਹੈ ਕਿ ਦੋਸ਼ ਸਹੀ ਲਾਏ ਗਏ ਹਨ ਤੇ ਅਮਰੀਕਾ ਸਰਕਾਰ ਵੱਲੋਂ ਸਪੁਰਦਗੀ ਮੰਗਣ ਦਾ ਕੇਸ ਠੀਕ ਹੈ। ਜਦੋਂ ਇਕ ਵਾਰ ਮੁਢਲੇ ਤੌਰ 'ਤੇ ਇਹ ਸਪੱਸ਼ਟ ਹੋ ਗਿਆ ਕਿ ਉਹ ਗੁਨਾਹ ਜਿਸ ਦੇ ਪਟੀਸ਼ਨਰ ਗਰੇਵਾਲ 'ਤੇ ਦੋਸ਼ ਲੱਗੇ ਹਨ, ਭਾਰਤੀ ਸੰਵਿਧਾਨ ਅਨੁਸਾਰ ਕਤਲ ਹੈ ਤਾਂ ਸਪੁਰਦਗੀ ਸੰਧੀ ਦੀ ਧਾਰਾ 8 ਨੂੰ ਰੱਦ ਕਰਨ ਦਾ ਕੋਈ ਆਧਾਰ ਹੀ ਨਹੀਂ ਬਣਦਾ। 37 ਸਾਲਾ ਗਰੇਵਾਲ ਨੇ ਮੈਜਿਸਟ੍ਰੇਟ ਅਦਾਲਤ ਦੀ ਉਸ ਪੜਤਾਲ ਰਿਪੋਰਟ ਵਿਰੁੱਧ ਪਟੀਸ਼ਨ ਦਾਇਰ ਕੀਤੀ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਮੁਢਲੇ ਤੌਰ 'ਤੇ ਲੋੜੀਂਦੇ ਸਬੂਤ ਸਾਹਮਣੇ ਹਨ ਤੇ ਉਸ ਦੀ ਅਮਰੀਕਾ ਨੂੰ ਸਪੁਰਦਗੀ ਬਣਦੀ ਹੈ। ਇਹ ਭਗੌੜਾ ਉਦੋਂ ਕੈਨੇਡਾ ਦੇ ਵੈਨਕੂਵਰ ਇਲਾਕੇ ਵਿਚ ਇਕ ਫਰਮ ਵਿਚ ਮੈਨੇਜਰ ਸੀ। ਉਹ ਅਮਰੀਕਾ ਰਹਿੰਦੀ ਆਪਣੀ ਨਾਰਾਜ਼ ਚੱਲ ਰਹੀ ਪਤਨੀ ਨਵਨੀਤ ਕੌਰ ਨੂੰ ਮਿਲਣ ਫੀਨਿਕਸ ਗਿਆ ਤੇ 29 ਮਾਰਚ 2007 ਨੂੰ ਉਸ ਦੀ ਕਥਿਤ ਹੱਤਿਆ ਕਰਕੇ ਇਕ ਪਾਸੇ ਦੀ ਟਿਕਟ ਲੈ ਕੇ ਅਮਰੀਕਾ ਵਿਚੋਂ ਬਾਹਰ ਚਲਿਆ ਗਿਆ। 31 ਮਾਰਚ, 2007 ਨੂੰ ਇਥੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਸੀ.ਬੀ.ਆਈ. ਨੇ ਉਸ ਨੂੰ ਇੰਟਰਪੋਲ ਵੱਲੋਂ ਐਫ.ਬੀ.ਆਈ. ਦੀ ਬੇਨਤੀ 'ਤੇ ਜਾਰੀ "ਲੁੱਕ ਆਊਟ ਸਰਕੂਲਰ" ਤਹਿਤ ਫੜ ਲਿਆ।

ਨਵਨੀਤ ਕੌਰ ਸੇਵਾ ਮੁਕਤ ਆਈ.ਪੀ.ਐਸ. ਅਧਿਕਾਰੀ ਰਤਨ ਸਿੰਘ ਦੀ ਸਭ ਤੋਂ ਵੱਡੀ ਧੀ ਸੀ। ਉਸ ਦਾ ਅਕਤੂਬਰ 2005 ਵਿਚ ਗਰੇਵਾਲ ਨਾਲ ਵਿਆਹ ਹੋਇਆ ਸੀ ਪਰ ਜਦੋਂ ਉਨ੍ਹਾਂ ਦੇ ਰਿਸ਼ਤੇ ਵਿਚ ਕੁੜੱਤਣ ਆਈ ਤਾਂ ਉਹ ਅਲੱਗ ਰਹਿਣ ਲੱਗ ਪਈ। ਉਹ ਤਲਾਕ ਲੈਣਾ ਚਾਹੁੰਦੀ ਸੀ ਪਰ ਗਰੇਵਾਲ ਅਜਿਹਾ ਨਹੀਂ ਚਾਹੁੰਦਾ ਸੀ।

## ਸ਼ਿਵ ਸੈਨਾ ਸ਼ਾਹਰੁਖ ਖਾਨ 'ਤੇ ਵਰ੍ਹੀ

**ਮੁੰਬਈ:** ਮੁੰਬਈ ਬੰਬ ਧਮਾਕਿਆਂ ਤੋਂ ਬਾਅਦ ਸ਼ੁੱਕਰਵਾਰ ਨੂੰ ਪਾਰਟੀ ਕਰਨਾ ਬਾਲੀਵੁੱਡ ਦੇ ਬਾਦਸ਼ਾਹ ਸ਼ਾਹਰੁਖ ਖਾਨ ਨੂੰ ਮਹਿੰਗਾ ਪੈ ਗਿਆ। ਸ਼ਿਵ ਸੈਨਾ ਨੇ ਇਸ ਗੱਲ ਨੂੰ ਲੈ ਕੇ ਸ਼ਾਹਰੁਖ ਦੀ ਸਖਤ ਨੁਕਤਾਚੀਨੀ ਕੀਤੀ ਹੈ।

ਪਾਰਟੀ ਦੇ ਮੁੱਖ ਪੱਤਰ 'ਸਾਮਨਾ' ਵਿਚ ਐਤਵਾਰ ਨੂੰ ਛਪੇ ਲੇਖ ਵਿਚ ਕਿਹਾ ਗਿਆ ਕਿ ਇਸ ਹਰਕਤ ਤੋਂ ਫਿਲਮਾਂ ਵਿਚ ਹੀਰੋ ਦਾ ਕਿਰਦਾਰ ਨਿਭਾਉਣ ਵਾਲੇ ਸ਼ਾਹਰੁਖ ਨੇ ਅਸਲ ਜ਼ਿੰਦਗੀ 'ਚ ਆਪਣੇ-ਆਪ ਨੂੰ ਖਲਨਾਇਕ ਸਿੱਧ ਕੀਤਾ ਹੈ। ਸ਼ਾਹਰੁਖ ਨੇ 15 ਜੁਲਾਈ ਨੂੰ ਬਾਲੀਵੁੱਡ ਅਦਾਕਾਰਾ ਕੈਟਰੀਨਾ ਕੈਫ ਦਾ ਜਨਮ ਦਿਨ ਮਨਾਉਣ ਦੇ ਲਈ ਇਹ ਪਾਰਟੀ ਦਿੱਤੀ ਸੀ।

## ਗੱਦੀ ਖੁਸਣ ਪਿੱਛੋਂ ਹੋਸਨੀ ਬੇਹੋਸ਼ੀ 'ਚ

**ਕਾਹਿਰਾ:** ਮਿਸਰ ਦੇ ਗੱਦੀਓਂ ਲਾਹੇ ਸਾਬਕਾ ਰਾਸ਼ਟਰਪਤੀ ਹੋਸਨੀ ਮੁਬਾਰਕ ਬੇਹੋਸ਼ੀ ਵਿਚ ਚਲੇ ਗਏ ਹਨ। ਹੋਸਨੀ ਮੁਬਾਰਕ ਸ਼ਰਮ ਅਲ-ਸ਼ੇਖ ਵਿਚ ਸਥਿਤ ਇਕ ਹਸਪਤਾਲ ਵਿਚ ਨਜ਼ਰਬੰਦ ਹਨ। ਹੋਸਨੀ ਦੇ ਵਕੀਲ ਨੇ ਦੱਸਿਆ ਕਿ ਉਹ ਅਚਾਨਕ ਬਿਮਾਰ ਹੋ ਗਏ। ਦੂਜੇ ਪਾਸੇ ਮਿਸਰ ਦੇ ਸਰਕਾਰੀ ਟੈਲੀਵੀਜ਼ਨ ਨੇ ਇਸ ਤੋਂ ਇਨਕਾਰ ਕੀਤਾ ਹੈ।



# ਓਬਾਮਾ-ਦਲਾਈਲਾਮਾ ਵਿਚਾਲੇ ਮੁਲਾਕਾਤ ਤੋਂ ਚੀਨ ਖਫ਼ਾ

## ਚੀਨ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਨਾ ਦੇਣ ਦੀ ਸਲਾਹ

**ਪੇਇਚਿੰਗ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਤਿੱਬਤ ਦੇ ਧਾਰਮਿਕ ਆਗੂ ਦਲਾਈਲਾਮਾ ਨਾਲ ਕੀਤੀ ਮੀਟਿੰਗ ਦਾ ਚੀਨ ਨੇ ਸਖ਼ਤ ਨੋਟਿਸ ਲਿਆ ਹੈ। ਦੋਵਾਂ ਆਗੂਆਂ ਵਿਚਾਲੇ ਹੋਈ ਇਸ ਮੀਟਿੰਗ ਨੂੰ ਅੰਦਰੂਨੀ ਮਾਮਲਿਆਂ 'ਚ ਦਖ਼ਲਅੰਦਾਜ਼ੀ ਕਰਾਰ ਦਿੰਦਿਆਂ ਚੀਨ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਦੋਵੇਂ ਮੁਲਕਾਂ ਦੇ ਆਪਸੀ ਸਬੰਧਾਂ 'ਤੇ ਬੁਰਾ ਅਸਰ ਪਵੇਗਾ।

ਓਬਾਮਾ ਤੇ ਦਲਾਈਲਾਮਾ ਵਿਚਾਲੇ ਹੋਈ ਮੀਟਿੰਗ ਤੋਂ ਕੁਝ ਘੰਟਿਆਂ ਬਾਅਦ ਹੀ ਚੀਨ ਨੇ ਅਮਰੀਕਾ ਦੇ ਰਾਜਦੂਤ ਨੂੰ ਤਲਬ ਕਰਕੇ ਆਪਣਾ ਇਤਰਾਜ਼ ਜਤਾਇਆ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾ ਜੋਕਸੂ ਨੇ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਨੇ ਦਲਾਈਲਾਮਾ ਨਾਲ ਮੀਟਿੰਗ ਕਰਕੇ ਚੀਨ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਦਿੱਤਾ ਹੈ ਜਿਸ ਨਾਲ ਚੀਨੀ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਸ ਨਾਲ ਦੋਵਾਂ ਮੁਲਕਾਂ ਦੇ ਸਬੰਧਾਂ ਨੂੰ ਨੁਕਸਾਨ ਪੁੱਜੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਚੀਨ ਦਾ ਪੱਖ ਸਮਝਣਾ ਚਾਹੀਦਾ ਹੈ ਤੇ 'ਆਜ਼ਾਦ ਤਿੱਬਤ' ਦੀ ਮੰਗ ਕਰ ਰਹੀਆਂ ਚੀਨ ਵਿਰੋਧੀ ਤਾਕਤਾਂ ਦੀ ਹਮਾਇਤ ਤੁਰੰਤ ਬੰਦ ਕਰਨੀ ਚਾਹੀਦੀ ਹੈ।



ਉਨ੍ਹਾਂ ਦੋਸ਼ ਲਾਇਆ ਕਿ ਜਲਾਵਤਨ ਦਲਾਈਲਾਮਾ ਧਰਮ ਦੇ ਨਾਂ 'ਤੇ ਵੱਖਵਾਦੀ ਸਰਗਰਮੀਆਂ 'ਚ ਜੁਟਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਦੇ ਆਗੂ ਵਜੋਂ ਦਲਾਈਲਾਮਾ ਨਾਲ ਮੀਟਿੰਗ 'ਤੇ ਚੀਨ ਨੂੰ ਸਖ਼ਤ ਇਤਰਾਜ਼ ਹੈ ਤੇ ਚਾਹੇ ਉਹ ਕਿਸੇ ਵੀ ਮੁੱਦੇ ਨੂੰ ਲੈ ਕੇ ਹੋਈ ਹੋਵੇ। ਉਨ੍ਹਾਂ ਨੇ ਅਜਿਹੀ ਮੀਟਿੰਗ ਨੂੰ ਚੀਨ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਕਰਾਰ ਦਿੱਤਾ। ਇਸ ਤੋਂ ਪਹਿਲਾਂ ਚੀਨ ਦੇ ਉਪ ਵਿਦੇਸ਼ ਮੰਤਰੀ ਸੂਈ ਤਿਆਂਕਾਈ ਨੇ ਅਮਰੀਕੀ ਰਾਜਦੂਤ ਰਾਬਰਟ ਐਸ. ਵਾਂਗ ਨੂੰ ਤਲਬ ਕਰਕੇ ਓਬਾਮਾ ਵੱਲੋਂ ਦਲਾਈਲਾਮਾ ਨਾਲ ਕੀਤੀ ਮੀਟਿੰਗ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ। ਚੀਨ ਨੇ ਅਮਰੀਕਾ 'ਤੇ ਦੋਸ਼ ਲਾਇਆ ਹੈ ਕਿ ਉਸ ਨੇ ਸਪਸ਼ਟ ਤੌਰ 'ਤੇ ਉਸ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦਿੱਤਾ ਹੈ ਤੇ ਇਸ ਮੀਟਿੰਗ ਨਾਲ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਗੰਭੀਰ ਨੁਕਸਾਨ ਪੁੱਜਾ ਹੈ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਦਲਾਈਲਾਮਾ ਨਾਲ ਵਾਈਟ ਹਾਊਸ ਵਿਖੇ ਮੀਟਿੰਗ ਕੀਤੀ। ਕੋਈ 45 ਮਿੰਟ ਚੱਲੀ ਇਸ ਮੀਟਿੰਗ ਦੌਰਾਨ ਓਬਾਮਾ ਨੇ ਅਹਿੰਸਾ ਦਾ ਰਸਤਾ ਅਪਣਾਉਣ ਲਈ ਦਲਾਈਲਾਮਾ ਦੀ ਪ੍ਰਸ਼ੰਸਾ ਕੀਤੀ ਹਾਲਾਂ ਕਿ ਉਸ ਨੇ ਦੁਹਰਾਇਆ ਕਿ ਅਮਰੀਕਾ ਆਜ਼ਾਦ ਤਿੱਬਤ ਦੀ ਹਮਾਇਤ ਨਹੀਂ ਕਰਦਾ। ਵਾਈਟ ਹਾਊਸ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਦਲਾਈਲਾਮਾ ਨੇ ਓਬਾਮਾ ਨੂੰ ਦੱਸਿਆ ਕਿ ਉਹ ਤਿੱਬਤ ਦੀ ਆਜ਼ਾਦੀ ਦੀ ਮੰਗ ਨਹੀਂ ਕਰਦੇ। ਮੀਟਿੰਗ ਦੌਰਾਨ ਦਲਾਈ ਲਾਮਾ ਨੇ ਆਸ ਪ੍ਰਗਟ ਕੀਤੀ ਕਿ ਉਸ ਦੇ ਨੁਮਾਇੰਦਿਆਂ ਤੇ ਚੀਨ ਸਰਕਾਰ ਵਿਚਾਲੇ ਛੇਤੀ ਗੱਲਬਾਤ ਸ਼ੁਰੂ ਹੋ ਸਕਦੀ ਹੈ। ਵਾਈਟ ਹਾਊਸ ਦੇ ਬੁਲਾਰੇ ਜੈ ਕਾਰਨੇ ਨੇ ਮੀਟਿੰਗ ਤੋਂ ਬਾਅਦ ਬਿਆਨ ਵਿਚ ਕਿਹਾ ਕਿ ਰਾਸ਼ਟਰਪਤੀ ਨੇ ਅਮਰੀਕਾ-ਚੀਨ ਸਬੰਧਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਤਿੱਬਤ ਦੇ ਵਿਲੱਖਣ ਧਰਮ, ਸਭਿਆਚਾਰ ਤੇ ਭਾਸ਼ਾਈ ਰਵਾਇਤਾਂ ਦੀ ਸੰਭਾਲ ਦਾ ਪੁਰਜ਼ੋਰ ਸਮਰਥਨ ਕੀਤਾ। ਓਬਾਮਾ ਨੇ ਚੀਨ ਵਿਚ ਤਿੱਬਤੀਆਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਦੀ ਮਹੱਤਤਾ ਉਪਰ ਵੀ ਜ਼ੋਰ ਦਿੱਤਾ।

## ਕਾਲੀ ਸੂਚੀ 'ਚੋਂ 14 ਤਾਲਿਬਾਨੀਆਂ ਦੇ ਨਾਂ ਹਟਾਏ

**ਸੰਯੁਕਤ ਰਾਸ਼ਟਰ:** ਤਾਲਿਬਾਨ ਦੇ 14 ਸਾਬਕਾ ਨੇਤਾਵਾਂ ਦੇ ਨਾਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਕਾਲੀ ਸੂਚੀ ਵਿਚੋਂ ਕੱਢ ਦਿੱਤੇ ਗਏ ਹਨ। ਸੰਯੁਕਤ ਰਾਸ਼ਟਰ ਪ੍ਰਤੀਬੰਧ ਸਮਿਤੀ ਨੇ ਇਹ ਕਦਮ ਅਫ਼ਗਾਨਿਸਤਾਨ ਸਰਕਾਰ ਦੇ ਵਿਰੋਧ ਕਰਨ 'ਤੇ ਚੁੱਕਿਆ ਹੈ। ਵੈੱਬਸਾਈਟ 'ਬੀ.ਬੀ.ਸੀ. ਡਾਟ ਕੋ ਡਾਟ ਯੂਕੇ' ਅਨੁਸਾਰ ਸੁਰੱਖਿਆ ਪ੍ਰੀਸ਼ਦ ਨੇ ਕਿਹਾ ਕਿ ਇਨ੍ਹਾਂ ਨਾਵਾਂ ਦਾ ਕਾਲੀ ਸੂਚੀ ਵਿਚੋਂ ਕੱਢਿਆ ਜਾਣਾ ਅਫ਼ਗਾਨਿਸਤਾਨ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਸੁਲਾਹ ਦੀਆਂ ਕੋਸ਼ਿਸ਼ਾਂ ਪ੍ਰਤੀ ਠੋਸ ਹਮਾਇਤ ਦਾ ਸੰਕੇਤ ਹੋਏਗਾ।

ਇਨ੍ਹਾਂ 14 ਤਾਲਿਬਾਨੀਆਂ ਵਿਚੋਂ ਚਾਰ ਪਿਛਲੇ ਸਾਲ ਤਾਲਿਬਾਨ ਦੇ ਨਾਲ ਗੱਲਬਾਤ ਦੇ ਲਈ ਬਣਾਈ ਉੱਚ ਸ਼ਾਂਤੀ ਪ੍ਰੀਸ਼ਦ 'ਚ ਵੀ ਸ਼ਾਮਲ ਸਨ। ਇਨ੍ਹਾਂ 'ਤੇ 1999 'ਚ ਪ੍ਰਤੀਬੰਧ ਲਾਇਆ ਗਿਆ ਸੀ। ਜਾਣਕਾਰਾਂ ਮੁਤਾਬਕ ਅਮਰੀਕਾ ਤੇ ਉੱਤਰ ਐਟਲਾਂਟਿਕ ਸੰਧੀ ਸੰਗਠਨ (ਨਾਟੋ) ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੈ ਕਿ ਜੰਗ ਖਤਮ ਹੋਣ ਤੋਂ ਬਿਨਾਂ ਤੇ ਅਫ਼ਗਾਨ ਸਰਕਾਰ ਅਤੇ ਤਾਲਿਬਾਨ ਵਿਚਕਾਰ ਰਾਜਨੀਤਕ ਸਮਝੌਤੇ ਤੋਂ ਬਿਨਾਂ ਅਫ਼ਗਾਨਿਸਤਾਨ ਤੋਂ 2014 ਤੱਕ ਸਫਲਤਾਪੂਰਬਕ ਫੌਜ ਹਟਾਉਣਾ ਸੰਭਵ ਨਹੀਂ ਹੋਵੇਗਾ।

# ਰਾਸ਼ਟਰਪਤੀ ਦੀ ਜ਼ਿੰਮੇਵਾਰੀ ਨਿਭਾਉਣ ਲਈ ਮੋਟੇ ਚੰਮ ਦੀ ਲੋੜ: ਓਬਾਮਾ

**ਵਾਸ਼ਿੰਗਟਨ:** ਅਮਰੀਕੀ ਸਦਰ ਬਰਾਕ ਓਬਾਮਾ ਦਾ ਕਹਿਣਾ ਹੈ ਕਿ ਮੁਲਕ ਦੇ ਰਾਸ਼ਟਰਪਤੀ ਵਜੋਂ ਕੰਮ ਕਰਨ ਲਈ ਮੋਟੀ ਚੰਮ ਦੀ ਲੋੜ ਹੈ ਭਾਵ ਉਨ੍ਹਾਂ ਨੂੰ ਸੰਵੇਦਨਸ਼ੀਲ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦਾ ਇਸ਼ਾਰਾ ਮੁਲਕ ਵਿਚ ਬਜਟ ਤੇ ਕਰਜ਼ੇ ਬਾਰੇ ਹੱਦ ਨੂੰ ਵਧਾਉਣ ਲਈ ਜਾਰੀ ਬਹਿਸ ਵੱਲ ਸੀ ਜੋ ਕਾਫੀ ਗੁੰਝਲਦਾਰ ਰੂਪ ਅਖਤਿਆਰ ਕਰਦੀ ਜਾ ਰਹੀ ਹੈ।

ਵਾਈਟ ਹਾਊਸ ਵਿਖੇ ਇਸ ਮੁਤੱਲਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਕੰਮ ਵਿਚ ਚਮੜੀ ਕਾਫੀ ਮੋਟੀ ਹੋਣੀ ਚਾਹੀਦੀ ਹੈ ਤੇ ਤੁਹਾਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਇਸ ਵਿਚ ਕੁਝ ਵੀ ਨਿੱਜੀ ਗੱਲ ਨਹੀਂ ਹੈ। ਉਨ੍ਹਾਂ ਇਹ ਪ੍ਰੈੱਸ ਕਾਨਫਰੰਸ ਮੀਡੀਆ ਤੇ ਅਮਰੀਕੀ ਲੋਕਾਂ ਨੂੰ ਵਿਰੋਧੀ ਰਿਪਬਲੀਕਨ ਆਗੂਆਂ ਨਾਲ ਬਜਟ ਬਾਰੇ ਜਾਰੀ ਗੱਲਬਾਤ ਤੋਂ ਜਾਣੂ ਕਰਾਉਣ ਲਈ ਸੱਦੀ ਸੀ ਤਾਂ ਕਿ ਕਰਜ਼ਿਆਂ ਦੀ ਹੱਦ ਵਧਾਉਣ ਦੇ ਮੁੱਦੇ ਉਤੇ ਜਾਰੀ ਰੇੜਕਾ ਖਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜੇ ਰਿਪਬਲੀਕਨ ਆਪਣੀ ਗੱਲ ਉਤੇ ਅੜੇ ਰਹਿੰਦੇ ਹਨ ਤੇ ਕਰਜ਼ੇ ਦੀ ਹੱਦ ਨਹੀਂ ਵਧਦੀ ਤਾਂ ਅਮਰੀਕਾ ਆਪਣੀਆਂ ਕੌਮਾਂਤਰੀ ਵਚਨਬੱਧਤਾਵਾਂ ਪੂਰੀਆਂ ਨਹੀਂ ਕਰ ਸਕੇਗਾ।

ਉਨ੍ਹਾਂ ਨੇ ਬਹਿਸ ਦੀ ਸੁਰ 'ਤੇ ਨਾਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਦੋਵੇਂ ਧਿਰਾਂ ਇਕ-ਦੂਜੀ 'ਤੇ ਇਲਜ਼ਾਮ ਤਰਾਸ਼ੀ ਕਰ ਰਹੀਆਂ ਹਨ।

ਇਸ ਤੋਂ ਪਹਿਲਾਂ ਕੌਮ ਦੇ ਨਾਂ ਆਪਣੇ ਹਫਤਾਵਾਰੀ ਸੰਬੋਧਨ ਵਿਚ ਸ੍ਰੀ ਓਬਾਮਾ ਨੇ ਦੋਵਾਂ ਰਿਪਬਲੀਕਨ ਤੇ ਡੈਮੋਕਰੇਟ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਮੁਲਕ ਦੀ ਰਾਜਕੋਸ਼ੀ ਘਾਟੇ ਦੀ ਸਮੱਸਿਆ ਦੇ ਹੱਲ ਲਈ ਸੰਤੁਲਿਤ ਪਹੁੰਚ ਅਪਣਾਉਣ। ਉਨ੍ਹਾਂ ਕਿਹਾ ਕਿ ਆਪਣੇ ਘਰ ਨੂੰ ਵਿੱਤੀ ਤੌਰ 'ਤੇ ਦਰੁਸਤ ਕਰਨ ਲਈ ਸਾਡੇ ਵਾਸਤੇ ਜ਼ਰੂਰੀ ਹੈ ਕਿ ਅਸੀਂ ਆਪਣੇ ਖਰਚੇ ਘਟਾਈਏ, ਦਰਾਂ ਵਿਚਲੀਆਂ ਚੋਰ ਮੋਰੀਆਂ ਨੂੰ ਬੰਦ ਕਰੀਏ ਤੇ ਅਮੀਰ ਅਮਰੀਕੀਆਂ ਨੂੰ ਆਖੀਏ ਕਿ ਉਹ ਇਸ ਸਬੰਧੀ ਆਪਣਾ ਹਿੱਸਾ ਪਾਉਣ। ਅਸੀਂ ਮਿਲਜੁਲ ਕੇ ਅਰਥਚਾਰੇ ਨੂੰ ਮਜ਼ਬੂਤ ਕਰ ਸਕਦੇ ਹਾਂ ਤੇ ਆਪਣੇ ਕਾਰੋਬਾਰੀਆਂ ਨੂੰ ਲੋੜੀਂਦਾ ਭਰੋਸਾ ਦੇ ਸਕਦੇ ਹਾਂ ਤਾਂ ਕਿ ਉਹ ਅਮਰੀਕਾ ਭਰ ਵਿਚ ਹੋਰ ਰੁਜ਼ਗਾਰ ਪੈਦਾ ਕਰ ਸਕਣ।

ਉਨ੍ਹਾਂ ਕਿਹਾ ਕਿ ਦਹਾਕਿਆਂ ਤੋਂ ਅਮਰੀਕਾ ਆਪਣੀ ਕਮਾਈ ਤੋਂ ਵੱਧ ਖਰਚਾ ਕਰਦਾ ਆ ਰਿਹਾ ਹੈ। ਅਨੇਕਾਂ ਦਹਾਕਿਆਂ ਤੋਂ ਸਾਡਾ ਕਰਜ਼ਾ ਵੱਧ ਰਿਹਾ ਹੈ ਤੇ ਈਮਾਨਦਾਰੀ ਨਾਲ ਕਹੀਏ ਤਾਂ ਇਸ ਲਈ ਕੋਈ ਵੀ ਘੱਟ ਦੋਸ਼ੀ ਨਹੀਂ ਹੈ। ਦੋਵਾਂ ਨੇ ਸਮੱਸਿਆਵਾਂ ਦੀ ਹੱਲ ਤਾਂ ਕੀ ਕੀਤੀ ਪਰ ਕੀਤਾ ਕੁਝ ਨਹੀਂ।

# ਪਾਕਿ ਵੱਲੋਂ ਸੀ.ਆਈ.ਏ. ਨੂੰ ਖੁਫੀਆ ਸੂਚਨਾ ਸਾਂਝੀ ਕਰਨ ਦੀ ਸਲਾਹ

**ਵਾਸ਼ਿੰਗਟਨ:** ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਮੁਖੀ ਲੈਫ. ਜਨਰਲ ਅਹਿਮਦ ਸੁਜਾ ਪਾਸ਼ਾ ਨੇ ਅਮਰੀਕੀ ਖੁਫੀਆ ਅਧਿਕਾਰੀਆਂ ਨੂੰ ਕਿਹਾ ਹੈ ਕਿ ਅਮਰੀਕਾ ਵੱਲੋਂ ਪਾਕਿਸਤਾਨ ਨਾਲ ਵੱਧ ਤੋਂ ਵੱਧ ਖੁਫੀਆ ਸੂਚਨਾਵਾਂ ਸਾਂਝੀਆਂ ਕੀਤੀਆਂ ਜਾਣ ਤੇ ਅਮਰੀਕੀ ਫੌਜੀ ਟਰੇਨਰਾਂ ਨੂੰ ਦਿੱਤੇ ਜਾਣ ਵਾਲੇ ਵੀਜ਼ਿਆਂ ਦੀ ਗਿਣਤੀ ਘਟਾਏ। ਇਕ ਦਿਨ ਦੀ ਅਮਰੀਕੀ ਯਾਤਰਾ ਦੌਰਾਨ ਪਾਸ਼ਾ ਨੇ ਸੀ.ਆਈ.ਏ. ਦੇ ਕਾਰਜਕਾਰੀ ਪ੍ਰਮੁੱਖ ਮਾਈਕਲ ਮੋਰੇਲ ਤੇ ਹੋਰ ਖੁਫੀਆ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਮੀਡੀਆ ਰਿਪੋਰਟਾਂ ਮੁਤਾਬਕ ਅਤਿਵਾਦ ਖਿਲਾਫ਼ ਲੜਾਈ ਵਿਚ ਪਾਕਿਸਤਾਨੀ ਸਹਿਯੋਗ ਵਿਸ਼ੇ 'ਤੇ ਪਾਸ਼ਾ ਨੂੰ ਅਮਰੀਕੀ ਅਧਿਕਾਰੀਆਂ ਦੇ ਸਖ਼ਤ ਸੁਆਲਾਂ ਦਾ ਸਾਹਮਣਾ ਕਰਨਾ ਪਿਆ।

ਇਸ ਤੋਂ ਇਲਾਵਾ ਇਸ ਗੱਲ 'ਤੇ ਵੀ ਚਰਚਾ ਹੋਈ ਕਿ ਪਾਕਿ ਵਿਚ ਸੀ.ਆਈ.ਏ. ਦੇ ਅਧਿਕਾਰੀਆਂ ਨੂੰ ਘਟਾਉਣ ਦਾ ਨਿਯਮ ਹੈ। ਪਾਸ਼ਾ ਤੇ ਮੋਰੇਲ ਵਿਚਾਲੇ ਹੋਈ ਗੱਲਬਾਤ ਬਾਰੇ ਦੋਵਾਂ ਮੁਲਕਾਂ ਦੇ ਅਧਿਕਾਰੀਆਂ ਵੱਲੋਂ ਕੁਝ ਨਹੀਂ ਦੱਸਿਆ ਗਿਆ ਪਰ ਇੰਨਾ ਹੀ ਕਿਹਾ ਗਿਆ ਕਿ ਬੈਠਕ ਵਿਚ ਦੋਵਾਂ ਧਿਰਾਂ ਦੀਆਂ ਚਿੰਤਾਵਾਂ ਉਪਰ ਧਿਆਨ ਦਿੱਤਾ ਗਿਆ। ਪਾਸ਼ਾ 13 ਜੁਲਾਈ ਨੂੰ ਅਮਰੀਕਾ ਪੁੱਜੇ ਸਨ ਤੇ ਅਗਲੇ ਦਿਨ ਪਾਕਿਸਤਾਨ ਪਰਤ ਗਏ। ਇਹ ਮੰਨਿਆ ਜਾ ਰਿਹਾ ਹੈ ਕਿ ਪਾਕਿਸਤਾਨ ਵਿਚ ਸੀ.ਆਈ.ਏ. ਵੱਲੋਂ ਆਈ.ਐਸ.ਆਈ. ਨੂੰ ਵਿਸ਼ਵਾਸ ਵਿਚ ਲਏ ਬਗੈਰ ਕੀਤੀ ਜਾ ਰਹੀ ਕਾਰਵਾਈ ਦਾ ਮੁੱਦਾ ਪਾਕਿ ਅਧਿਕਾਰੀ ਨੇ ਉਠਾਇਆ ਹੈ। ਦੂਜੇ ਪਾਸੇ ਸੀ.ਆਈ.ਏ. ਨੇ ਪਾਕਿ ਵੱਲੋਂ ਖੁਫੀਆ ਸੂਚਨਾਵਾਂ ਅਤਿਵਾਦੀਆਂ ਕੋਲ ਪਹੁੰਚਾਉਣ ਦਾ ਮਾਮਲਾ ਬੜੇ ਜ਼ੋਰਦਾਰ ਢੰਗ ਨਾਲ ਰੱਖਿਆ।

### ਅਮਰੀਕੀ ਸੈਨਾ ਦੀ ਸਿਖਲਾਈ ਦੀ ਜ਼ਰੂਰਤ ਨਹੀਂ: ਪਾਸ਼ਾ

**ਇਸਲਾਮਾਬਾਦ:** ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਮੁਖੀ ਅਹਿਮਦ ਸੁਜਾ ਪਾਸ਼ਾ ਨੇ ਸੀ.ਆਈ.ਏ. ਦੀ ਮੰਗ ਠੁਕਰਾਉਂਦਿਆਂ ਕਿਹਾ ਕਿ ਪਾਕਿਸਤਾਨ ਨੂੰ ਅਤਿਵਾਦੀਆਂ ਖਿਲਾਫ ਕਾਰਵਾਈ ਲਈ ਅਮਰੀਕੀ ਸੈਨਾ ਦੀ ਸਿਖਲਾਈ ਦੀ ਜ਼ਰੂਰਤ ਨਹੀਂ ਹੈ। ਮੀਡੀਆ ਰਿਪੋਰਟ ਅਨੁਸਾਰ ਜਨਰਲ ਪਾਸ਼ਾ ਨੇ ਸੀ.ਆਈ.ਏ. ਦੇ ਮੌਜੂਦਾ ਡਾਇਰੈਕਟਰ ਮਿਸ਼ੈਲ ਮੋਗੇਲ ਵੱਲੋਂ ਅਮਰੀਕੀ ਸੈਨਾ ਦੇ ਸਿੱਖਿਅਤ ਕਰਮੀ ਮੁੜ ਪਾਕਿਸਤਾਨ ਭੇਜਣ ਦੀ ਮੰਗ ਠੁਕਰਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਐਬਟਾਬਾਦ ਵਿਚ ਦੋ ਮਈ ਦੀ ਇਕਤਰਫਾ ਕਾਰਵਾਈ ਤੋਂ ਪਾਕਿਸਤਾਨ ਪਹਿਲਾਂ ਹੀ ਜਾਣੂ ਹੈ। ਉਨ੍ਹਾਂ ਸੀ.ਆਈ.ਏ. ਮੁਖੀ ਨੂੰ ਸਾਫ ਤੌਰ 'ਤੇ ਸੁਨੇਹਾ ਦਿੱਤਾ ਕਿ ਭਵਿੱਖ ਵਿਚ ਅਮਰੀਕਾ ਦੇ ਸੈਨਿਕਾਂ ਨੂੰ ਪਾਕਿਸਤਾਨ ਵਿਚ ਦਾਖਲ ਹੋਣ ਤੋਂ ਪਹਿਲਾਂ ਆਈ.ਐਸ.ਆਈ. ਤੋਂ ਮਨਜ਼ੂਰੀ ਲੈਣੀ ਹੋਵੇਗੀ।

### ਸ਼ਰਤਾਂ ਮੰਨਣ ਤੋਂ ਬਾਅਦ ਹੀ ਹੋਵੇਗੀ ਸਹਾਇਤਾ ਦੀ ਬਹਾਲੀ

ਅਮਰੀਕਾ ਨੇ ਪਾਕਿਸਤਾਨ ਨੂੰ ਭਰੋਸਾ ਦਿੱਤਾ ਹੈ ਕਿ ਜੇਕਰ ਉਹ ਅਮਰੀਕਾ ਦੇ ਡਿਫੈਂਸ ਟਰੇਨਰਾਂ ਤੇ ਉਨ੍ਹਾਂ ਦੇ ਵੀਜ਼ੇ ਬਾਰੇ ਸ਼ਰਤਾਂ ਸੌਖੀਆਂ ਕਰ ਲਏ ਤਾਂ ਉਸ 'ਤੇ ਫੌਜੀ ਸਹਾਇਤਾ ਬਾਰੇ ਪਾਬੰਦੀ ਹਟਾਈ ਜਾ ਸਕਦੀ ਹੈ। ਅਮਰੀਕਾ ਦੀ ਸੁਰੱਖਿਆ ਸੰਸਥਾ ਪੈਂਟਾਗਨ ਦੇ ਬੁਲਾਰੇ ਲੈਫਟੀਨੈਂਟ ਕਰਨਲ ਡੇਵ ਲਾਪਨ ਨੇ ਕਿਹਾ ਕਿ ਪਾਕਿਸਤਾਨ ਨੇ ਅਮਰੀਕਾ ਨੂੰ ਫੌਜੀ ਟਰੇਨਰਾਂ ਦੀ ਗਿਣਤੀ ਘਟਾਉਣ ਲਈ ਕਿਹਾ ਹੈ ਤੇ ਨਾਲ ਹੀ ਕਿਹਾ ਹੈ ਕਿ ਜੇਕਰ ਟਰੇਨਰਾਂ ਦੀ ਗਿਣਤੀ ਘੱਟ ਹੋਵੇਗੀ ਤਾਂ ਫੌਜੀ ਸਾਜ਼ੋ-ਸਾਮਾਨ ਵੀ ਘੱਟ ਲਿਆਉਣਾ ਪਵੇਗਾ।

ਦੱਸਣਯੋਗ ਹੈ ਕਿ ਮੌਜੂਦਾ ਸਮੇਂ ਵਿਚ ਪਾਕਿਸਤਾਨ ਵਿਚ ਅਮਰੀਕਾ ਦੇ 100 ਟਰੇਨਰ ਹਨ ਤੇ ਅਮਰੀਕਾ ਵੱਲੋਂ ਹਰ ਸਾਲ ਪਾਕਿਸਤਾਨ ਨੂੰ 800 ਮਿਲੀਅਨ ਅਮਰੀਕੀ ਡਾਲਰ ਦੀ ਫੌਜੀ ਸਹਾਇਤਾ ਦਿੱਤੀ ਜਾਂਦੀ ਹੈ ਜੋ ਮੌਜੂਦਾ ਸਮੇਂ ਵਿਚ ਬੰਦ ਕੀਤੀ ਹੋਈ ਹੈ। ਸ੍ਰੀ ਲਾਪਨ ਨੇ ਕਿਹਾ ਕਿ ਜੇਕਰ ਪਾਕਿਸਤਾਨ ਅਮਰੀਕੀ ਟਰੇਨਰਾਂ ਦੀ ਗਿਣਤੀ ਘਟਾਉਣ ਦੀ ਸ਼ਰਤ ਨਾ ਰੱਖੇ ਤੇ ਫੌਜੀ ਸਾਜ਼ੋ-ਸਾਮਾਨ ਲਿਆਉਣ ਵਾਲੇ ਦਸਤੇ ਲਈ ਆਸਾਨੀ ਨਾਲ ਵੀਜ਼ੇ ਦਿੱਤੇ ਜਾਣ ਤਾਂ ਅਮਰੀਕਾ ਵੱਲੋਂ ਪਾਕਿਸਤਾਨ ਨੂੰ ਦਿੱਤੀ ਜਾਂਦੀ ਫੌਜੀ ਸਹਾਇਤਾ ਨੂੰ ਬਹਾਲ ਕੀਤਾ ਜਾ ਸਕਦਾ ਹੈ।

# ਆਰ.ਐਸ.ਐਸ. ਕੋਲ ਬੰਬ ਬਣਾਉਣ ਦੀਆਂ ਫੈਕਟਰੀਆਂ: ਦਿੱਗਵਿਜੈ

**ਉਜੈਨ:** ਆਰ.ਐਸ.ਐਸ. ਖਿਲਾਫ਼ ਆਪਣੇ ਤਾਬੜਤੋੜ ਹਮਲੇ ਜਾਰੀ ਰੱਖਦਿਆਂ ਕਾਂਗਰਸ ਦੇ ਜਨਰਲ ਸਕੱਤਰ ਦਿੱਗਵਿਜੈ ਸਿੰਘ ਨੇ ਕਿਹਾ ਹੈ ਕਿ ਇਸ ਕੱਟੜਵਾਦੀ ਸੰਗਠਨ ਵੱਲੋਂ ਬੰਬ ਬਣਾਉਣ ਦੀਆਂ ਫੈਕਟਰੀਆਂ ਲਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਮੁੰਬਈ ਬੰਬ ਧਮਾਕਿਆਂ 'ਚ ਹਿੰਦੂ ਸੰਗਠਨਾਂ ਦੀ ਸ਼ਮੂਲੀਅਤ ਦਾ ਖਦਸ਼ਾ ਪ੍ਰਗਟਾਉਂਦਿਆਂ ਇਸ ਸਬੰਧੀ ਸਾਰੇ ਅਤਿਵਾਦੀ ਸੰਗਠਨਾਂ ਨੂੰ ਜਾਂਚ ਦੇ ਘੇਰੇ 'ਚ ਲਿਆਉਣ ਦੀ ਮੰਗ ਕੀਤੀ ਹੈ।

ਸ੍ਰੀ ਦਿੱਗਵਿਜੈ ਨੇ ਕਿਹਾ ਕਿ ਆਰ.ਐਸ.ਐਸ. ਦੇਸ਼ 'ਚ ਅਤਿਵਾਦ ਫੈਲਾ ਰਹੀ ਹੈ ਤੇ ਉਸ ਕੋਲ ਬੰਬ ਬਣਾਉਣ ਦੀਆਂ ਫੈਕਟਰੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਸੰਘ ਪਰਿਵਾਰ ਦੀਆਂ ਅਤਿਵਾਦੀ ਸਰਗਰਮੀਆਂ ਬਾਰੇ ਸਬੂਤ ਮੰਗੇ ਜਾਂਦੇ ਹਨ ਤਾਂ ਉਹ ਵੀ ਉਨ੍ਹਾਂ ਕੋਲ ਮੌਜੂਦ ਹਨ। ਦਿੱਗਵਿਜੈ ਵੱਲੋਂ ਮੁੰਬਈ ਬੰਬ ਧਮਾਕਿਆਂ ਵਿਚ ਸੰਘ ਦਾ ਹੱਥ ਹੋਣ ਦੀ ਸੰਭਾਵਨਾ ਦਾ ਜ਼ਿਕਰ ਕਰਨ ਨਾਲ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ ਤੇ




ਭਾਜਪਾ ਨੇ ਕਾਂਗਰਸ ਆਗੂ ਦੇ ਬਿਆਨ ਦੀ ਰੱਜ ਕੇ ਨਿੰਦਾ ਕੀਤਾ ਹੈ। ਸ੍ਰੀ ਦਿੱਗਵਿਜੈ ਨੇ ਕਿਹਾ ਕਿ ਹਾਲੇ ਤੱਕ ਖੁਫੀਆ ਏਜੰਸੀਆਂ ਨੂੰ ਧਮਾਕਿਆਂ ਬਾਰੇ ਠੋਸ ਸਬੂਤ ਨਹੀਂ ਮਿਲੇ ਪਰ ਧਮਾਕਿਆਂ ਵਿਚ ਸੰਘ ਦਾ ਹੱਥ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ"ਬੀਤੇ ਸਮੇਂ ਦੌਰਾਨ ਦੇਸ਼ ਵਿਚਲੇ ਧਮਾਕਿਆਂ ਵਿਚ ਸੰਘ ਦਾ ਹੱਥ ਹੋਣ ਦੇ ਸਬੂਤ ਸਾਹਮਣੇ ਆਏ ਹਨ। ਇਨ੍ਹਾਂ ਧਮਾਕਿਆਂ ਵਿਚ ਵੀ ਕਿਸੇ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਸੇ ਦੌਰਾਨ ਭਾਜਪਾ ਨੇ ਪਲਟਵਾਰ ਕਰਦਿਆਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਮੁਆਫੀ ਮੰਗਣ ਲਈ ਕਿਹਾ ਹੈ। ਭਾਜਪਾ ਦੇ ਸੀਨੀਅਰ ਆਗੂ ਰਵੀ ਸ਼ੰਕਰ ਪ੍ਰਸ਼ਾਦ ਨੇ ਕਿਹਾ ਹੈ ਕਿ ਕਾਂਗਸੀ ਆਗੂ ਅਜਿਹੇ ਬੇਸਿਰ-ਪੈਰ ਦੇ ਬਿਆਨ ਦੇ ਕੇ ਦੇਸ਼ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਪਾਰਟੀ ਦੇ ਬੁਲਾਰੇ ਸ਼ਾਹਨਵਾਜ਼ ਹੁਸੈਨ ਨੇ ਕਿਹਾ ਕਿ ਦਿੱਗਵਿਜੈ ਸਿੰਘ ਧਮਾਕਿਆਂ ਦੇ ਮਾਮਲੇ 'ਤੇ ਸਿਆਸਤ ਕਰਨ ਲੱਗੇ ਹੋਏ ਹਨ।

### ਦਿਗਵਿਜੇ ਦੇ ਬਿਆਨ ਲਈ ਸੋਨੀਆ ਮੁਆਫ਼ੀ ਮੰਗੇ: ਭਾਜਪਾ

**ਨਵੀਂ ਦਿੱਲੀ:** ਭਾਜਪਾ ਨੇ ਕਾਂਗਰਸ ਦੇ ਜਨਰਲ ਸਕੱਤਰ ਦਿਗਵਿਜੇ ਸਿੰਘ ਵੱਲੋਂ ਦਿੱਤੇ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਹੈ ਤੇ ਮੰਗ ਕੀਤੀ ਹੈ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਇਸ ਲਈ ਮੁਆਫ਼ੀ ਮੰਗੇ। ਭਾਜਪਾ ਦੇ ਬੁਲਾਰੇ ਸ਼ਾਹਨਵਾਜ਼ ਹੁਸੈਨ ਨੇ ਕਿਹਾ ਕਿ ਭਾਜਪਾ ਦਿਗਵਿਜੇ ਸਿੰਘ ਦੇ ਬੇਤੁਕੇ ਬਿਆਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਇਸ ਬਦਲੇ ਮੁਆਫ਼ੀ ਮੰਗੇ।

ਹੁਸੈਨ ਨੇ ਕਿਹਾ ਕਿ ਜਦੋਂ ਦੇਸ਼ ਦੇ ਸਿਰ 'ਤੇ ਅਤਿਵਾਦ ਦਾ ਖ਼ਤਰਾ ਮੰਡਰਾ ਰਿਹਾ ਹੈ ਤੇ ਮੁੰਬਈ ਹਮਲਿਆਂ ਤੋਂ ਬਾਅਦ ਲੋਕਾਂ ਨੂੰ ਸਦਮੇ ਵਿਚੋਂ ਕੱਢਣ ਦੀ ਲੋੜ ਹੈ, ਉਦੋਂ ਦਿਗਵਿਜੇ ਸਿੰਘ ਅਤਿਵਾਦ ਤੇ ਲਾਸ਼ਾਂ 'ਤੇ ਰਾਜਨੀਤੀ ਕਰ ਰਿਹਾ ਹੈ। ਉਨ੍ਹਾਂ ਦਿਗਵਿਜੇ ਸਿੰਘ 'ਤੇ ਮੁੰਬਈ ਬੰਬ ਧਮਾਕਿਆਂ ਦੀ ਜਾਂਚ ਨੂੰ ਤਾਰਪੀਡੋ ਕਰਨ ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਦਾ ਗ੍ਰਹਿ ਮੰਤਰੀ ਤੇ ਜਾਂਚ ਏਜੰਸੀਆਂ ਵੀ ਇਨ੍ਹਾਂ ਧਮਾਕਿਆਂ ਬਾਰੇ ਕੁਝ ਕਹਿਣ ਦੀ ਹਾਲਤ ਵਿਚ ਨਹੀਂ ਤੇ ਜਾਂਚ ਚੱਲ ਰਹੀ ਹੈ, ਉਦੋਂ ਦਿਗਵਿਜੇ ਸਿੰਘ ਕੋਲ ਅਜਿਹੇ ਕਿਹੜੇ ਸਰੋਤ ਹਨ ਜਿਨ੍ਹਾਂ ਦੇ ਆਧਾਰ 'ਤੇ ਉਹ ਅਜਿਹੀ ਬਿਆਨਬਾਜ਼ੀ ਕਰ ਰਹੇ ਹਨ।

Sistar Mortgage
Minimizing Cost, Maximizing Investment
www.SistarMortgage.com
Balbir (Bill) Grewal, Loan Officer
Residential & Commercial Loans
(734) 330-8859 Mobile
(586) 262-0156 Fax
Balbir.Grewal@SistarMortgage.com
Loans Available In Most States!

>100% FHA Financing >Residential (Purchase & Refinance) >Self Employed >Cash Out Refinance >Investment Property Loans >Jumbo Loans >Commercial Property With Business or Business Only

The Karn Gill Radio Show
TUESDAY(S)
8:00 PM til 9:00 PM
680/690 AM

Karn Gill, Realtor
44644 Ann Arbor Road Suite A
Plymouth, MI 48170
Cell: (734) 612-9984
Email: KarnGill@Hotmail.com
Website: www.KarnGill.com
COLDWELL BANKER
Preferred, Realtors
Serving Michigan's Greater Detroit Communities
Topics:
-Bollywood Movie Songs
-Discussions / Debates
-Community Events
-Every Day Issues
-Interviews
Language:
- Hindi
- English
- Punjabi
- Gujarati
- Urdu
If you want to buy or sell a home in Michigan always go with the winner!

SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)

734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ
ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼
ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
ADMITTED IN THE STATE OF NEW YORK ONLY
CALIFORNIA
T 510.796.9000
39300 CIVIC CENTER DR, SUITE 170 FREMONT, CA 94538
FREMONT, CA 94538

# ਸਿੱਖ ਸੰਗਤ ਵਲੋਂ ਚੋਣ ਕਮੇਟੀ 'ਤੇ ਕੀਤਾ ਕੇਸ ਕਿਸ ਦਿਸ਼ਾ ਵਲ?

ਅਪਰੈਲ 2010 ਵਿਚ ਗੁਰਰਦੁਆਰਾ ਪੈਲਾਟਾਈਨ ਦੇ ਪ੍ਰਬੰਧਕੀ ਬੋਰਡ ਸਿੱਖ ਰਿਲੀਜੀਅਸ ਸੁਸਾਇਟੀ ਦੀਆਂ ਚੋਣਾਂ ਵਿਚ ਸਾਧ ਸੰਗਤ ਦੇ ਮੈਂਬਰਾਂ ਨਾਲ ਚੋਣ ਵਿਚ ਸ਼ਰੇਆਮ ਹੇਰਾ ਫ਼ੇਰੀ ਕਰਕੇ ਉਨ੍ਹਾਂ ਦੀ ਜਿੱਤ ਨੂੰ ਹਾਰ ਵਿਚ ਬਦਲਿਆ ਗਿਆ ਸੀ। ਸੰਗਤ ਨੇ ਬਹੁਤ ਕੋਸ਼ਿਸ਼ਾਂ ਕੀਤੀਆਂ, ਹੇਰਾ ਫ਼ੇਰੀ ਦੇ ਸਬੂਤ ਵੀ ਦਿਤੇ ਪਰ ਬੋਰਡ ਨੇ ਕੁਝ ਵੀ ਹੱਥ ਪਲੇ ਨਾ ਪਾਇਆ। ਉਲਟਾ ਇਨ੍ਹਾਂ ਦੇ ਲੀਡਰ ਨੇ ਕਿਹਾ ਕਿ ਕੋਰਟ ਦਾ ਰਾਹ ਫ਼ੜੋ, ਅਸੀਂ ਇਸ ਕੇਸ ਨੂੰ ਅਗਲੀ ਚੋਣ ਤਕ ਲਮਕਾ ਸਕਦੇ ਹਾਂ। ਨਾ ਕੋਈ ਦਲੀਲ ਤੇ ਨਾ ਕੋਈ ਅਪੀਲ ਕੰਮ ਆਈ। ਕੋਰਟ ਜਾਣ ਤੋਂ ਪਹਿਲਾਂ ਵਕੀਲ ਦੀ ਚਿੱਠੀ ਦਿੱਤੀ ਗਈ ਜਿਸ ਵਿਚ ਵੋਟਾਂ ਪੈਣ ਤੋਂ ਪਹਿਲਾਂ ਵਾਲੀ ਵੋਟਿੰਗ ਲਿਸਟ ਅਤੇ ਵੋਟਾਂ ਪੈਣ ਵਾਲੀ ਲਿਸਟ ਵਿਚ ਫ਼ਰਕ ਦਾ ਕਾਰਨ ਪੁਛਿਆ ਗਿਆ ਸੀ ਅਤੇ ਇਸ ਸਬੰਧੀ ਪੈਸੇ ਜਮ੍ਹਾਂ ਕਰਵਾਉਣ ਦਾ ਵੇਰਵਾ ਮੰਗਿਆ ਗਿਆ ਸੀ ਕਿ ਮੈਂਬਰਸ਼ਿਪ ਦੇ ਪੈਸੇ ਕਦੋਂ ਜਮ੍ਹਾਂ ਕਰਵਾਏ ਗਏ ਸਨ? ਉਸ ਚਿੱਠੀ ਦਾ ਇਨ੍ਹਾਂ ਨੇ ਜੁਆਬ ਤਕ ਨਹੀਂ ਦਿਤਾ। ਜੇ ਉਦੋਂ ਹੀ ਸਭ ਸੱਚ ਦਸ ਦਿੰਦੇ ਤਾਂ ਕੇਸ ਹੋਣਾ ਹੀ ਨਹੀਂ ਸੀ ਤੇ ਗੁਰੂ ਘਰ ਦੀ ਗੋਲਕ ਅਤੇ ਸੰਗਤ ਦਾ ਪੈਸਾ ਬਰਬਾਦ ਨਹੀਂ ਸੀ ਹੋਣਾ ਪਰ ਸੱਚ ਇਹ ਦਸ ਨਹੀਂ ਸੀ ਸਕਦੇ! ਆਖ਼ਿਰ ਸੰਗਤ ਨੇ ਇਸ ਧੱਕੇਸ਼ਾਹੀ ਵਿਰੁਧ, ਇਨਸਾਫ ਲਈ ਮੌਜੂਦਾ ਕਮੇਟੀ ਦੇ ਜ਼ਿੰਮੇਵਾਰ ਮੈਂਬਰਾਂ ਨੂੰ ਕੋਰਟ ਰਾਹੀਂ ਚੈਲੇਂਜ ਕੀਤਾ।

ਸੱਚ ਦਾ ਰਾਹ ਫ਼ੜਨ ਦੀ ਬਜਾਏ, ਜੱਜ ਨੂੰ ਭਰਮਾਉਣ ਲਈ ਮੌਜੂਦਾ ਪ੍ਰਬੰਧਕਾਂ ਵਲੋਂ ਸਿੱਖ ਰਿਲੀਜੀਅਸ ਸੁਸਾਇਟੀ ਦੇ ਸੰਵਿਧਾਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਕਿ ਕਮੇਟੀ 'ਤੇ ਕੋਈ ਕੇਸ ਹੀ ਨਹੀਂ ਕਰ ਸਕਦਾ। ਇਸੇ ਚੱਕਰ ਵਿਚ ਕਈ ਮਹੀਨੇ ਦਾ ਸਮਾਂ ਅਤੇ ਗੁਰੂ ਘਰ ਦੀ ਗੋਲਕ ਦੇ ਹਜ਼ਾਰਾਂ ਡਾਲਰ ਖ਼ਰਾਬ ਕੀਤੇ ਗਏ। ਇਨ੍ਹਾਂ ਦਾ ਕੀ ਗਿਆ? ਪੈਸੇ ਤਾਂ ਸੰਗਤ ਦੀ ਮਿਹਨਤ ਦੀ ਕਮਾਈ ਦੇ ਸਨ। ਅਖ਼ਿਰ ਜੱਜ ਨੇ ਇਨਸਾਫ ਕੀਤਾ ਕਿ ਮੰਗਾਂ ਠੀਕ ਹਨ ਅਤੇ ਮੌਜੂਦਾ ਕਮੇਟੀ ਜਵਾਬਦੇਹ ਹੈ। ਕਿੰਨੀ ਮਾਮੂਲੀ ਜਿਹੀ ਗੱਲ ਸੀ ਪਰ ਝੂਠ ਤੇ ਹੰਕਾਰ ਨੇ ਸੱਚ ਦੇ ਰਾਹ 'ਤੇ ਚੱਲਣ ਨਾ ਦਿਤਾ।

ਸਾਧ ਸੰਗਤ ਜੀ, ਗੁਰੂ ਤੇ ਗੁਰੂਘਰ ਕੋਈ ਗਲਤੀ ਕਰ ਹੀ ਨਹੀਂ ਸਕਦਾ, ਇਹ ਤੇ ਜੀਵਨ ਜੁਗਤ ਦਰਸਾਉਂਦਾ ਹੈ। ਇਸ 'ਤੇ ਕੋਈ ਕੇਸ ਕਿਵੇਂ ਕਰ ਸਕਦਾ ਹੈ? ਚੰਗੇ-ਮੰਦੇ ਕੰਮ ਤਾਂ ਪ੍ਰਬੰਧਕ ਕਰਦੇ ਹਨ। ਗਲਤ ਅਤੇ ਦੋਸ਼ੀ ਉਹ ਹਨ ਜਿਨ੍ਹਾਂ ਨੇ ਝੂਠ ਦੀ ਆੜ ਲੈ ਕੇ ਨਾਜਾਇਜ਼ ਵੋਟਾਂ ਭੁਗਤਾਇਆਂ ਅਤੇ ਫ਼ਿਰ ਚਿੱਠੀਆਂ ਰਾਹੀਂ ਅਤੇ ਗੁਰੂਘਰ ਦੀ ਸਟੇਜ ਦੀ ਪੂਰੀ ਤਰ੍ਹਾਂ ਦੁਰਵਰਤੋਂ ਕਰਦਿਆਂ ਸੰਗਤ ਨੂੰ ਗੁਮਰਾਹ ਕਰਨ ਦੀ ਕੋਸ਼ਿਸ ਕੀਤੀ। ਇਹ ਕੋਸ਼ਿਸ਼ ਹਾਲੀ ਵੀ ਜਾਰੀ ਹੈ।

ਸਾਧ ਸੰਗਤ ਜੀ, ਜੋ ਪੈਸਾ ਖ਼ਰਾਬ ਹੋਇਆ ਜਾਂ ਹੋਵੇਗਾ ਉਸ ਖਾਤਰ ਸਿਰਫ ਤੇ ਸਿਰਫ ਮੌਜੂਦਾ ਕਮੇਟੀ ਜ਼ਿੰਮੇਵਾਰ ਹੈ। ਸੰਗਤ ਨੂੰ ਪਤਾ ਹੈ ਕਿ ਪੈਸਾ ਜਿਹੜਾ ਗੁਰੂਘਰ ਦੀ ਗੋਲਕ ਦੀ ਦੁਰਵਰਤੋਂ ਕਰਕੇ ਮੌਜੂਦਾ ਕਮੇਟੀ ਨੇ ਜਾਂ ਸਿੱਖ ਇੰਟੈਗਰਿਟੀ ਐਸੋਸੀਏਸ਼ਨ (Sikh Integrity Association) ਨੇ ਖ਼ਰਚ ਕੀਤਾ ਹੈ, ਕਿਸ ਤਰ੍ਹਾਂ ਮੌਜੂਦਾ ਕਮੇਟੀ ਕੋਲੋਂ ਕਿਵੇਂ ਕਢਵਾਉਣਾ ਹੈ?

ਸਿੱਖ ਇੰਟੈਗਰਿਟੀ ਐਸੋਸੀਏਸ਼ਨ ਦਾ ਇਹ ਪੈਸਾ ਗੁਰਦਵਾਰਾ ਸਾਹਿਬ ਦੇ ਸਦਉਪਯੋਗ ਲਈ ਸੀ ਅਤੇ ਹੈ। ਪਹਿਲਾਂ ਵੀ ਇਨ੍ਹਾਂ ਸੰਗਤ ਦੇ ਸਹਿਯੋਗ ਨਾਲ ਲੰਗਰ ਹਾਲ ਅਤੇ ਸਕੂਲ ਦਾ ਮਾਅਰਕੇ ਦਾ ਪ੍ਰਾਜੈਕਟ ਸਿਰੇ ਚਾੜ੍ਹਿਆ ਗਿਆ ਸੀ। ਵਾਹਿਗੁਰੂ ਦੀ ਕਿਰਪਾ ਤੇ ਸੰਗਤ ਦੇ ਸਹਿਯੋਗ ਨਾਲ ਫਿਰ ਬਰਕਤ ਪਏਗੀ।

ਹੁਣ ਗੁੰਬਦ ਲਈ ਪੈਸੇ ਇਕੱਠੇ ਬਾਰੇ ਸੰਗਤ ਦੇ ਕੁਝ ਮੈਂਬਰ ਇਹ ਪੁੱਛਦੇ ਸੁਣੇ ਗਏ ਹਨ, ਪਹਿਲਾਂ ਇੱਕਠੇ ਕੀਤੇ ਪੈਸਿਆਂ ਦਾ ਕੀ ਬਣਿਆ? ਗੁੰਬਦ ਦਾ ਤਾਂ ਬਹਾਨਾ ਹੈ, ਪੈਸੇ ਤਾਂ ਝੂਠਾ ਕੇਸ ਲੜਨ ਲਈ ਚਾਹੀਦੇ ਹਨ। ਕੇਸ ਉਤੇ ਇਨ੍ਹਾਂ ਕਿਹੜਾ ਪੱਲਿਉਂ ਕੁਝ ਲਾਉਣਾ ਹੈ? ਸੰਗਤ ਦਾ ਪੈਸਾ ਹੀ ਖ਼ਰਾਬ ਕਰਨਾ ਹੈ।

ਇਨ੍ਹਾਂ ਦੀਆਂ ਇਹ ਜਾਨਣ, ਗੁਰੂ ਰੂਪ ਸਾਧ ਸੰਗਤ ਜੀਓ, ਤੁਸੀਂ ਸਾਰੀ ਗੱਲ ਦੀ ਪੜਤਾਲ ਕਰਕੇ ਫੈਸਲਾ ਲਓ, ਜੇ ਕੋਈ ਵੀ ਪੁਛਗਿਛ ਕਰਨੀ ਹੋਵੇ, ਅਸੀਂ ਹਾਜ਼ਰ ਹਾਂ।

ਗੌਰ ਕਰੋ, ਫੈਸਲਾ ਖਿਲਾਫ ਹੋਣ ਦੇ ਬਾਵਜੂਦ ਵੀ ਇਹ ਲੱਡੂ ਵੰਡਦੇ ਫ਼ਿਰਦੇ ਹਨ ਤੇ ਕਹਿੰਦੇ ਹਨ ਜਿੱਤ ਗਏ ਨੇ!!

**ਤੁਹਾਡੀ ਸੇਵਕ**

**Sikh Integrity Association**

ਪੰਜਾਬ ਟਾਈਮਜ਼

*ਸਨਿਚਰਵਾਰ, 23 ਜੁਲਾਈ 2011*

## ਦਹਿਸ਼ਤ ਦਾ ਦੰਗਲ

ਸਿਲਸਿਲੇਵਾਰ ਬੰਬ ਧਮਾਕਿਆਂ ਨਾਲ ਮੁੰਬਈ ਵਿਚ ਇਕ ਵਾਰ ਫਿਰ ਦਹਿਸ਼ਤ ਰਾਹੀਂ ਬੰਦੇ ਨੂੰ ਭੰਨ੍ਹਣ ਦੀ ਕੋਸ਼ਿਸ਼ ਕੀਤੀ ਗਈ ਹੈ। ਧਮਾਕਿਆਂ ਦੇ ਢੰਗ-ਤਰੀਕੇ ਤੋਂ ਇਕ ਹੀ ਗੱਲ ਸਪਸ਼ਟ ਹੋ ਰਹੀ ਸੀ ਕਿ ਇਨ੍ਹਾਂ ਦਾ ਮਕਸਦ ਲੋਕਾਂ ਨੂੰ ਦਹਿਸ਼ਤਜ਼ਦਾ ਕਰਨਾ ਸੀ। ਇਨ੍ਹਾਂ ਦੇ ਕੁਝ ਹੋਰ ਲੁਕਵੇਂ ਕਾਰਨ ਵੀ ਹਨ/ਸਨ ਜੋ ਹੁਣ ਹੌਲੀ-ਹੌਲੀ ਸਾਹਮਣੇ ਆ ਰਹੇ ਹਨ। ਉਂਜ, ਧਮਾਕਿਆਂ ਤੋਂ ਤੁਰੰਤ ਬਾਅਦ ਪ੍ਰਸ਼ਾਸਨ ਅਤੇ ਸਿਆਸਤ ਦਾ ਜੋ ਚਿਹਰਾ ਸਾਹਮਣੇ ਆਇਆ ਹੈ, ਉਸ ਨੇ ਕਈ ਕਿਸਮ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ। ਦੇਸ਼ ਦੇ ਇਸ ਮਹਾਨਗਰ ਵਿਚ ਫੱਟੜਾਂ ਦੀ ਸਹੀ ਸੰਭਾਲ ਲਈ ਹਸਪਤਾਲਾਂ ਵਿਚ ਪੂਰੇ ਪ੍ਰਬੰਧ ਵੀ ਨਹੀਂ ਸਨ। ਇਹ ਵੀ ਜ਼ਾਹਿਰ ਹੋ ਗਿਆ ਕਿ ਸਮੇਂ ਦੀ ਸਰਕਾਰ ਅਤੇ ਸਿਆਸੀ ਪਾਰਟੀਆਂ ਕੋਲ ਇਸ ਮਸਲੇ ਬਾਰੇ ਕਹਿਣ ਲਈ ਬਹੁਤਾ ਕੁਝ ਨਹੀਂ ਹੈ। ਸਭ ਦਾ ਯਤਨ ਸੀ ਕਿ ਕੋਈ ਨਾ ਕੋਈ ਬਹਾਨਾ ਘੜ ਕੇ ਫਿਲਹਾਲ ਸੁਰਖ-ਰੂ ਹੋ ਲਿਆ ਜਾਵੇ। ਸ਼ਾਇਦ ਇਸੇ ਕਰਕੇ ਹੀ ਬਿਨਾ ਕੋਈ ਸਬੂਤ ਮਿਲੇ ਇਹ ਵਾਰਦਾਤ ਸਿੱਧੀ ਹੀ ਮੁਸਲਿਮ ਜਥੇਬੰਦੀਆਂ ਦੇ ਖਾਤੇ ਪਾ ਦਿੱਤੀ ਗਈ। ਇਸ ਤੋਂ ਬਾਅਦ ਫਿਰ ਮੀਡੀਆ ਸੀ ਅਤੇ ਸਿਆਸੀ ਕਲਾਬਾਜ਼ੀਆਂ ਸਨ, ਜ਼ਖ਼ਮੀ ਮੁੰਬਈ ਦੀ ਸਾਰ ਲੈਣ ਵਾਲਾ ਸ਼ਾਇਦ ਕੋਈ ਨਹੀਂ ਸੀ! ਮੁਸਲਿਮ ਜਥੇਬੰਦੀਆਂ ਬਾਰੇ ਗੱਲ ਚੱਲਣ ਦੀ ਦੇਰ ਸੀ ਕਿ ਤੁਰੰਤ ਇਹ ਖਬਰ ਵੀ ਆ ਗਈ ਕਿ ਧਮਾਕਿਆਂ ਵਾਲੇ ਦਿਨ ਅਜਮਲ ਕਸਾਬ ਦਾ ਜਨਮ ਦਿਨ ਹੈ। ਉਸ ਨੂੰ 2008 ਦੇ ਮੁੰਬਈ ਹਮਲੇ ਵਾਲੇ ਕੇਸ ਵਿਚ ਫੜਿਆ ਹੋਇਆ ਹੈ। ਕਿਹਾ ਗਿਆ ਕਿ ਇਹ ਵਾਰਦਾਤ ਉਸ ਲਈ ਜਨਮ ਦਿਨ ਦਾ ਤੋਹਫਾ ਹੈ। ਕਿਸੇ ਨੇ ਵੀ ਇਸ ਖਬਰ ਦੇ ਝੂਠੀ-ਸੱਚੀ ਹੋਣ ਬਾਰੇ ਪਤਾ ਕਰਨ ਦੀ ਲੋੜ ਤੱਕ ਨਾ ਸਮਝੀ, ਤੇ ਫਿਰ ਨਫਰਤ ਅਤੇ ਦਹਿਸ਼ਤ ਦੀ ਜਿਹੜੀ ਨਦੀ ਵਗੀ, ਉਹ ਬੰਬਾਂ ਨਾਲੋਂ ਕਿਸੇ ਵੀ ਸੂਰਤ ਘੱਟ ਨਹੀਂ ਸੀ। 1984 ਵਿਚ ਵੀ ਇੰਜ ਹੀ ਹੋਇਆ ਸੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਇਕ ਖਬਰ ਏਜੰਸੀ ਦੇ ਪੱਤਰਕਾਰ ਨੇ ਕਤਲ ਕਰਨ ਵਾਲਿਆਂ ਅੱਗੇ 'ਸਿੱਖ' ਸ਼ਬਦ ਜੋੜ ਦਿੱਤਾ ਸੀ। ਉਸ ਤੋਂ ਬਾਅਦ ਜਿਹੜਾ ਸਾਕਾ ਹੋਇਆ, ਉਸ ਦਾ ਦਰਦ ਰਹਿ-ਰਹਿ ਕੇ ਰਿਸਦਾ ਹੈ ਪਰ ਸ਼ੁਕਰ ਹੈ ਕਿ ਮੁੰਬਈ ਦਾ ਬੰਦਾ ਸ਼ਿਵ ਸੈਨਾ ਅਤੇ ਹੋਰ ਤੁਅੱਸਬੀ ਜਮਾਤਾਂ ਦੀ ਭੜਕਾਹਟ ਦੇ ਬਾਵਜੂਦ ਦੂਜੇ ਬੰਦੇ ਦਾ ਦਰਦ ਬੁੱਝਦਾ ਹੈ। ਇਸੇ ਕਰਕੇ, ਸਾਰੇ ਦਰਦ ਸੀਨੇ ਵਿਚ ਲੈ ਕੇ ਮੁੰਬਈ ਫਿਰ ਤੋਂ ਲੀਹੇ ਪੈ ਜਾਂਦੀ ਹੈ। ਪੰਜ ਸਾਲ ਪਹਿਲਾਂ ਵੀ ਮੁੰਬਈ ਦੀਆਂ ਟਰੇਨਾਂ ਵਿਚ ਇਸੇ ਤਰ੍ਹਾਂ ਸਿਲਸਿਲੇਵਾਰ ਸੱਤ ਬੰਬ ਧਮਾਕੇ ਹੋਏ ਹਨ। ਉਨ੍ਹਾਂ ਧਮਾਕਿਆਂ ਬਾਰੇ ਵੀ ਜਾਂਚ ਅਜੇ ਚੱਲ ਰਹੀ ਹੈ। ਜੇ ਕਿਤੇ ਉਦੋਂ ਹੀ ਧਮਾਕਿਆਂ ਤੋਂ ਬਾਅਦ ਹਾਲਾਤ ਦੀ ਸਹੀ ਪੁਣ-ਛਾਣ ਕੀਤੀ ਹੁੰਦੀ ਤਾਂ ਘੱਟੋ-ਘੱਟ ਇਨ੍ਹਾਂ ਦੀ ਮਾਰ ਤਾਂ ਘਟਾਈ ਹੀ ਜਾ ਸਕਦੀ ਸੀ।

ਇਨ੍ਹਾਂ ਧਮਾਕਿਆਂ ਦੇ ਪ੍ਰਸੰਗ ਵਿਚ ਦੋ ਗੱਲਾਂ ਹੋਰ ਵਿਚਾਰਨ ਵਾਲੀਆਂ ਹਨ। ਇਕ, ਅੱਜ ਕੱਲ੍ਹ ਹਿੰਦ-ਪਾਕਿ ਗੱਲਬਾਤ ਲੀਹ 'ਤੇ ਪੈ ਰਹੀ ਹੈ। ਦੂਜੀ, ਕੇਂਦਰ ਸਰਕਾਰ ਬਹੁਤ ਸਾਰੇ ਮਸਲਿਆਂ ਵਿਚ ਬੁਰੀ ਤਰ੍ਹਾਂ ਫਸੀ ਹੋਈ ਹੈ। ਤੁਅੱਸਬੀ ਜਥੇਬੰਦੀਆਂ ਦਾ ਸਭ ਤੋਂ ਪਹਿਲਾ ਬਿਆਨ ਇਹੀ ਆਇਆ ਕਿ ਪਾਕਿਸਤਾਨ ਨਾਲ ਹੁਣ ਗੱਲਬਾਤ ਅਗਾਂਹ ਨਾ ਤੋਰੀ ਜਾਵੇ। ਕੇਂਦਰ ਸਰਕਾਰ ਦੇ ਨੁਮਾਇੰਦਿਆਂ ਦੇ ਬਿਆਨਾਂ ਤੋਂ ਜ਼ਾਹਿਰ ਹੋ ਗਿਆ ਹੈ ਕਿ ਇਨ੍ਹਾਂ ਧਮਾਕਿਆਂ ਨਾਲ ਉਨ੍ਹਾਂ ਨੂੰ ਇਕ ਵਾਰ ਤਾਂ 'ਸੁੱਖ ਦਾ ਸਾਹ' ਆ ਗਿਆ ਹੈ। ਮੀਡੀਆ ਦਾ ਸਮੁੱਚਾ ਧਿਆਨ ਹੁਣ ਧਮਾਕਿਆਂ ਵੱਲ ਹੈ, ਧਮਾਕਿਆਂ ਦੀ ਸਿਆਸਤ ਵੱਲ ਹੈ। ਕੌਮੀ ਮੁੱਦੇ ਫਿਲਹਾਲ ਬਹੁਤ ਪਿਛਾਂਹ ਚਲੇ ਗਏ ਹਨ। ਦੋਹਾਂ ਗੱਲਾਂ ਦੇ ਪ੍ਰਸੰਗ ਵਿਚ ਧਮਾਕੇ ਇਤਫਾਕ ਹੋ ਸਕਦੇ ਹਨ ਪਰ ਪਿਛਲੇ ਵਕਤਾਂ ਉਤੇ ਜੇ ਤਰਦੀ ਜਿਹੀ ਨਿਗ੍ਹਾ ਵੀ ਮਾਰੀਏ ਤਾਂ ਇਹੀ ਲੱਭਦਾ ਹੈ ਕਿ ਅਜਿਹੀਆਂ ਲੜੀਆਂ ਐਵੇਂ ਨਹੀਂ ਜੁੜਦੀਆਂ। ਹੁਣ ਦੇਸ਼ ਲਈ ਸਭ ਤੋਂ ਪਹਿਲਾ ਅਤੇ ਵੱਡਾ ਮੁੱਦਾ ਅਤਿਵਾਦ ਹੈ। ਸਾਰਾ ਦੇਸ਼ ਰੈਡ ਅਲਰਟ 'ਤੇ ਹੈ। ਪੰਜਾਬ ਬਾਰੇ ਖੁਫੀਆ ਏਜੰਸੀ ਦੀ ਰਿਪੋਰਟ ਕਹਿੰਦੀ ਹੈ ਕਿ ਭਾਖੜਾ ਡੈਮ ਅਤਿਵਾਦੀਆਂ ਦੇ ਨਿਸ਼ਾਨੇ 'ਤੇ ਹੈ। ਭਾਖੜਾ ਡੈਮ ਟੁੱਟਣ ਦਾ ਮਤਲਬ ਅੱਧਾ ਪੰਜਾਬ ਡੁੱਬਣ ਤੋਂ ਹੈ। ਜੇ ਇਹ ਰਿਪੋਰਟ ਰੱਤੀ ਭਰ ਵੀ ਸੱਚੀ ਹੈ ਤਾਂ ਆਪਣੇ ਆਪ ਨੂੰ ਖਾੜਕੂ ਆਖਣ ਵਾਲਿਆਂ ਲਈ ਇਹ ਸੋਚਣ ਦੀ ਘੜੀ ਹੈ ਕਿ ਹਥਿਆਰਾਂ ਬਾਰੇ ਉਨ੍ਹਾਂ ਦੀ ਪਹੁੰਚ ਕੀ ਹੋਣੀ ਚਾਹੀਦੀ ਹੈ? ਇਹ ਸਵਾਲ ਇਸ ਕਰਕੇ ਹੈ ਕਿਉਂਕਿ ਪੰਜਾਬ ਵਿਚ ਰੋਸ ਅਤੇ ਰੋਸਾ ਜ਼ਾਹਿਰ ਕਰਨ ਵਾਲਿਆਂ ਕੋਲੋਂ ਹਥਿਆਰਾਂ ਅਤੇ ਅਸਲ੍ਹੇ ਤੋਂ ਇਲਾਵਾ ਹੋਰ ਕੁਝ ਨਹੀਂ ਮਿਲਿਆ ਹੈ। ਮੁੰਬਈ ਦੇ ਲੋਕ ਜੋ ਦਹਿਸ਼ਤ ਅੱਜ ਹੰਢਾ ਰਹੇ ਹਨ, ਪੰਜਾਬ ਦੇ ਲੋਕਾਂ ਨੇ ਉਹ ਸਰਕਾਰੀ/ਗੈਰਸਰਕਾਰੀ ਦਹਿਸ਼ਤ ਡੇਢ ਦਹਾਕਾ ਹੰਢਾਈ ਹੈ, ਤੇ ਦਹਿਸ਼ਤ ਦੇ ਦੰਗਲ ਨੇ ਸਦਾ ਸਥਾਪਤੀ ਦਾ ਬੋਝਾ ਹੀ ਭਰਿਆ ਹੈ। ਉਂਜ ਵੀ, ਕਿਸੇ ਖੇਤਰ ਵਿਚ ਵੱਢ ਉਦੋਂ ਹੀ ਪੈਂਦਾ ਹੈ, ਜਦੋਂ ਰੋਸ ਅਤੇ ਰੋਸੇ ਦੀ ਧਾਰ ਤਲਵਾਰ ਨਾਲੋਂ ਤਿੱਖੀ ਹੋ ਜਾਂਦੀ ਹੈ। ਪੰਜਾਬ ਦੇ ਸਦਾ ਸਲਾਮਤ ਨੌਜਵਾਨ ਨਾਇਕ ਭਗਤ ਸਿੰਘ ਨੇ ਇਸੇ ਨੂੰ ਹੀ 'ਵਿਚਾਰਾਂ ਨੂੰ ਸਾਣ ਉਤੇ ਲਾਉਣਾ' ਆਖਿਆ ਸੀ। ਲੜਾਈਆਂ ਮੁੱਕਣੀਆਂ ਨਹੀਂ, ਇਹ ਸਦਾ ਚੱਲਦੀਆਂ ਰਹਿਣੀਆਂ ਹਨ ਪਰ ਸਭ ਤੋਂ ਆਖਰੀ ਲੜਾਈ ਤਾਂ ਆਪਣੇ-ਆਪ ਦੇ ਖਿਲਾਫ ਹੀ ਲੜੀ ਜਾਣੀ ਹੈ। ਇਸ ਲੜਾਈ ਤੋਂ ਬਾਅਦ ਹੀ ਉਸ ਸ਼ਖਸ ਦੀ ਸਿਰਜਣਾ ਹੋਣੀ ਹੈ ਜਿਸ ਦੇ ਨਕਸ਼ ਪਹਿਲਾਂ ਵੱਖ-ਵੱਖ ਸਮਿਆਂ ਦੌਰਾਨ ਉਲੀਕੇ ਜਾਂਦੇ ਰਹੇ ਹਨ। ਉਸ ਲੜਾਈ ਦੇ ਕੇਂਦਰ ਵਿਚ ਕੋਈ ਹੱਥ ਜਾਂ ਹਥਿਆਰ ਨਹੀਂ ਹੋਵੇਗਾ, ਸਗੋਂ ਉਹ ਸ਼ਖਸ ਹੋਵੇਗਾ ਜਿਹੜਾ ਸਰਬੱਤ ਦੇ ਭਲੇ ਲਈ ਅਹੁਲ ਰਿਹਾ ਹੋਵੇਗਾ। ਇਹ ਗੱਲ ਵਾਰ-ਵਾਰ ਚਿਤਾਰਨੀ ਇਸ ਕਰਕੇ ਵੀ ਜ਼ਰੂਰੀ ਹੈ ਕਿਉਂਕਿ ਮਨੁੱਖੀ ਸੁਭਾਅ ਰਾਹ ਤੋਂ ਔਝਲ ਜਾਣ ਲਈ ਸਰਾਪਿਆ ਹੋਇਆ ਹੈ। ਇਸ ਨੂੰ ਲੀਹ 'ਤੇ ਪਾਈ ਰੱਖਣ ਲਈ ਤੁਅੱਸਬ ਅਤੇ ਨਫਰਤ ਨਹੀਂ, ਉਹ ਸੁੱਚਾ ਸੁਨੇਹਾ ਦੇਣਾ ਲੋੜੀਦਾ ਹੈ ਜਿਹੜਾ ਸਾਡੇ ਪੁਰਖਿਆਂ ਨੇ ਆਪਣੀਆਂ ਜਾਨਾਂ ਵਾਰ ਕੇ ਦਿੱਤਾ ਹੈ। ਇਸ ਸੁਨੇਹੇ ਵਿਚ ਦਹਿਸ਼ਤ ਨੂੰ ਤੂੰਬੇ-ਤੂੰਬੇ ਉਡਾਉਣ ਦੀ ਤਾਕਤ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਾਂਸੀ-ਬੁਟਾਣਾ ਨਹਿਰ*

ਹੋ ਜਾਂਦਾ ਨੁਕਸਾਨ ਪੰਜਾਬੀਆਂ ਦਾ, ਮੌਕਾ ਹੜ੍ਹਾਂ ਦਾ ਆਉਂਦਾ ਜਦ ਕਹਿਰ ਵਾਲਾ।
ਪਾਣੀ ਮਾਰ ਕਰਦਾ ਚੋਆਂ ਨਾਲਿਆਂ ਦਾ, ਫਰਕ ਮੇਟਦਾ ਪਿੰਡ ਤੇ ਸ਼ਹਿਰ ਵਾਲਾ।
ਜੇਕਰ ਕੰਧ ਹਰਿਆਣੇ ਨੇ ਖੜ੍ਹੀ ਕਰ'ਤੀ, ਕੀ ਬਣੂੰਗਾ ਘੱਗਰ ਦੀ ਲਹਿਰ ਵਾਲਾ?
ਏਸ ਗੱਲ ਦੀ ਚਿੰਤਾ ਨਾ ਹਾਕਮਾਂ ਨੂੰ, ਸਾਰਾ ਮਾਲਵਾ ਹੋ ਗਿਆ ਜ਼ਹਿਰ ਵਾਲਾ।
ਵੇਲਾ ਖੁੰਝਿਆਂ ਫੇਰ ਨਹੀਂ ਕਿਸੇ ਸੁਣਨਾ, ਗੀਤ ਬੋਲਿਆ ਸੋਗ-ਮਈ ਬਹਿਰ ਵਾਲਾ।
ਧੱਕੇਸ਼ਾਹੀ ਪੰਜਾਬ ਦੇ ਨਾਲ ਹੈ ਇਹ, ਮਸਲਾ ਹਾਂਸੀ-ਬੁਟਾਣੇ ਦੀ ਨਹਿਰ ਵਾਲਾ।

# ਸਲਵਾ ਜੁਡਮ ਦਾ ਸੱਚ, ਸਰਕਾਰ ਤੇ ਸੁਪਰੀਮ ਕੋਰਟ

***ਇਹ ਨੀਤੀ ਪਿਛਲੇ 64 ਸਾਲਾਂ ਤੋਂ ਹੁਕਮਰਾਨ ਜਮਾਤ ਦੀ ਜਨਤਕ ਅਤੇ ਸਿਆਸੀ ਬੇਚੈਨੀ ਨਾਲ ਨਜਿੱਠਣ ਦੀ ਰਾਜਕੀ ਨੀਤੀ ਦਾ ਅੰਗ ਰਹੀ ਹੈ। ਚਾਹੇ ਕਸ਼ਮੀਰ ਦੀ ਆਜ਼ਾਦੀ ਦੀ ਤਹਿਰੀਕ ਹੋਵੇ ਜਾਂ ਮਿਜ਼ੋਰਮ, ਮਨੀਪੁਰ ਅਤੇ ਅਸਾਮ ਦੀਆਂ ਕੌਮੀਅਤ ਲਹਿਰਾਂ, ਚਾਹੇ ਪੰਜਾਬ 'ਚ ਖਾਲਿਸਤਾਨ ਦੀ ਲਹਿਰ ਹੋਵੇ ਜਾਂ ਵੱਖ-ਵੱਖ ਸੂਬਿਆਂ 'ਚ ਨਕਸਲੀ/ਮਾਓਵਾਦੀ ਲਹਿਰ, ਜਿੱਥੇ ਕਿਤੇ ਵੀ ਹੁਕਮਰਾਨਾਂ ਦੀ ਆਪਣੀ ਨਾਲਾਇਕੀ ਅਤੇ ਗ਼ਲਤ ਨੀਤੀਆਂ 'ਚੋਂ ਉਪਜੀ ਜਨਤਕ ਬੇਚੈਨੀ ਹਕੂਮਤੀ ਦਹਿਸ਼ਤਗਰਦੀ ਤੋਂ ਤੰਗ ਆ ਕੇ ਹਥਿਆਰਬੰਦ ਟਾਕਰੇ ਦੇ ਰਾਹ ਪੈ ਤੁਰਦੀ ਹੈ, ਉੱਥੇ ਹੁਕਮਰਾਨ ਆਪਣੇ ਨੀਤੀ-ਅਮਲ ਬਾਰੇ ਸੰਜੀਦਗੀ ਨਾਲ ਸੋਚ-ਵਿਚਾਰ ਕਰਨ ਦੀ ਥਾਂ ਸਗੋਂ ਨੰਗੀ-ਚਿੱਟੀ ਵਹਿਸ਼ੀ ਹਿੰਸਾ ਦਾ ਸਹਾਰਾ ਲੈਂਦੇ ਰਹੇ ਹਨ।***

■ ਬੂਟਾ ਸਿੰਘ

ਭਾਰਤ ਦੀ ਸੁਪਰੀਮ ਕੋਰਟ ਨੇ ਇਤਿਹਾਸਕ ਫ਼ੈਸਲਾ ਸੁਣਾਉਂਦਿਆਂ ਛੱਤੀਸਗੜ੍ਹ ਸਰਕਾਰ ਵਲੋਂ ਮਾਓਵਾਦੀ ਲਹਿਰ ਵਿਰੁੱਧ ਜੰਗ 'ਚ ਐੱਸ.ਪੀ.ਓ. (ਸਪੈਸ਼ਲ ਪੁਲਿਸ ਅਫ਼ਸਰ) ਦੀ ਵਰਤੋਂ ਨੂੰ 'ਗ਼ੈਰ-ਸੰਵਿਧਾਨਕ' ਕਰਾਰ ਦਿੱਤਾ ਹੈ। ਜਸਟਿਸ ਬੀ. ਸੁਦਰਸ਼ਨ ਰੈਡੀ ਅਤੇ ਜਸਟਿਸ ਐੱਸ.ਐੱਸ. ਨਿੱਜਰ ਨੇ ਸੂਬਾ ਸਰਕਾਰ ਨੂੰ ਐੱਸ.ਪੀ.ਓ. ਦੀ ਤਾਕਤ ਨੂੰ ਤੋੜਨ ਦਾ ਆਦੇਸ਼ ਦਿੱਤਾ ਅਤੇ ਕੇਂਦਰ ਸਰਕਾਰ ਨੂੰ ਸਪਸ਼ਟ ਕਹਿ ਦਿੱਤਾ ਕਿ ਇਸ ਉਦੇਸ਼ ਲਈ ਫੰਡ ਦੇਣੇ ਤੁਰੰਤ ਬੰਦ ਕੀਤੇ ਜਾਣ। 2007 'ਚ ਸਮਾਜ ਵਿਗਿਆਨੀ ਨੰਦਨੀ ਸੁੰਦਰ, ਇਤਿਹਾਸਕਾਰ ਰਾਮਚੰਦਰ ਗੁਹਾ, ਚੋਟੀ ਦੇ ਸਾਬਕਾ ਅਧਿਕਾਰੀ ਈ.ਏ.ਐੱਸ. ਸ਼ਰਮਾ ਅਤੇ ਹੋਰ ਬੁੱਧੀਜੀਵੀਆਂ ਨੇ ਸੁਪਰੀਮ ਕੋਰਟ 'ਚ ਰਿੱਟ ਪਟੀਸ਼ਨ ਦਾਇਰ ਕਰਕੇ ਸਲਵਾ ਜੁਡਮ ਅਤੇ ਐੱਸ.ਪੀ.ਓਜ਼. ਨਾਂ ਦੇ ਹਥਿਆਰਬੰਦ ਗਰੋਹਾਂ ਉੱਪਰ ਕਾਨੂੰਨੀ ਪਾਬੰਦੀ ਲਾਉਣ ਦੀ ਮੰਗ ਕੀਤੀ ਸੀ। ਇਹ ਫ਼ੈਸਲਾ ਜਿੱਥੇ ਸਵਾਗਤਯੋਗ ਹੈ, ਉੱਥੇ ਕਈ ਸਵਾਲ ਵੀ ਖੜ੍ਹੇ ਕਰਦਾ ਹੈ।

ਅਸਲ ਵਿਚ, ਸਲਵਾ ਜੁਡਮ ਅਤੇ ਐੱਸ.ਪੀ.ਓਜ਼. ਇਕੋ ਹੀ ਸਿੱਕੇ ਦੇ ਦੋ ਪਾਸੇ ਹਨ। 2005 'ਚ ਛੱਤੀਸਗੜ੍ਹ ਵਿਚ 'ਸਲਵਾ ਜੁਡਮ' (ਸ਼ਾਂਤੀ ਮੁਹਿੰਮ) ਨਾਂ ਦਾ ਹਿੰਸਕ ਵਰਤਾਰਾ ਸਾਹਮਣੇ ਆਇਆ ਸੀ। ਹੁਕਮਰਾਨ ਧਿਰ ਦਾ ਕਹਿਣਾ ਸੀ/ਹੈ ਕਿ ਸਲਵਾ ਜੁਡਮ ਮਾਓਵਾਦੀ ਹਿੰਸਾ ਵਿਰੁੱਧ ਆਦਿਵਾਸੀ ਲੋਕਾਂ ਦਾ ਆਪਮੁਹਾਰਾ ਪ੍ਰਤੀਕਰਮ ਹੈ ਜੋ ਮਾਓਵਾਦੀ ਹਿੰਸਾ ਦਾ ਖ਼ਾਤਮਾ ਅਤੇ ਸ਼ਾਂਤੀ ਮੁੜ ਬਹਾਲ ਕਰਨਾ ਚਾਹੁੰਦੇ ਹਨ। ਉਂਝ, ਭਾਜਪਾ ਅਤੇ ਕਾਂਗਰਸ ਦੇ ਭਾਵੇਂ ਹਜ਼ਾਰ ਮੱਤਭੇਦ ਹੋਣ ਪਰ ਆਦਿਵਾਸੀਆਂ ਦਾ ਘਾਣ ਕਰਨ ਲਈ ਅਜਿਹੀ ਲਾਕਾਨੂੰਨੀ ਤਾਕਤ ਬਣਾਉਣ ਅਤੇ ਵਰਤਣ ਉੱਪਰ ਉਹ ਪੂਰੀ ਤਰ੍ਹਾਂ ਸਹਿਮਤ ਸਨ। ਇਸ ਦੇ ਉਲਟ, ਸ਼ਹਿਰੀ ਆਜ਼ਾਦੀਆਂ ਦੀਆਂ ਜਥੇਬੰਦੀਆਂ, ਨਾਮਵਰ ਬੁੱਧੀਜੀਵੀਆਂ ਅਤੇ ਸਮੂਹ ਜਮਹੂਰੀਅਤਪਸੰਦ ਤਾਕਤਾਂ ਨੇ ਦੋਸ਼ ਲਾਇਆ ਕਿ ਸਲਵਾ ਜੁਡਮ ਸੂਬਾ ਸਰਕਾਰ ਵਲੋਂ ਆਦਿਵਾਸੀ ਲੋਕਾਂ ਦੀ ਟਾਕਰਾ ਲਹਿਰ ਨੂੰ ਕੁਚਲਣ ਲਈ ਈਜ਼ਾਦ ਕੀਤਾ ਨਵਾਂ ਦਾਅਪੇਚ ਹੈ। ਸੂਬੇ 'ਚ ਵਿਰੋਧੀ-ਧਿਰ ਕਾਂਗਰਸ ਦੇ ਵਿਧਾਇਕ ਮਹਿੰਦਰ ਕਰਮਾ ਨੂੰ ਤਾਂ ਇਸ ਮੁਹਿੰਮ ਦਾ ਮੋਹਰਾ ਹੀ ਬਣਾਇਆ ਗਿਆ ਹੈ। ਆਦਿਵਾਸੀਆਂ ਦੇ ਨਾਂ ਹੇਠ ਵਿੱਢੀ ਗਈ ਇਸ ਕਤਲੋਗ਼ਾਰਤ ਅਤੇ ਸਾੜਫੂਕ ਦੀ ਅਸਲ ਤਾਕਤ ਕਾਂਗਰਸ ਅਤੇ ਭਾਜਪਾ ਦੇ ਕਾਰਕੁਨ ਹਨ ਅਤੇ ਇਸ ਵਿਚ ਵੱਡੇ ਪੱਧਰ 'ਤੇ ਸਮਾਜ ਵਿਰੋਧੀ ਅਵਾਰਾ ਅਨਸਰਾਂ ਨੂੰ ਲਾਮਬੰਦ ਕੀਤਾ ਗਿਆ ਹੈ। ਉਨ੍ਹਾਂ ਨੇ ਸੂਬਾ ਸਰਕਾਰ ਅਤੇ ਕਾਰਪੋਰੇਟ ਖੇਤਰ ਦਰਮਿਆਨ ਸੂਬੇ ਦੇ ਅਮੀਰ ਖਣਿਜ ਖ਼ਜ਼ਾਨੇ ਹਥਿਆਉਣ ਲਈ ਸਹੀਬੰਦ ਕੀਤੇ ਸਹਿਮਤੀਨਾਮਿਆਂ (ਐੱਮ.ਓ.ਯੂ.) ਅਤੇ ਇਸ ਮੁਹਿੰਮ ਦਾ ਡੂੰਘਾ ਰਿਸ਼ਤਾ ਦਰਸਾਉਂਦੇ ਹੋਏ ਤੱਥ ਪੇਸ਼ ਕੀਤੇ ਕਿ ਕਿਵੇਂ ਟਾਟਾ ਅਤੇ ਐੱਸਆਰ ਕੰਪਨੀਆਂ ਇਸ ਦਾ ਸਾਰਾ ਖ਼ਰਚ ਉਠਾ ਰਹੀਆਂ ਹਨ ਅਤੇ ਜਿਲ੍ਹੇ ਦੇ ਮੁੱਖ ਸਿਵਲ ਅਤੇ ਪੁਲਿਸ ਅਧਿਕਾਰੀ ਅਤੇ ਇੱਥੇ ਵਿਸ਼ੇਸ਼ ਤੌਰ 'ਤੇ ਤਾਇਨਾਤ ਸੁਰੱਖਿਆ ਤਾਕਤਾਂ ਦੀ ਨਾਗਾ ਬਟਾਲੀਅਨ ਇਸ ਮੁਹਿੰਮ ਦੀ ਯੋਜਨਾਬੰਦੀ ਅਤੇ ਅਮਲਦਾਰੀ 'ਚ ਸ਼ਾਮਲ ਹਨ। ਇਸ ਦੌਰਾਨ, ਬੀਜਾਪੁਰ ਦੇ ਐੱਸ.ਪੀ. ਦਾ ਵਾਇਰਲੈੱਸ ਉੱਪਰ ਆਪਣੇ ਮਤਹਿਤ ਅਧਿਕਾਰੀਆਂ ਨੂੰ ਸਲਵਾ ਜੁਡਮ ਨੂੰ ਅਮਲ 'ਚ ਲਿਆਉਣ ਦੀਆਂ ਹਦਾਇਤਾਂ ਦੇਣ ਦਾ ਮਾਮਲਾ ਚਰਚਾ ਦਾ ਵਿਸ਼ਾ ਬਣਿਆ। ਸ਼ਹਿਰੀ ਆਜ਼ਾਦੀਆਂ ਦੀਆਂ ਜਥੇਬੰਦੀਆਂ ਮਨੁੱਖੀ ਹੱਕਾਂ ਦੇ ਵਿਆਪਕ ਘਾਣ ਅਤੇ ਆਦਿਵਾਸੀ ਲੋਕਾਂ ਦੇ ਉਜਾੜੇ ਅਤੇ ਨਸਲਕੁਸ਼ੀ ਦੇ ਮਾਮਲੇ ਨੂੰ ਅਦਾਲਤ 'ਚ ਲੈ ਗਈਆਂ ਜਿੱਥੇ ਛੱਤੀਸਗੜ੍ਹ ਸਰਕਾਰ ਨੂੰ ਇਸ ਸਬੰਧੀ ਕਾਫ਼ੀ ਕੁਝ ਅਜਿਹਾ ਪ੍ਰਵਾਨ ਕਰਨ ਲਈ ਮਜਬੂਰ ਹੋਣਾ ਪੈ ਗਿਆ ਜੋ ਉਹ ਕਰਨਾ ਨਹੀਂ ਸੀ ਚਾਹੁੰਦੀ।

ਸ਼ਹਿਰੀ ਹੱਕਾਂ ਦੀਆਂ ਜਥੇਬੰਦੀਆਂ ਦੀਆਂ ਤੱਥ ਖੋਜ ਰਿਪੋਰਟਾਂ ਅਤੇ ਸਰਕਾਰ ਵਲੋਂ ਪੇਸ਼ ਕੀਤੀ ਰਿਪੋਰਟ, ਦੋਹਾਂ ਤੋਂ ਹੀ ਇਹ ਸਪਸ਼ਟ ਹੈ ਕਿ 2005-2007 ਦੇ ਡੇਢ ਸਾਲ ਦੌਰਾਨ ਹੀ ਸਲਵਾ ਜੁਡਮ ਵਲੋਂ 644 ਪਿੰਡ ਸਾੜਕੇ ਸੁਆਹ ਕੀਤੇ ਗਏ, 100 ਆਦਿਵਾਸੀ ਔਰਤਾਂ ਨਾਲ ਸਮੂਹਕ ਬਲਾਤਕਾਰ ਕੀਤੇ ਗਏ, 548 ਲੋਕਾਂ ਨੂੰ ਕਤਲ ਕੀਤਾ ਗਿਆ ਅਤੇ 3 ਲੱਖ ਤੋਂ ਵੱਧ ਆਦਿਵਾਸੀਆਂ ਨੂੰ ਉਨ੍ਹਾਂ ਦੇ ਪਿੰਡਾਂ ਤੋਂ ਉਜਾੜ ਕੇ ਸੁਰੱਖਿਆ ਤਾਕਤਾਂ ਅਤੇ ਸਲਵਾ ਜੁਡਮ ਵਲੋਂ ਬਣਾਏ ਕੈਂਪਾਂ 'ਚ ਰੱਖਿਆ ਗਿਆ। ਇਹ ਘ੍ਰਿਣਤ ਕਤਲੋਗ਼ਾਰਤ ਅਤੇ ਸਾੜਫੂਕ ਕੇਂਦਰੀ ਅਤੇ ਸੂਬਾਈ ਸਰਕਾਰ ਲਈ ਘੋਰ ਬਦਨਾਮੀ ਦਾ ਕਾਰਨ ਬਣੀ ਅਤੇ ਦੁਨੀਆਂ ਭਰ 'ਚ ਇਸ ਵਿਰੁੱਧ ਜ਼ੋਰਦਾਰ ਆਵਾਜ਼ ਉੱਠ ਖੜ੍ਹੀ। ਅਦਾਲਤ ਦੇ ਦਖ਼ਲ 'ਤੇ ਹੁਕਮਰਾਨਾਂ ਵਲੋਂ ਇਸ ਦੀ ਸਿੱਧੀ ਪੁਸ਼ਤਪਨਾਹੀ ਬੰਦ ਕਰ ਦਿੱਤੀ ਗਈ ਪਰ ਨਾਲ ਹੀ ਇਸ ਨੂੰ ਨਵਾਂ ਅਤੇ ਬੱਝਵਾਂ ਕਾਨੂੰਨੀ ਰੂਪ ਦੇ ਦਿੱਤਾ ਗਿਆ। 2007 'ਚ, ਛੱਤੀਸਗੜ੍ਹ ਪੁਲਿਸ ਐਕਟ-2007 ਤਹਿਤ ਆਦਿਵਾਸੀ ਨੌਜਵਾਨ ਮੁੰਡੇ-ਕੁੜੀਆਂ ਦੀ ਐੱਸ.ਪੀ.ਓ. ਦੇ ਨਾਂ ਹੇਠ ਭਰਤੀ ਚਾਲੂ ਕਰ ਦਿੱਤੀ ਗਈ। ਕੋਇਆ ਕਬੀਲੇ ਦਾ ਨਾਂ ਵਰਤਕੇ ਇਸ ਤਾਕਤ ਦਾ ਨਾਂ 'ਕੋਇਆ ਕਮਾਂਡੋ' ਰੱਖਿਆ ਗਿਆ ਅਤੇ ਘੋਰ ਗ਼ਰੀਬੀ ਤੇ ਭੁੱਖਮਰੀ ਦਾ ਸ਼ਿਕਾਰ 5000 ਆਦਿਵਾਸੀ ਨੌਜਵਾਨਾਂ ਨੂੰ 1500 ਰੁਪਏ (ਹੁਣ 3000) ਮਹੀਨਾ, ਨਿਗੂਣੀ ਤਨਖ਼ਾਹ ਰਾਹੀਂ ਭਰਮਾ ਕੇ ਨਹੱਕੀ ਜੰਗ ਦਾ ਬਾਲਣ ਬਣਾ ਦਿੱਤਾ ਗਿਆ। ਯਾਦ ਰਹੇ ਕਿ 2005 ਤੋਂ ਲੈ ਕੇ ਹੁਣ ਤੱਕ ਛੱਤੀਸਗੜ੍ਹ ਅੰਦਰ 173 ਐੱਸ.ਪੀ.ਓ. (ਆਦਿਵਾਸੀ) ਮਾਓਵਾਦੀ ਹਮਲਿਆਂ 'ਚ ਮਾਰੇ ਜਾ ਚੁੱਕੇ ਹਨ।

ਜਿਹੜੇ ਲੋਕ ਇਸ ਫ਼ੈਸਲੇ ਨਾਲ 'ਕੌਮੀ ਸੁਰੱਖਿਆ ਨੂੰ ਪਛਾੜ' ਤੋਂ ਪ੍ਰੇਸ਼ਾਨ ਹਨ ਉਨ੍ਹਾਂ ਨੂੰ ਇਹ ਤੱਥ ਭੁੱਲਣਾ ਨਹੀਂ ਚਾਹੀਦਾ ਕਿ ਪਟੀਸ਼ਨ ਦਾਇਰ ਹੋਣ ਅਤੇ ਅਦਾਲਤੀ ਫ਼ੈਸਲੇ ਵਿਚਕਾਰਲੇ ਚਾਰ ਸਾਲਾਂ 'ਚ ਇਹ ਐੱਸ.ਪੀ.ਓ. ਆਦਿਵਾਸੀਆਂ ਦਾ ਘਾਣ ਕਰਕੇ ਬਥੇਰੀ 'ਕੌਮੀ ਸੇਵਾ' ਕਰ ਚੁੱਕੇ ਹਨ। ਇਸ ਦੌਰਾਨ ਨਿਰਦੋਸ਼ ਆਦਿਵਾਸੀ ਲੋਕਾਂ ਨੂੰ ਇਸ ਤਾਕਤ ਹੱਥੋਂ ਜੋ ਸੰਤਾਪ ਭੋਗਣਾ ਪਿਆ, ਉਸਦਾ ਅੰਦਾਜ਼ਾ ਇਸ ਸਾਲ ਮਾਰਚ ਮਹੀਨੇ ਐੱਸ.ਪੀ.ਓ. ਵਲੋਂ ਬਸਤਰ ਦੇ ਤਿੰਨ ਪਿੰਡਾਂ ਵਿਚ ਮਚਾਈ ਸਾੜ੍ਹਸਤੀ ਅਤੇ ਇਸ ਬਾਰੇ ਤੱਥ ਖੋਜ ਲਈ ਗਏ ਪ੍ਰਸਿੱਧ ਸਮਾਜਿਕ ਕਾਰਕੁਨਾਂ ਸਵਾਮੀ ਅਗਨੀਵੇਸ਼ ਅਤੇ ਹੋਰਾਂ ਉੱਪਰ ਐੱਸ.ਪੀ.ਓ. ਵਲੋਂ ਕੀਤੇ ਗਏ ਹਮਲੇ ਤੋਂ ਲਗਾਇਆ ਜਾ ਸਕਦਾ ਹੈ। ਬੈਂਚ ਨੇ ਸੀ.ਬੀ.ਆਈ. ਨੂੰ ਇਸ ਘਟਨਾ ਦੀ ਜਾਂਚ ਕਰਨ ਦੀ ਹਦਾਇਤ ਵੀ ਕੀਤੀ ਹੈ। ਚਾਰ ਸਾਲ ਲੰਮੀ ਕਾਨੂੰਨੀ ਲੜਾਈ ਲੜਕੇ ਆਖ਼ਿਰ ਜਮਹੂਰੀਪਸੰਦ ਬੁੱਧੀਜੀਵੀ ਛੱਤੀਸਗੜ੍ਹ ਵਿਚ ਇਸ ਗ਼ੈਰਕਾਨੂੰਨੀ ਗਰੋਹ ਨੂੰ ਰਾਜ-ਮਸ਼ੀਨਰੀ ਵਲੋਂ ਆਦਿਵਾਸੀ ਲੋਕਾਂ ਦੀ ਜੱਦੋਜਹਿਦ ਵਿਰੁੱਧ ਵਰਤਣ 'ਤੇ ਕਾਨੂੰਨੀ ਪਾਬੰਦੀ ਲਗਵਾਉਣ 'ਚ ਕਾਮਯਾਬ ਹੋ ਗਏ, ਪਰ ਇਹ ਸਵਾਲ ਸਿਰਫ਼ ਇਸ ਸੂਬੇ ਤੱਕ ਸੀਮਤ ਨਹੀਂ ਹੈ। ਛੱਤੀਸਗੜ੍ਹ ਦੇ ਡੀ.ਜੀ.ਪੀ. ਵਿਸ਼ਵਰੰਜਨ ਅਨੁਸਾਰ ਪੂਰੇ ਦੇਸ਼ ਵਿਚ 50,000 ਤੋਂ ਉੱਪਰ ਐੱਸ.ਪੀ.ਓਜ਼. ਕਿਸਮ ਦੀਆਂ ਤਾਕਤਾਂ ਕੇਂਦਰ ਸਰਕਾਰ ਦੀ ਨਿਗਰਾਨੀ ਅਤੇ ਸਰਪ੍ਰਸਤੀ ਹੇਠ ਸੂਬਾ ਸਰਕਾਰਾਂ ਵਲੋਂ ਵੱਖ-ਵੱਖ ਅੰਦੋਲਨਾਂ ਵਿਰੁੱਧ ਖੜ੍ਹੀਆਂ ਕੀਤੀਆਂ ਹੋਈਆਂ ਹਨ। ਸੁਪਰੀਮ ਕੋਰਟ ਦਾ ਫ਼ੈਸਲਾ ਕੀ ਕਿਸੇ ਰੂਪ ਵਿਚ ਉੱਥੇ ਵੀ ਅਸਰਅੰਦਾਜ਼ ਹੋਵੇਗਾ? ਕੀ ਇਹ ਹੁਕਮਰਾਨ ਜਮਾਤ ਦੀ ਜਨਤਕ ਬੇਚੈਨੀ ਨਾਲ ਨਜਿੱਠਣ ਦੀ ਬੁਨਿਆਦੀ ਨੀਤੀ 'ਚ ਕੋਈ ਵੱਡਾ ਬਦਲਾਅ ਲਿਆ ਸਕੇਗਾ?

ਇਹ ਨੀਤੀ ਪਿਛਲੇ 64 ਸਾਲਾਂ ਤੋਂ ਸਾਡੀ ਹੁਕਮਰਾਨ ਜਮਾਤ ਦੀ ਜਨਤਕ ਅਤੇ ਸਿਆਸੀ ਬੇਚੈਨੀ ਨਾਲ ਨਜਿੱਠਣ ਦੀ ਰਾਜਕੀ ਨੀਤੀ ਦਾ ਅੰਗ ਰਹੀ ਹੈ। ਚਾਹੇ ਕਸ਼ਮੀਰ ਦੀ ਆਜ਼ਾਦੀ ਦੀ ਤਹਿਰੀਕ ਹੋਵੇ ਜਾਂ ਮਿਜ਼ੋਰਮ, ਮਨੀਪੁਰ ਅਤੇ ਅਸਾਮ ਦੀਆਂ ਕੌਮੀਅਤ ਲਹਿਰਾਂ, ਚਾਹੇ ਪੰਜਾਬ 'ਚ ਖਾਲਿਸਤਾਨ ਦੀ ਲਹਿਰ ਹੋਵੇ ਜਾਂ ਵੱਖ-ਵੱਖ ਸੂਬਿਆਂ 'ਚ ਨਕਸਲੀ/ਮਾਓਵਾਦੀ ਲਹਿਰ, ਜਿੱਥੇ ਕਿਤੇ ਵੀ ਹੁਕਮਰਾਨਾਂ ਦੀ ਆਪਣੀ ਨਾਲਾਇਕੀ ਅਤੇ ਗ਼ਲਤ ਨੀਤੀਆਂ 'ਚੋਂ ਉਪਜੀ ਜਨਤਕ ਬੇਚੈਨੀ ਹਕੂਮਤੀ ਦਹਿਸ਼ਤਗਰਦੀ ਤੋਂ ਤੰਗ ਆ ਕੇ ਹਥਿਆਰਬੰਦ ਟਾਕਰੇ ਦੇ ਰਾਹ ਪੈ ਤੁਰਦੀ ਹੈ, ਉੱਥੇ ਹੁਕਮਰਾਨ ਆਪਣੇ ਨੀਤੀ-ਅਮਲ ਬਾਰੇ ਸੰਜੀਦਗੀ ਨਾਲ ਸੋਚ-ਵਿਚਾਰ ਕਰਨ ਦੀ ਥਾਂ ਸਗੋਂ ਨੰਗੀ-ਚਿੱਟੀ ਵਹਿਸ਼ੀ ਹਿੰਸਾ ਦਾ ਸਹਾਰਾ ਲੈਂਦੇ ਰਹੇ ਹਨ। ਇਸ ਸਮੇਂ 'ਕੌਮੀ ਸੁਰੱਖਿਆ ਨੂੰ ਘੋਰ ਖ਼ਤਰਾ' ਦੀ ਆੜ ਹੇਠ ਉਹ ਧੜਾਧੜ ਗ਼ੈਰਕਾਨੂੰਨੀ ਕਾਤਲ ਗ੍ਰੋਹ ਖੜ੍ਹੇ ਕਰਦੇ ਹਨ। ਜੰਮੂ-ਕਸ਼ਮੀਰ ਵਿਚ ਇਖਵਾਨੀ ਅਤੇ ਐੱਸ.ਓ.ਜੀ. (ਸਪੈਸ਼ਲ ਓਪਰੇਸ਼ਨ ਗਰੁੱਪ); ਪੰਜਾਬ ਵਿਚ ਬਲੈਕ ਕੈਟ; ਆਂਧਰਾ ਪ੍ਰਦੇਸ਼ ਵਿਚ ਗਰੇਅ ਹਾਊਂਡਜ਼, ਫੀਅਰ ਵਿਕਾਸ, ਗਰੀਨ ਤੇ ਰੈੱਡ ਟਾਈਗਰਜ਼, ਨਰਸਾ ਤੇ ਕਾਕਾਤਿਆ ਕੋਬਰਾ ਅਤੇ ਕ੍ਰਾਂਤੀ ਸੈਨਾ; ਪੱਛਮੀ ਬੰਗਾਲ ਵਿਚ ਖੱਬੀ ਸਰਕਾਰ ਦੀ ਹਰਮਾਡ ਵਾਹਨੀ, ਝਾਰਖੰਡ ਵਿਚ ਸੇਂਦਰਾ, ਨਾਗਰਿਕ ਸੁਰੱਖਿਆ ਸਮਿਤੀ ਅਤੇ ਤ੍ਰਿਤਿਯਾ ਪ੍ਰਸਤੁਤੀ ਕਮੇਟੀ ਆਦਿ ਇਸ ਦੀਆਂ ਮੁੱਖ ਮਿਸਾਲਾਂ ਹਨ। ਵੱਖ-ਵੱਖ ਲਹਿਰਾਂ ਤੋਂ ਪ੍ਰਭਾਵਤ ਹਰ ਸੂਬੇ 'ਚ ਹੀ ਤਰ੍ਹਾਂ-ਤਰ੍ਹਾਂ ਦੇ ਹਕੂਮਤੀ ਸਰਪ੍ਰਸਤੀ ਵਾਲੇ ਹਥਿਆਰਬੰਦ ਟੋਲੇ ਬੇਖ਼ੌਫ਼ ਕਾਰਵਾਈਆਂ ਕਰ ਰਹੇ ਹਨ। ਬਿਹਾਰ ਵਿਚ ਸਵਰਨ ਲਿਬਰੇਸ਼ਨ ਫਰੰਟ, ਸਨਲਾਈਟ ਸੈਨਾ, ਭੂਮੀ ਸੈਨਾ ਅਤੇ ਰਣਬੀਰ ਸੈਨਾ ਸਮੇਤ ਦਰਜਨ ਦੇ ਕਰੀਬ ਨਿੱਜੀ ਜਗੀਰੂ ਸੈਨਾਵਾਂ ਵੱਖ-ਵੱਖ ਸਮੇਂ ਬਣਾਈਆਂ ਗਈਆਂ। ਜਿਨ੍ਹਾਂ ਦਾ ਇਕੋ ਇਕ ਉਦੇਸ਼ ਸੀ ਰਾਜ ਮਸ਼ੀਨਰੀ ਦੀ ਮਿਲੀਭੁਗਤ ਨਾਲ ਸੰਘਰਸ਼ਸ਼ੀਲ ਜਨਤਾ ਦਾ ਕਤਲੇਆਮ ਕਰਨਾ ਅਤੇ ਜ਼ਮੀਨ, ਰੁਜ਼ਗਾਰ ਅਤੇ ਸਵੈਮਾਣ ਲਈ ਜੂਝ ਰਹੇ ਗਰੀਬ ਕਿਸਾਨਾਂ ਅਤੇ ਦਲਿਤਾਂ ਦੀ ਜਥੇਬੰਦ ਲਹਿਰ ਦਾ ਲੱਕ ਤੋੜਨਾ। ਹਰ ਥਾਂ, ਹਰ ਅੰਦੋਲਨ ਸਮੇਂ ਹੁਕਮਰਾਨਾਂ ਵਲੋਂ ਇਨ੍ਹਾਂ ਲਾਕਾਨੂੰਨੇ ਹਥਿਆਰਬੰਦ ਟੋਲਿਆਂ ਨੂੰ ਚੱਲ ਰਹੀ ਲਹਿਰ ਦੀਆਂ ਜ਼ਿਆਦਤੀਆਂ ਅਤੇ ਹਿੰਸਾ ਦਾ ਜਾਇਜ਼ ਪ੍ਰਤੀਕਰਮ ਬਣਾ ਕੇ ਪੇਸ਼ ਕੀਤਾ ਗਿਆ ਜਦਕਿ ਅਸਲੀਅਤ ਇਹ ਰਹੀ ਹੈ ਕਿ ਇਹ ਹਥਿਆਰਬੰਦ ਮਿਲੀਸ਼ੀਆ ਹਮੇਸ਼ਾ ਹੀ ਸਮੇਂ ਦੀ ਹਕੂਮਤ ਅਤੇ ਮੁੱਖਧਾਰਾ ਸਿਆਸਤਦਾਨਾਂ ਦੀ ਅਗਵਾਈ ਅਤੇ ਸਰਪ੍ਰਸਤੀ ਹੇਠ ਬਣਾਈਆਂ ਅਤੇ ਚਲਾਈਆਂ ਜਾਂਦੀਆਂ ਹਨ ਅਤੇ ਇਹ ਪੁਲਿਸ ਅਤੇ ਸੁਰੱਖਿਆ ਤਾਕਤਾਂ ਨਾਲ ਮਿਲਕੇ ਕਤਲੋਗ਼ਾਰਤ ਨੂੰ ਅੰਜ਼ਾਮ ਦਿੰਦੀਆਂ ਹਨ।

ਭਾਜਪਾ ਨੇ ਇਸ ਫ਼ੈਸਲੇ ਨੂੰ 'ਕੌਮੀ ਸੁਰੱਖਿਆ ਲਈ ਵੱਡੀ ਪਛਾੜ' ਕਰਾਰ ਦਿੱਤਾ ਹੈ। ਕੇਂਦਰ ਸਰਕਾਰ ਅਤੇ ਛੱਤੀਸਗੜ੍ਹ ਸਰਕਾਰ ਨੇ ਇਸ ਫ਼ੈਸਲੇ ਤੋਂ ਕੋਈ ਸਬਕ ਲੈਣ ਅਤੇ ਆਪਣੀਆਂ ਨੀਤੀਆਂ ਦਾ ਰਿਵਿਊ ਕਰਨ ਦੀ ਬਜਾਏ ਇਸ ਫ਼ੈਸਲੇ 'ਤੇ ਮੁੜ ਨਜ਼ਰਸਾਨੀ ਕਰਾਉਣ ਲਈ ਸੁਪਰੀਮ ਕੋਰਟ ਵਿਚ ਰਿਵਿਊ ਲਈ ਅਰਜ਼ੀ ਪਾਉਣ ਦਾ ਇਰਾਦਾ ਜ਼ਾਹਰ ਕੀਤਾ ਹੈ। ਛੱਤੀਸਗੜ੍ਹ ਦੀ ਪੁਲਿਸ ਅਫ਼ਸਰਸ਼ਾਹੀ ਨੇ ਤੁਰੰਤ ਅਖ਼ਬਾਰਾਂ 'ਚ ਲੇਖ ਲਿਖਕੇ ਸਲਵਾ ਜੁਡਮ ਨੂੰ 'ਆਪਮੁਹਾਰਾ ਜਨਤਕ ਰੋਹ' ਸਾਬਤ ਕਰਨ ਦੀ ਤਰਕਵਿਹੂਣੀ ਅਤੇ ਘਸੀਪਿਟੀ ਦਲੀਲਬਾਜ਼ੀ ਕਰਨ ਅਤੇ ਐੱਸ.ਪੀ.ਓ. ਨੂੰ ਮਾਓਵਾਦੀ ਲਹਿਰ ਵਿਰੁੱਧ ਜੰਗ ਦੀ ਅਣਸਰਦੀ ਲੋੜ ਬਣਾਕੇ ਪੇਸ਼ ਕਰਨ ਲਈ ਪੂਰਾ ਟਿੱਲ ਲਾਇਆ ਹੈ। ਇਸ ਹਾਲਤ ਵਿਚ ਇਹ ਖਦਸ਼ਾ ਨਿਰਅਧਾਰ ਨਹੀਂ ਹੈ ਕਿ ਕੋਇਆ ਕਮਾਂਡੋਜ਼ ਨਾਂ ਦੀ ਇਸ ਐੱਸ.ਪੀ.ਓ. ਤਾਕਤ ਨੂੰ ਹੁਕਮਰਾਨਾਂ ਵਲੋਂ ਕਿਸੇ ਨਵੇਂ ਨਾਂ ਹੇਠ ਜਿਉਂਦਾ ਰੱਖਿਆ ਜਾਵੇਗਾ। ਦੂਜੇ ਪਾਸੇ, ਜਮਹੂਰੀ ਤਾਕਤਾਂ ਲਈ ਇਹ ਵੱਡੀ ਵੰਗਾਰ ਹੈ ਕਿ ਸੁਪਰੀਮ ਕੋਰਟ ਦਾ ਫ਼ੈਸਲਾ ਸਹੀ ਭਾਵਨਾ ਤਹਿਤ ਲਾਗੂ ਹੋਵੇ। ਨਾਲ ਹੀ ਇਹ ਹੋਰ ਵੀ ਅਹਿਮ ਹੈ ਕਿ ਜਿੱਥੇ ਕਿਤੇ ਵੀ ਹੁਕਮਰਾਨਾਂ ਵਲੋਂ ਅਜਿਹੇ ਕਾਤਲ ਗ੍ਰੋਹ ਬਣਾਕੇ ਜੂਝ ਰਹੀ ਜਨਤਾ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਉਨ੍ਹਾਂ ਨੂੰ ਗ਼ੈਰਕਾਨੂੰਨੀ ਕਰਾਰ ਦਿਵਾਉਣ ਲਈ ਗੰਭੀਰ ਕਾਨੂੰਨੀ ਚਾਰਾਜੋਈ ਅਤੇ ਜਮਹੂਰੀ ਸਿਆਸੀ ਜੱਦੋਜਹਿਦ ਕੀਤੀ ਜਾਵੇ।

# ਮਰਡੌਕ ਸਾਮਰਾਜ, ਸਰਕਾਰਾਂ ਤੇ ਪੱਤਰਕਾਰੀ

■ ਦਲਜੀਤ ਅਮੀ

ਦਸ ਜੁਲਾਈ ਨੂੰ ਬਰਤਾਨੀਆ ਦਾ ਅਖ਼ਬਾਰ 'ਨਿਊਜ਼ ਆਫ਼ ਦਾ ਵਰਲਡ' 168 ਸਾਲਾਂ ਦੀ ਉਮਰ ਵਿਚ ਇਤਿਹਾਸ ਦਾ ਹਿੱਸਾ ਬਣ ਗਿਆ। ਸਨਸਨੀਖੇਜ਼ ਖ਼ਬਰਾਂ ਅਤੇ ਮਸ਼ਹੂਰ ਹਸਤੀਆਂ ਦੇ ਭੇਤਾਂ ਨੂੰ ਬੇਪਰਦ ਕਰਨ ਲਈ ਮਸ਼ਹੂਰ ਰਹੇ ਇਸ ਅਖ਼ਬਾਰ ਦਾ ਅੰਤ



ਇਸ ਦੇ ਆਪਣੇ ਖ਼ਾਸੇ ਨਾਲ ਮੇਲ ਖਾਂਦਾ ਹੈ। ਅਜਿਹੇ ਹਾਲਾਤ ਵਿਚ 75 ਲੱਖ ਦੀ ਇਸ਼ਾਇਤ ਵਾਲੇ ਅਖ਼ਬਾਰ ਦਾ ਬੰਦ ਹੋ ਜਾਣਾ ਮੀਡੀਆ ਬਾਬਤ ਸੋਚਣ ਲਈ ਮਜਬੂਰ ਕਰਦਾ ਹੈ। 'ਨਿਊਜ਼ ਆਫ਼ ਦਾ ਵਰਲਡ' ਦੀਆਂ ਸ਼ਰਧਾਂਜਲੀਆਂ ਵਿਚੋਂ ਇਸ ਦੀ ਕਾਰਗੁਜ਼ਾਰੀ ਅਤੇ ਯੋਗਤਾ ਦਾ ਪ੍ਰਗਟਾਵਾ ਆਪ-ਮੁਹਾਰੇ ਹੁੰਦਾ ਹੈ। ਇਸ ਅਖ਼ਬਾਰ ਦਾ ਪੱਤਰਕਾਰੀ ਵਿਚ ਯੋਗਦਾਨ ਲਗਾਤਾਰ ਵਿਵਾਦ ਦਾ ਹਿੱਸਾ ਬਣਿਆ ਰਹਿ ਸਕਦਾ ਹੈ ਪਰ ਬਿਨਾਂ ਸ਼ੱਕ, ਹਰ ਪੜਚੋਲੀਏ ਦੀ ਯੋਗਤਾ ਦਾ ਜ਼ਿਆਦਾ ਹਿੱਸਾ ਇਸ ਦੇ ਅੰਤਿਮ ਦਿਨਾਂ ਦੇ ਘਟਨਾਕ੍ਰਮ ਦੁਆਲੇ ਹੀ ਖ਼ਰਚ ਹੋਵੇਗਾ। ਪੱਤਰਕਾਰੀ ਦੀ ਪੜਚੋਲ ਦਾ ਹਵਾਲਾ ਬਣਨ ਵਾਲੀਆਂ ਕਦਰਾਂ-ਕੀਮਤਾਂ ਨਾਲ 'ਨਿਊਜ਼ ਆਫ਼ ਦਾ ਵਰਲਡ' ਦਾ ਰਿਸ਼ਤਾ ਵਿਚਾਰਨ ਤੋਂ ਪਹਿਲਾਂ ਇਸ ਦੇ ਅੰਤਲੇ ਦਿਨਾਂ ਦੇ ਘਟਨਾਕ੍ਰਮ ਅਤੇ ਇਤਿਹਾਸ ਉਤੇ ਝਾਤ ਮਾਰ ਲੈਣੀ ਜ਼ਰੂਰੀ ਬਣਦੀ ਹੈ।

'ਨਿਊਜ਼ ਆਫ਼ ਦਾ ਵਰਲਡ' ਦਾ ਪਹਿਲਾਂ ਅੰਕ ਪਹਿਲੀ ਅਕਤੂਬਰ 1843 ਨੂੰ ਜੌਹਨ ਬਰਾਊਨ ਵੈੱਲ ਨੇ ਲੰਡਨ ਤੋਂ ਛਾਪਿਆ ਸੀ। ਇਸ ਦੇ ਨਿਸ਼ਾਨਾ ਨਵ-ਸਾਖਰ ਬੰਦਿਆਂ ਨੂੰ ਆਪਣੇ ਪਾਠਕ/ਖ਼ਰੀਦਦਾਰ ਬਣਾਉਣਾ ਸੀ। ਆਪਣਾ ਮਕਸਦ ਪੂਰਾ ਕਰਨ ਲਈ ਅਪਰਾਧ, ਸਨਸਨੀ ਅਤੇ ਗੁਦਗੁਦੀ ਵਾਲੇ ਖ਼ਾਸੇ ਦੀਆਂ ਖ਼ਬਰਾਂ ਨੂੰ ਤਰਜੀਹ ਦਿੱਤੀ ਗਈ। ਅਖ਼ਬਾਰ ਲਈ ਜਾਣਕਾਰੀ ਦੇ ਅਹਿਮ ਸਰੋਤ ਪੁਲਿਸ ਦੀਆਂ ਮਿਸਲਾਂ ਸਨ। ਪੁਲਿਸ ਮੁਲਾਜ਼ਮਾਂ ਵੱਲੋਂ ਦਰਜ ਕੀਤੀਆਂ ਗਈਆਂ ਵੇਸਵਾਖਾਨਿਆਂ ਦੀਆਂ ਤਫ਼ਸੀਲਾਂ ਇਸ ਅਖ਼ਬਾਰ ਵਿਚ ਛਪਦੀਆਂ ਸਨ। ਵੈੱਲ ਪਰਿਵਾਰ ਤੋਂ ਇਹ ਅਖ਼ਬਾਰ 1891 ਵਿਚ ਲੈਸਲਸ ਕਾਰ ਨੇ ਖ਼ਰੀਦ ਲਿਆ। ਇਸ ਅਖ਼ਬਾਰ ਦੀ ਇਸ਼ਾਇਤ 1912 ਵਿਚ 20 ਲੱਖ, 1920 ਵਿਚ ਤੀਹ ਲੱਖ ਅਤੇ 1939 ਵਿਚ ਤਕਰੀਬਨ 40 ਲੱਖ ਸੀ। ਸੰਨ 1969 ਵਿਚ ਇਹ ਅਖ਼ਬਾਰ ਰੂਪਰਟ ਮਰਡੌਕ ਦੀ ਕੰਪਨੀ 'ਨਿਊਜ਼ ਕਾਰਪੋਰੇਸ਼ਨ' ਨੇ ਖ਼ਰੀਦ ਲਿਆ ਅਤੇ 1984 ਵਿਚ ਇਸ ਨੂੰ ਟੈਬਲਾਇਡ ਵਿਚ ਤਬਦੀਲ ਕਰ ਦਿੱਤਾ। ਬੰਦ ਕਰਨ ਵੇਲੇ ਇਸ ਦੀ ਇਸ਼ਾਇਤ 75 ਲੱਖ ਸੀ ਜੋ ਆਲਮੀ ਪੱਧਰ ਉਤੇ ਅੰਗਰੇਜ਼ੀ ਦੇ ਅਖ਼ਬਾਰਾਂ ਵਿਚੋਂ ਸਭ ਤੋਂ ਵੱਧ ਸੀ।

ਆਖ਼ਰ ਇਸ ਪੁਰਾਣੇ ਅਤੇ ਇਸ਼ਾਇਤ ਪੱਖੋਂ ਸਭ ਤੋਂ ਵੱਡੇ ਅਖ਼ਬਾਰ ਨੂੰ ਬੰਦ ਕਿਉਂ ਕਰਨਾ ਪਿਆ? 'ਨਿਊਜ਼ ਆਫ਼ ਦਾ ਵਰਲਡ' ਉਤੇ ਲਗਾਤਾਰ ਇਲਜ਼ਾਮ ਲੱਗ ਰਹੇ ਸਨ ਕਿ ਇਨ੍ਹਾਂ ਨੇ ਗ਼ੈਰ-ਕਾਨੂੰਨੀ ਢੰਗ ਨਾਲ ਲੋਕਾਂ ਦੇ ਜਾਤੀ ਮਸਲਿਆਂ ਦੀ ਜਾਣਕਾਰੀ ਹਾਸਲ ਕੀਤੀ ਅਤੇ ਖ਼ਬਰਾਂ ਦੇ ਰੂਪ ਵਿਚ ਸਨਸਨੀ ਢੰਗ ਨਾਲ ਛਾਪੀ। ਇਸ ਰੁਝਾਨ ਤਹਿਤ ਅਪਰਾਧੀਆਂ ਦਾ ਸਹਾਰਾ ਲਿਆ ਗਿਆ ਅਤੇ ਲੋਕਾਂ ਦੇ ਫੋਨਾਂ ਤੱਕ ਨੂੰ ਸੰਨ੍ਹ ਲਗਾਈ ਗਈ। ਪੁਲਿਸ ਵੱਲੋਂ ਜਾਂਚ ਤਹਿਤ ਲਿਆਂਦੇ ਗਏ ਮਾਮਲਿਆਂ ਬਾਬਤ ਜਾਣਕਾਰੀ ਛਾਪਣਾ ਇਸ ਅਖ਼ਬਾਰ ਦੀ ਮੁਹਾਰਤ ਰਿਹਾ ਹੈ। ਸਵਾਲ ਇਹ ਸੀ ਕਿ ਕੀ ਇਹ ਗ਼ੈਰ-ਕਾਨੂੰਨੀ ਕੰਮ ਕੁਝ ਪੱਤਰਕਾਰਾਂ ਨੇ ਹੀ ਕੀਤਾ ਹੈ ਜਾਂ ਇਸ ਵਿਚ ਅਦਾਰੇ ਦੀ ਸਹਿਮਤੀ ਸ਼ਾਮਿਲ ਹੈ? ਜਦੋਂ ਇਸ ਕਾਰਵਾਈ ਵਿਚ ਸੰਪਾਦਕਾਂ ਦੀ ਸ਼ਮੂਲੀਅਤ ਸਪਸ਼ਟ ਹੋਣ ਲੱਗੀ ਤਾਂ ਸਵਾਲ ਦਾ ਰੂਪ ਬਦਲ ਗਿਆ ਕਿ ਕੀ ਇਹ ਕਿਸੇ ਇਕ ਸੰਪਾਦਕ ਦਾ ਕੰਮ ਹੈ ਜਾਂ ਅਦਾਰੇ ਦਾ ਖ਼ਾਸਾ ਹੈ? ਇਸ ਅਖ਼ਬਾਰ ਵਿਚ ਕੰਮ ਕਰਨ ਵਾਲੇ ਇਕ ਪੱਤਰਕਾਰ ਨੇ ਸਪਸ਼ਟ ਲਿਖ ਦਿੱਤਾ ਕਿ 'ਇਸ ਰੁਝਾਨ ਦੀ ਜਾਣਕਾਰੀ ਤਾਂ ਅਖ਼ਬਾਰ ਵਿਚ ਆਉਣ ਵਾਲੀ ਬਿੱਲੀ ਤੱਕ ਨੂੰ ਵੀ ਸੀ।' ਇਸ ਤੋਂ ਬਾਅਦ ਮਸਲਾ ਇਹ ਬਣ ਗਿਆ ਕਿ ਸੰਪਾਦਕੀ ਅਤੇ ਪ੍ਰਬੰਧਕੀ ਮਹਿਕਮਿਆਂ ਵਿਚ ਕੁਝ ਬੰਦਿਆਂ ਦੀ ਛਾਂਟੀ ਤੋਂ ਬਾਅਦ ਕੁਝ ਬਦਨਾਮੀ ਅਤੇ ਪਸ਼ੇਮਾਨੀ ਦਾ ਦੌਰ ਲੰਘਾ ਕੇ 'ਨਿਊਜ਼ ਆਫ਼ ਦਾ ਵਰਲਡ' ਮੁੜ ਰਵਾਨੀ ਨਾਲ ਚੱਲ ਪਵੇਗਾ। ਅਜਿਹਾ ਨਹੀਂ ਹੋਇਆ। ਇਸ ਨੂੰ ਬੰਦ ਕਰਨ ਦਾ ਫ਼ੈਸਲਾ ਕਰ ਲਿਆ ਗਿਆ। ਦਸ ਜੁਲਾਈ ਨੂੰ ਇਸ ਦਾ ਆਖ਼ਰੀ ਅੰਕ ਛਾਪਿਆ ਗਿਆ ਜਿਸ ਵਿਚ 168 ਸਾਲਾਂ ਦੇ ਇਤਿਹਾਸ ਉੱਤੇ ਤਰਦੀ ਝਾਤ ਮਾਰੀ ਗਈ। ਹਰ ਪੰਨੇ ਦੇ ਉੱਤੇ ਵੱਡਾ ਸਿਰਲੇਖ ਸੀ, "ਇਤਿਹਾਸ ਦਾ ਸਭ ਤੋਂ ਮਹਾਨ ਅਖ਼ਬਾਰ।" ਫੋਨ ਸੰਨ੍ਹ ਦਾ ਘਪਲਾ ਉਜਾਗਰ ਕਰਨ ਅਤੇ ਮਸਲੇ ਨੂੰ ਬਹਿਸ ਦਾ ਧੁਰਾ ਬਣਾਉਣ ਵਾਲੇ ਅਖ਼ਬਾਰਾਂ ਦੀ ਵੀ ਟਿੱਪਣੀ ਸੀ ਕਿ ਅਜਿਹੇ ਫ਼ੈਸਲੇ ਦੀ ਜ਼ਰੂਰਤ ਨਹੀਂ ਸੀ। ਗ਼ਲਤੀ ਮੰਨ ਕੇ ਭੁੱਲ ਸੁਧਾਰੀ ਜਾ ਸਕਦੀ ਸੀ ਅਤੇ ਭਰੋਸੇਯੋਗਤਾ ਬਹਾਲ ਕਰ ਕੇ ਇਸ਼ਤਿਹਾਰ ਦੇਣ ਵਾਲੀ ਕੰਪਨੀਆਂ ਦੀ ਸਰਪ੍ਰਸਤੀ ਮੁੜ ਹਾਸਿਲ ਕੀਤੀ ਜਾ ਸਕਦੀ ਹੈ। ਮਰਡੌਕ ਵਰਗਾ ਘਾਗ ਮੀਡੀਆ ਕਾਰੋਬਾਰੀ ਇਸ ਦਲੀਲ ਨੂੰ ਬਿਹਤਰ ਸਮਝਦਾ ਹੈ। ਉਸ ਨੇ ਆਲਮੀ ਪੱਧਰ ਉੱਤੇ ਬਹੁ-ਕੌਮੀ ਮੀਡੀਆ ਕਾਰੋਬਾਰ ਦਾ ਸਾਮਰਾਜ ਖੜ੍ਹਾ ਕੀਤਾ ਹੈ। ਬਹੁਤ ਸਾਰੇ ਉੱਚੇ-ਨੀਵੇਂ ਪੜਾਅ ਵੇਖੇ ਹਨ। ਇਸ ਤਰ੍ਹਾਂ 'ਨਿਊਜ਼ ਆਫ਼ ਦਾ ਵਰਲਡ' ਨੂੰ ਬੰਦ ਕਰਨ ਦਾ ਫ਼ੈਸਲਾ ਇਨ੍ਹਾਂ ਖ਼ਦਸ਼ਿਆਂ ਨੂੰ ਉਜਾਗਰ ਕਰਨ ਲਈ ਕਾਫ਼ੀ ਸੀ ਕਿ ਮਸਲਾ ਜ਼ਿਆਦਾ ਗੰਭੀਰ ਹੈ। ਇਹ ਤਾਂ ਤਕਰੀਬਨ ਤੈਅ ਹੋ ਗਿਆ ਕਿ ਇਹ ਮਾਮਲਾ ਕਿਸੇ ਪੱਤਰਕਾਰ ਜਾਂ ਸੰਪਾਦਕ ਦੀ ਤਰਜੀਹ ਦਾ ਨਹੀਂ, ਸਗੋਂ ਸਮੁੱਚੇ 'ਨਿਊਜ਼ ਆਫ਼ ਦਾ ਵਰਲਡ' ਦੇ ਕੰਮ ਢੰਗ ਦਾ ਅਟੁੱਟ ਹਿੱਸਾ ਸੀ।

ਇਸ ਤੋਂ ਬਾਅਦ ਅਗਲਾ ਸਵਾਲ ਹੋਣਾ ਅਟੱਲ ਸੀ ਕਿ ਕੀ ਇਹ ਮਸਲਾ 'ਨਿਊਜ਼ ਆਫ਼ ਦਾ ਵਰਲਡ' ਤੱਕ ਮਹਿਦੂਦ ਕੀਤਾ ਜਾ ਸਕਦਾ ਹੈ ਜਾਂ 'ਨਿਊਜ਼ ਕਾਰਪੋਰੇਸ਼ਨ' ਦੇ ਖ਼ਾਸੇ ਦੀ ਨੁਮਾਇੰਦਗੀ ਕਰਦਾ ਹੈ? ਅਖ਼ਬਾਰਾਂ ਵਿਚ ਆਈਆਂ ਤਫ਼ਸੀਲਾਂ ਮੁਤਾਬਕ ਇਹ ਮਸਲਾ 'ਨਿਊਜ਼ ਆਫ਼ ਦਾ ਵਰਲਡ' ਤੋਂ ਵਡੇਰਾ ਹੈ। 'ਨਿਊਜ਼ ਕਾਰਪੋਰੇਸ਼ਨ' ਦੇ ਦੂਜੇ ਅਖ਼ਬਾਰਾਂ ਵੱਲੋਂ ਅਜਿਹਾ ਹੀ ਤਰੀਕਾ ਅਖ਼ਤਿਆਰ ਕਰਨ ਦੀ ਚਰਚਾ ਦੇ ਘੇਰੇ ਵਿਚ 'ਸਤੰਬਰ 2011' ਦੇ ਪੀੜਤ ਵੀ ਆ ਗਏ ਹਨ। ਇਹ ਤਾਂ ਮਸਲਾ ਸਿਰਫ਼ ਲੋਕਾਂ ਦੇ ਫੋਨਾਂ ਵਿਚ ਸੰਨ੍ਹ ਲਗਾਉਣ ਦਾ ਹੈ ਪਰ ਉਸ ਦੇ ਅਖ਼ਬਾਰਾਂ ਵਿਚ ਕੰਮ ਕਰਨ ਵਾਲੇ ਲੋਕਾਂ ਦੇ ਲੇਖਾਂ ਵਿਚੋਂ ਇਹ ਸਪਸ਼ਟ ਹੁੰਦਾ ਹੈ ਕਿ ਰੂਪਰਟ ਮਰਡੌਕ ਦਾ ਕਾਰੋਬਾਰ ਬੇਈਮਾਨੀਆਂ ਅਤੇ ਪੱਤਰਕਾਰੀ ਦੇ ਸਿਧਾਂਤਾਂ ਤੋਂ ਕਿਨਾਰਾਕਸ਼ੀ ਕਰ ਕੇ ਚੱਲਦਾ ਹੈ। 'ਇੰਡੀਪੈਂਡੈਂਟ' ਦੇ ਪੱਤਰਕਾਰ ਅਤੇ ਮੱਧ-ਪੂਰਬ ਮਾਮਲਿਆਂ ਦੇ ਮਾਹਰ ਰੌਬਰਟ ਫਿਸਕ ਨੇ ਮਰਡੌਕ ਵਿਚੋਂ ਹਿਟਲਰ ਵਾਲੇ ਖ਼ਾਸੇ ਦੀ ਪਛਾਣ ਕੀਤੀ ਹੈ ਅਤੇ ਤਫ਼ਸੀਲ ਨਾਲ ਲਿਖਿਆ ਹੈ ਕਿ ਉਸ ਨੇ ਆਪਣੇ ਅਖ਼ਬਾਰਾਂ ਰਾਹੀਂ ਯੂਰਪ ਵਿਚੋਂ ਇਸਰਾਈਲ ਪੱਖੀ ਰਾਏ ਉਸਾਰਨ ਵਿਚ ਸਰਗਰਮ ਹਿੱਸਾ ਪਾਇਆ ਹੈ। ਉਸ ਦੀ ਪ੍ਰਧਾਨ ਮੰਤਰੀਆਂ ਨਾਲ ਨੇੜਤਾ ਰਹੀ ਹੈ ਅਤੇ ਹਮਲਾਵਰ ਵਿਦੇਸ਼ ਨੀਤੀ ਦੀ ਵਕਾਲਤ ਉਸ ਦੇ ਅਖ਼ਬਾਰਾਂ ਦੀ ਤਰਜੀਹ ਰਹੀ ਹੈ। ਇਸਰਾਈਲ ਵਿਰੋਧੀ ਤੱਥ ਭਰਪੂਰ ਖ਼ਬਰਾਂ ਰੋਕਣ ਲਈ ਮਰਡੌਕ ਦੇ ਅਖ਼ਬਾਰਾਂ ਦੇ ਅਮਲੇ ਨੂੰ ਕਹਿਣ ਜਾਂ ਹਿਦਾਇਤਾਂ ਦੇਣ ਦੀ ਲੋੜ ਨਹੀਂ ਪੈਂਦੀ। ਫਿਸਕ ਨੇ ਲਿਖਿਆ ਹੈ, "ਉਹ ਕਦੇ ਵੀ ਇਸ ਤਰ੍ਹਾਂ ਸ਼ੈਤਾਨੀ, ਹਨੇਰ ਅਤੇ ਜ਼ਹਿਰ ਦਾ ਨੁਮਾਇੰਦਾ ਬਣ ਕੇ ਪੇਸ਼ ਨਹੀਂ ਹੋਇਆ। ਇਸ ਦਾ ਅਹਿਮ ਕਾਰਨ ਇਹ ਸੀ ਕਿ ਅਖ਼ਬਾਰਾਂ ਵਿਚ ਕੰਮ ਕਰਦੇ ਅਮਲੇ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਉਹ ਕੀ ਚਾਹੁੰਦਾ ਹੈ। ਉਨ੍ਹਾਂ ਨੂੰ ਅੰਦਾਜ਼ਾ ਹੈ ਕਿ ਮਰਡੌਕ ਕੀ ਕਹੇਗਾ। ਜਦੋਂ ਇਸਰਾਈਲ ਨੇ ਲਿਬਨਾਨ ਉੱਤੇ 1982 ਵਿਚ ਖ਼ੂਨੀ ਹਮਲਾ ਕਰਕੇ ਕਬਜ਼ਾ ਕੀਤਾ ਤਾਂ ਮੈਂ ਮਰਡੌਕ ਦੇ ਅਖ਼ਬਾਰ ਟਾਈਮਜ਼ ਵਿਚ ਕੰਮ ਕਰਦਾ ਸਾਂ। ਮੇਰੀਆਂ ਭੇਜੀਆਂ ਖ਼ਬਰਾਂ ਵਿਚ ਭਾਵੇਂ ਇਸਰਾਈਲ ਦੇ ਖ਼ਿਲਾਫ਼ ਕਿੰਨਾ ਵੀ ਲਿਖਿਆ ਹੋਵੇ, ਕਦੇ ਇਕ ਸਤਰ ਤੱਕ ਨਹੀਂ ਕੱਟੀ ਗਈ। ਹਮਲੇ ਤੋਂ ਬਾਅਦ ਇਸਰਾਈਲੀਆਂ ਨੇ ਮਰਡੌਕ ਅਤੇ ਚਾਰਲਸ ਡਗਲਜ਼ ਹੋਮ (ਉਸ ਵੇਲੇ 'ਟਾਈਮਜ਼' ਦਾ ਸੰਪਾਦਕ) ਨੂੰ ਲਿਬਨਾਨ ਦੇ ਹੈਲੀਕਾਪਟਰ ਰਾਹੀਂ ਦੌਰੇ ਲਈ ਬੁਲਾਇਆ। ਇਸਰਾਈਲੀਆਂ ਨੇ ਮੇਰੀਆਂ ਖ਼ਬਰਾਂ ਨੂੰ ਰੱਦ ਕੀਤਾ ਅਤੇ ਡਗਲਜ਼ ਹੋਮ ਨੇ ਮੇਰਾ ਪੱਖ ਲਿਆ। ਡਗਲਜ਼ ਤੇ ਮਰਡੌਕ ਨੇ ਲੰਡਨ ਤੱਕ ਇਕੱਠੇ ਹਵਾਈ ਸਫ਼ਰ ਕੀਤਾ। ਬਾਅਦ ਵਿਚ ਡਗਲਜ਼ ਹੋਮ ਨੇ ਮੈਨੂੰ ਦੱਸਿਆ, "ਮੈਨੂੰ ਪਤਾ ਸੀ ਕਿ ਮਰਡੌਕ ਤੇਰੀਆਂ ਖ਼ਬਰਾਂ ਵਿਚ ਦਿਲਚਸਪੀ ਲੈ ਰਿਹਾ ਸੀ ਪਰ ਉਸ ਨੇ ਉਡੀਕ ਕੀਤੀ ਕਿ ਮੈਂ ਆਪ ਦੱਸਾਂ। ਇਹ ਸਾਰਾ ਕੁਝ ਦਿਖਾਉਣ ਦੀ ਨੌਬਤ ਨਹੀਂ ਆਈ।" ਫਿਸਕ ਅੱਗੇ ਲਿਖਦਾ ਹੈ, "ਇਸ ਤੋਂ ਬਾਅਦ ਤਬਦੀਲੀ ਆਈ। ਡਗਲਜ਼ 'ਟਾਈਮਜ਼' ਦਾ ਸੰਪਾਦਕ ਬਣਨ ਤੋਂ ਪਹਿਲਾਂ ਅਰਬੀ ਦੇ ਰਸਾਲੇ 'ਅਲ-ਮਜੈਲਾ' ਵਿਚ ਲਿਖਦਾ ਸੀ। ਉਸ ਦੇ ਲੇਖਾਂ ਵਿਚ ਇਸਰਾਈਲ ਦੇ ਖ਼ਿਲਾਫ਼ ਦਲੀਲ ਉਸਰਦੀ ਸੀ। ਹੁਣ ਉਸ ਦੀਆਂ 'ਟਾਈਮਜ਼' ਦੀਆਂ ਸੰਪਾਦਕੀਆਂ ਨੇ ਇਸਰਾਈਲੀ ਹਮਲੇ ਦੇ ਹਾਂਦਰੂ ਪੱਖ ਦੇਖਣੇ ਸ਼ੁਰੂ ਕਰ ਦਿੱਤੇ।" ਇਸ ਤੋਂ ਬਾਅਦ ਫਿਸਕ ਦੀਆਂ ਰਿਪੋਰਟਾਂ ਵਿਚ ਕੱਟ-ਵੱਢ ਸ਼ੁਰੂ ਹੋ ਗਈ। ਕਈ ਵਾਰ ਉਸ ਦੀਆਂ ਭੇਜੀਆਂ ਖ਼ਬਰਾਂ ਦਾ ਮੁਹਾਣ ਹੀ ਬਦਲ ਦਿੱਤਾ ਜਾਂਦਾ ਸੀ। ਉਸੇ ਸਾਲ ਮਰਡੌਕ ਨੂੰ ਅਮਰੀਕਾ ਦੇ ਯਹੂਦੀਆਂ ਦੀ ਕਿਸੇ ਨਾਮੀ ਜਥੇਬੰਦੀ ਵੱਲੋਂ 'ਮੈਨ ਆਫ਼ ਦਾ ਈਅਰ' ਕਰਾਰ ਦਿੱਤਾ ਗਿਆ ਅਤੇ ਸਨਮਾਨ ਕੀਤਾ ਗਿਆ। ਮੱਧ ਪੂਰਬ ਤੋਂ ਆਉਂਦੀਆਂ ਖ਼ਬਰਾਂ ਵਿਚੋਂ ਅਮਰੀਕਾ ਵਿਰੋਧੀ ਤੱਥ ਅਤੇ ਦਲੀਲ ਕੱਢ ਦੇਣ ਦੀ ਤਸਦੀਕ ਰੌਬਰਟ ਫਿਸਕ ਨੇ ਆਪਣੇ ਲੇਖ ਵਿਚ ਕੀਤੀ ਹੈ।

ਮਰਡੌਕ ਦੇ ਕਾਰੋਬਾਰ ਅਤੇ ਉਸ ਦੀ ਸ਼ਖ਼ਸੀਅਤ ਦੇ ਖ਼ਾਸੇ ਬਾਬਤ ਲੇਖ ਕੌਨਰਾਡ ਬਲੈਕ ਨੇ ਲਿਖਿਆ ਹੈ ਕਿ ਮਰਡੌਕ ਦੀ ਮਹਾਨਤਾ ਅਤੇ ਸ਼ੈਤਾਨੀ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਉੱਦਮ, ਹੁਨਰ ਅਤੇ ਇੰਤਜ਼ਾਮੀਆ ਪੱਖ ਤੋਂ ਉਸ ਨੇ ਦਰਸਾ ਦਿੱਤਾ ਹੈ ਕਿ ਸ਼ਾਇਦ ਉਹ ਮੀਡੀਆ ਦੇ ਇਤਿਹਾਸ ਵਿਚ ਸਭ ਤੋਂ ਕਾਮਯਾਬ ਮਾਲਕਾਂ ਵਿਚੋਂ ਹੈ। ਬਲੈਕ ਲਿਖਦਾ ਹੈ, "ਇਹ ਹੈਰਾਨੀ ਵਾਲੀ ਗੱਲ ਹੋਵੇਗੀ ਕਿ 'ਨਿਊਜ਼ ਕਾਰਪੋਰੇਸ਼ਨ' ਦਾ ਕੋਈ ਮੁਲਾਜ਼ਮ ਅਪਰਾਧ ਵਿਚ ਸ਼ਾਮਲ ਨਹੀਂ ਸੀ। ਇਹ ਕੰਪਨੀ ਦਾ ਮਾਹੌਲ ਹੈ ਅਤੇ ਇੰਝ ਕੰਮ ਕਰਨ ਦਾ ਤਰੀਕਾ ਉਨ੍ਹਾਂ ਨੇ ਕਈ ਦਹਾਕਿਆਂ ਤੋਂ ਅਖ਼ਤਿਆਰ ਕੀਤਾ ਹੋਇਆ ਹੈ। ਬਰਤਾਨੀਆ ਦੀਆਂ ਦੋਵੇਂ ਵੱਡੀਆਂ ਸਿਆਸੀ ਪਾਰਟੀਆਂ ਨੇ ਆਪਣੀਆਂ ਸਰਕਾਰਾਂ ਵੇਲੇ ਉਸ ਨਾਲ ਅੰਦਰਖ਼ਾਤੇ ਕਾਰੋਬਾਰ ਕੀਤਾ ਹੈ। 'ਸੰਡੇ ਟਾਈਮਜ਼' ਵਿਚ ਖ਼ਬਰ ਛਪਣ ਦੀ ਸੰਭਾਵਨਾ ਇਸ ਤੱਥ ਨਾਲ ਤੈਅ ਹੁੰਦੀ ਹੈ ਕਿ ਇਸ ਦੀ ਸੁਰਖ਼ੀ ਵਿਚ ਸ਼ਾਹੀ ਪਰਿਵਾਰ ਬਾਬਤ ਕਿੰਨੀ ਕੁ ਸਨਸਨੀ ਹੈ।" ਕੌਨਰਾਡ ਦੇ ਲੇਖ ਦੀ ਅਹਿਮ ਤੰਦ ਮਰਡੌਕ ਦੀ ਵਫ਼ਾਦਾਰੀ ਤੇ ਮੌਕਾਪ੍ਰਸਤੀ ਨਾਲ ਜੁੜੀ ਹੋਈ ਹੈ। ਉਹ ਲਿਖਦਾ ਹੈ, "ਉਸ ਦੀ ਸ਼ਖ਼ਸੀਅਤ ਵਿਚ ਦੋਸਤਾਨਾ ਲਹਿਜਾ ਹੈ ਪਰ ਉਸ ਦੀ ਵਫ਼ਾਦਾਰੀ ਆਪਣੀ ਕੰਪਨੀ ਤੋਂ ਬਿਨਾਂ ਕਿਸੇ ਆਦਮੀ ਜਾਂ ਸ਼ੈਅ ਨਾਲ ਨਹੀਂ ਹੈ। ਉਸ ਨੂੰ ਦੋਸਤੀ ਕਾਇਮ ਰੱਖਣ ਵਿਚ ਔਖ ਹੁੰਦੀ ਹੈ। ਉਹ ਜ਼ਿਆਦਾ ਦੇਰ ਵਾਅਦਾਪ੍ਰਸਤ ਵੀ ਨਹੀਂ ਹੋ ਸਕਦਾ। ਉਹ ਦੂਜਿਆਂ ਨੂੰ ਪ੍ਰੇਸ਼ਾਨ ਕਰ ਕੇ ਲਾਹਾ ਖੱਟਣ ਦਾ ਮਾਹਿਰ ਹੈ। ਉਸ ਦੀ ਕਿਸੇ ਮੁਲਕ ਦੇ ਕਿਸੇ ਆਗੂ ਨੇ ਮੱਦਦ ਕੀਤੀ ਹੋਵੇ ਪਰ ਇਸ ਨੇ ਹਰ ਇਕ ਨੂੰ ਧੋਖਾ ਦਿੱਤਾ ਹੈ। ਇਸ ਰੁਝਾਨ ਵਿਚੋਂ ਰੋਨਾਲਡ ਰੀਗਨ ਅਤੇ ਸ਼ਾਇਦ ਟੋਨੀ ਬਲੇਅਰ ਹੀ ਵੱਖਰੇ ਹਨ। ਉਸ ਦਾ ਕਿਰਦਾਰ ਮੰਡੀ ਮੁਖੀ ਹੈ ਜੋ ਟੈਬਲਾਇਡ ਸਨਸਨੀ ਦਾ ਮਾਹਿਰ ਹੈ, ਬਦੀ ਦੀਆਂ ਮਿੱਥਾਂ ਉਸਾਰਦਾ ਹੈ, ਸਤਿਕਾਰਯੋਗ ਅਦਾਰਿਆਂ ਅਤੇ ਬੰਦਿਆਂ ਦੇ ਸਤਿਕਾਰ ਵਿਚ ਸੰਨ੍ਹ ਲਗਾਉਂਦਾ ਹੈ। ਇਹ ਸਭ ਕੁਝ ਲਈ ਉਹ 'ਪਤਵੰਤਾਸ਼ਾਹੀ' ਦੇ ਵਿਰੋਧ ਦੀ ਦਲੀਲ ਵਰਤਦਾ ਹੈ। ਉਹ ਇਕੋ ਵੇਲੇ ਅਮਰੀਕਾ ਅਤੇ ਬਰਤਾਨੀਆ ਨੂੰ ਪਿਛਾਂਹ-ਖਿੱਚੂ ਰੁਝਾਨ ਦਾ ਅੰਲੰਬਰਦਾਰ ਹੈ ਅਤੇ ਦੂਜੇ ਪਾਸੇ ਚੀਨ ਨਾਲ ਪਿਛਲੇ ਦਰਵਾਜ਼ਿਓਂ ਸਾਂਝ ਪਾਲ ਰਿਹਾ ਹੈ। ਉਸ ਦੀ ਮਨੋਰੰਜਨ ਅਤੇ ਸ਼ਹਿਰੀ ਕਦਰਾਂ-ਕੀਮਤਾਂ ਦੀ ਧਾਰਨਾ ਸਿੰਪਸਨ ਦੇ ਟੈਲੀਵਿਜ਼ਨ ਕਾਰਟੂਨ ਨਾਲ ਮਿਲਦੀ ਹੈ ਜਿਸ ਦਾ ਮੰਨਣਾ ਹੈ: ਸਾਰੇ ਸਰਕਾਰੀ ਮੁਲਾਜ਼ਮ ਭ੍ਰਿਸ਼ਟ ਹਨ ਅਤੇ ਲੋਕ ਅਗਿਆਨੀ ਤੇ ਬਦਮਾਸ਼ ਕਰਿੰਦੇ ਹਨ। ਇਹ ਗ਼ੈਰ-ਕਾਨੂੰਨੀ ਨਹੀਂ ਹੈ ਪਰ ਇਹ ਸਭ ਕੁਝ ਉਹ ਬੰਦਾ ਕਰ ਰਿਹਾ ਹੈ ਜਿਸ ਨੂੰ ਸਰਕਾਰਾਂ ਸਤਿਕਾਰ ਦਿੰਦੀਆਂ ਹਨ ਅਤੇ ਉਹ ਹਰ ਤਰ੍ਹਾਂ ਦੀਆਂ ਤਰਜੀਹਾਂ ਮਾਣਦਾ ਹੈ।"

ਰੌਬਰਟ ਫਿਸਕ ਅਤੇ ਕੌਨਰਾਡ ਬਲੈਕ ਦੀਆਂ ਦਲੀਲਾਂ ਨਾਲ ਮਰਡੌਕ ਦਾ ਖ਼ਾਸਾ ਸਪਸ਼ਟ ਹੋ ਜਾਂਦਾ ਹੈ ਪਰ ਨਾਲ ਹੀ ਪੱਤਰਕਾਰੀ ਬਾਬਤ ਸਵਾਲਾਂ ਦਾ ਘੇਰਾ ਵਸੀਹ ਹੋ ਜਾਂਦਾ ਹੈ। ਇਨ੍ਹਾਂ ਦੀਆਂ ਦਲੀਲਾਂ ਦੀ ਹੋਰ ਮੁਲਕਾਂ ਦੇ ਹਵਾਲੇ ਨਾਲ ਚਰਚਾ ਕਰਨ ਤੋਂ ਪਹਿਲਾਂ ਕੁਝ ਤਫ਼ਸੀਲਾਂ ਹੋਰ ਜਾਣ ਲੈਣੀਆਂ ਜ਼ਰੂਰੀ ਹੈ। ਮਰਡੌਕ ਇਸ ਘਟਨਾਕ੍ਰਮ ਦੌਰਾਨ ਬਰਤਾਨੀਆ ਆਇਆ ਤਾਂ ਕੁਝ ਨਹੀਂ ਬੋਲਿਆ। ਜਦੋਂ ਪੱਤਰਕਾਰਾਂ ਨੇ ਉਸ ਨੂੰ ਘੇਰ ਕੇ ਪੁੱਛਿਆ ਕਿ ਉਸ ਦੀ ਤਰਜੀਹ ਕੀ ਬਣਦੀ ਹੈ ਤਾਂ ਉਸ ਨੇ ਆਪਣੇ ਨਾਲ ਖੜ੍ਹੀ ਰਿਬੈਕਾ ਬਰੂਕਸ ਦੇ ਮੋਢੇ ਉੱਤੇ ਹੱਥ ਰੱਖ ਕੇ ਦੋ ਸ਼ਬਦਾਂ ਦਾ ਜੁਆਬ ਦਿੱਤਾ, "ਇਹ ਹੈ।" ਇਹ ਵੱਖਰੀ ਗੱਲ ਹੈ ਕਿ ਰਿਬੈਕਾ ਬਰੂਕਸ ਨੂੰ ਮਰਡੌਕ ਦੀ ਕੰਪਨੀ ਵਿਚੋਂ ਅਸਤੀਫ਼ਾ ਵੀ ਦੇਣਾ ਪਿਆ। ਇਨ੍ਹਾਂ ਦੋ ਸ਼ਬਦਾਂ ਨਾਲ ਮਰਡੌਕ ਨੇ ਆਪਣੀ ਤਾਕਤ ਦਾ ਵਿਖਾਵਾ ਤਾਂ ਕਰ ਦਿੱਤਾ ਕਿ ਉਹ "ਦੁਨੀਆਂ ਦੇ ਸਭ ਤੋਂ ਮਹਾਨ ਅਖ਼ਬਾਰ" ਨੂੰ ਬੰਦ ਕਰਨ ਅਤੇ ਗ਼ੈਰ-ਇਖ਼ਲਾਕੀ ਪੱਤਰਕਾਰੀ ਦੇ ਇਲਜ਼ਾਮਾਂ ਵਿਚ ਘਿਰੀ ਹੋਈ ਕੰਪਨੀ ਦੇ ਬਾਵਜੂਦ ਮੀਡੀਆ ਨੂੰ ਟਿੱਚ ਜਾਣਦਾ ਹੈ। ਇਹ ਬਿਨਾਂ ਸ਼ੱਕ ਉਸ ਦਾ ਹੰਕਾਰ ਅਤੇ ਮੌਜੂਦਾ ਹਾਲਾਤ ਵਿਚੋਂ ਕਾਮਯਾਬੀ ਨਾਲ ਨਿਕਲ ਆਉਣ ਦਾ ਭਰੋਸਾ ਹੈ। ਇਸ ਦਾ ਦੂਜਾ ਪਾਸਾ ਇਹ ਹੈ ਕਿ ਉਸ ਤੋਂ ਜ਼ਿਆਦਾ ਮੀਡੀਆ ਨੂੰ ਕੌਣ ਜਾਣਦਾ ਹੈ!

ਰੌਬਰਟ ਫਿਸਕ ਦਾ ਲੇਖ ਸਪਸ਼ਟ ਕਰਦਾ ਹੈ ਕਿ ਪੱਤਰਕਾਰੀ ਅੰਦਰ ਇਹ ਰੁਝਾਨ ਵੱਡੇ ਪੱਧਰ ਉੱਤੇ ਹੈ। ਇਸ ਨਾਲ ਅਰੁੰਧਤੀ ਰਾਏ ਦੀ ਉਸ ਦਲੀਲ ਦੀ ਤਸਦੀਕ ਹੋ ਜਾਂਦੀ ਹੈ ਕਿ ਭਾਰਤ ਬਾਬਤ ਮਾੜੀ ਖ਼ਬਰ ਨਾ ਛਾਪਣ ਦੀ ਮਨਾਹੀ ਲਾਗੂ ਕਰਨ ਪਾਬੰਦੀ ਦਾ ਐਲਾਨ ਕਰਨ ਦੀ ਲੋੜ ਨਹੀਂ। ਇਸ ਦਲੀਲ ਵਿਚ ਜੋ ਬੇਭਰੋਸਗੀ ਸਟੀਫ਼ਨ ਮੌਸ ਪ੍ਰਗਟਾਉਂਦਾ ਹੈ ਉਹ ਕੁਥਾਂ ਸਾਬਤ ਹੁੰਦੀ ਹੈ। ਕੌਨਰਾਡ ਬਲੈਕ ਉਨ੍ਹਾਂ ਸਾਰੇ ਮਾਮਲਿਆਂ ਤਹਿਤ ਵਿਵਾਦਾਂ ਦਾ ਵਿਸ਼ਾ ਰਿਹਾ ਹੈ ਜੋ ਉਹ ਮਰਡੌਕ ਬਾਬਤ ਉਭਾਰ ਰਿਹਾ ਹੈ। ਮਸਲਾ ਇਹ ਵੀ ਹੈ ਕਿ ਇਸ ਵੇਲੇ 'ਨਿਊਜ਼ ਆਫ਼ ਦਾ ਵਰਲਡ' ਖ਼ਿਲਾਫ਼ ਸਮੁੱਚੀ ਮੁਹਿੰਮ ਵਿਚ 'ਗਾਰਡੀਅਨ', 'ਇੰਡੀਪੈਂਡੈਂਟ' ਅਤੇ 'ਬੀ.ਬੀ.ਸੀ.' ਝੰਡਾਬਰਦਾਰ ਹਨ। ਇਨ੍ਹਾਂ ਦੀ ਇਖ਼ਲਾਕੀ ਮੁਹਿੰਮ ਫਸੇ ਹੋਏ ਮਰਡੌਕ ਦੀ ਕੀਮਤ ਉੱਤੇ ਚੱਲ ਰਹੀ ਹੈ। ਇਨ੍ਹਾਂ ਨੇ ਪਿਛਲੇ ਦਿਨੀਂ 'ਬੀ.ਬੀ.ਸੀ.' ਦੇ ਅਮਲੇ ਵੱਲੋਂ ਕੀਤੀ ਇਕ ਰੋਜ਼ਾ ਹੜਤਾਲ ਨੂੰ ਕਿਉਂ ਨਜ਼ਰਅੰਦਾਜ਼ ਕਰ ਦਿੱਤਾ? ਇਹ ਖ਼ਬਰ ਆਖ਼ਰੀ ਪੰਨਿਆਂ ਉੱਤੇ ਇਕ-ਦੋ ਸਤਰਾਂ ਵਿਚ ਛਪੀ ਹੈ। ਬੀ.ਬੀ.ਸੀ. ਬਾਬਤ ਪਾਕਿਸਤਾਨੀ ਫ਼ਿਲਮਸਾਜ਼ ਤਾਰਿਕ ਅਲੀ ਆਪਣੀ ਕਿਤਾਬ ਵਿਚ ਟਿੱਪਣੀ ਕਰਦਾ ਹੈ ਕਿ ਇਹ ਅਦਾਰਾ ਬਰਤਾਨੀਆ ਦੀ ਵਿਦੇਸ਼ ਨੀਤੀ ਮੁਤਾਬਕ ਚੱਲਦਾ ਹੈ। ਇਤਿਹਾਸਕ ਤੱਥਾਂ ਦੇ ਬਾਵਜੂਦ ਤਾਰਿਕ ਅਲੀ ਨੂੰ ਫ਼ਿਲਮ ਵਿਚ ਇਹ ਦਿਖਾਉਣ ਤੋਂ ਰੋਕਿਆ ਗਿਆ ਸੀ ਕਿ ਪਾਕਿਸਤਾਨ ਵਿਚ ਅਮਰੀਕੀ ਖ਼ੁਫ਼ੀਆ ਏਜੰਸੀ ਦੀ ਦਖ਼ਲਅੰਦਾਜ਼ੀ ਨਾਲ ਕਤਲ ਕਿਵੇਂ ਹੁੰਦੇ ਹਨ। ਤਾਰਿਕ ਅਲੀ ਨੂੰ ਸਮਝਾਉਣ ਆਏ ਮਾਰਕ ਟੱਲੀ ਨੇ ਕਿਹਾ ਸੀ ਕਿ ਬਰਤਾਨੀਆ ਦੀਆਂ ਅਦਾਲਤਾਂ ਸਾਬਕਾ ਸੋਵੀਅਤ ਗਣਰਾਜ ਦੇ ਮਾਮਲਿਆਂ ਨੂੰ ਦਰਜ ਨਹੀਂ ਕਰਦੀਆਂ ਪਰ ਅਜਿਹਾ ਅਮਰੀਕਾ ਤੇ ਪਾਕਿਸਤਾਨ ਦੇ ਮਾਮਲੇ ਵਿਚ ਹੋ ਸਕਦਾ ਹੈ। ਇਸ ਤਰ੍ਹਾਂ ਮਾਰਕ ਟੱਲੀ ਸਿਰਫ਼ ਤਾਰਿਕ ਅਲੀ ਨੂੰ ਸਮਝਾ ਰਿਹਾ ਸੀ ਕਿ ਉਸ ਦਾ ਅਦਾਰਾ ਬਰਤਾਨੀਆ ਦੀ ਵਿਦੇਸ਼ ਨੀਤੀ ਦਾ ਬੁਲਾਰਾ ਹੈ ਅਤੇ ਨਾਲੋ-ਨਾਲ ਗੌਣ ਪਾਬੰਦੀਆਂ ਦਾ ਖ਼ੁਲਾਸਾ ਕਰ ਰਿਹਾ ਸੀ। ਰੌਬਰਟ ਫਿਸਕ ਨੇ ਆਪਣੇ ਲੇਖ ਵਿਚ ਮਰਡੌਕ ਦੀ ਤੁਲਨਾ ਹਿਟਲਰ ਨਾਲ ਕਰਦੇ ਸਮੇਂ ਅਰਬੀ ਤਾਨਾਸ਼ਾਹਾਂ ਅਤੇ ਸੰਪਾਦਕਾਂ ਦੇ ਹਵਾਲੇ ਦਿੱਤੇ ਹਨ। ਉਹ ਅਮਰੀਕੀ ਅਤੇ ਬਰਤਾਨਵੀ ਵਿਦੇਸ਼ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਵਾਲਿਆਂ ਨੂੰ ਇਸ ਕੜੀ ਦਾ ਹਿੱਸਾ ਨਹੀਂ ਬਣਾਉਂਦਾ। ਇਨ੍ਹਾਂ ਵਿਦੇਸ਼ ਨੀਤੀਆਂ, ਪੱਤਰਕਾਰੀ ਦੇ ਮੁਹਾਣ, ਜੰਗੀ ਮੁਹਿੰਮਾਂ ਅਤੇ ਤਾਨਾਸ਼ਾਹੀਆਂ ਨੂੰ ਵੱਖ ਕਿਵੇਂ ਕੀਤਾ ਜਾ ਸਕਦਾ ਹੈ? ਇਨ੍ਹਾਂ ਵਿਦੇਸ਼ ਨੀਤੀਆਂ ਨੂੰ ਲਾਗੂ ਕਰਨ ਲਈ ਰਾਏ ਉਸਾਰੀ ਦਾ ਕੰਮ ਮੀਡੀਆ ਹੀ ਕਰਦਾ ਹੈ। ਦੂਜੇ ਮੁਲਕਾਂ ਵਿਚ ਨਿੱਜੀਕਰਨ ਪੱਖੀ ਮਾਹੌਲ ਦੀ ਉਸਾਰੀ ਲਈ ਸਰਕਾਰੀ ਅਦਾਰਿਆਂ ਨੂੰ ਨਖਿੱਧ ਸਾਬਤ ਕਰਨ ਵਿਚ ਜੋ ਮਰਡੌਕ ਦਾ ਹੁਨਰ ਲੱਗਿਆ ਹੈ ਤਾਂ ਬੀ.ਬੀ.ਸੀ. ਦੀ ਲਿਆਕਤ ਵੀ ਲੱਗੀ ਹੈ। ਤੀਜੀ ਦੁਨੀਆਂ ਦੇ ਮੁਲਕਾਂ ਦੇ ਸਨਅਤੀ ਘਰਾਣਿਆਂ ਦੇ ਅਖ਼ਬਾਰ ਇਸ ਦਲੀਲ ਦੀ ਉਸਾਰੀ ਮੁਕਾਮੀ ਪੱਧਰ ਉੱਤੇ ਕਰਦੇ ਹਨ। ਇਸ ਤਰ੍ਹਾਂ ਪੱਤਰਕਾਰੀ ਦੀ ਭਰੋਸੇਯੋਗਤਾ ਦਾ ਸਵਾਲ ਮਰਡੌਕ ਸਾਮਰਾਜ ਤੱਕ ਮਹਿਦੂਦ ਨਹੀਂ ਹੈ, ਇਸ ਦੀਆਂ ਮੁਕਾਮੀ, ਕੌਮੀ ਅਤੇ ਕੌਮਾਂਤਰੀ ਤੰਦਾਂ ਬਹੁਤ ਮਜ਼ਬੂਤ ਅਤੇ ਪੇਚੀਦਾ ਹਨ।

ਕੁਝ ਨੁਕਤੇ ਸਵਾਲਾਂ ਵਜੋਂ ਉਭਰਦੇ ਹਨ ਜਿਨ੍ਹਾਂ ਦੇ ਜਵਾਬ ਭਾਲਣੇ ਬਣਦੇ ਹਨ। ਭਾਰਤ ਵਿਚ ਹੋਏ 2-ਜੀ ਘਪਲੇ ਵਿਚ ਕੱਪੜਾ ਮੰਤਰੀ ਮਾਰਨ ਨੂੰ ਹਟਾਇਆ ਗਿਆ ਹੈ। ਸਵਾਲ ਦੇ ਘੇਰੇ ਵਿਚ ਆਈ ਰਕਮ ਉਨ੍ਹਾਂ ਦੇ ਮੀਡੀਆ ਗਰੁੱਪ 'ਸੰਨ' ਵਿਚ ਲੱਗੀ ਹੈ। ਪੰਜਾਬ ਵਿਚ ਬਾਦਲ ਸਰਕਾਰ ਦੀ ਦਖ਼ਲਅੰਦਾਜ਼ੀ ਕਾਰਨ 'ਜ਼ੀ ਪੰਜਾਬੀ' ਅਤੇ 'ਡੇਅ ਐਂਡ ਨਾਈਟ ਨਿਊਜ਼' ਕੇਬਲ ਨੈੱਟਵਰਕ ਉੱਤੇ ਨਹੀਂ ਚਲਦੇ। ਦੋ-ਤਿੰਨ ਦਹਾਕਿਆਂ ਤੋਂ ਪੱਤਰਕਾਰੀ ਕਰ ਰਹੇ ਸੰਪਾਦਕ ਆਪਣੀ ਪ੍ਰਾਪਤੀ ਵਜੋਂ ਪ੍ਰਧਾਨ ਮੰਤਰੀ ਨਾਲ ਕੀਤੇ ਵਿਦੇਸ਼ ਦੌਰੇ ਨੂੰ ਪੇਸ਼ ਕਰਦੇ ਹਨ। ਲੋਕ ਸੰਪਰਕ ਮਹਿਕਮੇ ਤੋਂ ਪੱਤਰਕਾਰੀ ਅਤੇ ਪੱਤਰਕਾਰੀ ਤੋਂ ਲੋਕ ਸੰਪਰਕ ਮਹਿਕਮੇ ਵਿਚ ਜਾਣ ਦਾ ਰੁਝਾਨ ਪ੍ਰਧਾਨ ਮੰਤਰੀ ਦਫ਼ਤਰ ਤੋਂ ਸੂਬਾ ਸਰਕਾਰਾਂ ਤੱਕ ਚੱਲ ਰਿਹਾ ਹੈ।

'ਨਿਊਜ਼ ਆਫ਼ ਦਾ ਵਰਲਡ' ਨੂੰ ਘਟਨਾ ਵਜੋਂ ਪੇਸ਼ ਕਰਨ ਦਾ ਮਤਲਬ ਸਨਸਨੀ ਭਰਪੂਰ ਖ਼ਬਰ ਤੋਂ ਵੱਧ ਕੁਝ ਨਹੀਂ ਹੈ। ਜੋ ਮਰਡੌਕ ਦਾ ਅਮਲਾ ਕਰਦਾ ਆਇਆ ਹੈ, ਉਹ ਅੱਜ ਉਨ੍ਹਾਂ ਨਾਲ ਹੋ ਰਿਹਾ ਹੈ। ਅਜਿਹਾ ਕਰਨ ਵਾਲੇ ਆਪਣੀ ਸੁਹਿਰਦਤਾ ਵਜੋਂ ਮਰਡੌਕ ਦੀਆਂ ਬੇਈਮਾਨੀਆਂ ਨੂੰ ਪੇਸ਼ ਨਹੀਂ ਕਰ ਸਕਦੇ। ਫ਼ੌਰੀ ਤੌਰ ਉੱਤੇ 'ਨਿਊਜ਼ ਕਾਰਪੋਰੇਸ਼ਨ' ਨੇ ਬਰਤਾਨੀਆ ਵਿਚ 'ਬ੍ਰਿਟਿਸ਼ ਸਕਾਈ ਬਰਾਡਕਾਸਟਿੰਗ' ਨੂੰ ਖ਼ਰੀਦਣ ਦੀ ਯੋਜਨਾ ਤਿਆਗ ਦਿੱਤੀ ਹੈ ਪਰ ਇਸ ਵਿਚ ਤਾਂ ਪਹਿਲਾਂ ਹੀ ਉਸ ਦਾ 39 ਫ਼ੀਸਦੀ ਹਿੱਸਾ ਹੈ। ਇਸ ਤੋਂ ਘੱਟ ਵੋਟਾਂ ਹਾਸਲ ਕਰਕੇ ਆਲਮੀ ਪੱਧਰ ਉੱਤੇ ਜਮਹੂਰੀਅਤ ਦੇ ਝੰਡੇ ਹੇਠ ਸਰਕਾਰਾਂ ਚੱਲ ਰਹੀਆਂ ਹਨ। 'ਨਿਊਜ਼ ਕਾਰਪੋਰੇਸ਼ਨ' ਹੁਣ ਵੀ 'ਬ੍ਰਿਟਿਸ਼ ਸਕਾਈ ਬਰਾਡਕਾਸਟਿੰਗ' ਦੇ ਫ਼ੈਸਲਿਆਂ ਉੱਤੇ ਅਸਰਅੰਦਾਜ਼ ਹੈ। ਇਸ ਹਾਲਾਤ ਵਿਚ ਸਪਸ਼ਟ ਹੈ ਕਿ ਪੱਤਰਕਾਰੀ ਦਾ ਨਿਘਾਰ 'ਨਿਊਜ਼ ਕਾਰਪੋਰੇਸ਼ਨ' ਤੱਕ ਮਹਿਦੂਦ ਨਹੀਂ ਹੈ ਅਤੇ ਇਸ ਦਾਗ਼ੀ ਕੰਪਨੀ ਦੀ ਤਾਕਤ ਘੱਟਣ ਦਾ ਕੋਈ ਆਸਾਰ ਨਜ਼ਰ ਨਹੀਂ ਆਉਂਦਾ। ਦੁਨੀਆਂ ਭਰ ਦੀਆਂ ਸਰਕਾਰਾਂ ਨੂੰ ਦਰਬਾਨ ਪੱਤਰਕਾਰਾਂ ਦੀ ਲੋੜ ਹੈ ਜਿਨ੍ਹਾਂ ਨੂੰ ਨੀਤੀਆਂ ਉੱਤੇ ਅਸਰਅੰਦਾਜ਼ ਹੋਣ ਤੇ ਸਰਕਾਰੀ ਲੋਕ ਭਲਾਈ ਅਦਾਰਿਆਂ ਨੂੰ ਨਿੰਦਣ ਦੀ ਖੁੱਲ੍ਹ ਦਿੱਤੀ ਜਾ ਸਕਦੀ ਹੈ।



'ਨਿਊਜ਼ ਆਫ਼ ਦਾ ਵਰਲਡ' ਦੇ ਆਖ਼ਰੀ ਅੰਕ ਦਾ ਪਹਿਲਾ ਸਫ਼ਾ

ਆਖ਼ਰ ਇਸ ਪੁਰਾਣੇ ਅਤੇ ਇਸ਼ਾਇਤ ਪੱਖੋਂ ਸਭ ਤੋਂ ਵੱਡੇ ਅਖ਼ਬਾਰ ਨੂੰ ਬੰਦ ਕਿਉਂ ਕਰਨਾ ਪਿਆ? 'ਨਿਊਜ਼ ਆਫ਼ ਦਾ ਵਰਲਡ' ਉੱਤੇ ਲਗਾਤਾਰ ਇਲਜ਼ਾਮ ਲੱਗ ਰਹੇ ਸਨ ਕਿ ਇਨ੍ਹਾਂ ਨੇ ਗ਼ੈਰ-ਕਾਨੂੰਨੀ ਢੰਗ ਨਾਲ ਲੋਕਾਂ ਦੇ ਜਾਤੀ ਮਸਲਿਆਂ ਦੀ ਜਾਣਕਾਰੀ ਹਾਸਲ ਕੀਤੀ ਅਤੇ ਖ਼ਬਰਾਂ ਦੇ ਰੂਪ ਵਿਚ ਸਨਸਨੀ ਢੰਗ ਨਾਲ ਛਾਪੀ। ਇਸ ਰੁਝਾਨ ਤਹਿਤ ਅਪਰਾਧੀਆਂ ਦਾ ਸਹਾਰਾ ਲਿਆ ਗਿਆ ਅਤੇ ਲੋਕਾਂ ਦੇ ਫੋਨਾਂ ਤੱਕ ਨੂੰ ਸੰਨ੍ਹ ਲਗਾਈ ਗਈ। ਪੁਲਿਸ ਵੱਲੋਂ ਜਾਂਚ ਤਹਿਤ ਲਿਆਂਦੇ ਗਏ ਮਾਮਲਿਆਂ ਬਾਬਤ ਜਾਣਕਾਰੀ ਛਾਪਣਾ ਇਸ ਅਖ਼ਬਾਰ ਦੀ ਮੁਹਾਰਤ ਰਿਹਾ ਹੈ। ਸਵਾਲ ਇਹ ਸੀ ਕਿ ਕੀ ਇਹ ਗ਼ੈਰ-ਕਾਨੂੰਨੀ ਕੰਮ ਕੁਝ ਪੱਤਰਕਾਰਾਂ ਨੇ ਹੀ ਕੀਤਾ ਹੈ ਜਾਂ ਇਸ ਵਿਚ ਅਦਾਰੇ ਦੀ ਸਹਿਮਤੀ ਸ਼ਾਮਿਲ ਹੈ?

# ਤਾਜਦਾਰ ਕਮੇਟੀ ਬਨਾਮ ਸੁਧਾਰ ਕਮੇਟੀ

ਪਿਛਲੇ ਦਿਨੀਂ ਸ਼ਾਮ ਵੇਲੇ ਪਾਰਕ ਵਿਚ ਜੁੜੀ ਪੰਜਾਬੀਆਂ ਦੀ ਢਾਣੀ ਵਿਚ ਇਕ ਸੱਜਣ ਨੇ ਬੀਬੀਆਂ ਦੇ ਗਾਲੜੀ ਸੁਭਾਅ ਦੀ ਭੰਡੀ ਕਰਦਾ ਉਹ ਬੜਾ ਪੁਰਾਣਾ ਲਤੀਫ਼ਾ ਸੁਣਾਇਆ ਕਿ ਕਿਤੇ ਸਭ ਤੋਂ ਵੱਡਾ ਝੂਠ ਬੋਲਣ ਦਾ ਮੁਕਾਬਲਾ ਹੋਇਆ। ਹਾਜ਼ਰੀਨ ਵੱਲੋਂ ਬੋਲਿਆ ਗਿਆ ਕੋਈ ਵੀ ਝੂਠ 'ਸਭ ਤੋਂ ਵੱਡਾ' ਸਾਬਤ ਨਾ ਹੋਇਆ ਤਾਂ ਉਥੇ ਇਕ ਸੱਜਣ ਨੇ ਮਲਕੜੇ ਜਿਹੇ ਕਹਿ'ਤਾ ਕਿ ਦੋ ਜਨਾਨੀਆਂ ਬੈਠੀਆਂ ਤਾਂ ਕੋਲ ਕੋਲ ਸਨ ਪਰ ਉਹ 'ਚੁੱਪ ਕਰਕੇ' ਬੈਠੀਆਂ ਸਨ। ਕਹਿੰਦੇ, ਇਸ ਗੱਲ ਨੂੰ ਸਭ ਤੋਂ ਵੱਡੀ ਗੱਪ ਮੰਨ ਲਿਆ ਗਿਆ।

ਢਾਣੀ ਵਿਚ ਹਾਸਾ ਤਾਂ ਕੀ ਮਚਣਾ ਸੀ, ਸਗੋਂ ਇਕ ਬਜ਼ੁਰਗ ਨੇ ਆਪਣੀ ਜ਼ਿੰਦਗੀ ਦੇ ਲੰਮੇ ਤਜਰਬੇ ਦੇ ਆਧਾਰ 'ਤੇ ਇਸ ਲਤੀਫੇ ਵਿਚ 'ਸੋਧ' ਕਰਦਿਆਂ ਕਿਹਾ, "ਭਰਾਵੋ, ਹੁਣ ਨਈਂ ਉਹ ਗੱਲਾਂ ਰਹੀਆਂ। ਅੱਜ ਦੀਆਂ ਬੀਬੀਆਂ ਪੜ੍ਹ-ਲਿਖ ਗਈਆਂ ਨੇ। ਉਹ ਹੁਣ ਬਿਨ ਮਤਲਬ ਮੂੰਹ ਨਹੀਂ ਖੋਲ੍ਹਦੀਆਂ। ਜੇ ਅੱਜ ਦੀ ਤਰੀਕ ਵਿਚ ਸਭ ਤੋਂ ਵੱਡਾ ਝੂਠ ਮਾਰਨਾ ਹੋਵੇ ਤਾਂ ਇੰਜ ਕਿਹਾ ਜਾ ਸਕਦੈ ਕਿ ਫਲਾਣੇ ਥਾਂ ਇਕ ਗੁਰਦੁਆਰਾ ਹੈ, ਉਥੇ ਦੀ ਪ੍ਰਬੰਧਕ ਕਮੇਟੀ ਨਾਲ ਕਿਸੇ ਦਾ ਕੋਈ ਲੜਾਈ-ਝਗੜਾ ਨਹੀਂ!" ਸਾਰੀ ਢਾਣੀ ਵਿਚ ਪਹਿਲਾਂ ਸੁਣਾਏ ਲਤੀਫੇ ਦੀ ਬ-ਨਿਸਬਤ ਚੰਗਾ ਹਾਸਾ ਪਿਆ। ਬਾਬੇ ਨੇ ਇਹ ਗੱਲ ਛੇੜ ਕੇ ਮਾਨੋ ਸਾਰੀ ਮਹਿਫਲ ਨੂੰ 'ਗੁਰਦੁਆਰਿਆਂ ਦੀ ਲੜਾਈ' ਵਾਲਾ ਮਨ ਭਾਉਂਦਾ ਵਿਸ਼ਾ ਭੇਟ ਕਰ ਦਿੱਤਾ। ਕਾਲੀ ਜੈਕਟ ਵਾਲਾ ਇਕ ਜਥੇਦਾਰ ਜਾਪਦਾ ਸਿੰਘ ਕਹਿਣ ਲੱਗਾ,

"ਗੁਰਦੁਆਰਿਆਂ ਵਿਚ ਲੜਾਈ ਮੁੱਕੇ ਕਿੱਦਾਂ, ਸਾਡੇ ਹਾਲ ਇਹ ਹੈ ਕਿ ਜਿਹਦੀ ਘਰ ਵਿਚ ਨਾ ਕੋਈ ਨਿਆਣਾ ਗੱਲ ਸੁਣੇ, ਨਾ ਸਿਆਣਾ, ਘਰ ਵਾਲੀ ਵੀ ਚਾਰੇ ਖੁਰ ਚੁੱਕ ਕੇ ਪਵੇ, ਫਿਰ ਸ੍ਰੀਮਾਨ ਜੀ ਜਾ ਪਹੁੰਚਦੇ ਨੇ ਗੁਰਦੁਆਰੇ। ਫਿਰ ਰਾਗੀਆਂ-ਭਾਈਆਂ 'ਤੇ ਰੋਹਬ ਪਾਉਣਗੇ ਜਾਂ ਫਿਰ ਕਮੇਟੀ ਵਾਲਿਆਂ ਨਾਲ ਪੰਗਾ ਲੈਣਗੇ ਕਿ ਆਹ, ਐਂਦਾਂ ਨੀ ਹੋਇਆ-ਔਂਦਾਂ ਹੋਣਾ ਚਾਹੀਦਾ ਸੀ।...ਖੁਦ ਭਾਵੇਂ ਕਦੇ 'ਬਾਲ-ਉਪਦੇਸ਼' ਵੀ ਨਾ ਪੜ੍ਹਿਆ ਹੋਵੇ ਪਰ ਗੁਰੂ ਘਰ ਜਾ ਕੇ ਮਹਾਂਗਿਆਨੀਆਂ ਵਾਂਗੂੰ ਮਰਯਾਦਾ ਦੀ ਵਿਆਖਿਆ ਕਰਨ ਲੱਗ ਪੈਣਗੇ।"

"ਹੈ ਤਾਂ ਇਹ ਗੱਲ ਵੀ ਦਰੁਸਤ।" ਇਕ ਹੋਰ ਜਣਾ ਆਪਣੀ ਦਲੀਲ ਦਿੰਦਿਆਂ ਬੋਲਿਆ, "ਕਮੇਟੀਆਂ ਆਲੇ ਪਤੰਦਰ ਕਿਹੜਾ ਕਿਸੇ ਦੀ ਸੁਣਦੇ ਨੇ। ਵਾਹ ਲਗਦੀ ਚੰਮ ਦੀਆਂ ਚਲਾਉਂਦੇ ਨੇ ਹਰ ਥਾਂ। ਆਹ ਹੁਣ ਆਪਣੇ ਈ...!" ਵਿਚੋਂ ਹੀ ਗੱਲ ਟੋਕਦਿਆਂ ਮੇਰਾ ਇਕ ਕਰੀਬੀ ਦੋਸਤ ਮੈਨੂੰ ਹੁਣ ਤੱਕ ਚੁੱਪ ਬੈਠਾ ਦੇਖ ਕੇ, ਕੂਹਣੀ ਮਾਰਦਿਆਂ ਬੋਲਿਆ, "ਤੂੰ ਵੀ ਸੁਣਾ ਕੋਈ ਹੱਡ-ਬੀਤੀ, ਜੱਗ-ਬੀਤੀ। ਤੂੰ ਤਾਂ ਇਹੋ ਜਿਹੇ 'ਚਾਨਸ' ਬਹੁਤ ਸੁਣੇ ਜਾਂ ਦੇਖੇ ਹੋਏ ਹੋਣੇ ਐਂ?"

"ਅਨੰਦਪੁਰ ਸਾਹਿਬ ਦੇ ਮਾਤਾ ਨਾਨਕੀ ਹਾਲ ਵਿਚ ਇਕ ਵਾਰੀ ਸਾਡੀ ਜਾਇਦਾਦ ਸਬ-ਕਮੇਟੀ ਦੀ ਮੀਟਿੰਗ ਹੋਈ...।" ਮੈਂ ਮੌਕੇ 'ਤੇ ਹੀ ਯਾਦ ਆਈ ਗੱਲ ਸੁਣਾਉਣੀ ਸ਼ੁਰੂ ਕੀਤੀ। "ਦਫ਼ਾ ਸਤਾਸੀ ਦੇ ਇਕ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਦਾ ਝਗੜਾ ਨਿਬੇੜਨ ਲਈ ਅਸੀਂ ਵਿਚਾਰ-ਵਟਾਂਦਰਾ ਕਰ ਰਹੇ ਸਾਂ। ਸ. ਮਨਜੀਤ ਸਿੰਘ ਕਲਕੱਤਾ ਬਤੌਰ ਸਕੱਤਰ ਐਸ.ਜੀ.ਪੀ.ਸੀ. ਉਥੇ ਹਾਜ਼ਰ ਸਨ। ਇਕ ਮੈਂਬਰ ਪੁੱਛਣ ਲੱਗਾ ਕਿ ਸਿੱਖਾਂ ਨੂੰ ਇਹ ਕੀ ਬਿਮਾਰੀ ਹੈ ਕਿ ਨਵਾਬ ਕਪੂਰ ਸਿੰਘ ਵੱਲੋਂ ਲਿੱਦ ਚੁੱਕਣ ਦੀਆਂ ਸਾਖੀਆਂ ਸੁਣਦਿਆਂ-ਸੁਣਾਉਂਦਿਆਂ ਵੀ ਇਹ ਪ੍ਰਧਾਨਗੀ ਨੂੰ ਐਸਾ ਚਿੰਬੜਦੇ ਹਨ ਕਿ ਜਿਉਂਦੇ ਜੀਅ ਕਿਸੇ ਹੋਰ ਨੂੰ ਲਾਗੇ ਆਉਣ ਹੀ ਨਹੀਂ ਦਿੰਦੇ?...ਪ੍ਰਧਾਨਗੀ ਭਾਵੇਂ ਕਿਸੇ ਨਾਮ ਨਿਹਾਦ ਸਭਾ ਸੁਸਾਇਟੀ ਦੀ ਹੋਵੇ ਜਾਂ ਕਿਸੇ ਗੁਰਦੁਆਰੇ ਦੀ। ਜਿਹਦੇ ਹੱਥ ਇਹ ਆ ਜਾਏ, ਉਹ ਚਾਹੁੰਦੈ ਕਿ ਮੈਂ ਅਰਥੀ 'ਤੇ ਲਿਟਿਆ ਹੋਇਆ ਵੀ 'ਪ੍ਰਧਾਨ ਸਾਹਬ' ਹੀ ਹੋਵਾਂ।"

ਮੈਂਬਰ ਦਾ ਸਵਾਲ ਸੁਣ ਕੇ ਸ. ਕਲਕੱਤਾ ਆਦਤ ਮੁਜਬ ਖਿੜ-ਖਿੜਾ ਕੇ ਹੱਸਦਿਆਂ ਬੋਲੇ, "ਜਥੇਦਾਰ ਜੀ, ਤੁਸੀਂ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਦੀ ਗੱਲ ਕਰਦੇ ਹੋ। ਇਹ ਤਾਂ ਹਾਲੇ ਫਿਰ ਵੀ ਅਸੀਮਿਤ ਵਾਲਾ ਅਹੁਦਾ ਹੁੰਦੈ। ਪ੍ਰਧਾਨ ਸਾਹਬ (ਟੌਹੜਾ ਸਾਹਿਬ ਉਦੋਂ ਜਿਉਂਦੇ ਸਨ) ਆਂਹਦੇ ਹੁੰਦੇ ਐ ਕਿ ਸਿੱਖ ਕੋਲ ਤਾਂ ਜੇ ਵੰਡਣ ਲਈ ਕੜਾਹ ਪ੍ਰਸ਼ਾਦ ਦਾ ਥਾਲ ਹੀ ਆ ਜਾਏ, ਉਹ ਫਿਰ ਕਿਸੇ ਹੋਰ ਨੂੰ ਫੜਾ ਕੇ ਰਾਜ਼ੀ ਨਹੀਂ ਹੁੰਦਾ। ਉਹ ਚਾਹੁੰਦੈ ਕਿ ਗੱਫਾ ਵੀ ਮੇਰੀ ਮਰਜ਼ੀ ਨਾਲ ਹੀ ਵੰਡਿਆ ਜਾਵੇ।"

ਸਾਡੀ ਪਾਰਕ-ਮਹਿਫਲ ਵਿਚ ਜਿਸ ਦੀ ਗੱਲ ਕੱਟ ਕੇ ਮੈਨੂੰ ਕੁਝ ਕਹਿਣ ਦਾ ਸਮਾਂ ਦਿੱਤਾ ਗਿਆ ਸੀ, ਉਸ ਸੱਜਣ ਦੀ ਸੂਈ ਉਥੇ ਹੀ ਅਟਕੀ ਹੋਈ ਸੀ। ਮੇਰੀ ਗੱਲ ਮੁੱਕਦਿਆਂ ਹੀ ਉਸ ਨੇ ਮੌਕਾ ਸਾਂਭ ਲਿਆ, "ਦੇਖੋ ਜੀ, ਆਮ ਗੁਰਦੁਆਰਿਆਂ ਵਿਚ ਧੜਾ ਭਾਵੇਂ ਕੋਈ ਵੀ ਹੋਏ, ਜਿਹੜੇ ਬੰਦੇ ਇਕ ਵਾਰ ਕਮੇਟੀ ਵਿਚ ਆ ਕੇ ਪ੍ਰਧਾਨਗੀਆਂ-ਸਕੱਤਰੀਆਂ ਦੀਆਂ ਕਲਗੀਆਂ ਆਪਣੇ ਸਿਰੀਂ ਸਜਾ ਲੈਂਦੇ ਨੇ, ਉਹ ਤਾ-ਉਮਰ, ਆਪਣੇ ਸਿਰੋਂ ਨਾ ਲਹਿਣ ਦੇਣ ਦੀਆਂ ਤਰਕੀਬਾਂ ਸੋਚਣ ਲੱਗ ਪੈਂਦੇ ਨੇ। ਕਿਸੇ ਵੇਲੇ 'ਖਤਰਾ' ਬਣ ਸਕਣ ਵਾਲੇ ਮੈਂਬਰਾਂ ਨੂੰ ਆਨੇ-ਬਹਾਨੇ ਬਾਹਰ ਕੱਢਿਆ ਜਾਂਦੈ। ਕਿਤੇ ਮਨ-ਮਾਨੇ ਢੰਗ ਨਾਲ ਹੋਰ ਨਾ ਹੋਵੇ ਤਾਂ ਸਿਲੈਕਸ਼ਨ ਬਹਾਨੇ ਸੰਵਿਧਾਨ ਵਿਚ 'ਸੋਧਾਂ' ਹੀ ਕਰ ਲਈਆਂ ਜਾਂਦੀਆਂ ਹਨ ਤੇ ਕਿਹਾ ਇਹ ਜਾਂਦੈ ਬਈ ਸਿੱਖੀ 'ਚ ਇਲੈਕਸ਼ਨ ਦਾ ਵਿਧਾਨ ਨਹੀਂ। ਗੁਰਦੁਆਰਾ ਪ੍ਰਬੰਧ 'ਤੇ ਸਦੇਵ ਕਾਲ ਲਈ ਕਬਜ਼ਾ ਜਮਾਈ ਰੱਖਣ ਲਈ ਸੌ-ਸੌ ਪਾਪੜ ਵੇਲੇ ਜਾਂਦੇ ਆ।"

ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰਾਂ ਦੀਆਂ ਹੈਂਕੜ-ਬਿਰਤੀਆਂ ਬਾਰੇ ਇਨ੍ਹਾਂ ਗੱਲਾਂ ਦੀ ਪ੍ਰੋੜਤਾ ਵਜੋਂ ਇਕ ਹੋਰ ਬਾਪੂ ਬੋਲ ਪਿਆ, "ਜਦ ਵੀ ਕਾਬਜ਼ ਧੜਾ ਆਪਣੀ ਹਿੰਡ ਪੁਗਾਉਂਦਿਆਂ 'ਮੈਂ ਨਾ ਮਾਨੂੰ' ਵਾਲੀ ਲੀਹ 'ਤੇ ਚੱਲ ਕੇ ਪ੍ਰਬੰਧਕ ਕਮੇਟੀ ਦੀ ਥਾਂ 'ਤਾਜਦਾਰ ਕਮੇਟੀ' ਬਣ ਬਹਿੰਦਾ ਹੈ ਤਾਂ ਝੱਟ ਉਥੇ 'ਸੁਧਾਰ ਕਮੇਟੀ' ਹੋਂਦ ਵਿਚ ਆ ਜਾਂਦੀ ਐ। ਇਹ ਸੁਧਾਰ ਕਮੇਟੀ ਵਾਲੇ ਵੀ ਬਹੁਤੀ ਵਾਰ ਉਹੀ ਹੁੰਦੇ ਹਨ ਜਿਹੜੇ ਪਹਿਲਾਂ ਆਪ ਤਾਜਦਾਰ ਹੀ ਬਣੇ ਰਹੇ ਹੁੰਦੇ ਹਨ। ਬੱਸ ਫਿਰ ਤਾੜੀ ਦੋਨਾਂ ਹੱਥਾਂ ਨਾਲ ਵੱਜਣੀ ਸ਼ੁਰੂ ਹੋ ਜਾਂਦੀ ਹੈ...ਜੇ ਤਾਂ ਤਾਜਦਾਰ ਕਮੇਟੀ ਵਾਲਿਆਂ ਦੇ ਮਨਾਂ ਵਿਚ ਗੁਰਮਤਿ ਦੀ ਕੋਈ ਕਣੀ ਹੋਵੇ ਜਾਂ ਉਨ੍ਹਾਂ ਨੂੰ ਅਹੁਦਿਆਂ ਦੀ ਲਾਲਸਾ ਨਾ ਹੋਵੇ; ਫਿਰ ਤਾਂ ਉਹ ਨਿਮਰਤਾ ਨਾਲ ਗਲਾਂ 'ਚ ਪਰਨੇ ਪਾ ਕੇ ਸੁਧਾਰ ਕਮੇਟੀ ਵਾਲਿਆਂ ਨੂੰ ਕਹਿਣ ਕਿ ਭਰਾਵੋ ਧੰਨ ਭਾਗ ਸਾਡੇ ਕਿ ਤੁਸੀਂ ਸਾਡੇ ਪ੍ਰਬੰਧਕੀ ਢਾਂਚੇ ਵਿਚਲੀਆਂ ਖਾਮੀਆਂ ਵਿਚ ਸੁਧਾਰ ਕਰਨਾ ਚਾਹੁੰਦੇ ਹੋ, ਜੀ ਆਇਆਂ ਨੂੰ! ਆਉ ਭਰਾਵੋ, ਆਪਾਂ ਗੁਰੂ-ਮਹਾਰਾਜ ਦੇ ਚਰਨਾਂ 'ਚ ਪੁਰਾਤਨ ਗੁਰਸਿੱਖਾਂ ਵਾਂਗ ਬਹਿ ਕੇ, ਗੁਰੂ ਘਰ ਅਤੇ ਸਿੱਖੀ ਦੇ ਫੈਲਾਉ ਲਈ ਸਕੀਮਾਂ ਬਣਾਈਏ। ਦੇਖੋ ਤਾਂ ਫੇ...!"

"ਲੈ...ਲੈ...ਲੈ, ਕਿੱਥੇ ਰਾਮ ਰਾਮ, ਕਿੱਥੇ ਟੈਂ ਟੈਂ" ਵਿਚੋਂ ਹੀ ਗੱਲ ਬੋਚਦਿਆਂ ਕਾਲੀ ਜੈਕਟ ਵਾਲਾ ਬਜ਼ੁਰਗ ਆਪਣੀ ਡੰਗੋਰੀ ਨੂੰ 'ਠੱਕ' ਦੇ ਕੇ ਫਰਸ਼ 'ਤੇ ਮਾਰਦਿਆਂ ਬੋਲਿਆ, "ਸੁਧਾਰ ਦੀਆਂ ਗੱਲਾਂ ਕਰਨ ਵਾਲਿਆਂ ਦਾ ਅਗਲੇ 'ਢਾਈ ਟੋਟਰੂ' ਕਹਿ ਕੇ ਮਜ਼ਾਕ ਉਡਾਉਂਦੇ ਆ। ਉਨ੍ਹਾਂ ਦੇ ਬਰਖਿਲਾਫ਼ ਇਸ਼ਤਿਹਾਰਾਂ ਵਿਚ ਉਨ੍ਹਾਂ ਨੂੰ 'ਚੌਧਰ ਦੇ ਭੁੱਖੇ', 'ਗੁਰੂ ਘਰ ਦੀ ਸ਼ਾਂਤੀ ਭੰਗ ਕਰਨ ਵਾਲੇ ਕੁਝ ਕੁ ਅਖੌਤੀ ਸਿੱਖ' ਅਤੇ ਹੋਰ ਪਤਾ ਨਹੀਂ ਕੀ ਕੀ ਲਿਖਿਆ ਜਾਂਦੈ...ਉਨ੍ਹਾਂ ਨੂੰ ਖੁਦ 'ਆਪਣਾ ਸੁਧਾਰ' ਕਰਨ ਦੀਆਂ ਨਸੀਹਤਾਂ ਦਿੱਤੀਆਂ ਜਾਂਦੀਆਂ ਨੇ, ਸੰਗਤਾਂ ਵਿਚ 'ਕੋਈ ਵੁਕਅਤ' ਨਾ ਹੋਣ ਦੇ ਮਿਹਣੇ ਮਾਰੇ ਜਾਂਦੇ ਹਨ। ਉਨ੍ਹਾਂ ਦਾ ਅੱਗਾ-ਪਿੱਛਾ ਫੋਲਿਆ ਜਾਂਦੈ! ਇੱਦਾਂ ਮੁੱਢ ਬੱਝਦੈ ਲੜਾਈ ਦਾ ਗੁਰੂ ਘਰਾਂ 'ਚ!"

"ਤੇ ਫਿਰ ਸੁਧਾਰ ਕਮੇਟੀ ਵਾਲੇ ਕਚਹਿਰੀ ਜਾ ਖੜਦੇ ਆ...," ਇਕ ਹੋਰ ਜਣਾ ਵਿਚੋਂ ਦੀ ਗੱਲ ਬੋਚ ਗਿਆ।

"ਆਹੋ, ਦੋਵੇਂ ਧਿਰਾਂ ਕਚਹਿਰੀਆਂ 'ਚ ਧੱਕੇ-ਧੋੜੇ ਖਾ ਕੇ ਜੱਜ ਦਾ ਹੁਕਮ ਤਾਂ ਸਿਰ ਮੱਥੇ ਮੰਨ ਲੈਣਗੀਆਂ ਪਰ ਗੁਰੂ ਦਾ ਨਹੀਂ।" ਪਹਿਲਾ ਬਜ਼ੁਰਗ ਮਾਯੂਸ ਜਿਹਾ ਹੋ ਕੇ ਬੋਲਿਆ।

"ਓ ਯਾਰ ਪ੍ਰਬੰਧਕ ਕਮੇਟੀ, ਲੰਗਰ ਕਮੇਟੀ, ਸਬ ਕਮੇਟੀ ਜਾਂ ਪੜਤਾਲੀਆ ਕਮੇਟੀ ਵਰਗੇ ਸ਼ਬਦ ਤਾਂ ਸੁਣਦੇ ਆਏ ਹਾਂ, ਪਰ ਐਥੇ ਆਹ 'ਤਲਾਸ਼ ਕਮੇਟੀ' ਦਾ ਅਨੋਖਾ ਈ ਨਾਂ ਸੁਣਿਐ!" ਪੰਜਾਬ ਤੋਂ ਨਵਾਂ-ਨਵਾਂ ਆਇਆ ਇਕ ਸੱਜਣ ਪੁੱਛਣ ਲੱਗਾ।

"ਹੈਂਅ? ਤਲਾਸ਼ ਕਮੇਟੀ?" ਇਹ ਅਜੀਬ ਜਿਹਾ ਨਾਂ ਸੁਣ ਕੇ ਹੈਰਾਨੀ ਨਾਲ ਮੱਥੇ ਸਕੋੜਦਿਆਂ ਉਥੇ ਬੈਠੇ ਤਿੰਨ-ਚਾਰ ਜਣੇ 'ਕੱਠੇ ਈ ਬੋਲ ਪਏ। "ਕਿਆ ਉਹ ਗੁਰਦੁਆਰੇ ਦੀਆਂ ਗੁਆਚੀਆਂ ਚੀਜ਼ਾਂ ਲੱਭਿਆ ਕਰੂ ਤਲਾਸ਼ ਕਮੇਟੀ?"

"ਓ ਕਿੱਥੇ ਜੀ, ਕਹਿੰਦੇ ਆ ਉਹ ਪ੍ਰਬੰਧਕ ਕਮੇਟੀ ਵਿਚ ਸ਼ਾਮਲ ਕਰਨ ਲਈ ਸੰਗਤ ਵਿਚੋਂ ਨਵੇਂ ਮੈਂਬਰਾਂ ਦੀ 'ਤਲਾਸ਼' ਕਰਿਆ ਕਰੂਗੀ।" ਪੰਜਾਬੋਂ ਆਏ ਨੇ ਸੁਣੀ-ਪੜ੍ਹੀ ਗੱਲ ਦੱਸ ਦਿੱਤੀ।

"ਹੂੰਅ! ਤਲਾਸ਼ ਕਰਨ ਦੀ ਨੌਬਤ ਕਿੱਥੇ ਆਉਂਦੀ ਐ ਸਾਡੀ ਕੌਮ 'ਚ, ਇਕ ਅਨਾਰ ਸੌ ਬੀਮਾਰ ਵਾਲੀ ਤਾਂ ਹਾਲਤ ਬਣੀ ਹੁੰਦੀ ਐ, ਜਦ ਕਮੇਟੀਆਂ ਬਣਦੀਐਂ! ਇਕ ਮੈਂਬਰ ਬਣਾਉਣਾ ਹੋਵੇ ਵੀਹ ਸਿਰ ਚੁਕ ਖੜ੍ਹਦੇ ਆ।" ਕਾਲੀ ਜੈਕਟ ਵਾਲਾ ਬਾਪੂ ਕਾਫ਼ੀ ਹੰਢਿਆ-ਵਰਤਿਆ ਲੱਗਦਾ ਸੀ।

"ਲੜਾਈ ਦੀ ਜੜ੍ਹ ਤਾਂ ਪੂਜਾ ਦਾ ਧਾਨ ਐ ਜੀ।" ਮੇਰਾ ਦੋਸਤ ਵਿਸ਼ੇ ਨੂੰ ਸਮੇਟਣ ਦੇ ਰਉਂ 'ਚ ਕਹਿਣ ਲੱਗਾ, "ਚਾਹੇ ਕੋਈ ਤਾਜਦਾਰ ਹੋਵੇ ਜਾਂ ਸੁਧਾਰ ਵਾਲਾ। ਜਿਹੜਾ ਵੀ ਗੁਰੂ ਦਾ ਭਉ-ਅਦਬ ਵਿਸਾਰ ਕੇ ਚੌਧਰ ਨੂੰ ਜੱਫੇ ਮਾਰੂ, ਉਸ ਦੀ ਮਤਿ ਭ੍ਰਿਸ਼ਟ ਤਾਂ ਹੋਣੀ ਈ ਹੋਣੀ ਐਂ। ਬਹੁਤੀ ਥਾਈਂ ਸੁਧਾਰਵਾਦੀਆਂ ਦੀਆਂ ਸੁਧਾਰਪੱਖੀ ਵਿਚਾਰ ਸੁਣ ਕੇ ਸੰਗਤ ਉਨ੍ਹਾਂ ਹੱਥ ਪ੍ਰਬੰਧ ਸੌਂਪ ਦਿੰਦੀ ਹੈ। ਇਹ ਸੁਧਾਰ ਕਮੇਟੀ ਵੀ ਫਿਰ 'ਤਾਜਦਾਰ ਕਮੇਟੀ' ਤੋਂ ਕਿਸੇ ਤਰ੍ਹਾਂ ਘੱਟ ਨਹੀਂ ਨਿਕਲਦੀ। ਮੁੜ ਕੇ ਹੋਰ ਨਵੀਂ ਸੁਧਾਰ ਕਮੇਟੀ ਦੀਆਂ ਕਨਸੋਆਂ ਉਭਰਨ ਲੱਗ ਪੈਂਦੀਆਂ ਨੇ।"

"ਆਹੋ ਜੀ, ਇਹ ਸੁਧਾਰ ਕਮੇਟੀ ਵਾਲੇ ਵੀ ਤਾਂ ਉਦੋਂ ਈ ਬੋਲਦੇ ਆ ਜਦੋਂ ਉਨ੍ਹਾਂ ਦੀ ਆਪਣੀ ਥਾਲੀ ਵਿਚ ਕਿਸੇ ਅਹੁਦੇ ਦਾ ਚੋਗਾ ਨਹੀਂ ਪੈਂਦਾ। ਕੱਲ ਤੱਕ ਇਹੀ ਲੋਕ ਪ੍ਰਬੰਧਕ ਕਮੇਟੀਆਂ ਵਿਚ ਵੀਹ ਵੀਹ ਸਾਲ ਤੋਂ ਅਹੁਦੇਦਾਰੀਆਂ ਵੰਡਾਉਂਦੇ ਆਏ ਹੁੰਦੇ ਹਨ," ਇਕ ਹੋਰ ਸੱਜਣ ਬੋਲਿਆ। "ਹੋਰ ਸੁਣ ਲੈ, ਸੁਧਾਰਕਾਂ ਵਿਚੋਂ ਉਂਜ ਤਾਂ ਵੱਖੋ-ਵੱਖ ਟਾਹਰਾਂ ਲਾਉਂਦੇ ਆ ਪਰ ਸੁਧਾਰ ਕਮੇਟੀ ਵਿਚ ਕੱਠੇ ਹੋ ਜਾਂਦੇ ਐ। ਇਕ ਜਣਾ ਦਸਮ ਗ੍ਰੰਥ ਨੂੰ ਗੁਰੂ ਸਾਹਿਬ ਦੀ ਅਸਲ ਬਾਣੀ ਦੱਸੀ ਜਾਂਦਾ ਹੈ ਅਤੇ ਦੂਜਾ ਕੰਜਰ ਕਵਿਤਾ, ਪਰ ਅਹੁਦੇਦਾਰੀਆਂ ਦੀ ਲੜਾਈ ਵਿਚ ਘੁਟ ਕੇ ਕਲਿੰਗੜੀ ਪਾ ਲੈਂਦੇ ਆ।"

"ਗੱਲ ਤਾਂ ਭਾਈ ਥੋਡੀ ਜਮਾਂ ਈ ਠੀਕ ਐ, ਇਕ ਥਾਂ ਮਰਿਆਦਾ ਦਾ ਰੌਲਾ ਪਾਉਣਗੇ ਅਤੇ ਦੂਜੇ ਥਾਂ ਆਪਣੇ ਧੜੇ ਵਾਲੇ ਗੁਰਦੁਆਰੇ 'ਚ ਕੁਰਸੀਆਂ ਵੀ ਬਰਦਾਸ਼ਤ ਕਰ ਲੈਣਗੇ, ਕੁਸਕਦੇ ਤਕ ਨਹੀਂ," ਹੁਣ ਤਕ ਚੁਪ ਬੈਠਾ ਇਕ ਹੋਰ ਸੱਜਣ ਬੋਲਿਆ।

"ਆਹ ਆਪਣੇ ਅਖਬਾਰਾਂ ਵਾਲੇ ਵੀ ਬਲਦੀ ਤੇ ਤੇਲ ਪਾਉਣੋਂ ਕਿਸੇ ਤਰ੍ਹਾਂ ਘੱਟ ਨਹੀਂ ਕਰਦੇ। ਗੱਲ ਕਿਸੇ ਦਲੀਲ ਅਪੀਲ ਦੀ ਕਰਨ ਦੀ ਥਾਂ ਆਪਣੇ ਹਮਾਇਤੀ ਧੜੇ ਦਾ ਹੀ ਪੱਖ ਪੂਰੀ ਜਾਣਗੇ," ਇਕ ਪੰਜਾਬੀ ਅਖਬਾਰ ਹੱਥ 'ਚ ਫੜੀ ਇਕ ਹੋਰ ਬਜ਼ੁਰਗ ਬੋਲਿਆ।

"ਹਾਂ ਭਾਈ ਜੇ ਅਖਬਾਰਾਂ ਵਾਲੇ ਸੱਚੀ ਗੱਲ ਕਰਨ ਤਾਂ ਸ਼ਾਇਦ ਇੰਨਾ ਕੰਮ ਵਿਗੜੇ ਵੀ ਨਾ ਪਰ ਉਹ ਵੀ ਵਿਚਾਰੇ ਕੀ ਕਰਨ, ਮੁਫਤ ਅਖਬਾਰ ਦਿੰਦੇ ਆ, ਪੈਸੇ ਕਿਤਿਓਂ ਤਾਂ ਪੂਰੇ ਕਰਨੇ ਹੀ ਹੋਏ। ਜੇ ਕੋਈ ਅਖਬਾਰ ਸੱਚੀ ਗੱਲ ਆਖ ਵੀ ਦੇਵੇ ਤਾਂ ਦੂਜੇ ਧੜੇ ਵਾਲੇ ਚੁਕ ਕੇ ਗਾਰਬੇਜ ਵਿਚ ਸੁਟ ਦਿੰਦੇ ਆ।" ਕਿਸੇ ਹੋਰ ਦੀ ਟਿਪਣੀ ਸੀ।

"ਨਾ ਦੇਣ ਅਖਬਾਰ ਮੁਫਤ, ਇਨ੍ਹਾਂ ਦੇ ਪਿਛੇ ਕਿਹੜਾ ਕੋਈ ਡਾਂਗ ਲੈ ਕੇ ਖੜਾ, ਬਈ ਅਖਬਾਰ ਜਰੂਰ ਕੱਢਣਾ। ਜਿਸ ਕਿਸੇ ਨੂੰ ਅਖਬਾਰ ਦੀ ਪੂਛ ਦਾ ਵੀ ਨੀਂ ਪਤਾ, ਅਖਬਾਰ ਕੱਢ ਕੇ ਬਹਿ ਗਿਐ, ਹੂੰ...। ਸਟੋਰ 'ਤੇ ਜਾਓ, ਹਰ ਹਫਤੇ ਇਕ ਨਵੀਂ ਅਖਬਾਰ ਆਈ ਪਈ ਹੁੰਦੀ ਆ। ਕੱਲੇ ਕੈਲੀਫੋਰਨੀਆ ਵਿਚ ਪੰਦਰਾਂ ਅਖਬਾਰਾਂ ਨਿਕਲਦੀਆਂ। ਮੁਫਤ ਹੋਣ ਕਰਕੇ ਲੋਕ ਵੀ ਥੱਬਾ ਭਰ ਕੇ ਘਰ ਨੂੰ ਚੁੱਕ ਲਿਆਉਂਦੇ ਐ ਜਿਵੇਂ ਰੱਦੀ ਵੇਚਣੀ ਹੋਵੇ। ਗਧੇ-ਘੋੜੇ ਦਾ ਕੋਈ ਫਰਕ ਈ ਨਹੀਂ ਰਹਿ ਗਿਆ।" ਕਿਸੇ ਹੋਰ ਨੇ ਛੁਰਲੀ ਛੱਡੀ।

"ਗੱਲ ਇਥੇ ਮੁਕਦੀ ਐ ਜੀ", ਪਲ ਪਲ ਪਸਰਦੇ ਜਾ ਰਹੇ ਹਨੇਰੇ ਨੂੰ ਧਿਆਨ 'ਚ ਰੱਖਦਿਆਂ ਆਸਮਾਨ ਵੱਲ ਨਜ਼ਰ ਮਾਰ ਕੇ ਇਕ ਜਣਾ ਗੱਲਾਂ ਦਾ 'ਨਿਚੋੜ ਕੱਢਣ' ਦੇ ਭਾਵ ਨਾਲ ਬੋਲਿਆ, "ਉਪਰੋਂ ਉਪਰੋਂ ਅਸੀਂ ਸਾਰੇ ਗੁਰੂ ਮਹਾਰਾਜ ਨੂੰ ਹਾਜ਼ਰਾ ਹਜ਼ੂਰ, ਘਟ ਘਟ ਦੀਆਂ ਜਾਣਨ ਵਾਲਾ ਕਹੀ ਜਾਨੇ ਐਂ ਪਰ ਅੰਦਰ ਸਾਡੇ ਚੌਧਰਾਂ ਦੀ ਪਕੜ ਵਾਲਾ ਹਉਮੈ ਦਾ ਕੰਡਾ ਟੁੱਟਦਾ-ਭੁਰਦਾ ਹੈ ਨਹੀਂ। ਗੁਰਦੁਆਰਿਆਂ ਵਿਚੋਂ ਕਲੇਸ਼ ਤਾਂਹੀਉਂ ਨਹੀਂ ਮੁੱਕਦੀ।"

ਪਾਰਕ ਵਿਚੋਂ ਉਠ ਕੇ ਘਰੋ-ਘਰੀ ਜਾਣ ਮੌਕੇ ਮੈਨੂੰ ਵੀ ਉਕਤ ਵਿਚਾਰਾਂ ਦੀ ਵਜ਼ਾਹਤ ਕਰਦਾ ਇਕ ਸ਼ਿਅਰ ਅਹੁੜਿਆ,

ਲਬੋਂ ਪੇ ਰੰਗ ਉਲਫ਼ਤ ਕੇ  
ਭਰੇ ਹੈਂ ਦਿਲ ਕਦੂਰਤ ਸੇ  
ਖੁਦਾ ਕਾ ਨਾਮ ਲੇਤੇ ਹੈਂ,  
ਖੁਦਾ ਸੇ ਕੌਨ ਡਰਤਾ ਹੈ?

#



## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ  
ਫੋਨ:408-903-9952

# ਪਾਰਬ੍ਰਹਮ ਪ੍ਰਭਿ ਮੇਘ ਪਠਾਇਆ

## ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥  
ਮਾਝ ਮਹਲਾ 5  
ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ॥  
ਜਲਿ ਥਲਿ ਮਹੀਅਲਿ  
ਦਹ ਦਿਸਿ ਵਰਸਾਇਆ॥  
ਸਾਂਤਿ ਭਈ ਬੁਝੀ ਸਭ ਤ੍ਰਿਸਨਾ  
ਅਨਦੁ ਭਇਆ ਸਭ ਠਾਈ ਜੀਉ॥  
ਸੁਖਦਾਤਾ ਦੁਖ ਭੰਜਨਹਾਰਾ॥  
ਆਪੇ ਬਖਸਿ ਕਰੇ ਜੀਅ ਸਾਰਾ॥  
ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ  
ਪਇ ਪੈਰੀ ਤਿਸਹਿ ਮਨਾਈ ਜੀਉ॥  
ਜਾ ਕੀ ਸਰਣਿ ਪਇਆ ਗਤਿ ਪਾਈਐ॥  
ਸਾਸਿ ਸਾਸਿ ਹਰਿ ਨਾਮੁ ਧਿਆਈਐ॥  
ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰੁ  
ਸਭ ਤਿਸੈ ਕੀਆ ਜਾਈ ਜੀਉ॥  
ਤੇਰਾ ਮਾਣੁ ਤਾਣੁ ਪ੍ਰਭ ਤੇਰਾ॥  
ਤੂੰ ਸਚਾ ਸਾਹਿਬੁ ਗੁਣੀ ਗਹੇਰਾ॥  
ਨਾਨਕੁ ਦਾਸੁ ਕਹੈ ਬੇਨੰਤੀ  
ਆਠ ਪਹਰ ਤੁਧੁ ਧਿਆਈ ਜੀਉ॥

ਇਸ ਸ਼ਬਦ ਵਿਚ ਸਤਿਗੁਰੂ ਬਖਸ਼ਿਸ਼ ਕਰਦੇ ਹਨ ਕਿ ਹੇ ਭਾਈ! ਜਦੋਂ ਵੀ ਉਸ ਪ੍ਰਮੇਸ਼ਵਰ ਨੇ ਬੱਦਲ ਨੂੰ ਭੇਜਿਆ ਤਾਂ ਉਸ ਨੇ ਪਾਣੀ ਵਿਚ, ਧਰਤੀ ਵਿਚ ਅਤੇ ਧਰਤੀ ਦੇ ਉਪਰ ਵੀ ਦਹ ਦਿਸਿ ਭਾਵ ਦਸੀਂ ਪਾਸੀਂ ਹੀ ਬਰਖਾ ਕਰ ਦਿੱਤੀ ਅਤੇ ਇਸ ਬਰਖਾ ਨਾਲ ਸਭ ਜੀਵਾਂ ਨੂੰ ਠੰਢ ਪੈ ਗਈ ਤੇ ਸਭਨਾਂ ਦੀ ਪਿਆਸ ਭੀ ਮੁਕ ਗਈ ਅਤੇ ਫਿਰ ਹਰ ਪਾਸੇ ਆਨੰਦ ਹੀ ਆਨੰਦ ਹੋ ਗਿਆ। ਇਸੇ ਤਰ੍ਹਾਂ ਹੀ ਪ੍ਰਭੂ ਨੇ ਗੁਰੂ ਨੂੰ ਜਗਤ ਵਿਚ ਭੇਜ ਕੇ ਨਾਮ ਦੀ ਵਰਖਾ ਕਰਵਾਈ ਤਾਂ ਸਭ ਜੀਵਾਂ ਦੇ ਤਪਦੇ ਹਿਰਦੇ ਠਰ ਗਏ।

ਸੁਖਦਾਤਾ ਦੁਖ ਭੰਜਨਹਾਰਾ॥  
ਆਪੇ ਬਖਸਿ ਕਰੇ ਜੀਅ ਸਾਰਾ॥  
ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ  
ਪਇ ਪੈਰੀ ਤਿਸਹਿ ਮਨਾਈ ਜੀਉ॥

ਹੇ ਭਾਈ! ਸਾਰੇ ਸੰਸਾਰ ਨੂੰ ਸੁੱਖ ਦੇਣ ਵਾਲਾ ਅਤੇ ਸਭ ਜੀਵਾਂ ਦੇ ਦੁੱਖ ਦੂਰ ਕਰਨ ਵਾਲਾ ਪ੍ਰਭੂ ਆਪ ਹੀ ਦਯਾਵਾਨ ਹੋ ਕੇ ਸਭ ਦੀ ਸਾਂਭ-ਸੰਭਾਲ ਭੀ ਕਰਦਾ ਹੈ ਅਤੇ ਆਪਣੇ ਬਣਾਏ ਹੋਏ ਇਸ ਸੰਸਾਰ ਦੀ ਪ੍ਰਤਿਪਾਲਣਾ ਭੀ ਆਪ ਹੀ ਕਰਦਾ ਹੈ। ਹੇ ਭਾਈ! ਮੈਂ ਭੀ ਉਸ ਮਾਲਿਕ ਦੇ ਚਰਨਾਂ 'ਤੇ ਡਿੱਗ ਕੇ ਉਸ ਨੂੰ ਮਨਾਉਣ ਦਾ, ਭਾਵ ਖੁਸ਼ ਕਰਨ ਦਾ ਯਤਨ ਕਰ ਰਿਹਾ ਹਾਂ।

ਜਾ ਕੀ ਸਰਣਿ ਪਇਆ ਗਤਿ ਪਾਈਐ॥  
ਸਾਸਿ ਸਾਸਿ ਹਰਿ ਨਾਮੁ ਧਿਆਈਐ॥  
ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰੁ  
ਸਭ ਤਿਸੈ ਕੀਆ ਜਾਈ ਜੀਉ॥

ਹੇ ਭਾਈ! ਜਿਸ ਪ੍ਰਭੂ ਦੇ ਚਰਨਾਂ 'ਤੇ ਡਿੱਗਿਆਂ ਸਹਿਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਉਸ ਹਰੀ ਪ੍ਰੀਤਮ ਦਾ ਨਾਮ ਤਾਂ ਸਵਾਸ ਸਵਾਸ, ਭਾਵ ਹਰ ਵੇਲੇ ਹੀ ਜਪਣਾ ਚਾਹੀਦਾ ਹੈ ਕਿਉਂਕਿ ਉਸ ਤੋਂ ਬਗੈਰ ਹੋਰ ਕੋਈ ਦੂਜਾ ਤਾਂ ਸੰਸਾਰ ਦੀ ਪ੍ਰਤਿਪਾਲਣਾ ਕਰਨ ਵਾਲਾ ਹੈ ਹੀ ਨਹੀਂ। ਸਾਰੀਆਂ ਥਾਂਵਾਂ ਹੀ ਉਸੇ ਦੀਆਂ ਹੀ ਬਣਾਈਆਂ ਹੋਈਆਂ ਹਨ ਅਤੇ ਸਾਰੇ ਜੀਵਾਂ ਦੇ ਅੰਦਰ ਭੀ ਉਹ ਪਿਤਾ ਆਪ ਹੀ ਬੈਠਾ ਹੋਇਆ ਹੈ।

ਤੇਰਾ ਮਾਣੁ ਤਾਣੁ ਪ੍ਰਭ ਤੇਰਾ॥  
ਤੂੰ ਸਚਾ ਸਾਹਿਬੁ ਗੁਣੀ ਗਹੇਰਾ॥  
ਨਾਨਕੁ ਦਾਸੁ ਕਹੈ ਬੇਨੰਤੀ  
ਆਠ ਪਹਰ ਤੁਧੁ ਧਿਆਈ ਜੀਉ॥

ਹੇ ਪ੍ਰਭੂ ਜੀਉ! ਮੈਨੂੰ ਤਾਂ ਸਦਾ ਤੇਰਾ ਹੀ ਮਾਣ ਹੈ ਅਤੇ ਤੇਰਾ ਹੀ ਸਹਾਰਾ ਹੈ। ਗੁਣਾਂ ਦਾ ਖ਼ਜ਼ਾਨਾ ਭੀ ਤੂੰ ਆਪ ਹੀ ਹੈਂ ਅਤੇ ਉਨ੍ਹਾਂ ਗੁਣਾਂ ਦੀ ਥਾਹ ਭੀ ਨਹੀਂ ਪਾਈ ਜਾ ਸਕਦੀ ਕਿਉਂਕਿ ਤੂੰ ਤਾਂ ਸਦਾ ਹੀ ਕਾਇਮ ਰਹਿਣ ਵਾਲਾ ਮੇਰਾ ਪ੍ਰਭੂ ਜੀ ਹੈਂ। ਇਸ ਲਈ ਮੇਰੇ ਪ੍ਰੀਤਮ ਜੀਉ! ਇਹ ਤੇਰਾ ਸੇਵਕ ਨਾਨਕ ਭੀ ਤੇਰੇ ਚਰਨਾਂ ਵਿਚ ਬੇਨਤੀ ਕਰਦਾ ਹੈ ਕਿ ਮੇਰੇ 'ਤੇ ਆਪਣੀ ਕ੍ਰਿਪਾ ਕਰੋ ਤਾਂ ਕਿ ਮੈਂ ਅੱਠੇ ਪਹਿਰ, ਭਾਵ ਸਵਾਸ ਸਵਾਸ ਹੀ ਤੇਰਾ ਨਾਮ ਜਪਦਾ ਰਵਾਂ। ਪ੍ਰਭੂ ਜੀ! ਮੇਰੀ ਬੇਨਤੀ ਪ੍ਰਵਾਨ ਕਰੋ।

ਆਓ ਆਪਣੇ ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*  
*ਫੋਨ: 916-687-3536*

# Sher-E-Punjab Sports & Cultural Society Cincinnati, Ohio

# ਸ਼ੇਰੇ ਪੰਜਾਬ ਖੇਡ ਮੇਲਾ

## 31 ਜੁਲਾਈ 2011, ਐਤਵਾਰ

(ਸਵੇਰੇ 8 ਵਜੇ ਤੋਂ ਦਿਨ ਛਿਪਣ ਤੱਕ)

At **VOA Park**

**7850 Voa Park Drive, West Chester, Oh 45069**



**Free SNACKS, TEA & LUNCH**

## ਖੇਡਾਂ

ਕਬੱਡੀ- (ਓਪਨ, 18 ਸਾਲ ਅਤੇ 12 ਸਾਲ ਤੋਂ ਘੱਟ ਉਮਰ ਦੇ ਲੜਕਿਆਂ ਦੀ ਕਬੱਡੀ)

ਵਾਲੀਬਾਲ- (ਮਰਦਾਂ, ਔਰਤਾਂ, 18 ਸਾਲ ਦੀ ਉਮਰ ਤੋਂ ਘੱਟ ਲੜਕਿਆਂ ਅਤੇ ਲੜਕੀਆਂ ਅਤੇ 12 ਸਾਲ ਤੋਂ ਘੱਟ ਲੜਕਿਆਂ ਦੇ ਮੁਕਾਬਲੇ)

ਓਹਾਇਓ ਵਿਚ ਪਹਿਲੀ ਵਾਰ ਕ੍ਰਿਕਟ ਮੈਚ

ਆਦਮੀਆਂ, ਔਰਤਾਂ ਅਤੇ ਬੱਚਿਆਂ ਦੇ ਅਥਲੈਟਿਕ ਮੁਕਾਬਲੇ

*(Races, Water Balloons, Three Leg Race, Limbo, Face Painting, Jump Rope, Shot Put and Other Kids Activities)*




ਮੇਲੇ ਦਾ ਖਾਸ ਆਕਰਸ਼ਣ ਮਿਸ ਪੂਜਾ, ਰੌਸ਼ਨ ਪ੍ਰਿੰਸ ਤੇ ਰਮਨਦੀਪ ਦੀ ਗਾਇਕੀ

### SPORTS:

**Kabaddi: (Teams from all over U.S.A)**
**1st Place $5100 & 2nd Prize $3100**
**Contact: AmrikTiwana (513) 410-4101**
**Jasdev Gill (419) 604-9275**
**Happy Matot (513)484-7879**

**Volleyball: Entry Fee $100**
**1st Prize $4100 & 2nd Prize $2100**

**Volleyball: Entry Fee $100, Over 40yrs old**
**1st Prize $700 & 2nd Prize $500**
**Contact: Happy Mundi 513-304-0711**
**TirathToor (513) 545-9661**
**SukhiBains (513) 325-4251**

**Cricket: Entry Fee $50, 1st Prize $1100**
**Contact: Gaurav Bhatara (513) 684-1600**
**Deepak Bhatara (513) 641-7626**
**Ravneet Mann (513) 347-9091**
**Choudhry Jawad Akhtar (513) 237-4158**

**For Athletics contact:**
**Ravneet Kaur 513-885-3274, Pardeep Tiwana (Madhu), Sawarn Kaur, Sohan S. Bilkhu, Avtar S Springfield , Parbhpreet Tiwana, Harvinder Singh**

**Web Site: www.sherepunjabcincy.com**
**E-mail: sherepunjabsociety@gmail.com**



ਹਰਵਿੰਦਰ ਵਾਲੀਆ (ਡਾਇਮੰਡ ਸਪਾਂਸਰ)



ਅਮਰਜੀਤ ਤੱਖਰ (ਡਾਇਮੰਡ ਸਪਾਂਸਰ)



ਅਮਰੀਕ ਟਿਵਾਣਾ (ਡਾਇਮੰਡ ਸਪਾਂਸਰ)



ਅਮਰਜੀਤ ਅਗਰਵਾਲ (ਡਾਇਮੰਡ ਸਪਾਂਸਰ)



ਪਵਨਦੀਪ (ਮੰਚ ਸੰਚਾਲਕ)



ਨਿੰਮਾ ਡੱਲੇਵਾਲਾ (ਗਾਇਕ)



ਪ੍ਰੋ. ਮੱਖਣ ਸਿੰਘ ਕੁਮੈਂਟੇਟਰ



ਬਲਵਿੰਦਰ ਸਿੰਘ ਫਿੱਡੂ

## Society Members

**Harvinder S. Walia 917-862-5000**
***(President)***
**Jaswant S. Jassi 513-235-4828**
***(Vice President)***
**Surinder S. Cheema 513 324-9043**
***(Secretary)***
**Surjeet S. Mavi 513- 616-4530**
***(Treasurer)***
**Jasdev S. Gill 419-604-9275**
**Baljit Singh 937-369-3086**
**Parminder S. Takhar 937-469-0202**
**Gurminder S. Sandhu, 513-550-6134**
**Sushil Aggarwal 937-673-8004**
**Kumar Pawandeep 937-838-3767**
**Balbir S. Bath 513-292-2517**

**Diamond Sponsors** : Amarjit Aggarwal, Amarjit S. Takhar, Amrik S. Tiwana, Harvinder S. Walia, Harinder S. Kang

**Gold Sponsors:** Surjeet S. Mavi, Surinder S. Cheema, Jaswant S. Jassi, Baljit S. Maharaja, Jasdev S. Gill, Narinder S. Thind, Vaneet Gupta, Sushil Aggarwal, ParminderTakhar

**Silver Sponsors :** Sohan S. Bilkhu, Inderjit Singh (KY), Gurminder S. Sandhu, Happy Matot, J&S Petroleum (Lima), Jagtar S. Fantu, Jagpal Grewal, Happy Mundi, Jay Bedi (Elements), Tariq Khan, Piara S. Bhatti Family, Lakhvir Bassi & Harjit Singh, Pinder Butter & Raju Gill (Prince Art Video), Jasbir S. Ahluwalia, Balbir S. Bath, Palwinder S. Gill, Satwant S. Deol, Kumar Pawandeep, Palwinder S. Dhillon, Jasbir S. Mohi, Sudesh Jain (New York Life Insurance)

**Sponsors :** Dr. Ravi Mann, Raj Patel, Ajaib S. Gill, Satnam Singh, Amandeep Singh, Avtar Singh (Springfield), LCS Petroleum LLC, Gurmeet S. Bhatti, Balbir S. Gill, Jass (Ambar India Restaurant), Jaswant Singh, Om Anjaneyam LLC, Punjab Ventures Inc, Sunrise Oil Corp, Jagdev S. Grewal, Prabhpreet S. Tiwana, Gurcharan S. Kang, Rajesh Rawal, Gurvir S. Heera, Charanjit S. Brar, Jimmy S. Brar, Vijay Sharma, Happy and Ruby, Surjit Singh and Lakhwinder Singh (Jeet India), Balwant Singh (New Krishna), Pritam Paul Singh, Sukhwinder Singh (Columbus)

**(Special Support From Louisville Kentucky)**

***Supports:*** Amarjit Singh, Angan Restaurant, Aurdeep Sahota, Avtar S. Takhar, Balihar Singh, Baljinder Singh (PT), Baljinder S. Mavi, Baljit Mangat, Balkar S. Bath, Bombay Grocers, Brij Mohan Indian Sweets, Budh Singh, Charanjit S. Kaler, Darshan Kumar, Deepak Arora, Devinder S. Kahlon, Dilbag Singh (Raja India), Dilpreet Singh, DJ Soni, Dr. Satinder S. Bharaj, Hardeep Singh (India Bistro), Harjit Singh, Harpreet Kaur, Harvider Singh, Harvinder S. Kang, J D Singh, Jagdish S. Gill, Jagjit S. Toor, Jagroop S. Tiwana, Jagtar Singh (Xenia Food Mart Inc), Jas (Ambar India Restaurant), Khan Sign, Kuldeep Singh, Kuljit S. Tuli, Lakhwinder Singh (Dayton), Meenu Sharma, Mehar Singh, Monte W Zinj, Nardip S. Mavi, Nirmal S. Benipal, Nirmal Singh, Parmjit S. Buttar, Patel Brothers, Rashpal S. Sahota, Satprakh Singh (Royal Taj), Sawarn Kaur, Sohan Singh, Sue Kaur (Fancy Cuts), Sukhi Bains, Sukhwinder Singh, Tarlok Singh


Miss Pooja Live Concert in Houston
Miss Pooja & Roshan Prince
Sponsors
Dr Sidhu, Dr Narang
North Cypress
Associates
Eye Specialist
Dr Harshi Bains
Pearle Vision
281 256 8774
Stern, Miller & Higdon Esq
Injury Attorney
713 661 9900
Mesa Truck Service
713 491 2120
Church's Chicken
Bachcha Tiwari
281 295 2740
New York Life
Tariq khan
832 606 0786
MetLife
Sponsors
Daljit Singh &
Sukhpreet kaur
Thanks
East West Grocery
10710 FM 1960W
281 955 7693
Rani's World Foods
12811 Duncan Rd
281 440 8080
Cafe India
9211 West Rd
281 469-8100
Music in The Box
KCHN 1050 AM
Mon-Fri 7 Am 12PM
713 461 8313
Texas Medical & Chiropractic
713 3341003
DHOL BEAT INTERNATIONAL
Dj Impact
281 808-3328
DBI DHOL BEAT INTERNATIONAL
Friday July 29 2011
7:30PM
10505 Cash Road
Stafford, TX 77477
DESIJUNCTION DJs
DESI JUNCTION DJS
CJ DJ CHANI
281 701 6484
Tickets
VVIP, VIP
$100
$50
$30, $20
Kids under 5 are Free* *no seat
Family Show
Police & Security
No Alcohol Allowed Outside
No Videography
Seating Strictly by
Seat Numbers
No Refund or Exchange
No ReEntry on Tickets
TV anchor
Ramandeep Rimpy
Laddi Basra
Buy Tickets at these fine Local stores
East West Food Store 10710 Fm 1960 Rd 77070 (281)-955-7693
Himalaya Grocers 14650 FM 529 Rd 77095 (281)859-5555
Rani's World Foods 12811 Duncan Rd 77066 (281) 440 8080
Touch Of India 11700 Barker Cypress 77433 (281) 304 8559 - AAA Bazar 4888 US 90A #700, 77498 (281) 240 0212
For Directions Seating Ticketing & More Info visit texasaudiovideo.com
or ,call any of these organizers
Bakshish S. Josan 281 451 2173, Kamaljit S. Mann 832 640 3426, Kirpal S. Judge 832 276 3325,
Gurmeet S. Dhoat 281 650 8500, Aman S. Sidhu 832 863 4756, Gurdev S. Sidhu 832 233 1543
Mohan S. Grewal 281 912 4011, Vijay Chamdal 281 704 0470, Manohar S. Mann 281 220 9353
Hitpal Singh 832 788 1034, Daljit Singh 832 372 0897, Kamaljit S. Otal 832 483 1052
WEB PRESENCE-SITE- CUSTOM PROGRAMMING - APP-MARKETING-COMPUTERS-LAPTOPS-FIX-DATA-RECOVERY-AUDIO-VIDEO-SECURITY -PRINT-MEDIA NEEDS CALL MIGHTYMANN@GMAIL.COM TO DO IT ALL 832 640 3426

PAO Punjabi American Organization

# PUNJABI AMERICANS ORGANIZATION

PAO Punjabi American Organization

ਮਾਣ ਨਾਲ ਪੇਸ਼ ਕਰਦੀ ਹੈ ਮਿਡਵੈਸਟ ਦਾ 7ਵਾਂ ਰੰਗਾ ਰੰਗ ਪ੍ਰੋਗਰਾਮ

# ਤੀਆਂ ਦਾ ਮੇਲਾ 2011

(A colorful entertaining program exclusively for ladies & girls)

7 ਅਗਸਤ 2011 (ਐਤਵਾਰ)

ਸਮਾਂ:ਸਵੇਰੇ 10:30 ਵਜੇ ਤੋਂ ਸ਼ਾਮ 4:30 ਵਜੇ ਤੱਕ

at **Waterford Banquets & Conference Center**
933 South Riverside Drive, Elmhurst, Illinois 60126
Ph:630-279-0270, Fax:630-279-1240
www.waterfordbanquet.com

**Sunday, August 7th. 2011**
Time: 10:30AM to 4:30PM

## Stalls

*Mehndi *Jewelery
*Gift Items *Punjabi Suits & Kurti

*Ticket Price $10 - Lunch Included*
*Kids under 5 yrs are Free!*

**Giddha, Dholki, Singing & Dancing with Live DJ**



*Chief Guest: Mrs. Mukta Dutta Tomar (Councel General of India)*
**Special Appearance by Master Chef Fame "Suzy Singh"*

**For More Info Contact**

Sukhi Singh 847-917-3644
Pinki Walia 847-999-8720
Minni Multani 630-935-5239
Naina Singh 847-828-9412
Venna Kapil 224-628-0076


Navjot Bajwa 312-446-4432
Naina Walia 630-803-4627
Simmi Verma 847-650-6046

Naiha 847-687-9074
Jasmeet Sugga 630-673-6300
Balbir Kaur 815-556-8407
Kulbir Kaur 630-637-1394
Parmjit Kaur 847-387-9686

ਪੰਜਾਬੀ ਅਮੈਰਿਕਨਜ਼ ਆਰਗੇਨਾਈਜ਼ੇਸ਼ਨ, ਸ਼ਿਕਾਗੋ
www.paochicago.org

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ (ਮਿਸ਼ੀ






















# ਗਨ) ਦਾ 4ਥਾ ਪੰਜਾਬੀ ਖੇਡ ਮੇਲਾ:ਤਸਵੀਰਾਂ ਦੀ ਜ਼ੁਬਾਨੀ

















**Committtee Members:** Karmbir Singh Basran, Karn Gill, Raj Nijjer, Sukhdev sekhon, Amarjit Gill, Manpreet Gill, Arjun Gill, Kewal Gill, Raj Jamarai, Sukhwant Gill, Jaswinder Dhaliwal, Ravinder Thindh Billu, Amrik Rai.

**Hon' Guests:**Chain Sandhu - NYX President, Phil Lajoy - Canton Mayor & Bob Patel - Elite Pharmacy.

**Daimond ($3,500):** Jerry Singh - RTI Labs Co Livonia, Ravinder Sandhu - Great Trucking Co., Harpreet Singh - Worldwide Travel, Darshan Grewal - Singh Builders

**Gold ($1,000):** Dr Syed Taj - Canton Twp Trustee, Goldy Grewal, Karmbir Singh Basran, Davinder Grewal - Pind Production, Gaggi Gill - Free Water Seva, Rattan Sekhon - Taylor Hotel Owner, Jagtar Singh - J & J Trucking, Punjab Sports Club, Cleveland (OH) - Harjit Dhillon, Iqbal Boparai, Mohinder Bhela & Friends

**Silver ($500):** Amjad Chaudhry, Rani Salon – Rani Kapila, Amarjit Sidhu - Environental Co Plymouth, Rani and Amrik Mahal, Bill Baath, Inderjit Baath, Harpal Tanda, Narinder Munder, Gurdev Nannan, Manjit Nannan, Rajwinder Singh, Mohanjit Bains, Jagdev Grewal, Gurdial Chinna, Vikalp Chopra, Rubal Nijjar, Pammi Kapoor, Kulbir Bhindu Gill, Bhupinder Singh Sandhu - Trucking Co., Khan Express, Sam Syed, Monroe Vet Clinic, Rana, Sonu Sandhu, Sher-E-Punjab Sports Club Chicago Midwest - Amardev Badesa, Deepa Badesa, Narinder Saran, Peoples Party of Punjab USA Midwest - Sarwan Tiwana & Darshan Basraon, Renu Takhar, Kulwant Grewal

**Support:** Gurdwara Saheb Canton - Canton Center Rd., Gurdwara Saheb Canton - Michigan Ave Rd., Gurdwara Saheb Plymouth, Gurdwara Saheb Brownstown, Gurdwara Saheb Madison Heights, Gurdwara Saheb Rochester Hills, Gurdwara Saheb Lansing, Gurdwara Saheb Kalamazoo, Gurdwara Saheb Windsor

**Support:** Punjab Times (Newspaper), Punjab Sports Club, Midwest, Sher-e-Punjab Sports & Culctural Club, Chicago, Punjabi Cultural Society (PCS) Chicago, Punjabi Heritage Organization (PHO) Chicago, Punjab Sports Club, Cleveland, Sher-e-Punjab Sports and Cultural Society Cincinatti, Punjabi Community Organization, Milwaukee, Pind Productions - Davinder Grewal, Navdeep Gill, Bikram Sandhu

**Performers:** Commentator: Sukhchain Brar and Prinipal Sarwan Singh

**Food:** Michigan Masala Restaurant, K.K. Pamma (Chicago) and Nirmal Singh Saraan.

**Volunteers/Help:** Inderjit Gill, Sukhdev Sekhon, Gurpreet Sidhu, Tej Kiran Dhillon, Pardip Sangha, Raj Sahi, Joga Singh Windsor, Gurdev Nannan, Kulwinder Gill, Harry Chawla.

**ਤੁਹਾਡੇ ਭਰਵੇਂ ਪਿਆਰ, ਹੁੰਗਾਰੇ ਅਤੇ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ**

# ਇੰਡੀਅਨਐਪੋਲਿਸ ਵਿਚ ਸਜਿਆ ਮਹਾਨ ਨਗਰ ਕੀਰਤਨ

**ਇੰਡੀਅਨਐਪੋਲਿਸ (ਬਿਊਰੋ):** ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ (ਗਰੀਨਵੁੱਡ, ਇੰਡੀਆਨਾ) ਦੀਆਂ ਸੰਗਤਾਂ ਦੇ ਉਦਮ ਨਾਲ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ ਮਹਾਨ ਨਗਰ ਕੀਰਤਨ ਲੰਘੀ 9 ਜੁਲਾਈ ਨੂੰ ਸਜਾਇਆ ਗਿਆ ਜਿਸ ਵਿਚ ਇੰਡੀਅਨਐਪੋਲਿਸ ਤੋਂ ਇਲਾਵਾ ਨੇੜੇ-ਤੇੜੇ ਦੇ ਕਸਬਿਆਂ ਅਤੇ ਮਿਸ਼ੀਗਨ, ਇੰਡੀਆਨਾ ਤੇ ਵਿਸਕਾਨਸਿਨ ਦੀਆਂ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕੀਤੇ। ਸੰਗਤਾਂ ਦੀ ਹਾਜ਼ਰੀ ਪ੍ਰਬੰਧਕਾਂ ਅਨੁਸਾਰ ਦੋ ਹਜ਼ਾਰ ਤੋਂ ਵੀ ਵੱਧ ਸੀ।

ਨਗਰ ਕੀਰਤਨ ਤੋਂ ਪਹਿਲਾਂ ਇਸ ਸਬੰਧੀ ਰੱਖੇ ਗਏ ਅਖੰਡ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਗਿਆਨੀ ਨਿਰਮਲ ਸਿੰਘ ਅਤੇ ਢਾਡੀ ਜਥਾ ਭਾਈ ਸੁਖਨਿਰੰਜਣ ਸਿੰਘ ਸੁਮਨ ਅਤੇ ਭਾਈ ਸੰਤੋਖ ਸਿੰਘ ਥਾਵਰ ਦਿੱਲੀ ਵਾਲੇ ਨੇ ਗੁਰ ਸ਼ਬਦ ਕੀਰਤਨ ਅਤੇ ਗੁਰੂ ਜਸ ਰਾਹੀਂ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਨਗਰ ਕੀਰਤਨ ਗੁਰੂ ਮਹਾਰਾਜ ਦੀ ਅਗਵਾਈ ਹੇਠ ਅਰੰਭ ਹੋਇਆ ਜਿਸ ਦੇ ਅੱਗੇ ਅੱਗੇ ਝਾੜੂਬਰਦਾਰ ਸੜਕ ਸਾਫ ਕਰ ਰਹੇ ਸਨ। ਉਪਰੰਤ ਰਵਾਇਤੀ ਅਸਤਰ ਬਸਤਰ ਵਿਚ ਸਜੇ ਪੰਜ ਪਿਆਰੇ ਚੱਲ ਰਹੇ ਸਨ। ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਹਾਜ਼ਰੀਆਂ ਭਰ ਰਹੀਆਂ ਸਨ। ਕੋਈ ਦੋ ਘੰਟੇ ਦੀ ਪਰਿਕਰਮਾ ਉਪਰੰਤ ਨਗਰ ਕੀਰਤਨ ਵਾਪਸ ਗੁਰੂ ਘਰ ਸਮਾਪਤ ਹੋਇਆ। ਨਗਰ ਕੀਰਤਨ ਦੇ ਰਸਤੇ ਥਾਂ ਥਾਂ ਸੰਗਤਾਂ ਨੇ ਠੰਡੇ ਜਲ, ਭੋਜਨ ਪਦਾਰਥਾਂ ਤੇ ਚਾਹ-ਪਾਣੀ ਦੇ ਲੰਗਰ ਲਾਏ ਹੋਏ ਸਨ। ਗਤਕਾ ਪਾਰਟੀਆਂ ਨੇ ਗਤਕੇ ਦੇ ਜੌਹਰ ਵਿਖਾਏ। ਨਗਰ ਕੀਰਤਨ ਦੀ ਸਮਾਪਤੀ 'ਤੇ ਭਾਰੀ ਦੀਵਾਨ ਸਜਿਆ।

ਇਸ ਨਗਰ ਕੀਰਤਨ ਨੂੰ ਕਾਮਯਾਬ ਬਣਾਉਣ ਲਈ ਇੰਡੀਅਨਐਪੋਲਿਸ ਦੀਆਂ ਸਮੂਹ ਸੰਗਤਾਂ ਅਤੇ ਗੁਰਦੁਆਰਾ ਕਮੇਟੀਆਂ ਨੇ ਅਣਥਕ ਸੇਵਾ ਕੀਤੀ। ਨਗਰ ਕੀਰਤਨ ਸਬੰਧੀ ਹੋਰ ਜਾਣਕਾਰੀ ਗੁਰੂ ਘਰ ਦੇ ਫੋਨ 317-884-4708 ਤੋਂ ਹਾਸਲ ਕੀਤੀ ਜਾ ਸਕਦੀ ਹੈ।









ਨਗਰ ਕੀਰਤਨ 'ਚ ਹਾਜ਼ਰੀ ਭਰ ਰਹੇ ਦੋ ਬੱਚੇ



ਲੰਗਰ ਦੀ ਸੇਵਾ ਕਰ ਰਹੇ



ਸੇਵਾਦਾਰ ਅਤੇ ਪ੍ਰਬੰਧਕ ਸੱਜਣ











ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕੱਲਬ (ਸ਼ਿਕਾਗੋ)
ਖੁੱਲ੍ਹਾ ਸੱਦਾ
ਸ਼ਿਕਾਗੋ ਕਬੱਡੀ ਕੱਪ 4 ਸਤੰਬਰ, 2011 (ਐਤਵਾਰ)
ਖੁੱਲ੍ਹਾ ਸੱਦਾ
at BUSSE WOODS FOREST PRESERVE SOUTH, Elk Grove Village- IL
ਕਬੱਡੀ ਦਾ ਪਹਿਲਾ ਇਨਾਮ
ਜਸਵਿੰਦਰ ਸਿੰਘ ਗਿੱਲ
ਨਾਜਰ ਸਿੰਘ ਗਿੱਲ
ਗਿੱਲ ਬ੍ਰਦਰਜ਼ ਆਫ ਵਾਕੀਗਨ (ਪਿੰਡ ਗਿੱਲ, ਲੁਧਿਆਣਾ) ਵਲੋਂ
ਕਬੱਡੀ ਦਾ ਦੂਜਾ
ਸਵਰਗੀ ਗੁਰਦੇਵ ਸਿੰਘ ਪੂੰਨੀਆ ਦੀ ਯਾਦ 'ਚ ਉਨ੍ਹਾਂ ਦੇ ਪੋਤੇ ਸ. ਜਸਪਾਲ ਸਿੰਘ ਪੂੰਨੀਆ ਵਲੋਂ
ਮੁੱਖ ਮਹਿਮਾਨ
ਸ. ਹਰਕਿਸ਼ਨ ਸਿੰਘ ਭੱਟੀ
ਮਿਡਵੈਸਟ ਦਾ ਲੋਕਲ ਇਨਾਮ
ਰਾਜਿੰਦਰ ਸਿੰਘ ਬੈਂਸ ਤੇ ਮਨਦੀਪ ਸਿੰਘ ਭੂਰਾ (ਕਰਾਊਨ ਪੁਆਇੰਟ, ਇੰਡੀਆਨਾ) ਵਲੋਂ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੈਸਟ ਆਫ ਆਨਰ
ਬਿਕਰਮਜੀਤ ਸਿੰਘ
ਪ੍ਰਸਿਧ ਪੰਜਾਬੀ ਗਾਇਕਾ ਸਤਵਿੰਦਰ ਬਿੱਟੀ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰੇਗੀ
ਟੂਰਨਾਮੈਂਟ ਵਿਚ ਨਾਮੀ ਕਬੱਡੀ ਖਿਡਾਰੀ ਆਪਣੀ ਖੇਡ ਦੇ ਜੌਹਰ ਵਿਖਾਉਣਗੇ
ਗੋਲਡਨ ਸਪਾਂਸਰ
ਮਿਲਵਾਕੀ:ਹਰਇੰਦਰ ਸਿੰਘ ਧਾਰੀਵਾਲ, ਡਾ. ਹਰਚੰਦ ਸਿੰਘ ਗਿੱਲ, ਇੰਦਰਜੀਤ ਸਿੰਘ ਢਿੱਲੋਂ, ਸਤੀਸ਼ ਭਾਰਦਵਾਜ, ਬਲਜੀਤ ਸਿੰਘ ਗਿੱਲ, ਮਹਿੰਦਰ ਸਿੰਘ, ਗੁਰਚਰਨ ਸਿੰਘ ਅਰੋਮਾ ਇੰਡੀਆ ਕੁਜ਼ੀਨ
ਮਿਸ਼ੀਗਨ: ਮਨਦੀਪ ਸਿੰਘ ਧਾਲੀਵਾਲ (ਬੈਟਲ ਕਰੀਕ)
ਪਲਾਟੀਨਮ ਸਪਾਂਸਰ
ਗੁਰਦੇਵ ਗਿੱਲ, ਵਾਕੀਗਨ (ਪਿੰਡ ਗਿੱਲਾਂ, ਲੁਧਿਆਣਾ)
ਬਲਵਿੰਦਰ ਸਿੰਘ (ਫਸਟ ਚੁਆਇਸ ਕਾਰਪੈਟਸ)
ਅੰਮ੍ਰਿਤਪਾਲ ਸਿੰਘ ਗਿੱਲ
ਲਵ ਮਿਨਹਾਸ
ਪਾਰਕਿੰਗ ਫਰੀ ਅਤੇ ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ
ਕੈਂਡੀਆਂ ਅਤੇ ਆਈਸ ਕ੍ਰੀਮ ਦੀ ਸੇਵਾ ਸਤਵਿੰਦਰ ਸਿੰਘ ਮਾਨ ਵਲੋਂ ਹੋਵੇਗੀ
ਜਗਜੀਤ ਸਿੰਘ ਸਿੱਧੂ
ਸਤਵੰਤ ਸਿੰਘ ਕਾਲੇਕਾ
ਦਪਿੰਦਰ ਸਿੰਘ ਧਾਰੀਵਾਲ
ਲਖਵਿੰਦਰ ਸਿੰਘ ਸੇਖੋਂ
ਪਰਮਜੀਤ ਸਿੰਘ ਸਿੱਧੂ
ਰੁਪਿੰਦਰ ਅਰੋੜਾ
ਤੇਜਿੰਦਰ ਸਿੰਘ
ਕੰਵਰਵੀਰ ਸਿੰਘ ਕੇਪੀ
ਗੁਰਸੇਵਕ ਸਿੰਘ ਤੂਰ
ਲਖਵਿੰਦਰ ਸਿੰਘ ਸੇਖੋਂ
ਇੰਦਰਜੀਤ ਸਿੰਘ ਢਿੱਲੋਂ
ਬਲਦੇਵ ਸੱਲ੍ਹਾਂ
ਅਮਨਦੀਪ ਧਾਰਨੀ
ਗੁਰਿੰਦਰ ਢਿੱਲੋਂ
ਸੋਹਣ ਗਿੱਲ
ਕਮਲਜੀਤ ਸੰਘਾ
ਮੱਖਣ ਸਿੰਘ
ਨਿੱਕ ਗਾਖਲ
ਗੁਲਜ਼ਾਰ ਮੁਲਤਾਨੀ
ਜਗਮੀਤ ਸਿੰਘ
ਪ੍ਰਿਥਪਾਲ ਘੋਤੜਾ
ਦਰਸ਼ਨ ਦਰੜ
RSVP: Board Members:
ਨਰਿੰਦਰ ਸਿੰਘ ਸਰਾਂ-ਪ੍ਰਧਾਨ
ਜਸਵਿੰਦਰ ਸਿੰਘ ਜੱਸੀ
ਜਿੰਦਰ ਸਿੰਘ ਬੈਨੀਪਾਲ
ਸਤਨਾਮ ਸਿੰਘ ਮਿਨਹਾਸ
ਸੰਤੋਖ ਸਿੰਘ ਡੀ ਸੀ
ਦੀਪਾ ਬਦੇਸ਼ਾ
ਪੀਟਾ ਸਹੋਤਾ
ਹਰਦੀਪ ਸਿੰਘ ਗਿੱਲ
ਰਵਿੰਦਰ ਸਿੰਘ ਖਹਿਰਾ
ਲਾਲੀ ਨਿੱਝਰ
ਲਵਦੀਪ ਸਿੰਘ ਦੁੱਲਤ
ਅਜਮੇਰ ਸਿੰਘ ਪਨੂੰ
ਹਰਵਿੰਦਰ ਸਿੰਘ ਬਿੱਲਾ-ਮਿਆਣੀ
ਰਛਪਾਲ ਸਿੰਘ ਖੰਗੂੜਾ
ਨਾਜਰ ਸਿੰਘ ਗਿੱਲ
ਬੱਬੀ ਬਾਠ
ਕਾਬਲ ਸਿੰਘ ਭੁੱਲਰ
ਗਿਆਨ ਸਿੰਘ ਸੀਹਰਾ
ਜਸਕਰਨ ਸਿੰਘ ਧਾਲੀਵਾਲ
ਬਲਦੇਵ ਸਿੰਘ ਗਿੱਲ
ਬਲਦੇਵ ਸਿੰਘ ਰਾਜੂ
ਬਲਜੀਤ ਸਿੰਘ ਮੰਗੀ
ਜਿੰਦੀ ਦਿਆਲ
ਸਾਬਕਾ ਪ੍ਰਧਾਨ:ਜਿੰਦੀ ਖੰਗੂੜਾ, ਪਰਮਿੰਦਰ ਸਿੰਘ ਵਾਲੀਆ, ਅਜੈਬ ਸਿੰਘ ਲੱਖਣ, ਹੈਪੀ ਹੀਰ, ਅਮਰਦੇਵ ਸਿੰਘ ਬਦੇਸ਼ਾ
ਸਲਾਹਕਾਰ ਕਮੇਟੀ: ਚੇਅਰਮੈਨ ਡਾ. ਮੁਖਤਿਆਰ ਸਿੰਘ ਨੰਦਰਾ, ਡਾ. ਅਮਰਦੀਪ ਸੰਘਾ, ਡਾ. ਰਸ਼ਪਾਲ ਬਾਜਵਾ, ਸ਼ਮਸ਼ੇਰ ਸਿੰਘ ਬੋਪਾਰਾਏ, ਰਾਜਿੰਦਰ ਸਿੰਘ ਬੈਂਸ, ਅੰਮ੍ਰਿਤਪਾਲ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ, ਲਾਲੀ ਰਣਬੀਰ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ ਗਿੱਲ, ਗੁਰਦੇਵ ਸਿੰਘ ਗਿੱਲ, ਦਰਸ਼ਨ ਸਿੰਘ ਦਰੜ, ਬਲਬੀਰ ਸਿੰਘ ਸੈਣੀ, ਪਾਲ ਖਲੀਲ, ਕਮਲਦੀਪ ਸੰਘਾ, ਨਰਿੰਦਰਪਾਲ ਸਿੰਘ ਘੋਤੜਾ, ਗੁਰਬਚਨ ਸਿੰਘ ਪੱਪੂ, ਜਗਜੀਤ ਸਿੰਘ ਸਿੱਧੂ, ਸਤਵੰਤ ਸਿੰਘ ਕਾਲੇਕਾ, ਪਰਵਿੰਦਰ ਗਰੇਵਾਲ (ਆਇਓਆ), ਕਿੰਟੂ ਬਾਵਾ
e-mail:chicagokabaddicup@yahoo.com
ਲਾਲੀ ਰਣਬੀਰ ਸਿੰਘ ਧਾਲੀਵਾਲ ਬੈਟਲ ਕਰੀਕ, ਮਿਸ਼ੀਗਨ (ਚੇਅਰਮੈਨ)

# ਪੰਜਾਬ ਸਪੋਰਟਸ ਕਲੱਬ, ਕਲੀਵਲੈਂਡ (ਓਹਾਇਓ) ਖੇਡ ਮੇਲਾ:ਤਸਵੀਰਾਂ ਦੀ ਜ਼ੁਬਾਨੀ

## ਪੰਜਾਬ ਸਪੋਰਟਸ ਕਲੱਬ, ਕਲੀਵਲੈਂਡ ਪੰਜਾਬੀ ਅਤੇ ਭਾਰਤੀ ਭਾਈਚਾਰੇ ਦੇ ਉਨ੍ਹਾਂ ਸਭ ਵਿਅਕਤੀਆਂ ਅਤੇ ਪਰਿਵਾਰਾਂ ਦਾ ਧੰਨਵਾਦੀ ਹੈ ਜਿਨ੍ਹਾਂ ਨੇ ਇਸ ਖੇਡ ਮੇਲੇ ਨੂੰ ਕਾਮਯਾਬ ਕਰਨ ਲਈ ਆਪਣਾ ਪਿਆਰ ਅਤੇ ਹਰ ਤਰ੍ਹਾਂ ਦੀ ਮਦਦ ਦਿੱਤੀ



*ਹਾਲੀ ਮਿਕਤੇਰੀਆਂ ਅਤੇ ਉਸ ਦੀ 3 ਸਾਲ ਦੀ ਧੀ ਥੀਆ। ਹਾਲੀ ਦਾ ਪਤੀ ਪੁਲਿਸ ਅਫਸਰ ਜੋਸ਼ੂਆ ਮਿਕਤੇਰੀਆਂ 13 ਜੁਲਾਈ 2008 ਨੂੰ ਆਪਣੀ ਟਰੈਫਿਕ ਡਿਊਟੀ ਦੌਰਾਨ ਗੋਲੀ ਨਾਲ ਮਾਰਿਆ ਗਿਆ ਸੀ। ਉਸ ਨੂੰ ਚਾਰ ਗੋਲੀਆਂ ਲੱਗੀਆਂ ਸਨ। ਪੰਜਾਬ ਸਪੋਰਟਸ ਕਲੱਬ, ਕਲੀਵਲੈਂਡ ਵਲੋਂ ਹਾਲੀ ਦੀ 3100 ਡਾਲਰ ਨਾਲ ਮਾਲੀ ਮਦਦ ਵੀ ਕੀਤੀ ਗਈ।*

ਬੈਸਟ ਸਟਾਪਰ: ਤਾਊ
ਬੈਸਟ ਰੇਡਰ:ਕੁਲਜੀਤਾ ਮਲਸੀਆਂ
ਰੈਫਰੀ: ਸਾਬੀ ਜੰਡਿਆਲਵੀ
ਜਿੰਦੀ ਦਿਆਲ
ਬਿੱਲਾ ਬੁੱਟਰ
ਕਿੰਦਾ ਮਹਿਤਪੁਰੀਆ
ਭਿੰਦਾ ਗਿੱਲ
ਰਾਜ ਜਾਮਾਰਾਏ
ਦੀਪਾ ਸ਼ਿਕਾਗੋ



*ਪੰਜਾਬਣ ਮੁਟਿਆਰ ਦੇ ਸਨਮਾਨ ਨਾਲ ਅਨੁਰੀਤ ਬੈਣੀਪਾਲ*

*1971 ਤੋਂ 1981 ਤੱਕ ਬੈਸਟ ਸਟਾਪਰ ਰਹੇ ਸ. ਮੋਹਨ ਸਿੰਘ ਭਲਵਾਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਹ ਇਸ ਮੇਲੇ ਦੇ ਗਰੈਂਡ ਸਪਾਂਸਰ ਵੀ ਸਨ।*













### Grand Sponsors



ਡਾ. ਸਤਨਾਮ ਸਿੰਘ ਸੰਧੂ



ਦਵਿੰਦਰ ਸਿੰਘ ਗਿੱਲ



ਬਲਟੇਕ ਸਿੰਘ ਰੰਧਾਵਾ



ਚਮਕੌਰ ਸਿੰਘ ਹੰਸ



ਡਾ. ਪੂਰਨ ਕਾਰਾ



ਪਰਮਜੀਤ ਸਿੰਘ ਢਿੱਲੋਂ

ਕਬੱਡੀ ਦੇ ਪਹਿਲੇ ਇਨਾਮ ਦੇ ਸਪਾਂਸਰ ਡਾ. ਸਤਨਾਮ ਸਿੰਘ ਸੰਧੂ ਸਨ ਅਤੇ ਦੂਜੇ ਇਨਾਮ ਦੇ ਸਪਾਂਸਰ ਪੰਜਾਬ ਕਲਚਰਲ ਸੁਸਾਇਟੀ, ਕਲੀਵਲੈਂਡ। ਸ. ਦਵਿੰਦਰ ਸਿੰਘ ਗਿੱਲ (ਇੰਡੀਅਨ ਫਲੇਮ) ਨੇ ਗਾਇਕ ਸਰਬਜੀਤ ਚੀਮਾ ਨੂੰ ਸਪਾਂਸਰ ਕੀਤਾ। ਵਾਲੀਬਾਲ ਦੇ ਪਹਿਲੇ ਇਨਾਮ ਦੇ ਸਪਾਂਸਰ ਦਵਿੰਦਰ ਸਿੰਘ ਕਾਹਲੋਂ ਅਤੇ ਵਾਲੀਬਾਲ ਦੇ ਦੂਜੇ ਇਨਾਮ ਦੇ ਸਪਾਂਸਰ ਬਲਟੇਕ ਸਿੰਘ ਰੰਧਾਵਾ। ਲੰਗਰ ਦੀ ਸੇਵਾ ਹਰਵਿੰਦਰ ਸਿੰਘ ਨਾਗਰਾ ਵਲੋਂ ਕੀਤੀ ਗਈ।

### Special Thanks



ਅਮਨਦੀਪ ਧਾਰਨੀ (ਧਾਰਨੀ ਪੈਟਰੋਲੀਅਮ)



ਗੁਰਿੰਦਰ ਢਿੱਲੋਂ (ਸਿਨਸਿਨੈਟੀ)



ਮੱਖਣ ਸਿੰਘ ਦੁਲਈ



ਨਾਜਰ ਸਿੰਘ ਸਹੋਤਾ



ਸਤਵੰਤ ਸਿੰਘ ਨਿੱਜਰ

Dharni Petroleum, Shere Punjab Sports Club, Cincinnati (OH), PSCA Michigan, Shere Punjab Sports & Cultural Club-Chicago, Miri Piri Sports Club of Indiana, New York Kabaddi Club, Shaheed Bhagat Singh Sports Club-California, Ontario Club-Canada, Major Samra

### MEMBERS OF PUNJAB SPORTS CLUB OF CLEVELAND

**Mohinder S. Bhela, Harjit S. Dhillon, Iqbal S. Boparai, Amarjit S. Kang, Palwinder S. Sohal, Davinder S. Gill (Rinku), Daljit S. Dhillon, Gurdeep Singh, Kuldeep S. Gurai, Davinder Singh, Chamkaur. S. Brar, Ranbir Singh**

### *Grand Sponsors*

**Guru Nanak Foundation, Richfield., Davinder Singh Gill, Indian Flame., Dr. Satnam Singh Sandhu, S. Mohan Singh Bhalwan, Davinder S. Kahlon, Punjab Cultural Society, Paramjit S. Dhillon , Baltek Randhawa , Dr. Puran Karra , Chamkaur Hans, Dr. Puran Ram, Global Alliance LLC, Amritpal Singh Garewal, Karnail Singh Sarpanch, Harbans Singh Toor**

### *Special Sponsors*

**Daljit Singh Dhillon, Gurdeep Singh Virk, Gurinderjit Singh Sandhu, Jagdeep Singh, Gurcharan Singh Brar, Shivroop Singh Goraya, Ranjit Singh Dhillon, Balwinder Singh Butter, Pardeep Singh Rai, Harjan Inc., Express Gas, Gurpreet Singh, Ratanjit Singh Sondhi, Harman Ghuman, Mohinder Singh Ghuman, Pappu Ghuman, Gursharan Singh, Balwinder Singh, Jaswinder Jassi, Paramjit S. Pooni, Parminder Singh, Gurpreet Singh, Gurjeet S. Brar, Ranjit Singh Sandhu, Baldev Singh Brar, Saranjit Singh Sidhu, Gurdev Singh Bhela, Sunview Petroleum Inc, Jasbir Singh Randhawa, Brookside Drivethru, Manjit & Ajit Singh, Goodwill Trucking Co. LLC, Parhar Trucking Inc., Indo American Foods Inc., Parminder Singh, Karnail Singh Sarpanch, Jassi Grewal, Manjit & Ninder, Gurdeep Singh Dhillon, Wraich Transport LLC., Ratanjit Singh Sidhu, Harvinder Singh Nagra, Gulzar Singh, J K Paul Inc. (Ghotra), Turney Deli.**

# ਚੋਣ ਸਟੰਟ: ਬਾਬੇ ਬਾਦਲ ਵੱਲੋਂ ਸਾਦਗੀ ਦਾ ਪਖੰਡ !

## ਮੁੱਖ ਮੰਤਰੀ ਨੂੰ ਸਕੂਲਾਂ 'ਚ ਫਾਈਵ ਸਟਾਰ ਸਹੂਲਤਾਂ

**ਚੰਡੀਗੜ੍ਹ (ਬਿਊਰੋ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਾਦਗੀ ਦੀ ਪੋਲ ਖੁੱਲ੍ਹ ਗਈ ਹੈ। ਕਾਂਗਰਸੀ ਆਗੂ ਰਾਹੁਲ ਗਾਂਧੀ ਵੱਲੋਂ ਗਰੀਬਾਂ ਦੀਆਂ ਝੌਂਪੜੀਆਂ 'ਚ ਗੁਜ਼ਾਰੀਆਂ ਜਾ ਰਹੀਆਂ ਰਾਤਾਂ ਸੀ ਸਿਆਸਤ ਤੋਂ ਪ੍ਰੇਰਿਤ ਹੋ ਕੇ ਪਿਛਲੇ ਕੁਝ ਸਮੇਂ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਇਹ ਸਿਆਸੀ ਸਟੰਟ ਖੇਡਣਾ ਸ਼ੁਰੂ ਕਰ ਦਿੱਤਾ ਹੈ ਪਰ ਇਨ੍ਹਾਂ ਦੋਹਾਂ ਆਗੂਆਂ ਦੀਆਂ ਭਾਵਨਾਵਾਂ 'ਚ ਫਰਕ ਸਾਹਮਣੇ ਆਉਣ ਨਾਲ ਬਾਦਲ ਨੂੰ ਸ਼ਰਮਸਾਰ ਹੋਣਾ ਪਿਆ ਹੈ। ਅਸਲ 'ਚ ਰਾਹੁਲ ਗਾਂਧੀ ਝੌਂਪੜੀਆਂ 'ਚ ਜਾ ਕੇ ਉਨ੍ਹਾਂ ਲੋਕਾਂ ਵਾਂਗ ਸਧਾਰਨ ਜੀਵਨ ਜਿਊਂਦਾ ਹੈ ਪਰ ਸ. ਬਾਦਲ ਲਈ ਆਮ ਥਾਵਾਂ 'ਤੇ ਵੀ 'ਫਾਈਵ ਸਟਾਰ' ਸਹੂਲਤਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸੂਤਰਾਂ ਅਨੁਸਾਰ ਸ. ਬਾਦਲ ਹਿ ਸਿਆਸੀ ਸਟੰਟ ਅਖ਼ਬਾਰਾਂ 'ਚ ਖ਼ਬਰਾਂ ਤੇ ਤਸਵੀਰਾਂ ਲਵਾਉਣ ਲਈ ਹੀ ਕਰਦੇ ਹਨ।

ਪਿਛਲੇ ਦਿਨੀਂ ਸ. ਬਾਦਲ ਨੇ ਸੰਗਤ ਦਰਸ਼ਨ ਤੋਂ ਬਾਅਦ ਪਿੰਡ ਛਾਪਿਆਂਵਾਲੀ ਦੇ ਸਰਕਾਰੀ ਮਿਡਲ ਸਕੂਲ ਵਿਚ ਰਾਤ ਗੁਜ਼ਾਰੀ। ਭਾਵੇਂ ਉਨ੍ਹਾਂ ਦਾਲ ਨਾਲ ਸਾਦਾ ਫੁਲਕਾ ਹੀ ਖਾਧਾ ਪਰ ਰਾਤ ਸਮੇਂ ਉਨ੍ਹਾਂ ਦੇ ਆਰਾਮ ਦੇ ਮੱਦੇਨਜ਼ਰ ਪੁਲੀਸ ਤੇ ਸਿਵਲ ਪ੍ਰਸ਼ਾਸਨ ਵੱਲੋਂ ਫਾਈਵ ਸਟਾਰ ਪ੍ਰਬੰਧ ਕੀਤੇ ਗਏ ਸਨ। ਸਕੂਲ ਦੇ ਕਮਰੇ ਵਿਚਲੇ ਡੈਸਕਾਂ ਤੇ ਹੋਰ ਸਾਮਾਨ ਨੂੰ ਹਟਾ ਕੇ ਪਿਛਲੀ ਕੰਧ ਭੰਨ ਕੇ ਮੁੱਖ ਮੰਤਰੀ ਲਈ ਪਖ਼ਾਨਾ ਤੇ ਗੁਸਲਖ਼ਾਨਾ ਬਣਾਇਆ ਗਿਆ। ਇਕ ਹੋਰ ਕਮਰੇ ਵਿਚ ਉਨ੍ਹਾਂ ਲਈ ਆਲੀਸ਼ਾਨ ਪਲੰਘ, ਸੋਫ਼ਾ, ਲਾਈਟਾਂ ਤੇ ਏਅਰ ਕੰਡੀਸ਼ਨਰ ਲਾਏ ਗਏ। ਲੁਧਿਆਣੇ ਦੀ ਪਾਰਟੀ ਵੱਲੋਂ ਪ੍ਰਤੀ ਏਅਰ ਕੰਡੀਸ਼ਨਰ 3500 ਰੁਪਏ ਪ੍ਰਤੀ ਦਿਨ ਕਿਰਾਏ 'ਤੇ ਦਿੱਤੇ ਗਏ ਸਨ। ਸਕੂਲ ਦੇ ਇਕ ਕਮਰੇ ਵਿਚ ਮੁੱਖ ਸਲਾਹਕਾਰ ਦਲਜੀਤ ਸਿੰਘ ਚੀਮਾ ਦੀ ਆਰਜ਼ੀ ਪਰ ਆਲੀਸ਼ਾਨ ਰਿਹਾਇਸ਼ ਕੀਤੀ ਗਈ। ਇਸ ਦੌਰਾਨ ਇਸ ਉਪ ਮੰਡਲ ਦੇ ਪੁਲੀਸ ਤੇ ਸਿਵਲ ਅਧਿਕਾਰੀ ਵੀ ਮੌਜੂਦ ਸਨ।



ਸ. ਬਾਦਲ ਦੇ ਸੁਰੱਖਿਆ ਪ੍ਰਬੰਧਾਂ ਕਰਕੇ ਪ੍ਰਸ਼ਾਸਨ ਇਕ ਦਿਨ ਪਹਿਲਾਂ ਹੀ ਹਰਕਤ ਵਿਚ ਆਇਆ ਹੋਇਆ ਸੀ। ਪੰਜਾਬ ਪੁਲੀਸ ਤੇ ਕਮਾਂਡੋ ਦੇ ਬਹੁਗਿਣਤੀ ਜਵਾਨ ਮੈਟਲ ਡਿਟੈਕਟਰ ਤੇ ਹੋਰ ਸਾਜ਼ੋ ਸਾਮਾਨ ਨਾਲ ਸਕੂਲ ਵਿਚ ਪੁੱਜੇ ਹੋਏ ਸਨ।

ਇਸ ਦੌਰਾਨ ਬੱਚਿਆਂ ਦੀ ਹਾਜ਼ਰੀ ਤਾਂ ਆਮ ਵਾਂਗ ਸੀ ਪਰ ਸਰਕਾਰੀ ਸਰਗਰਮੀਆਂ ਕਰਕੇ ਬੱਚੇ ਪੜ੍ਹਾਈ ਤੋਂ ਵਾਂਝੇ ਰਹੇ। ਦਿਲਚਸਪ ਪੱਖ ਇਹ ਹੈ ਕਿ ਦਿਨ ਦੇ ਕੁਝ ਪਹਿਰ ਤੇ ਰਾਤ ਗੁਜ਼ਾਰਨ ਮਗਰੋਂ ਵੀ ਸ. ਬਾਦਲ ਇਸ ਅਧੂਰੇ ਸਕੂਲ ਨੂੰ ਅਪਗ੍ਰੇਡ ਕਰਨ ਦਾ ਕੋਈ ਐਲਾਨ ਨਹੀਂ ਕਰ ਸਕੇ। ਮੁੱਖ ਮੰਤਰੀ ਦੇ ਰਾਤ ਰਹਿਣ 'ਤੇ ਹੋਏ ਖ਼ਰਚ ਬਾਰੇ ਕੋਈ ਵੀ ਸਰਕਾਰੀ ਅਧਿਕਾਰੀ ਮੂੰਹ ਖੋਲ੍ਹਣ ਨੂੰ ਤਿਆਰ ਨਹੀਂ। ਇਸ ਬਾਰੇ ਉਪ ਮੰਡਲ ਮੈਜਿਸਟਰੇਟ ਬਲਦੇਵ ਸਿੰਘ ਦਾ ਕਹਿਣਾ ਸੀ ਕਿ ਮੁੱਖ ਮੰਤਰੀ ਦੇ ਰਹਿਣ ਦਾ ਪ੍ਰਬੰਧ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਦਿਆਲ ਸਿੰਘ ਤੇ ਪਿੰਡ ਪੱਧਰ ਦੇ ਆਗੂਆਂ ਵੱਲੋਂ ਆਪਣੇ ਤੌਰ 'ਤੇ ਕੀਤਾ ਗਿਆ ਸੀ।

ਇਸੇ ਤਰ੍ਹਾਂ ਗਿੱਦੜਬਾਹਾ ਹਲਕੇ ਦੇ ਸੰਗਤ ਦਰਸ਼ਨ ਦੌਰਾਨ ਮੁੱਖ ਮੰਤਰੀ ਰਾਤ ਨੂੰ ਪਿੰਡ ਕੋਟਭਾਈ ਦੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਠਹਿਰੇ ਸਨ। ਮੁੱਖ ਮੰਤਰੀ ਦੇ ਠਹਿਰਾਅ ਲਈ ਸਕੂਲ ਦੀ ਕੰਪਿਊਟਰ ਲੈਬ ਨੂੰ ਖਾਲੀ ਕਰਵਾ ਕੇ ਮੁੱਖ ਮੰਤਰੀ ਲਈ ਕਮਰਾ ਤਿਆਰ ਕੀਤਾ ਗਿਆ ਤੇ ਜਨ ਸਿਹਤ ਵੱਲੋਂ ਖਾਸ ਪਖਾਨਾ ਤਿਆਰ ਕੀਤਾ ਗਿਆ। ਇਥੇ ਮੁੱਖ ਮੰਤਰੀ ਲਈ ਚਾਰ ਏ.ਸੀ. ਕਿਰਾਏ 'ਤੇ ਲਿਆਂਦੇ ਗਏ ਸਨ। ਉਨ੍ਹਾਂ ਦਾ ਇਕ ਰਾਤ ਦਾ ਕਿਰਾਇਆ ਹੀ 14000 ਰੁਪਏ ਭਰਿਆ ਗਿਆ। ਪਿੰਡ ਕੋਟਭਾਈ ਦੇ ਲੋਕਾਂ ਦਾ ਕਹਿਣਾ ਹੈ ਕਿ ਗਿੱਦੜਬਾਹਾ ਤੋਂ ਮੁੱਖ ਮੰਤਰੀ ਦਾ ਆਪਣਾ ਪਿੰਡ 17 ਕਿਲੋਮੀਟਰ ਦੀ ਦੂਰੀ 'ਤੇ ਹੈ।ਤੇ ਫਿਰ ਪੁਲੀਸ ਕਰਮਚਾਰੀਆਂ ਤੇ ਆਮ ਲੋਕਾਂ ਨੂੰ ਪ੍ਰੇਸ਼ਾਨ ਕਿਉਂ ਕੀਤਾ ਜਾਂਦਾ ਹੈ। ਜੇ ਮੁੱਖ ਮੰਤਰੀ ਸੱਚਮੁੱਚ ਲੋਕਾਂ ਦੀਆਂ ਮੁਸ਼ਕਲਾਂ ਜਾਨਣਾ ਚਾਹੁੰਦੇ ਹਨ ਤਾਂ ਉਹ ਆਮ ਵਿਅਕਤੀ ਵਾਂਗ ਲੋਕਾਂ ਵਿਚ ਠਹਿਰਨ ਤੇ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਆਦੇਸ਼ ਦੇਣ ਕਿ ਉਨ੍ਹਾਂ ਦੇ ਠਹਿਰਾਅ ਲਈ ਖਾਸ ਇੰਤਜ਼ਾਮ ਨਾ ਕੀਤੇ ਜਾਣ।

## ਕਾਂਗਰਸ ਨੇ ਹਾਈ ਕੋਰਟ ਤੋਂ ਦਖ਼ਲ ਮੰਗਿਆ

**ਚੰਡੀਗੜ੍ਹ:** ਪੰਜਾਬ ਵਿਚ ਸਰਕਾਰੀ ਸਕੂਲਾਂ ਦੇ ਕਮਰਿਆਂ ਨੂੰ ਅਧਿਕਾਰੀਆਂ ਵੱਲੋਂ ਸਰਕਾਰੀ ਸਮਾਗਮਾਂ ਦੌਰਾਨ 'ਪਖਾਨਿਆਂ' ਦਾ ਰੂਪ ਦਿੱਤੇ ਜਾਣ 'ਤੇ ਕਾਂਗਰਸ ਪਾਰਟੀ ਨੇ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਪੰਜਾਬ ਤੇ ਹਰਿਆਦਾ ਹਾਈ ਕੋਰਟ ਦੇ ਮੁੱਖ ਜੱਜ ਨੂੰ ਇਸ ਮਾਮਲੇ ਦਾ ਖੁਦ-ਬ-ਖੁਦ ਨੋਟਿਸ ਲੈ ਕੇ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਇਸ ਬਾਰੇ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪਾਰਟੀ ਵੱਲੋਂ ਲਿਖਦਿਆਂ ਹਾਈ ਕੋਰਟ ਤੋਂ ਮਾਮਲੇ ਵਿਚ ਦਖ਼ਲ ਮੰਗਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਮੀਡੀਆ ਰਿਪੋਰਟਾਂ ਤੋਂ ਲੱਗਾ ਹੈ। ਉਨ੍ਹਾਂ ਕਿਹਾ ਕਿ ਮੁਕਤਸਰ ਜ਼ਿਲ੍ਹਾ ਪ੍ਰਸ਼ਾਸਨ ਨੇ ਰਾਜ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ 7 ਜੁਲਾਈ ਨੂੰ ਛਾਪਿਆਂਵਾਲੀ ਤੇ 8 ਜੁਲਾਈ ਨੂੰ ਪਿੰਡ ਕੋਟਭਾਈ ਵਿਖੇ ਰਾਤ ਰੁਕਣ ਵੇਲੇ ਸਬੰਧਤ ਪਿੰਡਾਂ ਦੇ ਸਕੂਲਾਂ ਦੇ ਜਮਾਤਾਂ ਵਾਲੇ ਕਮਰਿਆਂ ਨੂੰ ਸੌਣ ਕਮਰਿਆਂ ਵਿਚ ਤਬਦੀਲ ਕਰ ਦਿੱਤਾ ਜਿੱਥੇ ਏਅਰ ਕੰਡੀਸ਼ਨਰ, ਸੋਫਾ ਸੈਟ ਤੇ ਡਬਲ ਬੈੱਡ ਆਦਿ ਲਾਏ ਗਏ। ਉਨ੍ਹਾਂ ਦੱਸਿਆ ਕਿ ਇਸ ਮੌਕੇ ਮੁੱਖ ਮੰਤਰੀ ਦੀ ਸੌਖ ਲਈ ਇਕ ਜਮਾਤ ਦੇ ਕਮਰੇ ਵਿਚ ਪਖਾਨਾ ਬਣਾ ਕੇ ਸੀਟ ਵੀ ਫਿੱਟ ਕੀਤੀ ਗਈ।

# ਲੰਗਾਹ ਦਾ ਵਿਦੇਸ਼ੀ ਦੌਰਾ ਵਿਵਾਦ 'ਚ ਘਿਰਿਆ

## ਇਤਰਾਜ਼ ਦੇ ਬਾਵਜੂਦ ਬਾਦਲ ਨੇ ਦਿੱਤੀ ਪ੍ਰਵਾਨਗੀ

**ਚੰਡੀਗੜ੍ਹ:** ਖੇਤੀ ਮੰਤਰੀ ਸੁੱਚਾ ਸਿੰਘ ਲੰਗਾਹ ਦਾ ਵਿਦੇਸ਼ੀ ਦੌਰਾ ਵਿਵਾਦ 'ਚ ਘਿਰ ਗਿਆ ਹੈ। ਹੈਰਾਨੀ ਦੀ ਗੱਲ ਹੈ ਕਿ ਵਿੱਤ ਕਮਿਸ਼ਨਰ ਵੱਲੋਂ ਇਤਰਾਜ਼ ਲਾਉਣ ਦੇ ਬਾਵਜੂਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਦੌਰੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਸ. ਲੰਗਾਹ ਦੇ ਵਿਦੇਸ਼ੀ ਦੌਰੇ 'ਤੇ ਵਿੱਤ ਕਮਿਸ਼ਨਰ (ਵਿਕਾਸ) ਨਵਰੀਤ ਸਿੰਘ ਕੰਗ ਵੱਲੋਂ ਇਤਰਾਜ਼ ਲਾਏ ਗਏ ਸਨ ਪਰ ਇਸ ਦੇ ਬਾਵਜੂਦ ਸ. ਬਾਦਲ ਨੇ ਲੰਗਾਹ ਦੇ ਤਿੰਨ ਦੇਸ਼ਾਂ ਦੇ ਦੌਰੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਖੇਤੀ ਮੰਤਰੀ ਪੰਜਾਬ ਐਗਰੋ ਇੰਡਰਸਟਰੀਜ਼ ਨਿਗਮ ਦੇ ਅਧਿਕਾਰੀਆਂ ਨਾਲ ਆਸਟਰੇਲੀਆ, ਇੰਗਲੈਂਡ ਤੇ ਇਟਲੀ ਦੇ ਦੌਰੇ 'ਤੇ ਜਾ ਰਹੇ ਹਨ। ਇਹ ਦੌਰਾ 25 ਜੁਲਾਈ ਤੋਂ 5 ਅਗਸਤ ਤੱਕ ਦਾ ਦੱਸਿਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਵਿੱਤ ਕਮਿਸ਼ਨਰ (ਵਿਕਾਸ) ਨੇ ਮੁੱਖ ਮੰਤਰੀ ਨੂੰ ਭੇਜੀ ਫਾਈਲ ਵਿਚ ਕਿਹਾ ਸੀ ਕਿ ਖੇਤੀ ਮੰਤਰੀ ਦੀ ਅਗਵਾਈ ਹੇਠ ਜਾਣ ਵਾਲਾ ਵਫ਼ਦ ਜਿਨ੍ਹਾਂ ਮੁਲਕਾਂ ਨੂੰ ਜਾ ਰਿਹਾ ਹੈ, ਉਨ੍ਹਾਂ ਦੀ ਦਿਸ਼ਾ ਬਿਲਕੁਲ ਵੱਖੋ ਵੱਖਰੀ ਹੈ। ਇਸ ਲਈ ਬਿਹਤਰ ਇਹੀ ਹੋਵੇਗਾ ਕਿ ਇਹ ਵਫ਼ਦ ਇਕ ਮੁਲਕ ਦੇ ਦੌਰੇ ਤੋਂ ਬਾਅਦ ਦੂਜੇ ਮੁਲਕ ਜਾਣ ਦਾ ਪ੍ਰੋਗਰਾਮ ਉਲੀਕੇ। ਸ੍ਰੀ ਕੰਗ ਦਾ ਤਰਕ ਸੀ ਕਿ ਇਸ ਤਰ੍ਹਾਂ ਨਾਲ ਸਰਕਾਰੀ ਖ਼ਜ਼ਾਨੇ 'ਤੇ ਜ਼ਿਆਦਾ ਬੋਝ ਪਵੇਗਾ। ਖੇਤੀ ਮੰਤਰੀ ਦੀ ਅਗਵਾਈ ਹੇਠ ਜਾਣ ਵਾਲੇ ਇਸ



ਵਫ਼ਦ ਵਿਚ ਪੰਜਾਬ ਐਗਰੋ ਦੇ ਮੈਨੇਜਿੰਗ ਡਾਇਰੈਕਟਰ ਵਿਕਾਸ ਗਰਗ, ਨਿਗਮ ਦੇ ਜਨਰਲ ਮੈਨੇਜਰ ਤੇ ਨਿਗਮ ਵੱਲੋਂ ਨਿਯੁਕਤ ਕੀਤੇ ਕੰਸਲਟੈਂਟ ਸ਼ਾਮਲ ਹੈ।

ਨਿਗਮ ਵੱਲੋਂ ਅੰਮ੍ਰਿਤਸਰ ਹਵਾਈ ਅੱਡੇ 'ਤੇ ਵੱਡਾ ਕੋਲਡ ਸਟੋਰ ਬਣਾਏ ਜਾਣ ਦੀ ਯੋਜਨਾ ਹੈ ਤਾਂ ਜੋ ਸਬਜ਼ੀਆਂ ਤੇ ਫਲਾਂ ਨੂੰ ਬਰਾਮਦ ਕੀਤਾ ਜਾ ਸਕੇ। ਇਸ ਕੋਲਡ ਸਟੋਰ ਦੀ ਸਥਾਪਨਾ ਤੇ ਵਿਦੇਸ਼ਾਂ ਵਿਚ ਸੰਪਰਕ ਸਥਾਪਤ ਕਰਨ ਲਈ ਨਿਗਮ ਨੇ ਮੰਤਰੀ ਦੀ ਅਗਵਾਈ ਵਿਚ ਸਟੱਡੀ ਪ੍ਰੋਗਰਾਮ ਉਲੀਕਿਆ ਹੈ।

ਅੰਮ੍ਰਿਤਸਰ ਤੋਂ ਯੂਰਪੀ ਮੁਲਕਾਂ ਨੂੰ ਮਾਲ ਭੇਜਣ ਦੀ ਯੋਜਨਾ ਹੈ। ਪੰਜਾਬ ਐਗਰੋ ਦੇ ਮੈਨੇਜਿੰਗ ਡਾਇਰੈਕਟਰ ਵਿਕਾਸ ਗਰਗ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਹਵਾਈ ਅੱਡੇ 'ਤੇ ਕਾਰਗੋ ਯੂਨਿਟ ਦੇ ਸਮੇਤ ਪੰਜਾਬ ਵਿਚ ਪੈਕ ਹਾਊਸ ਵੀ ਸਥਾਪਤ ਕੀਤੇ ਜਾਣੇ ਹਨ। ਉਨ੍ਹਾਂ ਕਿਹਾ ਕਿ ਵਿਦੇਸ਼ ਵਿਚ ਸਬਜ਼ੀਆਂ ਤੇ ਫਲਾਂ ਦੀ ਬਰਾਮਦਗੀ ਲਈ ਵਿਦੇਸ਼ਾਂ ਵਿਚ ਸੰਪਰਕ ਸਥਾਪਤ ਕਰਨਾ ਵੀ ਜ਼ਰੂਰੀ ਹੈ। ਇਸ ਲਈ ਇਹ ਦੌਰਾ ਪੰਜਾਬ ਲਈ ਕਾਫੀ ਲਾਹੇਬੰਦ ਹੋਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਦੌਰੇ 'ਤੇ ਹੋਣ ਵਾਲਾ ਖਰਚ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਵੱਲੋਂ ਕੀਤਾ ਜਾਣਾ ਹੈ।

ਪੰਜਾਬ ਦੇ ਮੰਤਰੀਆਂ ਵੱਲੋਂ ਵਿਦੇਸ਼ ਦੌਰਿਆਂ 'ਤੇ ਸਰਕਾਰੀ ਖ਼ਜ਼ਾਨੇ 'ਚੋਂ ਕਰੋੜਾਂ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਖੇਤੀ ਮੰਤਰੀ ਸੁੱਚਾ ਸਿੰਘ ਲੰਗਾਹ ਵੀ ਕਈ ਵਾਰੀ ਵਿਦੇਸ਼ ਜਾਣ ਵਾਲਿਆਂ ਵਿਚ ਸ਼ਾਮਲ ਹਨ। ਖੇਤੀ ਮੰਤਰੀ ਦੇ ਕਈ ਦੌਰੇ ਤਾਂ ਹਾਲ ਵਿਚ ਸਿਰੇ ਚੜ੍ਹੇ ਹਨ। ਮੰਤਰੀਆਂ ਦੇ ਵਿਦੇਸ਼ ਜਾਣ ਦਾ ਰਾਜ ਨੂੰ ਕੀ ਲਾਭ ਹੋਇਆ ਸਰਕਾਰ ਇਸ ਬਾਰੇ ਕੁਝ ਵੀ ਦੱਸਣ ਤੋਂ ਇਨਕਾਰੀ ਹੈ। ਭਰੋਸੇਯੋਗ ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਪੰਜਾਬ ਐਗਰੋ ਵੱਲੋਂ ਪਿਛਲੇ ਕੁਝ ਕੁ ਮਹੀਨਿਆਂ ਦੌਰਾਨ ਹੀ ਵਿਦੇਸ਼ੀ ਮੁਲਕਾਂ ਦੇ ਦੌਰਿਆਂ ਦਾ ਪ੍ਰੋਗਰਾਮ ਉਲੀਕਿਆ ਜਾ ਚੁੱਕਾ ਹੈ।

# ਹਰਪ੍ਰੀਤ ਕੌਰ ਹੱਤਿਆ ਕਾਂਡ ਦੇ ਗਵਾਹ ਕਮਲਜੀਤ ਨੂੰ ਕੇਸ 'ਚ ਫਸਾਇਆ

**ਚੰਡੀਗੜ੍ਹ:** ਹਰਪ੍ਰੀਤ ਕਤਲ ਕੇਸ ਦੇ ਮੁੱਖ ਗਵਾਹ ਕਮਲਜੀਤ ਸਿੰਘ ਖ਼ਿਲਾਫ਼ 16 ਮਹੀਨਿਆਂ ਬਾਅਦ ਕਪੂਰਥਲਾ ਪੁਲੀਸ ਨੇ ਕੇਸ ਦਰਜ ਕਰ ਲਿਆ ਹੈ। ਕੇਸ ਦਰਜ ਹੋਣ ਮਗਰੋਂ ਕਮਲਜੀਤ ਨੂੰ ਜਾਨ ਦੇ ਲਾਲੇ ਪੈ ਗਏ ਹਨ ਤੇ ਉਹ ਲੁੱਕ-ਛਿੱਪ ਕੇ ਦਿਨ ਕੱਟ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੀ ਧੀ ਹਰਪ੍ਰੀਤ ਕੌਰ ਦੇ ਕਤਲ ਕਾਂਡ ਦਾ ਮੁੱਖ ਗਵਾਹ ਬੀਤੇ ਦਿਨ ਪਟਿਆਲਾ ਵਿਖੇ ਸੀ.ਬੀ.ਆਈ. ਦੀ ਅਦਾਲਤ ਵਿਚ ਬਿਆਨ ਦਰਜ ਕਰਾਉਣ ਲਈ ਗਿਆ ਸੀ ਪਰ ਉਹ ਅਜਿਹਾ ਨਹੀਂ ਕਰ ਸਕਿਆ ਕਿਉਂਕਿ ਚਿੱਟ ਕੱਪੜੀਆ ਪੁਲੀਸ ਉਸ ਨੂੰ ਲੱਭ ਰਹੀ ਸੀ।



30 ਅਪਰੈਲ 2010 ਨੂੰ ਕਮਲਜੀਤ ਤੇ ਬੀਬੀ ਜਗੀਰ ਕੌਰ ਦੇ ਕੁਝ ਹਮਾਇਤੀਆਂ ਵਿਚਾਲੇ ਝਗੜਾ ਹੋ ਗਿਆ ਸੀ ਤੇ ਉਦੋਂ ਗੱਲ ਆਈ ਗਈ ਹੋ ਗਈ ਸੀ ਪਰ ਕਪੂਰਥਲਾ ਪੁਲੀਸ ਨੇ 13 ਜੁਲਾਈ ਨੂੰ ਉਸ ਖ਼ਿਲਾਫ਼ ਕੇਸ ਦਰਜ ਕਰ ਲਿਆ। ਕਮਲਜੀਤ ਸਿੰਘ ਦਾ ਕਹਿਣਾ ਹੈ ਕਿ ਬਿਆਨ ਦੇਣ ਤੋਂ ਰੋਕਣ ਲਈ ਇਹ ਸਭ ਕੁਝ ਹੋ ਰਿਹਾ ਹੈ। ਹਰਪ੍ਰੀਤ ਕਤਲ ਕਾਂਡ ਦੇ ਮੁਲਜ਼ਮ ਜਾਣਦੇ ਹਨ ਕਿ ਜੇਕਰ ਇਕ ਵਾਰ ਬਿਆਨ ਦਰਜ ਕਰਾਉਣ ਦੀ ਕਾਰਵਾਈ ਮੁਕੰਮਲ ਹੋ ਗਈ ਤਾਂ ਉਹ ਬਚ ਨਹੀਂ ਸਕਣਗੇ। ਇਸੇ ਕਰਕੇ ਉਸ 'ਤੇ ਹੁਣ ਕੇਸ ਦਰਜ ਕੀਤਾ ਗਿਆ ਹੈ ਤੇ ਉਸ ਦੀ ਜਾਨ ਨੂੰ ਖਤਰਾ ਹੈ ਤੇ ਲੁਕ-ਛਿਪ ਕੇ ਦਿਨ ਕੱਟ ਰਿਹਾ ਹੈ। ਸੀ.ਬੀ.ਆਈ. ਦੇ ਜੱਜ ਨੂੰ ਦਿੱਤੀ ਅਰਜ਼ੀ ਵਿਚ ਉਸ ਨੇ ਸੁਰੱਖਿਆ ਦੀ ਮੰਗ ਕਰਦਿਆਂ ਕਿਹਾ ਹੈ ਕਿ ਉਸ ਦੀ ਜਾਨ ਨੂੰ ਬੀਬੀ ਜਗੀਰ ਕੌਰ ਤੇ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਦੇ ਆਗੂਆਂ ਤੋਂ ਖਤਰਾ ਹੈ। ਉਹ ਇਸ ਭੈਅ ਦੇ ਮਾਹੌਲ ਵਿਚ ਸੀ.ਬੀ.ਆਈ. ਦੀ ਅਦਾਲਤ ਵਿਚ ਪੇਸ਼ ਨਹੀਂ ਹੋ ਸਕਦਾ।

ਦਿਲਚਸਪ ਗੱਲ ਇਹ ਹੈ ਕਿ ਜਾਂਚ ਅਧਿਕਾਰੀ ਜਿਸ ਨੇ ਅਪਰੈਲ 2010 ਵਿਚ ਕੇਸ ਦਰਜ ਕੀਤਾ ਹੈ, ਕਈ ਵਾਰ ਸ਼ਿਕਾਇਤਕਰਤਾ ਦੇ ਘਰ ਜਾ ਚੁੱਕਿਆ ਹੈ ਪਰ ਸ਼ਿਕਾਇਤਕਰਤਾ ਨੇ ਆਪਣਾ ਬਿਆਨ ਦਰਜ ਨਹੀਂ ਕਰਵਾਇਆ। ਉਹ ਕਹਿ ਰਿਹਾ ਹੈ ਕਿ ਉਹ ਆਪਣੇ ਮਾਪਿਆਂ ਦੀ ਹਾਜ਼ਰੀ ਵਿਚ ਅਜਿਹਾ ਕਰੇਗਾ। ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੇਸ ਦਰਜ ਹੋਣ ਬਾਰੇ ਪਤਾ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪੂਰੀ ਤਰ੍ਹਾਂ ਸੱਤਾ ਦੀ ਦੁਰਵਰਤੋਂ ਦਾ ਹੈ।

# ਬਾਦਲ ਨੂੰ ਲੰਬੀ ਹਲਕੇ 'ਚ 'ਆਪਣਿਆਂ' ਵੱਲੋਂ ਹੀ ਵੰਗਾਰ

## ਰੁੱਸਿਆਂ ਨੂੰ ਮਨਾਉਣ ਲਈ ਘਰ-ਘਰ ਫੇਰੀ

**ਲੰਬੀ (ਪੰਜਾਬ ਟਾਈਮਜ਼ ਬਿਊਰੋ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲੰਬੀ ਹਲਕੇ 'ਚ 'ਆਪਣਿਆਂ' ਵੱਲੋਂ ਹੀ ਵੱਡੀ ਚੁਣੌਤੀ ਦਿੱਤੀ ਜਾ ਰਹੀ ਹੈ। ਇਸ ਵਕਾਰੀ ਸੀਟ 'ਤੇ ਦਬਦਬਾ ਕਾਇਮ ਰੱਖਣ ਲਈ ਸ. ਬਾਦਲ ਹਰ ਹੀਲਾ ਵਰਤ ਰਹੇ ਹਨ। ਉਨ੍ਹਾਂ ਨੇ ਜਿੱਥੇ ਸਾਰੇ ਪੰਜਾਬ ਨੂੰ ਭੁਲਾ ਕੇ ਇਸ ਹਲਕੇ 'ਚ ਗ੍ਰਾਂਟਾਂ ਦਾ ਹੜ੍ਹ ਲੈ ਆਂਦਾ ਹੈ ਉਥੇ ਰੁੱਸਿਆਂ ਨੂੰ ਮਨਾਉਣ ਲਈ 'ਆਪਣਿਆਂ' ਦੇ ਘਰ-ਘਰ ਫੇਰੀ ਪਾਈ ਜਾ ਰਹੀ ਹੈ।

ਇਸ ਤਰ੍ਹਾਂ ਕਰਕੇ ਸ. ਬਾਦਲ ਵੱਲੋਂ ਸਿਆਸੀ ਤਰੇੜਾਂ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ 15 ਜੁਲਾਈ ਨੂੰ ਅਚਨਚੇਤ ਆਪਣੇ ਭਰਾ ਗੁਰਦਾਸ ਸਿੰਘ ਬਾਦਲ ਨੂੰ ਮਿਲਣ ਆ ਪਹੁੰਚੇ। ਉਨ੍ਹਾਂ ਦੇ ਰਾਜਸੀ ਸਕੱਤਰ ਤੇ ਚਚੇਰੇ ਭਰਾ ਮੇਜਰ ਭੁਪਿੰਦਰ ਸਿੰਘ ਬਾਦਲ ਨੇ ਇਸ ਫੇਰੀ ਨੂੰ ਰਸਮੀ ਤੇ ਪਰਿਵਾਰਕ ਫੇਰੀ ਕਰਾਰ ਦਿੱਤਾ ਹੈ। ਉਹ ਬਾਅਦ ਵਿਚ ਆਪਣੇ ਚਚੇਰੇ ਭਰਾ



ਤੇ ਸਾਬਕਾ ਟਰਾਂਸਪੋਰਟ ਮੰਤਰੀ ਹਰਦੀਪਇੰਦਰ ਸਿੰਘ ਬਾਦਲ ਮੌਜੂਦਾ ਕਾਂਗਰਸੀ ਆਗੂ ਦੇ ਗ੍ਰਹਿ ਵਿਖੇ ਵੀ ਗਏ।

ਸ. ਪ੍ਰਕਾਸ਼ ਸਿੰਘ ਬਾਦਲ ਨੇ ਗੁਰਦਾਸ ਸਿੰਘ ਬਾਦਲ ਨਾਲ 10-12 ਮਿੰਟ ਦਾ ਸਮਾਂ ਬਿਤਾਇਆ। ਇਸ ਤੋਂ ਪਹਿਲਾਂ ਸ. ਬਾਦਲ ਹਰਦੀਪਇੰਦਰ ਸਿੰਘ ਬਾਦਲ ਦੇ ਗ੍ਰਹਿ ਵਿਖੇ ਗਏ ਜਿਥੇ ਉਹ 20-25 ਮਿੰਟ ਤੱਕ ਰੁਕੇ। ਮੁੱਖ ਮੰਤਰੀ ਦੀ ਇਸ ਫੇਰੀ ਨੂੰ ਸਿਆਸੀ ਹਲਕਿਆਂ ਵਿਚ ਲੰਬੀ ਦਾ ਕਿਲ੍ਹਾ ਮਜਬੂਤ ਕਰਨ ਦੀ ਕਵਾਇਦ ਵਜੋਂ ਵੀ ਵੇਖਿਆ ਜਾ ਰਿਹਾ ਹੈ।

ਪੀ.ਪੀ.ਪੀ. ਦੇ ਆਗੂ ਮਨਪ੍ਰੀਤ ਸਿੰਘ ਬਾਦਲ ਵੱਲੋਂ ਗੁਰਦਾਸ ਸਿੰਘ ਬਾਦਲ ਨੂੰ ਲੰਬੀ ਤੋਂ ਵਿਧਾਨ ਸਭਾ ਚੋਣ ਲੜਾਉਣ ਦਾ ਐਲਾਨ ਕੀਤਾ ਹੋਇਆ ਹੈ ਜਦੋਂਕਿ ਦੂਜੇ ਪਾਸੇ ਉਨ੍ਹਾਂ ਦੇ ਸਿਆਸੀ ਗੁਰੂ ਤੇਜਾ ਸਿੰਘ ਬਾਦਲ ਦੇ ਪੁੱਤਰ ਤੇ ਸੀਨੀਅਰ ਕਾਂਗਰਸੀ ਆਗੂ ਮਹੇਸ਼ਇੰਦਰ ਸਿੰਘ ਬਾਦਲ ਵੀ ਪਹਿਲਾਂ ਤੋਂ ਸਿਆਸੀ ਤੌਰ 'ਤੇ ਮਜਬੂਤ ਥੰਮ੍ਹ ਵਜੋਂ ਉਨ੍ਹਾਂ ਦੇ ਸਾਹਮਣੇ ਡਟੇ ਹੋਏ ਹਨ।

ਸਾਬਕਾ ਟਰਾਂਸਪੋਰਟ ਮੰਤਰੀ ਹਰਦੀਪਇੰਦਰ ਸਿੰਘ ਬਾਦਲ ਬਾਦਲ ਵੀ ਮਹੇਸ਼ਇੰਦਰ ਸਿੰਘ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਅਜਿਹੇ ਵਿਚ ਇਹ ਫੇਰੀ ਵਿਧਾਨ ਸਭਾ ਚੋਣਾਂ ਵਿਚ ਲੰਬੀ ਵਚ ਸਿਆਸੀ ਦਬਦਬਾ ਕਾਇਮ ਰੱਖਣ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹੈ। ਮੁੱਖ ਮੰਤਰੀ ਦੇ ਰਾਜਸੀ ਸਕੱਤਰ ਮੇਜਰ ਭੁਪਿੰਦਰ ਸਿੰਘ ਬਾਦਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਇਸ ਫੇਰੀ ਨੂੰ ਪੂਰੀ ਤਰ੍ਹਾਂ ਪਰਿਵਾਰਕ ਤੇ ਗੈਰ ਸਿਆਸੀ ਕਰਾਰ ਦਿੰਦਿਆਂ ਕਿਹਾ ਕਿ ਪਿਛਲੇ ਦਿਨੀਂ ਬੀਬੀ ਸੁਰਿੰਦਰ ਕੌਰ ਬਾਦਲ ਦੇ ਦੇਹਾਂਤ ਸਮੇਂ ਸਮੁੱਚੇ ਬਾਦਲ ਖਾਨਦਾਨ ਵੱਲੋਂ ਦਿੱਤੇ ਗਏ ਸਾਥ 'ਤੇ ਧੰਨਵਾਦ ਕਰਨ ਲਈ ਸ. ਬਾਦਲ ਪਰਿਵਾਰਕ ਰਿਸ਼ਤੇਦਾਰਾਂ ਦੇ ਘਰਾਂ 'ਚ ਗਏ।

# 'ਖਾਲਿਸਤਾਨ ਸਟਰਗਲ:ਏ ਨਾਨ-ਮੂਵਮੈਂਟ' ਮੁੜ ਚਰਚਾ 'ਚ

## ਸੁਖਬੀਰ ਬਾਦਲ ਵੱਲੋਂ ਕਿਤਾਬ ਨੂੰ ਛੂਹਣ ਤੋਂ ਵੀ ਨਾਂਹ

ਉਘੇ ਪੱਤਰਕਾਰ ਸ. ਜਗਤਾਰ ਸਿੰਘ ਵੱਲੋਂ ਸਾਲ 1978 ਦੇ ਨਿਰੰਕਾਰੀ ਕਾਂਡ ਤੋਂ ਲੈ ਕੇ ਸ. ਬੇਅੰਤ ਸਿੰਘ ਦੀ ਹੱਤਿਆ ਅਤੇ ਉਸ ਤੋਂ ਅਗਾਂਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ 'ਬੇਵਕਤ' ਅਕਾਲ ਚਲਾਣੇ ਤੱਕ, 25 ਵਰ੍ਹਿਆਂ ਦੇ ਬਹੁਤ ਹੀ ਹੋਣੀਆਂ ਭਰਪੂਰ ਅਤੇ ਪੰਜਾਬ ਦੇ ਇਤਿਹਾਸ ਦੇ ਅਤਿ-ਤ੍ਰਾਸਦਿਕ ਸਮਿਆਂ ਬਾਰੇ ਲਿਖੀ 'ਖਾਲਿਸਤਾਨ ਸਟਰਗਲ: ਏ ਨਾਨ-ਮੂਵਮੈਂਟ' (ਖਾਲਿਸਤਾਨ ਸੰਘਰਸ਼:ਲਹਿਰ ਜੋ ਬਣ ਨਾ ਸਕੀ) ਸਿਰਲੇਖ ਹੇਠਲੀ ਪੁਸਤਕ ਪਿਛਲੇ ਮਹੀਨੇ ਆਪਣੇ ਰਿਲੀਜ਼ ਸਮਾਰੋਹ ਤੋਂ ਲੈ ਕੇ ਸੂਬੇ ਦੇ ਬੁੱਧੀਜੀਵੀ ਅਤੇ ਆਮ ਪੜ੍ਹੇ ਲਿਖੇ ਸਿੱਖ ਹਲਕਿਆਂ ਵਿਚ ਤਕੜੀ ਵਿਚਾਰ-ਚਰਚਾ ਦਾ ਵਿਸ਼ਾ ਬਣੀ ਹੋਈ ਹੈ।




*ਕੈਪਟਨ ਅਮਰਿੰਦਰ ਸਿੰਘ ਨੂੰ ਕਿਤਾਬ ਭੇਟ ਕਰਦੇ ਹੋਏ ਜਗਤਾਰ ਸਿੰਘ*

ਇਸ ਵਿਚਾਰ ਚਰਚਾ ਨੂੰ ਉਸ ਸਮੇਂ ਹੋਰ ਵੀ ਵੱਧ ਤਕੜਾ ਹੁਲਾਰਾ ਮਿਲਿਆ ਜਦੋਂ ਪੰਜਾਬ ਕਾਂਗਰਸ ਦੇ ਹਾਲੀਆ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੇਖਕ ਨੂੰ ਅਜਿਹੀ ਨਿਰਪੱਖ ਅਤੇ ਅਤਿ ਲੋੜੀਂਦੀ ਪੁਸਤਕ ਲਿਖਣ ਲਈ ਆਪਣੀ ਰਿਹਾਇਸ਼ਗਾਹ 'ਤੇ ਸੱਦ ਕੇ ਉਚੇਚੇ ਤੌਰ 'ਤੇ ਵਧਾਈ ਦਿੱਤੀ ਅਤੇ ਇਸੇ ਦਿਸ਼ਾ ਵਿਚ ਆਪਣੇ ਪ੍ਰਾਜੈਕਟ ਨੂੰ ਹੋਰ ਅੱਗੇ ਜਾਰੀ ਰੱਖਣ ਲਈ ਪ੍ਰੇਰਿਆ। ਇਥੇ ਹੀ ਬੱਸ ਨਹੀਂ, ਕੈਪਟਨ ਅਮਰਿੰਦਰ ਸਿੰਘ ਨੇ ਕੁਝ ਹੀ ਦਿਨਾਂ ਪਿਛੋਂ ਕੁਝ ਅਖਬਾਰਾਂ ਨੂੰ ਦਿੱਤੀ ਵਿਸ਼ੇਸ਼ ਇੰਟਰਵਿਊ ਵਿਚ ਇਸ ਪੁਸਤਕ ਨੂੰ ਸਮਕਾਲੀ ਪੰਜਾਬ ਦੇ ਇਤਿਹਾਸ ਦੇ ਅੰਤਰ-ਵਿਰੋਧਾਂ ਨੂੰ ਸਮਝਣ, ਸਮਝਾਉਣ ਲਈ ਨਾਯਾਬ ਪ੍ਰਾਪਤੀ ਵੀ ਕਰਾਰ ਦਿੱਤਾ।

ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਕਿਤਾਬ ਵਿਚ ਚਰਚਾ ਅਧੀਨ ਆਏ ਸਾਰੇ ਇਤਿਹਾਸਕ ਪ੍ਰਕਰਣ ਨਾਲ ਉਹ ਨੇੜਿਓਂ ਜੁੜੇ ਰਹੇ ਹਨ ਅਤੇ ਉਨ੍ਹਾਂ ਨੂੰ ਨਿੱਜੀ ਤਸੱਲੀ ਹੋਈ ਹੈ ਕਿ ਕੋਈ ਵਿਦਵਾਨ ਪੱਤਰਕਾਰ ਅਜਿਹੇ ਖੁੱਲ੍ਹੇ ਮਨ ਨਾਲ ਅਜਿਹੀ 'ਓਪਨ ਐਂਡਡ' (ਨਿਰਪੱਖ) ਦਸਤਾਵੇਜ਼ ਦੀ ਘਾੜਤ ਕਰ ਸਕਿਆ ਹੈ।

ਇਹ ਤਾਂ ਹੋਈ ਇਕ ਗੱਲ। ਇਸ ਤੋਂ ਅੱਗੇ ਸ਼ੁਰੂ ਹੁੰਦੀ ਹੈ ਦੂਸਰੀ ਗੱਲ ਜੋ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਸੁਣਾਉਣ ਲਈ ਅਸੀਂ ਸਾਰੀ ਕਹਾਣੀ ਪਾ ਰਹੇ ਹਾਂ। ਸਾਡੇ ਸੂਤਰਾਂ ਅਨੁਸਾਰ, ਹੋਇਆ ਇਹ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਜਗਤਾਰ ਸਿੰਘ ਦੀ ਇਸ ਕਿਸਮ ਦੀ ਮੁਲਾਕਾਤ ਦੇ ਚਰਚਾ ਵਿਚ ਆਉਣ ਤੋਂ ਬਾਅਦ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੇ ਐਡੀਸ਼ਨਲ ਪ੍ਰਿੰਸੀਪਲ ਸੈਕਟਰੀ ਸ੍ਰੀ ਅਜੈ ਮਹਾਜਨ ਨੇ ਪੁਸਤਕ ਦੇ ਲੇਖਕ, ਸੀਨੀਅਰ ਪੱਤਰਕਾਰ ਸ. ਜਗਤਾਰ ਸਿੰਘ ਨੂੰ ਉਲਾਂਭਾ ਦਿੱਤਾ ਕਿ ਉਹ ਆਪਣੀ ਪੁਸਤਕ ਜੇਕਰ ਅਮਰਿੰਦਰ ਸਿੰਘ ਦੇ ਘਰੇ ਦੇਣ ਜਾ ਸਕਦਾ ਹੈ ਤਾਂ ਅਕਾਲੀ ਦਲ ਵਰਗੀ ਮੋਹਤਬਰ ਧਿਰ ਦੇ ਆਗੂ ਨਾਲ ਉਸ ਨੇ ਅਜਿਹੀ ਦੁਰੈਗੀ ਕਿਉਂ ਕੀਤੀ? ਹਾਲਾਂਕਿ ਸ. ਜਗਤਾਰ ਸਿਘ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਕਿਤਾਬ ਦੇਣ ਕਿਸੇ ਵਿਸ਼ੇਸ਼ ਏਜੰਡੇ ਦੇ ਤਹਿਤ ਨਹੀਂ ਗਏ ਸਨ, ਸਗੋਂ ਹੋਇਆ ਇਹ ਸੀ ਕਿ ਅਮਰਿੰਦਰ ਸਿੰਘ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਦਾ ਅਤੇ ਖੁਦ ਕੁਝ ਨਾ ਕੁਝ ਲਿਖਣ ਦਾ ਵੀ ਸ਼ੌਕ ਹੈ। ਉਨ੍ਹਾਂ ਕਿਤਾਬ ਖੁਦ ਖਰੀਦ ਕੇ ਪੜ੍ਹ ਲਈ ਸੀ ਅਤੇ ਲੇਖਕ ਨੂੰ ਮਿਲਣ ਲਈ ਪਿਛੋਂ ਉਨ੍ਹਾਂ ਨੇ ਆਪ ਹੀ ਬੁਲਾਇਆ ਸੀ।

ਫਿਰ ਵੀ ਜਗਤਾਰ ਸਿੰਘ ਨੇ ਐਡੀਸ਼ਨਲ ਪ੍ਰਿੰਸੀਪਲ ਸਕੱਤਰ ਨੂੰ ਸਪੱਸ਼ਟ ਕੀਤਾ ਕਿ ਉਸ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮਿਲਣ ਜਾਂ ਕਿਤਾਬ ਦੇਣ ਜਾਣ ਵਿਚ ਕੋਈ ਇਤਰਾਜ਼ ਨਹੀਂ ਹੈ, ਬਸ਼ਰਤੇ ਕਿ ਸੱਦਾ ਪੱਤਰ ਉਨ੍ਹਾਂ ਵੱਲੋਂ ਆਵੇ। ਖੈਰ, ਮੁਲਾਕਾਤ ਦਾ ਸਮਾਂ ਬੁੱਧਵਾਰ, 13 ਜੁਲਾਈ ਰਾਤ ਦੇ 8.00 ਵਜੇ ਦਾ ਤੈਅ ਹੋ ਗਿਆ। ਸ. ਜਗਤਾਰ ਸਿੰਘ ਆਪਣੀ ਪੁਸਤਕ ਅਤੇ ਆਪਣੇ ਸਾਥੀ ਸਰਬਜੀਤ ਪੰਧੇਰ ਨੂੰ ਨਾਲ ਲੈ ਕੇ ਉਨ੍ਹਾਂ ਦੀ ਰਿਹਾਇਸ਼ਗਾਹ 'ਤੇ ਪਹੁੰਚ ਗਿਆ। ਪੀ.ਆਰ.ਓ. ਵਿਭਾਗ ਦੇ ਫੋਟੋਗ੍ਰਾਫਰ ਤਸਵੀਰਾਂ ਖਿੱਚਣ ਲਈ ਪਹਿਲਾਂ ਹੀ ਉਥੇ ਆਪੋ ਆਪਣੇ 'ਸੰਦ' ਸੰਭਾਲੀ ਸਾਵਧਾਨ ਹੋਏ ਖੜ੍ਹੇ ਸਨ।

ਸੂਤਰਾਂ ਅਨੁਸਾਰ ਉਪ ਮੁੱਖ ਮੰਤਰੀ ਸਰਕਾਰੀ ਕੰਮਾਂ ਧੰਦਿਆਂ ਵਿਚ ਬੁਰੀ ਤਰ੍ਹਾਂ ਮਸ਼ਰੂਫ ਸਨ, ਫਿਰ ਵੀ ਉਨ੍ਹਾਂ ਨੂੰ ਇਕੱਲਿਆਂ ਹੋਣ ਦਾ ਸਮਾਂ ਮਿਲ ਗਿਆ ਅਤੇ ਇਹ ਮੌਕਾ ਮਿਲਦੇ ਸਾਰ ਹੀ ਜਗਤਾਰ ਸਿੰਘ ਅਤੇ ਉਨ੍ਹਾਂ ਦੀ 'ਟੀਮ' ਉਪ ਮੁੱਖ ਮੰਤਰੀ ਦੇ ਕਮਰੇ ਵਿਚ ਦਾਖਲ ਹੋ ਗਏ।

ਹੁਣ ਇਥੇ ਜੋ ਕੁਝ ਵਾਪਰਿਆ, ਉਹ ਹਾਲਾਤ ਦੇ ਮਾਰੂ ਮਜ਼ਾਕ ਦੀ ਹੱਦ ਸੀ, ਬਲਕਿ 'ਕਹਿਰ' ਸੀ। ਉਪ ਮੁੱਖ ਮੰਤਰੀ ਨੇ ਕਿਤਾਬ ਦੇ ਕਵਰ 'ਤੇ ਮੋਟੇ ਅੱਖਰਾਂ ਵਿਚ ਅੰਕਿਤ 'ਖਾਲਿਸਤਾਨ' ਤਾਂ ਪੜ੍ਹ ਲਿਆ ਅਤੇ ਅਗਾਂਹ ਉਨ੍ਹਾਂ ਦੀ ਨਿਗਾਹ ਗਈ ਹੀ ਨਾ। ਦੱਸਣ ਵਾਲੇ ਦੱਸਦੇ ਹਨ ਕਿ ਸੁਖਬੀਰ ਸਿੰਘ ਬਾਦਲ ਦੇ ਹੱਥ ਕਿਤਾਬ ਤੋਂ ਖੁਦ-ਬਖੁਦ ਹੀ ਇਤਨੀ ਫੁਰਤੀ ਨਾਲ ਪਿਛਾਂਹ ਖਿੱਚੇ ਗਏ ਜਿਵੇਂ ਇੱਟਾਂ ਦੇ ਚੱਕੇ ਤੋਂ ਇੱਟ ਫੜਦਿਆਂ-ਫੜਦਿਆਂ ਕਿਸੇ ਆਦਮੀ ਦੇ ਅਚਾਨਕ ਠੂਹਾਂ ਲੜ ਜਾਣ 'ਤੇ ਖਿੱਚੇ ਜਾਂਦੇ ਹਨ।

ਹੁਣ ਤੱਕ ਹਾਲਤ ਬਹੁਤ ਹੀ ਹਾਸ ਵਿਅੰਗ ਵਾਲੀ ਹੋ ਗਈ ਸੀ। ਪੱਤਰਕਾਰ ਨੇ ਉਪ ਮੁੱਖ ਮੰਤਰੀ ਨੂੰ ਪੂਰਨ ਠਰੰਮੇ ਨਾਲ ਦੱਸਣ ਦੀ ਕੋਸ਼ਿਸ਼ ਕੀਤੀ ਕਿ ਕਿਤਾਬ 'ਖਾਲਿਸਤਾਨ' ਬਾਰੇ ਬਿਲਕੁਲ ਨਹੀਂ ਸੀ ਬਲਕਿ ਇਹ ਤਾਂ ਕਹਾਣੀ ਹੀ ਹੋਰ ਸੀ, ਪਰ ਵਾਰੇ-ਵਾਰੇ ਜਾਈਏ ਨੌਜਵਾਨ ਉਪ ਮੁੱਖ ਮੰਤਰੀ ਦੀਆਂ ਅਜਿਹੀਆਂ ਸਾਵਧਾਨੀਆਂ ਦੇ ਜਿਨ੍ਹਾਂ ਇਹ ਕਹਿ ਕੇ ਕਿਤਾਬ ਨੂੰ ਛੂਹਣ ਤੋਂ ਨਾਂਹ ਕਰ ਦਿੱਤੀ ਕਿ ਹੇਠਲੇ 'ਏ ਨਾਨ-ਮੂਵਮੈਂਟ' ਵਾਲੇ ਨਿੱਕੇ ਅੱਖਰ ਮੋਇਆਂ ਨੇ ਪੜ੍ਹਨੇ ਹਨ। ਅਖੇ, ਅਸੀਂ ਅਜਿਹੀ ਬੱਲੇ-ਬੱਲੇ ਤੋਂ ਬਿਨਾਂ ਹੀ ਚੰਗੇ।...ਇਹ ਭਾਣਾ ਵਾਪਰ ਜਾਣ 'ਤੇ ਸਰਕਾਰੀ ਫੋਟੋਗ੍ਰਾਫਰ ਧੜਾ-ਧੜ ਤਸਵੀਰਾਂ ਖਿੱਚਣ ਦੀ ਆਪਣੀ ਕਾਵਾਇਦ ਕਰੇ ਬਗੈਰ ਹੀ ਵਾਪਸ ਪਰਤ ਗਏ।

ਪੁਸਤਕ ਦਾ ਲਿਖਾਰੀ ਜਗਤਾਰ ਸਿੰਘ ਤਾਂ ਇਸ ਸਾਰੀ ਘਟਨਾ ਬਾਰੇ ਬਿਲਕੁਲ ਚੁੱਪ ਹੈ। ਪੁੱਛਣ 'ਤੇ ਬੱਸ ਆਪਣੇ ਸੁਭਾਅ ਅਨੁਸਾਰ ਨਿੰਮਾ ਜਿਹਾ ਮੁਸਕਰਾ ਕੇ ਗੱਲ ਟਾਲ ਜਾਂਦਾ ਹੈ ਪਰ ਚੰਡੀਗੜ੍ਹ ਸ਼ਹਿਰ ਅਤੇ ਪ੍ਰੈਸ ਕਲੱਬ ਵਿਚ ਇਹ ਸਾਰੀ ਕਹਾਣੀ ਤਕੜੇ ਕਥਾ ਰਸ ਦੀ ਬਾਇਸ ਬਣੀ ਹੋਈ ਹੈ। ਕੋਈ ਕਹਿੰਦਾ ਹੈ ਕਿ ਇਸ ਘਟਨਾ ਤੋਂ ਕੈਪਟਨ ਅਮਰਿੰਦਰ ਸਿੰਘ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਦੇ ਸਭਿਆਚਾਰ ਜਾਂ ਸੁਹਜ-ਸਵਾਦ ਦੇ ਵੱਡੇ ਫਰਕ ਦਾ ਪਤਾ ਲੱਗਦਾ ਹੈ-ਜੋ ਤੁੰਦ ਹੈ। ਦੂਸਰੇ ਜ਼ਰਾ ਕੁ ਵਧੇਰੇ 'ਸਿਆਣੇ' ਆਦਮੀ ਇਹ ਕਹਿੰਦੇ ਸੁਣੇ ਗਏ ਹਨ ਕਿ ਉਪ ਮੁੱਖ ਮੰਤਰੀ ਨੇ 'ਖਾਲਿਸਤਾਨ' ਸਿਰਲੇਖ ਵਾਲੀ ਕਿਤਾਬ ਨੂੰ ਪਰੇ ਧੱਕ ਕੇ ਬੜੀ ਨਿਰਮਮ ਸੂਝ ਅਤੇ ਸੋਝੀ ਤੋਂ ਕੰਮ ਲਿਆ ਹੈ। ਜੇਕਰ ਉਹ ਉਛਾਲ 'ਚ ਆਇਆ, ਬੱਲੇ-ਬੱਲੇ 'ਚ ਆ ਕੇ ਕਿਤਾਬ ਅਤੇ ਉਸ ਦੇ ਲਿਖਾਰੀ ਨਾਲ ਤਸਵੀਰਾਂ ਖਿਚਵਾ ਲੈਂਦਾ ਤਾਂ ਉਹਨੇ ਉਸੇ ਤਰ੍ਹਾਂ ਹੀ ਫਸ ਜਾਣਾ ਸੀ ਜਿਸ ਤਰ੍ਹਾਂ ਸਾਲ 1978 'ਚ ਅਰੋਮਾ ਹੋਟਲ 'ਚ ਖਾਲਿਸਤਾਨੀ ਸਿਧਾਂਤਕਾਰ ਹਰਸਿਮਰਨ ਸਿੰਘ ਅਤੇ ਉਸ ਦੇ ਸਾਥੀਆਂ ਦੀ ਪ੍ਰੈਸ ਕਾਨਫਰੰਸ ਸਮੇਂ ਚਾਹ ਦਾ ਬਿੱਲ ਤਾਰ ਕੇ ਗਿਆਨੀ ਜ਼ੈਲ ਸਿੰਘ ਵਰਗਾ ਘਾਗ ਸਿਆਸਤਦਾਨ ਪੱਤਰਕਾਰਾਂ ਅਤੇ ਕਲਮਕਾਰਾਂ ਦੀ ਚਾਂਦਮਾਰੀ ਦਾ ਨਿਸ਼ਾਨਾ ਬਣ ਗਿਆ ਸੀ ਅਤੇ ਮਰਨ ਉਪਰੰਤ, ਅੱਜ ਤੱਕ ਵੀ ਬਣਿਆ ਆ ਰਿਹਾ ਹੈ।



*ਕੈਪਟਨ ਅਮਰਿੰਦਰ ਸਿੰਘ ਪੁਸਤਕ ਵਾਚਦੇ ਹੋਏ*

ਹਾਲਤ ਦੇ ਵਿਅੰਗ ਦੀ ਹੱਦ ਇਹ ਹੈ ਕਿ ਅਜਿਹੀ ਦਲੀਲ ਰੱਖਣ ਵਾਲੇ ਆਦਮੀਆਂ ਨੂੰ ਜੇਕਰ ਕੋਈ ਇਹ ਯਾਦ ਕਰਵਾਉਣ ਦਾ ਯਤਨ ਕਰਦਾ ਹੈ ਕਿ ਗਿਆਨੀ ਜ਼ੈਲ ਸਿੰਘ ਨੇ ਦਲ ਖਾਲਸਾ ਤੋਂ ਉਦੋਂ ਕੀ ਲੈਣਾ ਸੀ? ਉਹ ਤਾਂ ਖੁਦ ਤਾਕਤ ਤੋਂ ਬਾਹਰ ਸੀ ਅਤੇ ਉਸ ਨੂੰ ਤਾਂ ਆਪਣੀ ਜਾਨ ਦੇ ਲਾਲੇ ਪਏ ਹੋਏ ਸਨ ਤਾਂ ਉਹ ਆਪਣੀ ਯਾਦ ਨੂੰ ਅਜਿਹੇ ਲੰਮ-ਚੌੜਾਅ ਤੱਕ ਖਿੱਚਣ ਲਈ ਤਿਆਰ ਹੀ ਨਹੀਂ ਹਨ। ਦੂਸਰੇ ਧਿਰ ਦੇ ਨੁਮਾਇੰਦੇ ਇਹ ਕਹੀ ਜਾਂਦੇ ਹਨ ਕਿ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਦੇ ਪ੍ਰਤੀਕਰਮ 'ਤੇ ਕੋਈ ਹੈਰਾਨੀ ਨਹੀਂ। ਉਹ ਦਾਅਵੇ ਕਰੀ ਜਾਂਦੇ ਹਨ ਕਿ ਅਜਿਹੀ ਕਿਤਾਬ ਪੜ੍ਹਨਾ ਸ. ਸੁਖਬੀਰ ਸਿੰਘ ਦੇ ਵੱਸ ਦਾ ਰੋਗ ਹੀ ਨਹੀਂ ਹੈ।

ਮੁੱਖ ਸੂਤਰਧਾਰ ਦਾ ਕਹਿਣਾ ਸੀ ਕਿ ਯਾਰੋ! ਦੁੱਖ ਦੀ ਹੱਦ ਤਾਂ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਸਦਾ ਸਿੱਖਾਂ ਨਾਲ ਧੱਕੇ ਦੇ ਨਾਅਰੇ ਮਾਰ-ਮਾਰ ਕੇ 'ਪਾਤਸ਼ਾਹੀਆਂ' ਹਾਸਲ ਕੀਤੀਆਂ, ਹਜ਼ਾਰਾਂ ਲੱਖਾਂ ਲੋਕਾਂ ਦੇ ਨਿਆਣੇ ਇਨ੍ਹਾਂ ਵੱਲੋਂ ਆਰੰਭੇ ਮੋਰਚਿਆਂ ਦੀ ਫੇਟ ਵਿਚ ਆ ਕੇ ਮਾਰੇ ਗਏ ਜਾਂ ਬਚ-ਬਚਾ ਕੇ ਅਮਰੀਕਾ ਵਰਗੇ ਦੂਰ ਦੁਰਾਡੇ 'ਕਾਲੇ ਪਾਣੀਆਂ' ਵਿਚ ਪਨਾਹ ਲੈਣ ਲਈ ਮਜਬੂਰ ਹੋ ਗਏ-ਉਹ ਅੱਜ ਉਨ੍ਹਾਂ ਮੁੱਦਿਆਂ ਨੂੰ ਛੂਹਣ ਤੱਕ ਲਈ ਵੀ ਤਿਆਰ ਨਹੀਂ ਹਨ।

ਸੂਤਰਧਾਰ ਮੰਨਦਾ ਹੈ ਕਿ ਇਨ੍ਹਾਂ ਲੋਕਾਂ ਨਾਲੋਂ ਤਾਂ ਕੈਪਟਨ ਅਮਰਿੰਦਰ ਸਿੰਘ ਕਿਤੇ ਜ਼ਿਆਦਾ

### ਚੂੰਡ ਚਰਚਾ

ਖਰਾ ਸੀ, ਜਿਹਨੇ ਸਾਲ 1982-83 ਵਿਚ ਧਰਮ ਯੁੱਧ ਮੋਰਚੇ ਦੌਰਾਨ ਪਹਿਲਾਂ ਮਸਲੇ ਦਾ ਨਿਬੇੜਾ ਕਰਵਾਉਣ ਲਈ ਸਾਰਾ ਜ਼ੋਰ ਲਗਾਇਆ ਅਤੇ ਫਿਰ ਜਦੋਂ ਸਾਕਾ ਨੀਲਾ ਤਾਰਾ ਦਾ ਦੁਖਾਂਤ ਵਾਪਰ ਹੀ ਗਿਆ ਤਾਂ ਆਪਣੀ ਪਾਰਲੀਮਾਨੀ ਮੈਂਬਰੀ ਤੋਂ ਕੇਂਦਰ ਦੀ ਕਾਰਵਾਈ ਵਿਰੁਧ ਰੋਸ ਵਜੋਂ ਅਸਤੀਫਾ ਦੇ ਦਿੱਤਾ।

ਸੂਤਰਧਾਰ ਅਗਲੀ ਗੱਲ ਇਹ ਵੀ ਮੰਨਦਾ ਹੈ ਕਿ ਇਨ੍ਹਾਂ ਨਾਲੋਂ ਤਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਹਜ਼ਾਰ ਦਰਜੇ ਚੰਗਾ ਸੀ ਜਿਹੜਾ ਸੌ ਖਤਰਿਆਂ ਦੇ ਬਾਵਜੂਦ ਪਹਿਲਾਂ ਧਰਮ ਯੁੱਧ ਮੋਰਚੇ ਦੇ ਮੋਹਰੀ ਫਰੰਟ 'ਤੇ ਡਟਿਆ ਰਿਹਾ ਅਤੇ ਫਿਰ ਝਗੜੇ ਨੂੰ ਨਿਬੇੜਨ ਲਈ ਸਭ ਸ਼ੁਭਚਿੰਤਕਾਂ ਦੇ ਰੋਕਣ ਦੇ ਬਾਵਜੂਦ ਕੇਂਦਰੀ ਹਾਕਮਾਂ ਨਾਲ ਸਮਝੌਤੇ ਲਈ ਦਿੱਲੀ ਚਲਿਆ ਗਿਆ।

ਡਰਾਮੇ ਦੀ ਹੱਦ ਵੇਖੋ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਥੀ ਕਦੀ ਇਕ ਅਤੇ ਕਦੀ ਦੂਸਰਾ ਬਹਾਨਾ ਘੜ ਕੇ ਉਸ ਕਹਿਰੀ ਲਹਿਰ ਦੇ ਅੱਗੇ ਲੱਗਣ ਤੋਂ ਬਚੇ ਰਹੇ। ਜੇਕਰ ਕੋਈ ਉਨ੍ਹਾਂ ਨੂੰ ਪੁੱਛੇ ਕਿ ਜੇਕਰ ਉਹ ਸੱਚਮੁੱਚ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਇਤਨਾ ਹੀ ਬੁਰਾ ਮੰਨਦੇ ਹਨ ਤਾਂ ਸਾਲ 1985 ਦੀਆਂ ਅਸੈਂਬਲੀ ਚੋਣਾਂ ਦਾ ਬਿਗਲ ਵਜਦੇ ਸਾਰ ਹੀ ਸੰਤ ਲੌਂਗੋਵਾਲ ਵੱਲ ਕਿਉਂ ਭੱਜ ਉਠੇ? ... ਤੇ ਫਿਰ ਸੰਤ ਜਦੋਂ ਚੋਣਾਂ ਤੋਂ ਪਹਿਲਾਂ ਹੀ ਖਾੜਕੂਆਂ ਹੱਥੋਂ ਮਾਰੇ ਗਏ ਤਾਂ ਪੂਰੇ 12 ਸਾਲਾਂ ਤੱਕ ਉਨ੍ਹਾਂ ਦੀ ਬਰਸੀ 'ਤੇ ਵੀ ਕਿਉਂ ਨਾ ਗਏ? ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਚੇਤੇ ਕਰਵਾਉਣਾ ਚਾਹੁੰਦੇ ਹਾਂ ਕਿ ਸੰਤ ਲੌਂਗੋਵਾਲ ਦੇ ਕਤਲ ਪਿਛੋਂ ਸ. ਪ੍ਰਕਾਸ਼ ਸਿੰਘ ਬਾਦਲ, 12 ਵਰ੍ਹਿਆਂ ਪਿਛੋਂ ਪੰਜਾਬ ਵਿਚ ਪੂਰੀ ਤਰ੍ਹਾਂ ਠੰਢ ਵਰਤ ਜਾਣ ਤੋਂ ਬਾਅਦ 19 ਅਗਸਤ 1997 ਨੂੰ ਹੀ ਉਨ੍ਹਾਂ ਦੀ ਬਰਸੀ 'ਤੇ ਗਏ ਸਨ।

'ਪੰਜਾਬੀ ਟ੍ਰਿਬਿਊਨ' ਦੇ 20 ਅਗਸਤ 1997 ਦੇ ਅੰਕ ਵਿਚ ਉਦੋਂ "ਸੰਤ ਲੌਂਗੋਵਾਲ ਦੇ ਵਿਚਾਰਾਂ 'ਤੇ ਪਹਿਰਾ ਦੇਣ 'ਚ ਹੀ ਸਭ ਦਾ ਭਲਾ: ਬਾਦਲ" ਸਿਰਲੇਖ ਹੇਠ ਵੱਡੀ ਖਬਰ ਲੱਗੀ ਸੀ ਅਤੇ ਪਾਠਕ ਉਸ ਖਬਰ ਵਿਚ ਦਰਜ ਸ. ਬਾਦਲ ਦਾ ਸੰਦੇਸ਼ ਵੀ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਹੀ ਪੜ੍ਹ ਲੈਣ: "ਸੰਤ ਜੀ ਦਾ ਸੁੱਚਾ ਅਤੇ ਸਾਦਾ ਜੀਵਨ ਆਪਣੇ ਆਪ ਵਿਚ ਮਿਸਾਲ ਸੀ। ਮੈਨੂੰ ਕਈ ਸਾਲ ਸੰਤ ਜੀ ਦੇ ਜੀਵਨ ਨੂੰ ਬਹੁਤ ਨੇੜੇ ਹੋ ਕੇ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜਿਥੇ ਸੰਤ ਜੀ ਨਿਮਰਤਾ ਦੇ ਪੁੰਜ ਸਨ, ਉਥੇ ਉਨ੍ਹਾਂ ਦਾ ਦ੍ਰਿੜ ਇਰਾਦਾ ਚੱਟਾਨ ਵਰਗਾ ਪੱਕਾ ਸੀ। ਜਿਥੇ ਉਨ੍ਹਾਂ ਦੇ ਜੀਵਨ ਵਿਚ ਪਵਿੱਤਰਤਾ ਦੀ ਝਲਕ ਪੈਂਦੀ ਸੀ, ਉਥੇ ਗਰੀਬਾਂ ਤੇ ਮਜ਼ਲੂਮਾਂ ਦੀ ਰੱਖਿਆ ਲਈ ਉਹ ਹਮੇਸ਼ਾ ਤਤਪਰ ਰਹਿੰਦੇ ਸਨ। ਇਸੇ ਨਿਸ਼ਾਨੇ ਨਾਲ ਉਹ ਦੇਸ਼, ਪੰਥ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕਰਦੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਗਏ।"

ਹੁਣ ਅੱਗਿਓਂ ਪਾਠਕ ਆਪੇ ਬੁੱਝ ਲੈਣ ਕਿ 'ਖਾਲਿਸਤਾਨ ਸਟਰਗਲ: ਏ ਨਾਨ-ਮੂਵਮੈਂਟ' ਵਿਚ ਮੁੱਦਾ ਕੀ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਕਿਤਾਬ ਦੇ ਅਜਿਹੇ ਸੁਆਗਤ ਅਤੇ ਸ. ਸੁਖਬੀਰ ਸਿੰਘ ਬਾਦਲ ਵਲੋਂ ਉਤਨੇ ਹੀ ਤ੍ਰਿਸਕਾਰ ਪਿੱਛੇ ਸੰਭਾਵਤ ਰਾਜ਼ ਕੀ ਹੋ ਸਕਦਾ ਹੈ।

**-ਸੂਤਰਧਾਰ**

## ਕੈਪਟਨ ਅਮਰਿੰਦਰ ਸਿੰਘ ਵਲੋਂ ਜਗਤਾਰ ਸਿੰਘ ਨੂੰ ਸਿੱਖ ਸੰਘਰਸ਼ ਬਾਰੇ ਕਿਤਾਬ ਲਿਖਣ ਉਤੇ ਵਧਾਈ

**ਚੰਡੀਗੜ੍ਹ (ਬਿਊਰੋ):** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਦਹਾਕਾ ਭਰ ਚੱਲੇ ਖੂਨੀ ਸਿੱਖ ਸੰਘਰਸ਼ ਬਾਰੇ ਅਸਲ ਤੱਥਾਂ, ਠੀਕ ਜਾਣਕਾਰੀ ਅਤੇ ਪੁਖਤਾ ਸਬੂਤਾਂ ਉਤੇ ਆਧਾਰਤ ਇੱਕ ਬਹੁਤ ਹੀ ਨਿਰਪੱਖ ਕਿਤਾਬ ਲਿਖਣ ਲਈ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੂੰ ਵਧਾਈ ਦਿੱਤੀ ਹੈ।

ਲੰਬਾ ਸਮਾਂ ਅੰਗਰੇਜ਼ੀ ਅਖਬਾਰ 'ਇੰਡੀਅਨ ਐਕਸਪ੍ਰੈਸ' ਲਈ ਕੰਮ ਕਰਦੇ ਰਹੇ ਸ. ਜਗਤਾਰ ਸਿੰਘ ਦੀ ਲਿਖੀ ਪੁਸਤਕ 'ਖਾਲਿਸਤਾਨ ਸਟਰੱਗਲ:ਏ ਨਾਨ ਮੂਵਮੈਂਟ' ਪੜ੍ਹਨ ਤੋਂ ਬਾਅਦ ਇਸ ਉਤੇ ਟਿੱਪਣੀ ਕਰਦਿਆਂ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿਤਾਬ ਇਸ ਜਦੋਜਹਿਦ ਦੌਰਾਨ ਵਾਪਰੀਆਂ ਸਾਰੀਆਂ ਅਹਿਮ ਘਟਨਾਵਾਂ ਬਾਰੇ ਤੱਥਮੁੱਖੀ ਜਾਣਕਾਰੀ ਤਾਂ ਦਿੰਦੀ ਹੀ ਹੈ, ਨਾਲ ਹੀ ਇਨ੍ਹਾਂ ਘਟਨਾਵਾਂ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਅਤੇ ਉਨ੍ਹਾਂ ਦੇ ਗੁੱਝੇ ਮੰਤਵਾਂ ਨੂੰ ਵੀ ਉਜਾਗਰ ਕਰਦੀ ਹੈ। ਉਨ੍ਹਾਂ ਕਿਹਾ ਕਿ ਲੇਖਕ ਦੀਆਂ ਟਿੱਪਣੀਆਂ ਜਾਂ ਵਿਸ਼ਲੇਸ਼ਣ ਘਟਨਾਵਾਂ ਨੂੰ ਠੀਕ ਸੰਦਰਭ ਵਿਚ ਸਮਝ ਕੇ ਸਾਰਥਿਕ ਸਿੱਟੇ ਕੱਢਣ ਵਿਚ ਪਾਠਕ ਦੀ ਮਦਦ ਕਰਦਾ ਹੈ।

ਕੈਪਟਨ ਨੇ ਕਿਹਾ ਕਿ ਇਸ ਪੁਸਤਕ ਦੀ ਖੂਬਸੂਰਤੀ ਇਹ ਹੈ ਕਿ ਇਹ ਪਹਿਲਾਂ ਹੀ ਮਿੱਥੇ ਗਏ ਸਿੱਟੇ ਕੱਢਣ ਦੀ ਲਾਲਸਾ ਵਿਚ ਇੱਕ ਚੌਖਟਾ ਬਣਾ ਕੇ ਘਟਨਾਵਾਂ ਨੂੰ ਉਸ ਵਿਚ ਫਿੱਟ ਕਰਨ ਦੀ ਥਾਂ ਸਹੀ ਅਤੇ ਤੱਥਮੁਖੀ ਜਾਣਕਾਰੀ ਦੇ ਕੇ ਪਾਠਕ ਨੂੰ ਆਪਣੀ ਰਾਇ ਖੁਦ ਬਣਾਉਣ ਵੱਲ ਨੂੰ ਤੋਰਦੀ ਹੈ। ਇਸ ਜਦੋਜਹਿਦ ਵਿਚ ਸ਼ਾਮਲ ਸਾਰੀਆਂ ਹੀ ਧਿਰਾਂ ਨਾਲ ਸਬੰਧਤ ਵਿਅਕਤੀਆਂ ਦੀ ਥਾਂ ਉਨ੍ਹਾਂ ਵਲੋਂ ਕੀਤੀ ਗਈ ਸਿਆਸਤ ਅਤੇ ਨਿਭਾਏ ਗਏ ਰੋਲ ਬਾਰੇ ਕੀਤੀ ਗਈ ਵਧੇਰੇ ਚਰਚਾ ਵੀ ਕਿਤਾਬ ਦਾ ਇੱਕ ਹਾਂਦਰੂ ਪੱਖ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਬਾਰੇ ਜਾਨਣ ਅਤੇ ਖਾਸ ਕਰਕੇ ਪੰਜਾਬ ਦੀ ਸਿਆਸਤ ਵਿਚ ਵਿਚਰਨ ਵਾਲੇ ਹਰ ਇੱਕ ਵਿਅਕਤੀ ਨੂੰ ਇਹ ਕਿਤਾਬ ਜਰੂਰ ਪੜ੍ਹਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਖੁਦ ਇਹ ਕਿਤਾਬ ਦੋ ਰਾਤਾਂ ਵਿਚ ਮੁਕਾਈ ਹੈ।

# ਧਮਾਕਿਆਂ ਦੀ ਧਮਕ ਅਤੇ ਨੀਰੋ ਦੀ ਬੰਸਰੀ

ਸਿਆਸਤ ਦਾ ਪਿੜ



ਜਤਿੰਦਰ ਪਨੂੰ

***ਜਿਹੜੇ ਲੋਕ ਫਿਲਮ ਸਟਾਰਾਂ ਦੇ ਪ੍ਰਸੰਸਕਾਂ ਵਿਚ ਨਹੀਂ ਗਿਣੇ ਜਾਂਦੇ, ਉਹ ਵੀ ਇਸ ਵਾਰੀ ਅਮਿਤਾਭ ਬੱਚਨ ਦੀ ਨੂੰਹ ਐਸ਼ਵਰਿਆ ਰਾਏ ਦੀ ਦਾਦ ਦਿੱਤੇ ਬਿਨਾਂ ਨਹੀਂ ਰਹਿ ਸਕਦੇ। ਉਸ ਨੂੰ ਫਰਾਂਸ ਦੀ ਸਰਕਾਰ ਵੱਲੋਂ ਕਲਾਕਾਰਾਂ ਲਈ ਸਭ ਤੋਂ ਵੱਡਾ ਸਨਮਾਨ ਦਿੱਤਾ ਜਾਣਾ ਸੀ। ਪੰਜ-ਤਾਰਾ ਹੋਟਲ ਵਿਚ ਸਮਾਗਮ ਸੀ। ਫਰਾਂਸ ਸਰਕਾਰ ਦਾ ਰਾਜਦੂਤ ਵੀ ਉਥੇ ਹਾਜ਼ਰ ਸੀ। ਐਸ਼ਵਰਿਆ ਰਾਏ ਬੱਚਨ ਆਪਣੇ ਪਤੀ ਨਾਲ ਉਥੇ ਗਈ ਅਤੇ ਸਟੇਜ ਉੱਤੇ ਜਾ ਕੇ ਕਹਿ ਦਿੱਤਾ ਕਿ ਸਨਮਾਨ ਲਈ ਤੁਹਾਡਾ ਧੰਨਵਾਦ, ਪਰ ਇਸ ਮੌਕੇ ਜਦੋਂ ਦੇਸ਼ ਦਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਮੁੰਬਈ ਬੰਬਾਂ ਦੇ ਧਮਾਕਿਆਂ ਨਾਲ ਹਿੱਲਿਆ ਪਿਆ ਹੈ, ਲੋਕ ਦਹਿਸ਼ਤ ਦੀ ਮਾਰ ਹੇਠ ਹਨ, ਮੈਂ ਉਨ੍ਹਾਂ ਦੇ ਦੁੱਖ ਨੂੰ ਭੁਲਾ ਕੇ ਸਨਮਾਨ ਲੈਣ ਦਾ ਕੰਮ ਨਹੀਂ ਕਰ ਸਕਦੀ। ਫਿਰ ਉਸੇ ਦੀ ਪਹਿਲਕਦਮੀ ਉੱਤੇ ਉਥੇ ਹਾਜ਼ਰ ਸਾਰੇ ਲੋਕਾਂ ਨੇ ਮੁੰਬਈ ਦੇ ਮ੍ਰਿਤਕਾਂ ਲਈ ਦੋ ਮਿੰਟਾਂ ਦਾ ਮੋਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ, ਤੇ ਸਮਾਗਮ ਰੱਦ ਕਰ ਦਿੱਤਾ ਗਿਆ।***

ਬਹੁਤਾ ਚਿਰ ਨਹੀਂ ਹੋਇਆ, ਜਦੋਂ ਮੁੰਬਈ ਵਿਚ ਦੁਨੀਆ ਦਾ ਸਭ ਤੋਂ ਵੱਡਾ ਦਹਿਸ਼ਤਗਰਦ ਹਮਲਾ ਹੋਇਆ ਸੀ। ਉਸ ਹਮਲੇ ਤੋਂ ਪਿੱਛੋਂ ਚੌਕਸੀ ਦੀਆਂ ਗੱਲਾਂ ਅਸੀਂ ਬਹੁਤ ਸੁਣੀਆਂ ਸਨ। ਕੌਮੀ ਪੱਧਰ ਦੀ ਨਵੀਂ ਜਾਂਚ ਏਜੰਸੀ ਵੀ ਖੜ੍ਹੀ ਕੀਤੀ ਗਈ ਸੀ ਜਿਸ ਤੋਂ ਲੋਕਾਂ ਨੇ ਇਹ ਆਸ ਰੱਖ ਲਈ ਕਿ ਸ਼ਾਇਦ ਇਹ ਹਮਲੇ ਰੋਕਣ ਦਾ ਕੰਮ ਕਰੇਗੀ। ਜਾਂਚ ਏਜੰਸੀ ਦਾ ਕੰਮ ਹਮਲੇ ਰੋਕਣਾ ਨਹੀਂ, ਹੋ ਚੁੱਕੇ ਅਪਰਾਧ ਦੀ ਜਾਂਚ ਕਰਨਾ ਤੇ ਦੋਸ਼ੀ ਨੂੰ ਲੱਭਣਾ ਹੁੰਦਾ ਹੈ। ਨਵੀਂ ਫੋਰਸ ਵੀ ਬਣਾਈ ਗਈ ਜਿਸ ਨਾਲ ਇਹ ਤਾਂ ਹੋ ਸਕਦਾ ਹੈ ਕਿ ਜੇ ਕਦੇ ਮੁੜ ਕੇ ਓਦੋਂ ਵਰਗਾ ਵੱਡਾ ਹਮਲਾ ਕਿਸੇ ਗਰੁੱਪ ਵੱਲੋਂ ਕੀਤਾ ਜਾਵੇ ਤਾਂ ਦਿੱਲੀ ਦੇ ਕਮਾਂਡੋ ਉਡੀਕਣ ਦੀ ਥਾਂ ਸ਼ਹਿਰ ਵਿਚੋਂ ਹੀ ਲੜਾਕੇ ਮਿਲ ਜਾਣ, ਪਰ ਉਸ ਨੇ ਵੀ ਹਮਲਾ ਹੋਣ ਤੋਂ ਰੋਕਣ ਦਾ ਕੰਮ ਨਹੀਂ ਕਰਨਾ। ਫੋਰਸ ਲੜਨ ਦਾ ਕੰਮ ਕਰਦੀ ਹੈ, ਹਮਲੇ ਹੋਣ ਤੋਂ ਰੋਕਣ ਦਾ ਕੰਮ ਸੂਹੀਆ ਏਜੰਸੀਆਂ ਜਾਂ ਸਬੰਧਤ ਇਲਾਕੇ ਦੀ ਸੁਰੱਖਿਆ ਵਾਸਤੇ ਲੱਗੀ ਆਮ ਪੁਲੀਸ ਦੇ ਜ਼ਿੰਮੇ ਹੁੰਦਾ ਹੈ। ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਇਹ ਦੋਵੇਂ ਫੇਲ੍ਹ ਹੋਈਆਂ ਹਨ। ਰਾਹਾਂ ਵਿਚ ਲਾਏ ਗਏ ਆਮ ਸਿਪਾਹੀ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਹਰ ਰੋਜ਼ ਹਰ ਵੇਲੇ ਇਕੋ ਜਿਹਾ ਚੌਕਸ ਰਹੇਗਾ। ਲੋਕਾਂ ਵਿਚ ਵਿਚਰਦੇ ਹੋਏ ਉਹ ਕੁਝ ਚਿਰ ਪਿੱਛੋਂ ਢਿੱਲਾ ਹੋ ਜਾਂਦਾ ਹੈ। ਹਜ਼ਾਰਾਂ ਲੋਕਾਂ ਨੂੰ ਗੁਜ਼ਰਦੇ ਵੇਖ ਕੇ ਇਹ ਵੀ ਸੋਚਦਾ ਹੈ ਕਿ ਏਨੇ ਲੋਕਾਂ ਵਿਚੋਂ ਕਿਸੇ ਦੇ ਬੈਗ ਵਿਚ ਵੀ ਕੁਝ ਹੋ ਸਕਦਾ ਹੈ, ਸਾਰਿਆਂ ਦੇ ਥੈਲੇ ਫੋਲੇ ਨਹੀਂ ਜਾ ਸਕਦੇ, ਤੇ ਜਿਸ ਇਕੱਲੇ ਦਾ ਫੋਲਿਆ, ਉਹ ਦੁਰ-ਵਿਹਾਰ ਜਾਂ ਵਿਤਕਰੇ ਦੀ ਸ਼ਿਕਾਇਤ ਕਰ ਸਕਦਾ ਹੈ। ਅਸੀਂ ਇਹੋ ਜਿਹੇ ਮੌਕੇ ਦੇਖੇ ਹਨ, ਜਿੱਥੇ ਏਦਾਂ ਦੀ ਤਲਾਸ਼ੀ ਲੈਣ ਉੱਤੇ ਲੋਕ ਪੁੱਠਾ-ਸਿੱਧਾ ਵੀ ਬੋਲਦੇ ਹਨ। ਇਹ ਬੋਲ-ਕੁਬੋਲ ਸੁਣਦਾ ਨਾਕੇ ਉੱਤੇ ਖੜ੍ਹਾ ਬੰਦਾ ਅਵਾਜ਼ਾਰ ਵੀ ਹੁੰਦਾ ਹੈ।




ਲੈ-ਦੇ ਕੇ ਗੱਲ ਸੂਹੀਆ ਏਜੰਸੀਆਂ ਉੱਤੇ ਆ ਜਾਂਦੀ ਹੈ। ਭਾਰਤ ਦਾ ਗ੍ਰਹਿ ਮੰਤਰੀ ਚਿਦੰਬਰਮ ਇਹ ਗੱਲ ਮੰਨਣ ਨੂੰ ਤਿਆਰ ਹੀ ਨਹੀਂ ਕਿ ਇਨ੍ਹਾਂ ਏਜੰਸੀਆਂ ਤੋਂ ਕਿਤੇ ਕੋਈ ਕਮੀ ਰਹੀ ਹੈ। ਗੱਲ ਤਾਂ ਖਾਮੀ ਰਹਿਣ ਦੀ ਹੈ, ਉਨ੍ਹਾਂ ਉੱਤੇ ਕੋਈ ਦੁਸ਼ਮਣ ਨਾਲ ਰਲ ਜਾਣ ਦਾ ਦੋਸ਼ ਨਹੀਂ ਲਾ ਰਿਹਾ ਪਰ ਉਹ ਖਾਮੀ ਵੀ ਮੰਨਣ ਨੂੰ ਤਿਆਰ ਨਹੀਂ। ਉਸ ਨੂੰ ਇਹ ਚੇਤਾ ਵੀ ਭੁੱਲ ਗਿਆ ਕਿ ਜਦੋਂ ਤਾਜ ਹੋਟਲ ਅਤੇ ਹੋਰ ਥਾਈਂ ਵੱਡਾ ਹਮਲਾ ਹੋਇਆ ਸੀ, ਉਦੋਂ ਖੁਫੀਆ ਏਜੰਸੀਆਂ ਨੇ ਅਗਾਊਂ ਸੂਹ ਲਾ ਕੇ ਸੁਰੱਖਿਆ ਫੋਰਸਾਂ ਨੂੰ ਦੱਸ ਦਿੱਤਾ ਸੀ ਪਰ ਉਹ ਉਸ ਖੇਤਰ ਵਿਚ ਆਉਂਦੀ ਇਕ ਕਿਸ਼ਤੀ ਨਹੀਂ ਸਨ ਰੋਕ ਸਕੀਆਂ, ਜਦ ਕਿ ਇਸ ਵਾਰ ਏਦਾਂ ਵੀ ਨਹੀਂ ਹੋਇਆ। ਜੇ ਹੋਇਆ ਹੈ ਤਾਂ ਇਹ ਕਿ ਪਿਛਲੇ ਦਿਨਾਂ ਵਿਚ ਰਾਜ ਸਰਕਾਰਾਂ ਨੂੰ ਉੱਕਾ-ਪੁੱਕਾ ਜਿਹਾ ਸੁਨੇਹਾ ਭੇਜ ਦਿੱਤਾ ਜਾਂਦਾ ਰਿਹਾ ਕਿ ਕਿਸੇ ਥਾਂ ਹਮਲਾ ਹੋ ਸਕਦਾ ਹੈ, ਚੌਕਸੀ ਰੱਖਣ ਦਾ ਯਤਨ ਕਰੋ। ਏਦਾਂ ਦੇ ਰਸਮੀ ਸੁਨੇਹਿਆਂ ਨਾਲ ਕੋਈ ਵੀ ਰਾਜ ਸਰਕਾਰ ਬਹੁਤੀ ਚੌਕਸੀ ਨਹੀਂ ਰੱਖਦੀ ਹੁੰਦੀ।

ਅੱਗਿਓਂ ਜਿਨ੍ਹਾਂ ਨੇ ਚੌਕਸੀ ਰੱਖਣ ਵਾਲਿਆਂ ਤੋਂ ਕੰਮ ਕਰਵਾਉਣਾ ਹੁੰਦਾ ਹੈ, ਉਹ ਦੇਸ਼ ਦੇ ਗ੍ਰਹਿ ਮੰਤਰੀ ਤੋਂ ਵੀ ਵੱਧ ਅਜੀਬ ਕਿਸਮ ਦੇ ਹਨ ਅਤੇ ਇਸ ਦੀ ਦਾਸਤਾਨ ਮਹਾਰਾਸ਼ਟਰ ਦੇ ਮਾਮਲੇ ਵਿਚ ਹੀ ਬਹੁਤ ਲੰਮੀ ਹੈ। ਦੁੱਖ ਤਾਂ ਧਮਾਕੇ ਵੀ ਲੋਕਾਂ ਨੂੰ ਬਥੇਰਾ ਦੇ ਗਏ ਹਨ, ਪਰ ਜਿਹੜਾ ਵਿਹਾਰ ਭਾਰਤ ਦੇ ਰਾਜਸੀ ਖੇਤਰ ਦੇ ਪਹਿਲਵਾਨਾਂ ਦਾ ਵੇਖਣ ਨੂੰ ਮਿਲ ਰਿਹਾ ਹੈ, ਉਹ ਇਸ ਨੂੰ ਘਟਾਉਣ ਦੀ ਥਾਂ ਹੋਰ ਜ਼ਿਆਦਾ ਵਧਾ ਦੇਣ ਵਾਲਾ ਹੈ।

ਸਭ ਤੋਂ ਪਹਿਲਾਂ ਤਾਂ ਮੌਜੂਦਾ ਮੁੱਖ ਮੰਤਰੀ ਪ੍ਰਿਥਵੀ ਰਾਜ ਚਵਾਨ ਦੀ ਕਹੀ ਗੱਲ ਹੀ ਧਿਆਨ ਮੰਗਦੀ ਹੈ। ਉਸ ਨੇ ਸੁਰੱਖਿਆ ਵਿਚ ਢਿੱਲ ਬਾਰੇ ਇਹ ਕਹਿ ਦਿੱਤਾ ਹੈ ਕਿ ਮਹਾਰਾਸ਼ਟਰ ਵਿਚ ਸਾਂਝੀ ਸਰਕਾਰ ਹੈ, ਤੇ ਇਹ ਉਸ ਦੀ ਪਾਰਟੀ ਦੀ ਗਲਤੀ ਹੈ ਕਿ ਉਸ ਨੇ ਪੁਲਿਸ ਨੂੰ ਕੰਟਰੋਲ ਕਰਨ ਵਾਲਾ ਗ੍ਰਹਿ ਵਿਭਾਗ ਭਾਈਵਾਲ ਪਾਰਟੀ ਨੂੰ ਦੇਣਾ ਮੰਨ ਲਿਆ ਸੀ। ਇਸ ਗੱਲ ਤੋਂ ਭਾਈਵਾਲ ਨੈਸ਼ਨਲਿਸਟ ਕਾਂਗਰਸ ਪਾਰਟੀ ਦੇ ਆਗੂ ਕਾਫੀ ਔਖੇ-ਭਾਰੇ ਹੋਏ ਹਨ। ਪਹਿਲੀ ਗੱਲ ਇਹ ਕਿ ਮੁੱਖ ਮੰਤਰੀ ਨੇ ਇਹ ਗੱਲ ਕਹਿਣੀ ਸੀ ਤਾਂ ਯੋਗ ਮੌਕੇ ਕਿਸੇ ਯੋਗ ਅਦਾਰੇ ਵਿਚ ਕਹਿੰਦਾ, ਚੁਰਾਹੇ ਵਿਚ ਢੋਲ ਪਿੱਟ ਕੇ ਦੁੱਖ ਦੀ ਘੜੀ ਭਾਈਵਾਲ ਪਾਰਟੀ ਦੇ ਸਿਰ ਜ਼ਿੰਮੇਵਾਰੀ ਪਾਉਣ ਦਾ ਹੋਛਾਪਣ ਦਿਖਾਉਣ ਦੀ ਲੋੜ ਨਹੀਂ ਸੀ। ਦੂਜੀ ਇਹ ਕਿ ਜੇ ਇਹ ਮਹਿਕਮਾ ਦੇਣਾ ਗਲਤ ਸੀ ਤਾਂ ਜਦੋਂ ਉਸ ਪਾਰਟੀ ਦੇ ਗ੍ਰਹਿ ਮੰਤਰੀ ਨੇ ਇਕ ਵਾਰੀ ਗਲਤੀ ਕਰ ਦਿੱਤੀ ਸੀ, ਅਗਲੀ ਵਾਰੀ ਇਹ ਮਹਿਕਮਾ ਉਸ ਪਾਰਟੀ ਨੂੰ ਦੇਣ ਦੀ ਗਲਤੀ ਨਾ ਕਰਦੇ। ਤਾਜ ਹੋਟਲ ਤੇ ਹੋਰ ਥਾਈਂ ਹੋਏ ਇਕੱਠੇ ਹਮਲੇ ਮੌਕੇ ਉਸ ਮੰਤਰੀ ਨੇ ਇਹ ਕਹਿ ਕੇ ਬਖੇੜਾ ਖੜ੍ਹਾ ਕਰ ਦਿੱਤਾ ਸੀ ਕਿ ਘਟਨਾਵਾਂ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ, ਦੂਜੀ ਵਾਰੀ ਗ੍ਰਹਿ ਵਿਭਾਗ ਉਸ ਪਾਰਟੀ ਨੂੰ ਦੇਣ ਬਾਰੇ ਸ਼ਰਦ ਪਵਾਰ ਦਾ ਦਬਾਅ ਕਾਂਗਰਸ ਨਾ ਮੰਨਦੀ।

ਦੂਸਰਾ ਸਵਾਲ ਇਹ ਹੈ ਕਿ ਜੇ ਸ਼ਰਦ ਪਵਾਰ ਦੀ ਪਾਰਟੀ ਨੂੰ ਇਹ ਮੰਤਰਾਲਾ ਨਾ ਦਿੱਤਾ ਹੁੰਦਾ ਤਾਂ ਕੀ ਹਮਲੇ ਤੋਂ ਬਚਿਆ ਜਾ ਸਕਦਾ ਸੀ? ਇਸ ਦੀ ਵੀ ਕੋਈ ਗਾਰੰਟੀ ਨਹੀਂ। ਜਿਸ ਮੁੱਖ ਮੰਤਰੀ ਚਵਾਨ ਨੇ ਇਹ ਬਿਆਨ ਦੇ ਕੇ ਪ੍ਰਭਾਵ ਦਿੱਤਾ ਹੈ ਕਿ ਭਾਈਵਾਲ ਪਾਰਟੀ ਨਾਲੋਂ ਪੁਲਸ ਦਾ ਮਹਿਕਮਾ ਅਸੀਂ ਵਧੀਆ ਸੰਭਾਲ ਲੈਣਾ ਸੀ, ਉਸ ਨੂੰ ਹੁਣੇ ਲੰਘੀ ਤੇਰਾਂ ਜੁਲਾਈ ਦੀ ਘਟਨਾ ਵੀ ਯਾਦ ਨਾ ਰਹੀ। ਤੇਰਾਂ ਜੁਲਾਈ ਦੇ ਦਿਨ ਮੁੱਖ ਮੰਤਰੀ ਦੀ ਪਤਨੀ ਸ੍ਰੀਮਤੀ ਸ਼ੀਲਾ ਨੇ ਜ਼ਗਾਉਂ ਦੇ ਮੈਡੀਕਲ ਕਾਲਜ ਦਾ ਦੌਰਾ ਕਰਨ ਜਾਣਾ ਸੀ। ਉਸ ਨੂੰ ਰਸਤੇ ਵਿਚ ਹੀ ਲੁੱਟ ਲਿਆ ਗਿਆ। ਮੁੱਖ ਮੰਤਰੀ ਦੀ ਪਤਨੀ ਦੀ ਸੁਰੱਖਿਆ ਲਈ ਲੱਗੀ ਹੋਈ ਫੋਰਸ ਦੇ ਢਿੱਲੇਪਣ ਨੂੰ ਗ੍ਰਹਿ ਮੰਤਰੀ ਦੇ ਸਿਰ ਨਹੀਂ ਮੜ੍ਹਿਆ ਜਾ ਸਕਦਾ। ਅਸਲ ਵਿਚ ਹਾਲਤ ਇਹ ਹੈ ਕਿ ਉਥੇ ਸਾਰੀ ਫੋਰਸ ਹੀ ਚੌਕਸ ਨਹੀਂ, ਗ੍ਰਹਿ ਮੰਤਰੀ ਕਾਂਗਰਸ ਪਾਰਟੀ ਦਾ ਹੋਵੇ ਜਾਂ ਕਿਸੇ ਹੋਰ ਪਾਰਟੀ ਦਾ, ਇਸ ਨਾਲ ਕੋਈ ਫਰਕ ਨਹੀਂ ਪੈ ਜਾਣਾ।

ਇਹ ਗੱਲ ਇਕ ਹੋਰ ਇਸ ਪ੍ਰਸੰਗ ਵਿਚ ਕਹਿਣੀ ਜ਼ਰੂਰੀ ਬਣ ਜਾਂਦੀ ਹੈ। ਜਦੋਂ ਇਹ ਤਾਜ਼ਾ ਹਮਲਾ ਹੋਇਆ, ਉਸੇ ਦਿਨ ਤੋਂ ਭਾਰਤੀ ਜਨਤਾ ਪਾਰਟੀ ਦੇ ਕਈ ਲੀਡਰਾਂ ਦੇ ਬਿਆਨਾਂ ਦੀ ਲੜੀ ਬੱਝੀ ਪਈ ਹੈ। ਇਕ ਜਣਾ ਇਹ ਕਹਿ ਰਿਹਾ ਹੈ ਕਿ ਪਾਰਲੀਮੈਂਟ ਉੱਤੇ ਹਮਲੇ ਦੇ ਦੋਸ਼ੀ ਅਫਜ਼ਲ ਗੁਰੂ ਨੂੰ ਹੁਣ ਤੱਕ ਫਾਂਸੀ ਦੇ ਦਿੱਤੀ ਹੁੰਦੀ ਤਾਂ ਹਮਲਾ ਹੀ ਨਹੀਂ ਹੋਣਾ ਸੀ। ਖਿਆਲੀ ਉਡਾਰੀ ਇਕ ਅੱਖ ਤੋਂ ਕਾਣੇ ਪੰਛੀ ਵਾਂਗ ਇਕੋ ਦਿਸ਼ਾ ਵਿਚ ਲੱਗ ਰਹੀ ਹੈ, ਤੇ ਉਸ ਦਿਸ਼ਾ ਦਾ ਸਾਰੇ ਲੋਕਾਂ ਨੂੰ ਪਹਿਲਾਂ ਹੀ ਪਤਾ ਹੈ। ਜੇ ਅਫਜ਼ਲ ਨੂੰ ਫਾਂਸੀ ਹੋ ਜਾਂਦੀ, ਇਸ ਨਾਲ ਵੀ ਹਮਲੇ ਨਾ ਹੋਣ ਦੀ ਗਾਰੰਟੀ ਨਹੀਂ ਸੀ ਮਿਲ ਸਕਣੀ। ਦੂਸਰਾ ਭਾਜਪਾ ਆਗੂ ਇਹ ਕਹਿੰਦਾ ਹੈ ਕਿ ਅਮਰੀਕਾ ਵਿਚ ਗਿਆਰਾਂ ਸਤੰਬਰ ਦੇ ਇਕ ਹਮਲੇ ਤੋਂ ਪਿੱਛੋਂ ਕਦੇ ਕੋਈ ਦੂਜਾ ਹਮਲਾ ਨਹੀਂ ਕੀਤਾ ਜਾ ਸਕਿਆ। ਤੀਜਾ ਕਹਿੰਦਾ ਹੈ ਕਿ ਭਾਰਤ ਦੀ ਸਰਕਾਰ ਹੀ ਕੁਝ ਕਰਨ ਜੋਗੀ ਨਹੀਂ। ਉਸ ਦੀ ਰਾਏ ਸਾਫ ਬੋਲੀ ਵਿਚ ਭਾਵੇਂ ਨਹੀਂ, ਪਰ ਜਦੋਂ ਉਹ ਇਹ ਕਹਿੰਦਾ ਹੈ ਕਿ ਅਮਰੀਕਾ ਵਾਲਿਆਂ ਨੇ ਪਾਕਿਸਤਾਨ ਦੇ ਅੰਦਰ ਹਮਲਾ ਕਰ ਕੇ ਉਸਾਮਾ ਬਿਨ-ਲਾਦਿਨ ਨੂੰ ਮਾਰ ਦਿੱਤਾ ਅਤੇ ਉਸ ਦੀ ਲਾਸ਼ ਵੀ ਲੈ ਗਏ ਹਨ, ਤਾਂ ਬਿਨਾਂ ਕਹੇ ਵੀ ਪਤਾ ਲੱਗ ਜਾਂਦਾ ਹੈ ਕਿ ਉਹ ਭਾਰਤ ਨੂੰ ਅਮਰੀਕਾ ਵਰਗੀ ਦਿਲ-ਵਧੀ ਲਈ ਉਕਸਾ ਰਿਹਾ ਹੈ।

ਪੰਜਾਬੀ ਮੁਹਾਵਰਾ ਹੈ ਕਿ 'ਬੇਗਾਨੇ ਹੱਥ ਕਹੀ ਹੌਲੀ ਲੱਗਦੀ ਹੈ'। ਜਦੋਂ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੁੰਦੀ ਸੀ, ਉਦੋਂ ਵੀ ਇਹੋ ਜਿਹੇ ਮੌਕੇ ਆਏ ਸਨ, ਪਰ ਵਾਜਪਾਈ ਸਾਹਿਬ ਅਤੇ ਅਡਵਾਨੀ ਸਾਹਿਬ ਵਰਗੇ ਸਖਤ ਪੈਂਤੜੇ ਦੇ ਧਾਰਨੀ ਉਦੋਂ ਇਹ ਕੁਝ ਨਹੀਂ ਸਨ ਕਰ ਸਕੇ। ਪਾਰਲੀਮੈਂਟ ਉੱਤੇ ਹਮਲਾ ਹੋਇਆ ਤਾਂ ਭਾਰਤ ਸਰਕਾਰ ਨੇ ਸਰਹੱਦ ਉੱਤੇ ਰਾਤੋ-ਰਾਤ ਫੌਜਾਂ ਭੇਜ ਦਿੱਤੀਆਂ ਸਨ ਅਤੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਜੰਮੂ-ਕਸ਼ਮੀਰ ਵਿਚ ਜਾ ਕੇ ਐਲਾਨ ਕੀਤਾ ਸੀ ਕਿ 'ਬਾਦਲ ਗਰਜ ਰਹੇ ਹੈਂ, ਬਰਸਾਤ ਤੋ ਹੋਗੀ ਹੀ।' ਸਿਰਫ ਇਕ ਦਿਨ ਬਾਅਦ ਉਨ੍ਹਾਂ ਨੇ ਇਸ ਗੱਲ ਨੂੰ ਮਰੋੜਾ ਦੇ ਕੇ ਇਹ ਕਹਿ ਦਿੱਤਾ ਕਿ 'ਯੇ ਸਬ ਜ਼ਰੂਰੀ ਨਹੀਂ ਹੋਤਾ, ਕਈ ਬਾਰ ਬਾਦਲ ਭੀ ਗਰਜਤੇ ਹੈਂ, ਬਿਜਲੀਆਂ ਭੀ ਕੜਕਤੀ ਹੈਂ, ਪਰ ਬਰਸਾਤ ਨਹੀਂ ਭੀ ਹੋਤੀ'। ਫਿਰ ਕੁਝ ਦਿਨ ਹੱਦਾਂ ਉੱਤੇ ਤੰਬੂ ਗੱਡ ਕੇ ਫੌਜਾਂ ਪਿੱਛੇ ਮੁੜ ਆਈਆਂ ਸਨ। ਉਸ ਸਰਕਾਰ ਦੇ ਹੁੰਦਿਆਂ ਫੇਰ ਵੀ ਹਮਲੇ ਹੁੰਦੇ ਰਹੇ ਸਨ। ਅਮਰੀਕਾ ਦੇ 'ਇਕ ਹਮਲੇ ਤੋਂ ਪਿੱਛੋਂ ਕਦੇ ਕੋਈ ਦੂਜਾ ਹਮਲਾ ਨਹੀਂ ਕੀਤਾ ਜਾ ਸਕਿਆ' ਕਹਿਣ ਵਾਲਿਆਂ ਨੂੰ ਭੁੱਲ ਜਾਂਦਾ ਹੈ ਕਿ ਪਾਰਲੀਮੈਂਟ ਉੱਤੇ ਹੀ ਨਹੀਂ, ਲਾਲ ਕਿਲੇ ਉੱਤੇ ਵੀ ਹਮਲਾ ਹੋਇਆ ਸੀ, ਅਕਸ਼ਰਧਾਮ ਮੰਦਰ ਉੱਤੇ ਵੀ ਤੇ ਜੰਮੂ-ਕਸ਼ਮੀਰ ਦੀ ਅਸੈਂਬਲੀ ਉੱਤੇ ਵੀ। ਜਿਹੜਾ ਅਮਰੀਕਾ ਵਾਲਾ ਫਾਰਮੂਲਾ ਹੁਣ ਵਾਲੀ ਸਰਕਾਰ ਨੂੰ ਪੜ੍ਹਾਉਣਾ ਚਾਹੁੰਦੇ ਹਨ, ਉਨ੍ਹਾਂ ਨੇ ਆਪਣੇ ਵਕਤ ਉਹ ਵਰਤੋਂ ਵਿਚ ਲਿਆਂਦਾ ਹੀ ਨਹੀਂ ਸੀ, ਤੇ ਹਮਲੇ ਹੁੰਦੇ ਰਹੇ ਸਨ। ਉਨ੍ਹਾਂ ਦੇ ਵਕਤ ਐਟਮੀ ਧਮਾਕੇ ਕਰਨ ਪਿੱਛੋਂ ਭਾਰਤ ਦੇ ਇਕ ਕੇਂਦਰੀ ਮੰਤਰੀ ਅਤੇ ਇਕ ਸਾਬਕਾ ਮੁੱਖ ਮੰਤਰੀ ਨੇ ਸ੍ਰੀਨਗਰ ਵਿਚ ਜਾ ਕੇ ਕਿਹਾ ਸੀ ਕਿ 'ਭਾਰਤ ਹੁਣ ਐਟਮੀ ਤਾਕਤ ਬਣ ਚੁੱਕਾ ਹੈ, ਪਾਕਿਸਤਾਨ ਜਦੋਂ ਚਾਹੇ, ਸਾਡੇ ਨਾਲ ਲੜ ਕੇ ਵੇਖ ਸਕਦਾ ਹੈ'। ਅਗਲੇ ਹਫਤੇ ਜਦੋਂ ਉਸ ਨੇ ਭਾਰਤ ਦੇ ਪੰਜਾਂ ਧਮਾਕਿਆਂ ਦੇ ਮੁਕਾਬਲੇ ਛੇ ਐਟਮੀ ਧਮਾਕੇ ਕਰ ਦਿੱਤੇ ਤਾਂ ਉਹੋ ਮੰਤਰੀ ਇਹ ਕਹਿੰਦਾ ਸੀ ਕਿ ਅਸੀਂ ਪਾਕਿਸਤਾਨ ਨੂੰ ਇਸ ਲਈ ਲਲਕਾਰ ਰਹੇ ਸਾਂ ਕਿ ਉਸ ਦੇ ਕੋਲ ਜੋ ਕੁਝ ਹੈ, ਉਹ ਉਕਸਾਵੇ ਵਿਚ ਆ ਕੇ ਜ਼ਾਹਰ ਕਰ ਦੇਵੇ। ਰਾਜਨੀਤੀ ਦਾ ਇਹ ਬਚਕਾਨਾਪਣ ਦੇਸ਼ ਦੀ ਵਿਰੋਧੀ ਧਿਰ ਦਾ ਪੱਧਰ ਵੀ ਚੋਖਾ ਨੀਵਾਂ ਕਰ ਦੇਂਦਾ ਹੈ।

ਭਾਰਤ ਦੀਆਂ ਦੋਵਾਂ ਮੁੱਖ ਪਾਰਟੀਆਂ ਦੇ ਲੀਡਰਾਂ ਦਾ ਮੌਕੇ ਦੀ ਨਜ਼ਾਕਤ ਜਾਂ ਆਮ ਆਦਮੀ ਦੇ ਦੁੱਖ ਨੂੰ ਦੁੱਖ ਨਾ ਸਮਝਣਾ ਵੀ ਦੇਸ਼ ਦੇ ਲੋਕਾਂ ਲਈ ਦੁਖਦਾਈ ਹੈ। ਅਸੀਂ ਸੁਣਿਆ ਸੀ ਕਿ ਜਦੋਂ ਰੋਮ ਸੜ ਰਿਹਾ ਸੀ, ਨੀਰੋ ਬੰਸਰੀ ਵਜਾ ਰਿਹਾ ਸੀ। ਭਾਰਤ ਦੇ ਲੀਡਰਾਂ ਦੀ ਜਮਾਤ ਵਿਚ 'ਨੀਰੋ' ਦੀ ਨਸਲ ਵਾਲੇ ਵਾਹਵਾ ਸਾਰੇ ਮਿਲ ਜਾਂਦੇ ਹਨ। ਉਹ ਇਸ ਪੱਖ ਤੋਂ ਵੀ ਆਪਣੀ ਨੁਕਤਾਚੀਨੀ ਕਰਵਾਉਣ ਦਾ ਕੋਈ ਮੌਕਾ ਨਹੀਂ ਛੱਡਦੇ।

ਜਦੋਂ ਮੁੰਬਈ ਵਿਚ ਪਿਛਲਾ ਵੱਡਾ ਹਮਲਾ ਹੋਇਆ ਸੀ, ਕਈ ਦਿਨ ਲੜਾਈ ਚੱਲਦੀ ਰਹੀ, ਤੇ ਲੋਕ ਸਹਿਮੇ ਰਹੇ ਸਨ। ਜਿਸ ਦਿਨ ਗੋਲੀ ਚੱਲਣੀ ਬੰਦ ਹੋਈ, ਮਹਾਂਰਾਸ਼ਟਰ ਦਾ ਕਾਂਗਰਸੀ ਮੁੱਖ ਮੰਤਰੀ ਮੌਕਾ ਦੇਖਣ ਚਲਾ ਗਿਆ। ਕਮਾਲ ਦੀ ਗੱਲ ਇਹ ਕਿ ਉਸ ਦਿਨ ਮੁੱਖ ਮੰਤਰੀ ਵਿਲਾਸ ਰਾਓ ਦੇਸ਼ਮੁਖ ਦੇ ਨਾਲ ਸਰਕਾਰੀ ਅਮਲਾ ਤਾਂ ਹੋਣਾ ਹੀ ਸੀ, ਇਕ ਫਿਲਮ ਨਿਰਦੇਸ਼ਕ ਵੀ ਗਿਆ ਅਤੇ ਮੁੱਖ ਮੰਤਰੀ ਦਾ ਫਿਲਮ ਸਟਾਰ ਪੁੱਤਰ ਵੀ। ਭੇਤ ਇਹ ਖੁੱਲ੍ਹਾ ਕਿ ਉਹ ਮੌਕਾ ਦੇਖ ਕੇ ਫਿਲਮ ਨਿਰਦੇਸ਼ਕ ਇੰਨ-ਬਿੰਨ ਉਸੇ ਤਰ੍ਹਾਂ ਦਾ ਦ੍ਰਿਸ਼ ਬਣਾ ਕੇ ਫਿਲਮ ਬਣਾਉਣ ਦੀ ਸਕੀਮ ਬਣਾ ਰਿਹਾ ਸੀ, ਤੇ ਮੁੱਖ ਮੰਤਰੀ ਦੇ ਪੁੱਤਰ ਨੂੰ ਉਸ ਫਿਲਮ ਵਿਚ ਹੀਰੋ ਲਿਆ ਜਾਣ ਦਾ ਵਾਅਦਾ ਸੀ। ਜੇ ਏਦਾਂ ਦੀ ਕੋਈ ਯੋਜਨਾ ਸੀ ਤਾਂ ਦੋ ਦਿਨ ਸਬਰ ਵੀ ਕੀਤਾ ਜਾ ਸਕਦਾ ਸੀ, ਪਰ ਖੜ੍ਹੇ ਪੈਰ ਜਦੋਂ ਲਾਸ਼ਾਂ ਤੇ ਲਹੂ-ਮਿੱਝ ਖਿੱਲਰੀ ਪਈ ਸੀ, ਉਥੇ ਜਾ ਕੇ ਉਨ੍ਹਾਂ ਨੇ ਇਹੋ ਜਿਹੀ ਖੇਹ ਉਡਵਾਈ ਕਿ ਸਾਰੇ ਮੁਲਕ ਵਿਚੋਂ ਲਾਹਣਤਾਂ ਪੈਂਦੀਆਂ ਰਹੀਆਂ ਸਨ।

ਇਸ ਵਾਰੀ ਜਿਨ੍ਹਾਂ ਲੋਕਾਂ ਨੇ ਇਹੋ ਜਿਹਾ ਕੋਝਾਪਣ ਦਿਖਾਇਆ ਹੈ, ਉਨ੍ਹਾਂ ਵਿਚ ਕਾਂਗਰਸ ਪਾਰਟੀ ਦੇ ਆਗੂ ਵੀ ਹਨ ਅਤੇ ਵਿਰੋਧ ਦੀ ਮੁੱਖ ਪਾਰਟੀ ਭਾਜਪਾ ਦੇ ਵੀ। ਜਦੋਂ ਮੁੰਬਈ ਵਿਚ ਧਮਾਕੇ ਹੋਣ ਨਾਲ ਸਾਰੇ ਦੇਸ਼ ਵਿਚ ਲੋਕ ਦੁਖੀ ਹੋਏ ਬੈਠੇ ਸਨ, ਇਹ ਲੀਡਰ ਇਕ ਥਾਂ ਫੈਸ਼ਨ ਸ਼ੋਅ ਦੇ ਨਜ਼ਾਰੇ ਮਾਣ ਰਹੇ ਸਨ। ਫੈਸ਼ਨ ਸ਼ੋਅ ਦਾ ਮੁੱਖ ਮਹਿਮਾਨ ਭਾਰਤ ਸਰਕਾਰ ਦਾ ਸੈਰ-ਸਪਾਟਾ ਮੰਤਰੀ ਅਤੇ ਕਾਂਗਰਸੀ ਆਗੂ ਸੁਬੋਧ ਕਾਂਤ ਸਹਾਏ ਸੀ ਜਿਹੜਾ ਸਿੱਧਾ ਝੂਠ ਬੋਲੀ ਜਾਂਦਾ ਹੈ ਕਿ ਉਸ ਨੂੰ ਪਤਾ ਹੀ ਨਹੀਂ ਸੀ ਕਿ ਮੁੰਬਈ ਵਿਚ ਧਮਾਕੇ ਹੋ ਗਏ ਹਨ। ਧਮਾਕੇ ਹੋਣ ਤੋਂ ਇਕ ਘੰਟਾ ਬਾਅਦ ਸ਼ੋਅ ਸ਼ੁਰੂ ਹੋਇਆ, ਤੇ ਇਹ ਦੋ ਘੰਟੇ ਚੱਲਦਾ ਰਿਹਾ ਸੀ। ਏਨਾ ਚਿਰ ਉਸ ਨੂੰ ਪਤਾ ਨਹੀਂ ਲੱਗ ਸਕਿਆ, ਇਹ ਗੱਲ ਕਿਸੇ ਨੇ ਮੰਨ ਨਹੀਂ ਲੈਣੀ। ਸਿਰਫ ਉਹ ਹੀ ਨਹੀਂ, ਉਥੇ ਭਾਰਤੀ ਜਨਤਾ ਪਾਰਟੀ ਦੇ ਕਈ ਆਗੂ ਵੀ ਮੌਜੂਦ ਸਨ। ਫੈਸ਼ਨ ਸ਼ੋਅ ਭਾਜਪਾ ਦੀ ਵਾਜਪਾਈ ਸਰਕਾਰ ਵੇਲੇ ਦੇ ਮੰਤਰੀ ਅਤੇ ਹੁਣ ਭਾਜਪਾ ਦੇ ਕੇਂਦਰੀ ਜਨਰਲ ਸਕੱਤਰ ਅਸ਼ੋਕ ਪ੍ਰਧਾਨ ਦੀ ਧੀ ਕਰਵਾ ਰਹੀ ਸੀ ਜਿਸ ਵਿਚ ਭਾਜਪਾ ਦੀ ਕੇਂਦਰੀ ਆਗੂ ਅਤੇ ਰਾਜਧਾਨੀ ਦਿੱਲੀ ਦੀ ਸਾਬਕਾ ਮੇਅਰ ਆਰਤੀ ਮਹਿਰਾ ਪਹਿਲੀ ਲਾਈਨ ਵਿਚ ਬੈਠੀ ਹੋਈ ਸੀ। ਜਵਾਬ ਬੀਬੀ ਆਰਤੀ ਮਹਿਰਾ ਦਾ ਵੀ ਉਹੋ ਹੈ ਜਿਹੜਾ ਮੁੰਬਈ ਦੇ ਪਿਛਲੀ ਵਾਰੀ ਦੇ ਤਾਜ ਹੋਟਲ ਵਾਲੇ ਵੱਡੇ ਹਮਲੇ ਮੌਕੇ ਉਥੋਂ ਦੇ ਗ੍ਰਹਿ ਮੰਤਰੀ ਨੇ ਦਿੱਤਾ ਸੀ ਕਿ ਇਹੋ ਜਿਹੀਆਂ ਘਟਨਾਵਾਂ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ। ਬੀਬੀ ਆਰਤੀ ਦੇ ਉਥੇ ਹੋਣ ਦਾ ਪਤਾ ਲੱਗਣ ਤੋਂ ਪਹਿਲਾਂ ਭਾਜਪਾ ਦੇ ਇਕ ਕੇਂਦਰੀ ਆਗੂ ਨੇ ਸੈਰ-ਸਪਾਟਾ ਮੰਤਰੀ ਸੁਬੋਧ ਕਾਂਤ ਸਹਾਏ ਦੀ ਫੈਸ਼ਨ ਸ਼ੋਅ ਵਿਚ ਹਾਜ਼ਰੀ ਦੀ ਨਿਖੇਧੀ ਕਰ ਦਿੱਤੀ ਪਰ ਜਦੋਂ ਪਤਾ ਲੱਗਾ ਕਿ ਆਪਣੇ ਕਈ ਆਗੂ ਵੀ ਇਸ ਦੀ ਲਪੇਟ ਵਿਚ ਆ ਰਹੇ ਹਨ ਤਾਂ ਪਾਰਟੀ ਨੇ ਚੁੱਪ ਵੱਟ ਲਈ ਸੀ।



***ਐਸ਼ਵਰਿਆ ਰਾਏ ਬੱਚਨ***

ਜਿਹੜੇ ਲੋਕ ਫਿਲਮ ਸਟਾਰਾਂ ਦੇ ਪ੍ਰਸੰਸਕਾਂ ਵਿਚ ਨਹੀਂ ਗਿਣੇ ਜਾਂਦੇ, ਉਹ ਵੀ ਇਸ ਵਾਰੀ ਅਮਿਤਾਭ ਬੱਚਨ ਦੀ ਨੂੰਹ ਐਸ਼ਵਰਿਆ ਰਾਏ ਦੀ ਦਾਦ ਦਿੱਤੇ ਬਿਨਾਂ ਨਹੀਂ ਰਹਿ ਸਕਦੇ। ਉਸ ਨੂੰ ਫਰਾਂਸ ਦੀ ਸਰਕਾਰ ਵੱਲੋਂ ਕਲਾਕਾਰਾਂ ਲਈ ਸਭ ਤੋਂ ਵੱਡਾ ਸਨਮਾਨ ਦਿੱਤਾ ਜਾਣਾ ਸੀ। ਪੰਜ-ਤਾਰਾ ਹੋਟਲ ਵਿਚ ਸਮਾਗਮ ਸੀ। ਫਰਾਂਸ ਸਰਕਾਰ ਦਾ ਰਾਜਦੂਤ ਵੀ ਉਥੇ ਹਾਜ਼ਰ ਸੀ। ਐਸ਼ਵਰਿਆ ਰਾਏ ਬੱਚਨ ਆਪਣੇ ਪਤੀ ਨਾਲ ਉਥੇ ਗਈ ਅਤੇ ਸਟੇਜ ਉੱਤੇ ਜਾ ਕੇ ਕਹਿ ਦਿੱਤਾ ਕਿ ਸਨਮਾਨ ਲਈ ਤੁਹਾਡਾ ਧੰਨਵਾਦ, ਪਰ ਇਸ ਮੌਕੇ ਜਦੋਂ ਦੇਸ਼ ਦਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਮੁੰਬਈ ਬੰਬਾਂ ਦੇ ਧਮਾਕਿਆਂ ਨਾਲ ਹਿੱਲਿਆ ਪਿਆ ਹੈ, ਲੋਕ ਦਹਿਸ਼ਤ ਦੀ ਮਾਰ ਹੇਠ ਹਨ, ਮੈਂ ਉਨ੍ਹਾਂ ਦੇ ਦੁੱਖ ਨੂੰ ਭੁਲਾ ਕੇ ਸਨਮਾਨ ਲੈਣ ਦਾ ਕੰਮ ਨਹੀਂ ਕਰ ਸਕਦੀ। ਫਿਰ ਉਸੇ ਦੀ ਪਹਿਲਕਦਮੀ ਉੱਤੇ ਉਥੇ ਹਾਜ਼ਰ ਸਾਰੇ ਲੋਕਾਂ ਨੇ ਮੁੰਬਈ ਦੇ ਮ੍ਰਿਤਕਾਂ ਲਈ ਦੋ ਮਿੰਟਾਂ ਦਾ ਮੋਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ, ਤੇ ਸਮਾਗਮ ਰੱਦ ਕਰ ਦਿੱਤਾ ਗਿਆ। ਜੋ ਕੰਮ ਐਸ਼ਵਰਿਆ ਰਾਏ ਨੇ ਕਲਾਕਾਰ ਹੁੰਦੇ ਹੋਏ ਕੀਤਾ, ਉਹੋ ਆਗੂ ਵਜੋਂ ਦੇਸ਼ ਦੇ ਲੋਕਾਂ ਦੀ ਅਗਵਾਈ ਕਰਨ ਵਾਲੇ ਸੁਬੋਧ ਕਾਂਤ ਸਹਾਏ ਅਤੇ ਬੀਬੀ ਆਰਤੀ ਮਹਿਰਾ ਵਰਗਿਆਂ ਨੂੰ ਕਿਉਂ ਨਾ ਸੁੱਝਾ?

ਇਹੋ ਨਹੀਂ, ਇਕ ਹੋਰ ਗੱਲ ਇਹ ਵੀ ਹੈ ਕਿ ਬੰਬ ਧਮਾਕੇ ਹੋਣ ਤੋਂ ਦੋ ਦਿਨ ਬਾਅਦ ਤੱਕ ਲੋਕਾਂ ਦਾ ਦੁੱਖ ਜਾਨਣ ਦਾ ਵਕਤ ਨਾ ਕੇਂਦਰੀ ਮੰਤਰੀ ਸ਼ਰਦ ਪਵਾਰ ਕੱਢ ਸਕੇ, ਤੇ ਨਾ ਕੇਂਦਰੀ ਮੰਤਰੀ ਵਿਲਾਸ ਰਾਓ ਦੇਸ਼ਮੁਖ। ਇਹ ਦੋਵੇਂ ਜਣੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਰਹਿ ਚੁੱਕੇ ਸਨ ਅਤੇ ਦੋਵੇਂ ਮੁੰਬਈ ਵਿਚ ਸਨ। ਕਾਰਨ ਇਹ ਕਿ ਅਗਲੇਰੇ ਦਿਨ ਮੁੰਬਈ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਦੀ ਚੋਣ ਹੋਣੀ ਸੀ ਜਿਸ ਵਿਚ ਇਕ ਧਿਰ ਦਾ ਉਮੀਦਵਾਰ ਵਿਲਾਸ ਰਾਓ ਦੇਸ਼ਮੁਖ ਸੀ, ਤੇ ਸ਼ਿਵ ਸੈਨਾ ਦੇ ਅਸ਼ੀਰਵਾਦ ਵਾਲੀ ਦੂਜੀ ਧਿਰ ਵੱਲੋਂ ਸਾਬਕਾ ਕ੍ਰਿਕਟਰ ਦਲੀਪ ਵੈਂਗਸਰਕਰ ਖੜ੍ਹਾ ਸੀ। ਇਹ ਚੋਣ ਚਾਰ ਦਿਨ ਅੱਗੇ ਵੀ ਪਾਈ ਜਾ ਸਕਦੀ ਸੀ, ਪਰ ਇਹ ਤਦੇ ਹੋ ਸਕਦਾ ਸੀ, ਜੇ ਲੀਡਰਾਂ ਲਈ ਲੋਕ ਵੱਧ ਮਹੱਤਵ ਰੱਖਦੇ ਹੁੰਦੇ। ਉਨ੍ਹਾਂ ਲਈ ਕਰੋੜਾਂ ਦੇ ਕਾਰੋਬਾਰ ਵਾਲੀ ਕ੍ਰਿਕਟ ਦੀ ਚੌਧਰ ਲੋਕਾਂ ਤੋਂ ਵੱਡੀ ਹੈ। ਜਿਸ ਮੁਲਕ ਵਿਚ ਲੀਡਰਾਂ ਵਿਚ ਇਸ ਪੱਧਰ ਦੀ ਸੰਵੇਦਨਹੀਣਤਾ ਹੋਵੇ, ਉਥੇ ਲੋਕਾਂ ਦੇ ਦੁੱਖ ਨੂੰ ਸਮਝ ਕੌਣ ਸਕਦਾ ਹੈ?

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੂਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਜਾਪੁ ਸਾਹਿਬ-3

ਡਾ. ਗੁਰਨਾਮ ਕੌਰ

ਸਿੱਖ ਧਰਮ ਚਿੰਤਨ ਦਾ ਇਲਹਾਮ ਬਾਣੀ ਦੇ ਰੂਪ ਵਿਚ ਹੋਇਆ ਮੰਨਿਆ ਗਿਆ ਹੈ ਜਿਸ ਦਾ ਮਾਧਿਅਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਨੂੰ ਪ੍ਰਵਾਨ ਕੀਤਾ ਗਿਆ ਹੈ। ਗੁਰੂ ਸਾਹਿਬਾਨ ਨੂੰ ਪਰਮਾਤਮਾ ਨਾਲ ਇੱਕਸੁਰਤਾ ਦੇ ਪਲਾਂ ਵਿਚ ਪਰਮ ਸਤਿ ਦਾ ਜੋ ਅਨੁਭਵ ਹੋਇਆ, ਉਸ ਨੂੰ ਉਨ੍ਹਾਂ ਨੇ ਬਾਣੀ ਦੇ ਰੂਪ ਵਿਚ ਸ਼ਬਦ ਰਾਹੀਂ, ਭਾਸ਼ਾ ਰਾਹੀਂ ਪ੍ਰਗਟ ਕੀਤਾ। ਇਸੇ ਲਈ ਬਾਣੀ ਨੂੰ ਧੁਰੋਂ ਆਈ ਪ੍ਰਵਾਨ ਕੀਤਾ ਗਿਆ ਹੈ, "ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥" ਸਿੱਖ ਧਰਮ ਦੀ ਸੰਸਥਾਪਨਾ ਪਰਮ ਸਤਿ ਦੇ ਇਸ ਅਨੁਭਵ ਦਾ ਗੁਰੂ ਸਾਹਿਬਾਨ ਰਾਹੀਂ ਅਮਲੀ ਪ੍ਰਕਾਸ਼ਨ ਹੈ। ਸਿੱਖ ਧਰਮ ਦੀ ਸੰਸਥਾਪਨਾ ਰਾਹੀਂ ਉਨ੍ਹਾਂ ਨੇ ਆਪਣੇ ਇਸ ਅਨੁਭਵ ਨੂੰ ਅਮਲੀ ਰੂਪ ਦਿੱਤਾ। ਗੁਰਮਤਿ ਚਿੰਤਨ ਦੇ ਬਾਨੀ ਗੁਰੂ ਨਾਨਕ ਦੇਵ ਨੇ ਭਾਰਤੀ ਧਰਮ ਚਿੰਤਨ ਦੀ ਕਾਇਆਕਲਪ ਕੀਤੀ। ਉਨ੍ਹਾਂ ਨੇ ਭਾਰਤੀ ਚਿੰਤਨ ਨੂੰ ਅੰਧਕਾਰ ਅਤੇ ਅਸਪਸ਼ਟਤਾ ਵਿਚੋਂ ਕੱਢਿਆ ਅਤੇ ਭਾਰਤੀ ਚਿੰਤਨ ਵਿਚ ਆ ਚੁੱਕੀ ਖੜੋਤ ਅਤੇ ਗਤੀਹੀਣਤਾ, ਬੇਕਾਰੀ ਨੂੰ ਝੰਜੋੜਿਆ ਅਤੇ ਸਕ੍ਰਿਆਤਾ ਪ੍ਰਦਾਨ ਕੀਤੀ।



ਡਾ. ਗੁਰਨਾਮ ਕੌਰ

ਸਿੱਖ ਧਰਮ ਚਿੰਤਨ ਦਾ ਅਕਾਲ ਪੁਰਖ ਆਪਣੀ ਰਚਨਾ ਦਾ ਸਿਰਫ ਕਰਤਾ ਪੁਰਖ ਹੀ ਨਹੀਂ, ਬਲਕਿ ਉਸ ਦੀ ਰਚਨਾ ਉਸ ਦਾ ਪ੍ਰਗਟ ਰੂਪ ਹੈ। ਉਹ ਇਸ ਤੋਂ ਅਪਰੰਪਰ ਹੀ ਨਹੀਂ ਬਲਕਿ ਆਪਣੀ ਰਚਨਾ ਵਿਚ ਵਿਆਪਕ ਵੀ ਹੈ। ਸਮਾਇਆ ਹੋਣ ਤੇ ਵੀ ਉਹ ਖੰਡਤਿ ਨਹੀਂ ਹੁੰਦਾ। ਆਪਣੀ ਰਚਨਾ ਉਹ ਆਪਣੇ ਆਪ ਤੋਂ ਕਰਦਾ ਹੈ ਪਰ ਇਸ ਨਾਲ ਉਹ ਘਟਦਾ ਜਾਂ ਵੱਧਦਾ ਨਹੀਂ। ਉਹ ਅਸੀਮ ਅਤੇ ਵੰਡ ਰਹਿਤ ਹੈ। ਉਹ ਅਨੇਕਤਾ ਵਿਚ ਏਕਤਾ ਹੈ। ਸੰਸਾਰ ਕਿਉਂਕਿ ਉਸ ਅਗਮ, ਅਗੋਚਰ ਅਤੇ ਅਨੰਤ ਦਾ ਪ੍ਰਗਟ ਰੂਪ ਹੈ, ਇਸ ਲਈ ਉਹ ਚੇਤਨ ਤੋਂ ਲੈ ਕੇ ਜੜ੍ਹ ਵਸਤੂ ਤੱਕ ਹਰ ਕਣ ਕਣ ਵਿਚ ਵਿਆਪਕ ਹੈ। ਸ੍ਰਿਸ਼ਟੀ ਦਾ ਹਰ ਕਣ ਉਸ ਦੀ ਜੋਤਿ ਨਾਲ ਪ੍ਰਕਾਸ਼ਮਾਨ ਹੈ। ਇਸੇ ਲਈ ਸਿੱਖ ਧਰਮ ਚਿੰਤਨ ਵਿਚ ਮਨੁੱਖ ਦੀ ਜਨਮ, ਜਾਤਿ ਅਤੇ ਵਰਣ ਆਦਿ 'ਤੇ ਆਧਾਰਤ ਕਿਸੇ ਕਿਸਮ ਦੀ ਵੀ ਵੰਡ ਪ੍ਰਵਾਨ ਨਹੀਂ ਕੀਤੀ ਗਈ ਕਿਉਂਕਿ ਹਰ ਇੱਕ ਵਿਚ ਉਸ ਦੀ ਜੋਤਿ ਵੱਸ ਰਹੀ ਹੈ। ਹਰ ਇੱਕ ਰਚਨਾ ਨੇ ਅੰਤ ਵਿਚ ਉਸ ਇੱਕ ਵਿਚ ਹੀ ਸਮਾ ਜਾਣਾ ਹੁੰਦਾ ਹੈ, ਇਸ ਲਈ ਸਭ ਦੀ ਮੰਜ਼ਿਲ ਭੀ ਇੱਕ ਉਹ ਹੀ ਹੈ, ਜੋ ਹਰ ਇੱਕ ਵਿਚ ਵੱਸ ਰਿਹਾ ਹੈ:

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ॥
ਅੰਤੋ ਨ ਪਾਇਆ ਕਿਨੈ ਤੇਰਾ
ਆਪਣਾ ਆਪੁ ਤੂ ਜਾਣਹੇ॥
ਜੀਅ ਜੰਤ ਸਭਿ ਖੇਲੁ ਤੇਰਾ
ਕਿਆ ਕੋ ਆਖਿ ਵਖਾਣਏ॥
ਆਖਹਿ ਤ ਵੇਖਹਿ ਸਭੁ ਤੂਹੈ
ਜਿਨਿ ਜਗਤੁ ਉਪਾਇਆ॥
ਕਹੈ ਨਾਨਕੁ ਤੂ ਸਦਾ ਅਗੰਮੁ ਹੈ
ਤੇਰਾ ਅੰਤੁ ਨ ਪਾਇਆ॥ (ਪੰਨਾ 918)

ਇਸੇ ਲਈ ਮਨੁੱਖ ਨੂੰ ਹਰ ਤਰ੍ਹਾਂ ਦੀਆਂ ਵੰਡਾਂ ਤੋਂ ਉਤੇ ਉਠ ਕੇ ਉਸ ਇੱਕ ਦਾ ਅਨੁਭਵ ਕਰਨ ਲਈ ਕਿਹਾ ਹੈ, ਜੋ ਹਰ ਇੱਕ ਦੀ ਉਤਪਤੀ ਦਾ ਸੋਮਾ ਹੈ। ਜਿਸ ਦੀ ਜੋਤੀ ਨਾਲ ਸਾਰਾ ਸੰਸਾਰ ਪ੍ਰਕਾਸ਼ਮਾਨ ਹੈ। ਮਨੁੱਖ ਸੰਸਾਰ 'ਤੇ ਉਦੋਂ ਆਉਂਦਾ ਹੈ ਜਦੋਂ ਪਰਮਾਤਮਾ ਆਪਣੀ ਜੋਤਿ ਉਸ ਵਿਚ ਰੱਖਦਾ ਹੈ ਅਤੇ ਮਨੁੱਖ ਵਿਚ ਆਪਣੇ ਸੋਮੇ ਨੂੰ ਅਨੁਭਵ ਕਰਨ ਦੀ ਸਮਰੱਥਾ ਸਭ ਜੀਵਾਂ ਨਾਲੋਂ ਜ਼ਿਆਦਾ ਹੈ ਕਿਉਂਕਿ ਉਸ ਵਿਚ ਬਾਕੀ ਜੀਵਾਂ ਨਾਲੋਂ ਵੱਧ ਚੇਤੰਨਤਾ ਹੈ:

ਏ ਸਰੀਰਾ ਮੇਰਿਆ
ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ॥
...
ਕਹੈ ਨਾਨਕੁ ਸ੍ਰਿਸਟਿ ਕਾ
ਮੂਲੁ ਰਚਿਆ ਜੋਤਿ ਰਾਖੀ
ਤਾ ਤੂ ਜਗ ਮਹਿ ਆਇਆ॥ (ਪੰਨਾ 921)

ਉਸ ਇੱਕ ਦਾ ਅਨੁਭਵ ਕਰਨ ਲਈ, ਅਨੇਕਤਾ ਵਿਚ ਏਕਤਾ ਦਾ ਅਨੁਭਵ ਕਰਨ ਲਈ ਆਪਣੇ ਮੂਲ ਨੂੰ ਪਛਾਣਨਾ ਅਤੇ ਆਪਣੇ ਸੋਮੇ ਨਾਲ ਇੱਕਸੁਰ ਹੋਣਾ ਹੀ ਮਨੁੱਖ ਦੇ ਜਨਮ ਦਾ ਅਸਲੀ ਮਨੋਰਥ ਹੈ। ਇਸੇ ਨੂੰ ਜਪੁਜੀ ਸਾਹਿਬ ਵਿਚ 'ਸਚਿਆਰ' ਹੋਣਾ ਕਿਹਾ ਹੈ। ਇਸ ਲਈ ਆਪਣੇ ਜੋਤਿ-ਸਰੂਪ ਹੋਣ ਨੂੰ ਅਨੁਭਵ ਕਰਨ ਦਾ ਆਦੇਸ਼ ਗੁਰਬਾਣੀ ਵਿਚ ਕੀਤਾ ਹੈ, ਆਪਣੇ ਮੂਲ ਨੂੰ ਪਛਾਣਨਾ ਮਨੁੱਖ ਦਾ ਆਦਰਸ਼ ਮੰਨਿਆ ਹੈ:

ਮਨ ਤੂੰ ਜੋਤਿ ਸਰੂਪੁ ਹੈ
ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ
ਗੁਰਮਤੀ ਰੰਗੁ ਮਾਣੁ॥ (ਪੰਨਾ 441 )

ਆਪਣੇ ਮੂਲ ਨੂੰ ਪਛਾਣਨ ਨਾਲ ਹੀ ਉਸ ਪਰਮਾਤਮਾ ਦਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਜਨਮ-ਮਰਨ ਦੀ ਸੋਝੀ ਹੁੰਦੀ ਹੈ। ਸਿੱਖ ਧਰਮ-ਚਿੰਤਨ ਅਨੁਸਾਰ ਇਲਹਾਮ ਪਰਮ-ਸਤਿ ਦੀ ਨੀਚੇ ਉਤਰਨ ਦੀ ਪ੍ਰਕਿਰਿਆ ਨਹੀਂ ਹੈ ਸਗੋਂ ਮਨੁੱਖੀ ਸੁਰਤਿ ਦਾ ਉਤਾਂਹ ਉਠਣਾ ਅਤੇ ਪਰਮਾਤਮ-ਸੁਰਤਿ ਨਾਲ ਇੱਕਸੁਰ ਹੋਣਾ ਹੈ। ਜਿਉਂ ਜਿਉਂ ਸੁਰਤਿ ਉਤੇ ਉਠਦੀ ਹੈ ਤਿਉਂ ਤਿਉਂ ਉਹ ਹੋਰ ਉਚੇ ਸਤਿ ਦਾ ਅਨੁਭਵ ਕਰਦੀ ਅਤੇ ਉਚਤਮ ਸਤਿ ਵਿਚ ਵਿਲੀਨ ਹੁੰਦੀ ਜਾਂਦੀ ਹੈ। ਇਸ ਦਾ ਵਿਸਤਾਰ ਜਪੁਜੀ ਵਿਚ 'ਕਿਵ ਸਚਿਆਰਾ ਹੋਈਐ' ਤੋਂ ਸ਼ੁਰੂ ਹੋ ਕੇ ਸੁਣਨ, ਮੰਨਣ ਅਤੇ ਏਕ ਧਿਆਨ ਦੇ ਮਾਰਗ ਤੋਂ ਹੁੰਦੇ ਹੋਏ ਖੰਡਾਂ ਦੀਆਂ ਪਉੜੀਆਂ ਰਾਹੀਂ ਸੱਚ ਖੰਡ ਦੇ ਪੱਧਰ 'ਤੇ ਪਹੁੰਚਦਿਆਂ ਗੁਰੂ ਨਾਨਕ ਦੇਵ ਨੇ ਸਪਸ਼ਟ ਕੀਤਾ ਹੋਇਆ ਹੈ।

ਜਾਪੁ ਸਾਹਿਬ ਵਿਚ ਦਸਮ ਪਾਤਿਸ਼ਾਹ ਨੇ ਅਕਾਲ ਪੁਰਖ, ਪਰਮ ਸਤਿ ਦੇ ਕਰਤਾਰੀ ਰੂਪ ਨੂੰ ਉਸ ਦੀ ਬੇਅੰਤਤਾ ਅਤੇ ਅਸੀਮਤਾ ਵਿਚ ਜਿਵੇਂ ਜਿਵੇਂ ਅਨੁਭਵ ਕੀਤਾ ਹੈ ਉਵੇਂ ਉਵੇਂ ਸ਼ਬਦ-ਰੂਪ ਵਿਚ ਉਸ ਦਾ ਪ੍ਰਕਾਸ਼ਨ ਕੀਤਾ ਹੈ। 'ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ' ਤੋਂ ਉਸ ਅਕਾਲ ਪੁਰਖ ਦਾ ਵਰਨਣ ਸ਼ੁਰੂ ਕਰਕੇ ਗੁਰੂ ਸਾਹਿਬ ਉਸ ਕਰਤਾ ਪੁਰਖ ਦੇ ਕਰਤਾਰੀ ਨਾਂਵਾਂ ਦਾ ਵਰਨਣ ਕਰਦੇ ਹਨ। ਜਿਉਂ ਜਿਉਂ ਉਸ ਦੇ ਕਰਤਾਰੀ ਨਾਂਵਾਂ ਦਾ ਜ਼ਿਕਰ ਅੱਗੇ ਵੱਧਦਾ ਹੈ ਤਿਉਂ ਤਿਉਂ ਸੁਰਤਿ ਉਸ ਦੀ ਅਸੀਮਤਾ, ਅਨੰਨਤਾ ਦੇ ਬਿਆਨ ਨਾਲ ਵਿਸਮਾਦੀ ਹੁੰਦੀ ਜਾਂਦੀ ਹੈ। ਗੁਰੂ ਨਾਨਕ ਦੀ ਸਥਾਪਤ ਕੀਤੀ ਸੰਗਤ ਦੀ ਸੁਰਤਿ ਉਨ੍ਹਾਂ ਦੇ ਉਤਰਾਧਿਕਾਰੀ ਗੁਰੂਆਂ ਦੀ ਚਰਨ-ਛੁਹ ਰਾਹੀਂ ਉਚੀਆਂ ਬੁਲੰਦੀਆਂ ਨੂੰ ਪਹੁੰਚਦੀ ਹੋਈ 'ਸਮਰਥ ਗੁਰੂ ਸਿਰਿ ਹਥੁ ਧਰ੍ਯਉ॥' ਦੇ ਕਥਨ ਅਨੁਸਾਰ ਜਾਪੁ ਸਾਹਿਬ ਵਿਚ ਵਰਨਣ ਕੀਤੇ ਅਕਾਲ ਪੁਰਖ ਦੇ ਕਰਤਾਰੀ ਅਨੁਭਵ ਸਮਝਣ ਅਤੇ ਖ਼ਾਲਸਈ ਤੇਜ ਗ੍ਰਹਿਣ ਕਰ ਸਕਣ ਦੀ ਸਮਰੱਥਾ ਹਾਸਲ ਕਰਨ ਦੇ ਯੋਗ ਹੋ ਜਾਂਦੀ ਹੈ। ਗੁਰਮਤਿ ਚਿੰਤਨ ਵਿਚ ਕਿਸੇ ਵੀ ਹਾਸਲ ਵਾਸਤੇ ਪੈਮਾਨਾ ਯੋਗਤਾ-ਮੂਲਕ ਰੱਖਿਆ ਗਿਆ ਹੈ। ਇਸੇ ਲਈ ਗੁਰਤਾ ਦਾ ਛੱਤਰ ਬਾਬਾ ਸ੍ਰੀ ਚੰਦ ਦੀ ਥਾਂ ਭਾਈ ਲਹਿਣੇ ਦੇ ਸਿਰ ਧਰਿਆ ਜਾਂਦਾ ਹੈ ਅਤੇ ਉਹ ਗੁਰੂ ਨਾਨਕ ਜੋਤਿ ਦੇ ਵਾਰਸ ਹੋ ਕੇ ਗੁਰੂ ਅੰਗਦ ਬਣਦੇ ਹਨ।

ਜਾਪੁ ਸਾਹਿਬ ਵਿਚ ਉਸ ਦੇ ਕਰਤਾਰੀ ਨਾਂਵਾਂ ਦਾ ਵਰਨਣ ਕਰਦਿਆਂ ਉਸ ਦੇ ਵਿਸਮਾਦੀ ਰੂਪ ਨੂੰ ਨਮੋ ਕੀਤਾ ਹੈ। ਉਹ ਗੁਣਾਂ ਦਾ ਸਮੂਹ ਅਤੇ ਦਾਤਾ ਹੈ ਜਿਸ ਦੀ ਮਹਿਮਾ ਬੇਅੰਤ ਹੈ, ਵਰਨਣ ਤੋਂ ਬਾਹਰ ਹੈ। ਉਸ ਦਾ ਸਿੰਘਾਸਨ ਸਦੀਵੀ ਹੈ, ਨਾਸ਼ ਰਹਿਤ ਹੈ। ਉਸ ਨਿਰਾਕਾਰ ਦੀ ਉਪਮਾ ਹੋ ਹੀ ਨਹੀਂ ਸਕਦੀ। ਉਸ ਦਾ ਪ੍ਰਕਾਸ਼ ਅਨੁਭਵ ਰਾਹੀਂ ਹੀ ਪ੍ਰਤੀਤ ਕੀਤਾ ਜਾ ਸਕਦਾ ਹੈ:

ਗੁਨ ਗਨ ਉਦਾਰ॥ ਮਹਿਮਾ ਅਪਾਰ॥
ਆਸਨ ਅਭੰਗ॥ ਉਪਮਾ ਅਨੰਗ॥(1/83)
ਅਨਭਉ ਪ੍ਰਕਾਸ਼॥ ਨਿਸ ਦਿਨ ਅਨਾਸ॥
ਆਜਾਨੁ ਬਾਹੁ॥ ਸਾਹਾਨ ਸਾਹੁ॥ (2/84)

ਉਹ ਸਦਾ ਰਹਿਣ ਵਾਲਾ, ਅਬਿਨਾਸ਼ੀ ਅਤੇ ਸ਼ਾਹਾਂ ਦਾ ਸ਼ਾਹ ਹੈ। ਉਹ ਰਾਜਿਆਂ ਦਾ ਵੀ ਰਾਜਾ ਹੈ ਅਤੇ ਸੂਰਜਾਂ ਦਾ ਸੂਰਜ ਭਾਵ ਸੂਰਜਾਂ ਨੂੰ ਵੀ ਪ੍ਰਕਾਸ਼ ਦੇਣ ਵਾਲਾ ਹੈ। ਇਸ ਦਾ ਅਰਥ ਇਹੀ ਬਣਦਾ ਹੈ ਕਿ ਇਹ ਸਾਰਾ ਸੰਸਾਰ ਉਸੇ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਹੈ। ਉਸ ਦੀ ਉਪਮਾ ਮਹਾਨ ਹੈ। ਉਹ ਉਚਿਆਂ ਤੋਂ ਉਚਾ ਅਤੇ ਸਰਬ ਦੇਵਾਂ ਦਾ ਦੇਵ ਭਾਵ ਸਭ ਤੋਂ ਸਿਰਮੌਰ ਹੈ। ਉਹ ਮਾਇਆ ਤੋਂ ਨਿਰਲੇਪ ਅਤੇ ਕਾਲ-ਵੰਡ ਤੋਂ ਉਤੇ ਹੈ। ਉਸ ਦਾ ਸਰੀਰ ਪੰਜ ਤੱਤਾਂ ਤੋਂ ਰਹਿਤ ਹੈ ਅਤੇ ਉਸ ਦਾ ਜਲਾਲ ਨਾਸ ਰਹਿਤ ਹੈ। ਉਹ ਅਪਰੰਪਾਰ ਅਤੇ ਅਸੀਮ ਹੈ ਜੋ ਮਿਣਤੀਆਂ ਵਿਚ ਨਹੀਂ ਆਉਂਦਾ, ਗੁਣਾਂ ਦਾ ਸਮੂਹ ਅਤੇ ਦਾਤਾ ਹੈ। ਮੁਨੀਆਂ ਦਾ ਸਮੂਹ ਉਸ ਅੱਗੇ ਨਤਮਸਤਕ ਹੈ। ਉਹ ਨਿਰਭੈ, ਕਾਮਨਾ-ਰਹਿਤ ਅਤੇ ਅਤਿਅੰਤ ਤੇਜ-ਪ੍ਰਕਾਸ਼ ਵਾਲਾ ਹੈ। ਉਸ ਦਾ ਕਰਮ, ਮਿਹਰ ਸੁਤੇਸਿੱਧ ਹੈ। ਉਸ ਦਾ ਧਰਮ ਜੋ ਸਾਰੇ ਵਿਆਪਕ ਹੈ, ਅਦਿੱਖ ਹੈ। ਉਹ ਧਰਤੀ ਦਾ ਪਾਲਕ, ਮੁਕਤੀ ਦਾਤਾ, ਦਿਆਲੂ, ਬੇਅੰਤ ਹੈ। ਉਸ ਦਾ ਕੋਈ ਨਾਮ ਨਹੀਂ ਹੈ ਭਾਵ ਉਹ ਨਾਮ ਰਹਿਤ ਅਤੇ ਕਾਮਨਾ ਰਹਿਤ ਸਿਰਜਣਹਾਰ ਵੀ ਹੈ ਅਤੇ ਹਰਤਾ ਵੀ ਹੈ:

ਗੁਬਿੰਦੇ॥ ਮੁਕੰਦੇ॥
ਉਦਾਰੇ॥ ਅਪਾਰੇ॥(1/90)
ਹਰੀਅੰ॥ ਕਰੀਅੰ॥
ਨਿਰਨਾਮੇ॥ ਅਕਾਮੇ॥ (2/91)

ਜਾਪੁ ਸਾਹਿਬ ਦਾ ਅਧਿਐਨ ਕਰਦਿਆਂ ਕਿਸੇ ਦੇ ਮਨ ਵਿਚ ਇਹ ਅਕਾਂਖਿਆ ਪੈਦਾ ਹੋ ਸਕਦੀ ਹੈ ਕਿ ਉਸ ਕਰਤਾ ਪੁਰਖ ਦੇ ਬਹੁਤ ਸਾਰੇ ਉਨ੍ਹਾਂ ਹੀ ਗੁਣਾਂ ਦਾ ਵਾਰ-ਵਾਰ ਕਿਉਂ ਜਾਪ ਕੀਤਾ ਹੈ ਜਾਂ ਜਾਪੁ ਸਾਹਿਬ ਵਿਚ ਉਨ੍ਹਾਂ ਹੀ ਪਰਮਾਤਮ-ਗੁਣਾਂ ਨੂੰ ਵਾਰ-ਵਾਰ ਦਸਦਿਆਂ ਨਮਸਕਾਰ ਕੀਤਾ ਹੈ। ਇਹ ਸ਼ੰਕਾ ਨਿਰਮੂਲ ਹੈ ਕਿਉਂਕਿ ਗੁਰਬਾਣੀ ਅਨੁਸਾਰ ਨਾਮ ਜਪਣਾ ਕੋਈ ਤੋਤੇ ਰਟਣੀ ਨਹੀਂ ਹੈ। ਉਸ ਦੇ ਜਿਹੋ ਜਿਹੇ ਗੁਣਾਂ ਦਾ ਮਨੁੱਖ ਵਾਰ-ਵਾਰ ਜਾਪ ਕਰਦਾ ਹੈ, ਉਹ ਗੁਣ ਉਸ ਦੇ ਵਿਅਕਤਿਤਵ ਦਾ ਹਿੱਸਾ ਬਣ ਜਾਂਦੇ ਹਨ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਨੇ ਆਦੇਸ਼ ਕੀਤਾ ਹੈ:

## ਗੁਰਮਤਿ ਚਿੰਤਨ

ਬਾਰੰ ਬਾਰ ਬਾਰ ਪ੍ਰਭੁ ਜਪੀਐ॥
ਪੀ ਅੰਮ੍ਰਿਤੁ
ਇਹੁ ਮਨੁ ਤਨੁ ਧ੍ਰਪੀਐ॥ (ਪੰਨਾ 286)

ਭਗਤ ਕਬੀਰ ਨੇ ਵੀ ਫੁਰਮਾਇਆ ਹੈ ਕਿ ਗੁਰੂ ਕੋਲ ਪਹੁੰਚ ਕਰਕੇ ਪਰਮਾਤਮਾ ਦਾ ਭੇਦ ਪਾਉ ਅਤੇ ਵਾਰ-ਵਾਰ ਉਸ ਦੇ ਗੁਣ ਗਾਉ:

ਬਾਰ ਬਾਰ ਹਰਿ ਕੇ ਗੁਨ ਗਾਵਉ॥
ਗੁਰ ਗਮਿ ਭੇਦੁ ਸੁ
ਹਰਿ ਕਾ ਪਾਵਉ॥1॥ਰਹਾਉ॥
(ਭਗਤ ਕਬੀਰ, ਪੰਨਾ 344)

ਗੁਰੂ ਅਰਜਨ ਦੇਵ ਨੇ ਪਰਮਾਤਮਾ ਦੇ ਪਵਿੱਤਰ ਨਾਮ ਨੂੰ ਨੀਰ ਵਾਂਗ ਕਿਹਾ ਹੈ, ਜਿਸ ਦਾ ਜੀਭ ਨਾਲ ਸਿਮਰਨ ਕਰਨ ਤੇ ਸਾਰੇ ਪਾਪ ਧੋਤੇ ਜਾਂਦੇ ਹਨ। ਉਹ ਸਾਰੇ ਜੀਵਾਂ ਅੰਦਰ ਨਿਵਾਸ ਕਰਦਾ ਹੈ ਅਤੇ ਹਰ ਇੱਕ ਸਰੀਰ ਵਿਚ ਉਸੇ ਦੀ ਜੋਤਿ ਦਾ ਚਾਨਣ ਹੈ। ਅੱਗੇ ਫੁਰਮਾਇਆ ਹੈ ਕਿ ਜਿਹੜੇ ਮਨੁੱਖ ਸਾਧ ਸੰਗਤ ਵਿਚ ਜਾ ਕੇ ਵਾਰ-ਵਾਰ ਉਸ ਦੇ ਗੁਣਾਂ ਦਾ ਗਾਇਨ ਕਰਦੇ ਹਨ ਗੁਰੂ ਨੂੰ ਮਿਲ ਕੇ ਉਹ ਵਸਤ ਪ੍ਰਾਪਤ ਕਰ ਲੈਂਦੇ ਹਨ ਜੋ ਇਨ੍ਹਾਂ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੈ:

ਨਾਮੁ ਨਿਰੰਜਨੁ ਨੀਰਿ ਨਰਾਇਣ॥
ਰਸਨਾ ਸਿਮਰਤ
ਪਾਪ ਬਿਲਾਇਣ॥1॥ਰਹਾਉ॥...
ਨਾਰਾਇਣ ਸਾਧ ਸੰਗਿ ਨਰਾਇਣ॥
ਬਾਰੰਬਾਰ ਨਰਾਇਣ ਗਾਇਣ॥
ਬਸਤੁ ਅਗੋਚਰ ਗੁਰ ਮਿਲਿ ਲਹੀ॥
ਨਾਰਾਇਣ ਓਟ
ਨਾਨਕ ਦਾਸ ਗਹੀ॥4॥17॥19॥
(ਪੰਨਾ 868 )

ਜਾਪੁ ਸਾਹਿਬ ਵਿਚ ਦਰਸਾਏ ਅਕਾਲ ਪੁਰਖ ਦੇ ਕਰਤਾਰੀ ਗੁਣਾਂ ਦਾ ਗਾਇਨ ਉਸ ਦੇ ਭਗਤ ਦੇ ਮਨ ਵਿਚ ਵਿਲੱਖਣ ਕਿਸਮ ਦੇ ਤੇਜ-ਪ੍ਰਕਾਸ਼ ਦਾ ਸੰਚਾਰ ਕਰਦਾ ਹੈ। ਜਦੋਂ ਉਸ ਨੂੰ ਚਾਰਾਂ ਚੱਕਾਂ ਵਿਚ ਕਰਨਹਾਰਾ, ਚਾਰਾਂ ਚੱਕਾਂ ਦਾ ਮਾਰਨ ਵਾਲਾ, ਚਾਰਾਂ ਚੱਕਾਂ ਦਾ ਸੂਝਵਾਨ ਅਤੇ ਜਨਣਹਾਰਾ, ਚਹੁੰ ਚੱਕਾਂ ਵਿਚ ਭਾਵ ਹਰ ਥਾਂ ਵਰਤਣਹਾਰਾ, ਰੋਜ਼ੀ ਦੇਣ ਵਾਲਾ, ਪਾਲਣਹਾਰਾ, ਮਾਰਨ ਵਾਲਾ, ਸਭ ਤੋਂ ਨਜ਼ਦੀਕ, ਹਰ ਥਾਂ ਨਿਵਾਸ ਕਰਨ ਵਾਲਾ, ਹਰ ਥਾਂ ਵਿਆਪਕ ਅਤੇ ਪੂਜਣਯੋਗ, ਦਾਨ ਦੇਣਹਾਰ ਦਾਤਾਰ ਮੰਨ ਕੇ ਉਸ ਦਾ ਧਿਆਨ ਧਰਦੇ ਹਾਂ ਤਾਂ ਹੋਰ ਕਿਸੇ ਸ਼ਕਤੀ ਦੀ, ਕਿਸੇ ਕਿਸਮ ਦੀ ਦੁਨਿਆਵੀ ਜਾਂ ਦੈਵੀ ਸ਼ਕਤੀ ਦੀ ਅਧੀਨਗੀ ਨੂੰ ਮੰਨਣ ਤੋਂ ਮਨ ਆਪਣੇ ਆਪ ਇਨਕਾਰੀ ਹੋ ਜਾਂਦਾ ਹੈ। ਨਾ ਕੋਈ ਉਸ ਦਾ ਸ਼ਤਰੂ ਹੈ ਅਤੇ ਨਾ ਹੀ ਕੋਈ ਉਸ ਦਾ ਮਿੱਤਰ ਹੈ ਭਾਵ ਉਸ ਲਈ ਸਭ ਬਰਾਬਰ ਹਨ। ਉਹ ਭਰਮ ਅਤੇ ਭੈ ਦੋਹਾਂ ਤੋਂ ਰਹਿਤ ਹੈ। ਉਹ ਨਿਰਾਕਾਰ, ਕਰਮ ਰਹਿਤ ਹੈ, ਜਨਮ ਨਹੀਂ ਲੈਂਦਾ। ਉਸ ਨੂੰ ਕਿਸੇ ਨੇ ਪੈਦਾ ਨਹੀਂ ਕੀਤਾ। ਇਥੇ ਮਨ ਵਿਚ ਸੋਚ ਆ ਸਕਦੀ ਹੈ ਕਿ ਇੱਕ ਪਾਸੇ ਉਸ ਨੂੰ ਚਹੁੰ ਚੱਕਾਂ ਵਿਚ ਕਰਤਾ ਕਿਹਾ ਹੈ ਪਰ ਦੂਜੇ ਪਾਸੇ ਉਸ ਨੂੰ ਕਰਮ ਤੋਂ ਰਹਿਤ ਕਿਹਾ ਹੈ। ਪਰ ਇਸ ਵਿਚ ਕੋਈ ਵਿਰੋਧਾਭਾਸ ਨਹੀਂ ਹੈ। ਉਹ ਕਰਤਾ ਪੁਰਖ ਹੋ ਕੇ ਵੀ ਕਰਮ ਰਹਿਤ ਹੈ ਕਿਉਂਕਿ ਉਹ ਆਮ ਮਨੁੱਖ ਨਹੀਂ ਹੈ ਅਤੇ ਨਾ ਹੀ ਮਨੁੱਖ ਦੀ ਤਰ੍ਹਾਂ ਕਰਮ ਕਰਦਾ ਹੈ। ਉਹ ਤਾਂ ਪਰਮਸਤਿ ਹੈ ਜੋ ਸਭ ਕੁੱਝ ਕਰਨਕਾਰਨ ਸਮਰੱਥ ਹੈ:

ਚੱਤ੍ਰ ਚੱਕ੍ਰ ਕਰਤਾ॥
ਚੱਤ੍ਰ ਚੱਕ੍ਰ ਹਰਤਾ॥
ਚੱਤ੍ਰ ਚੱਕ੍ਰ ਦਾਨੇ॥
ਚੱਤ੍ਰ ਚੱਕ੍ਰ ਜਾਨੇ॥1॥92
ਨ ਸਤ੍ਰੈ॥ ਨ ਮਿਤ੍ਰੈ॥
ਨ ਭਰਮੰ॥ ਨ ਭਿਤ੍ਰੈ॥1॥95

ਵੈਰ, ਵਿਰੋਧ, ਸ਼ਤਰੁਤਾ, ਮਿੱਤਰਤਾ, ਇਹ ਸਭ ਕਿਸੇ ਵੀ ਹਸਤੀ ਨੂੰ ਸੀਮਤ ਕਰਦੀਆਂ ਹਨ ਪਰ ਪਰਮ ਸਤਿ ਅਸੀਮ ਹੈ ਇਸ ਲਈ ਦੁਸ਼ਮਣੀ ਅਤੇ ਦੋਸਤੀ ਵਰਗੀਆਂ ਸੀਮਾਵਾਂ ਉਸ 'ਤੇ ਲਾਗੂ ਨਹੀਂ ਹੁੰਦੀਆਂ। ਉਹ ਸਾਰੀ ਰਚਨਾ ਦਾ ਆਪ ਕਾਰਨ ਅਤੇ ਕਰਤਾ ਹੈ ਇਸ ਕਰਕੇ ਉਸ ਦੀ ਸਾਰੀ ਰਚਨਾ ਉਸ ਲਈ ਬਰਾਬਰ ਹੈ। ਜੋ ਅਪਰੰਪਰ ਅਤੇ ਪਾਕ ਹੈ ਭਾਵ ਹਰ ਤਰ੍ਹਾਂ ਦੇ ਲੇਪ ਤੋਂ ਉਤੇ ਅਮੂਰਤ ਹੈ, ਧਰਤੀ ਦਾ ਮਾਲਕ, ਬਲਵਾਨ ਅਤੇ ਅਦ੍ਰਿਸ਼ਟ ਹੈ ਉਸ ਦਾ ਕੋਈ ਸਨੇਹੀ ਜਾਂ ਦੁਸ਼ਮਣ ਨਹੀਂ। ਉਸ ਅੱਗੇ ਵਾਰ-ਵਾਰ ਨਮੋ ਕੀਤੀ ਹੈ। ਨਮੋ ਰਾਹੀਂ ਹੀ ਉਸ ਦੇ ਗੁਣਾਂ ਦਾ ਗਾਇਨ ਕੀਤਾ ਜਾ ਸਕਦਾ ਹੈ ਅਤੇ ਗੁਰਮਤਿ ਅਨੁਸਾਰ ਉਸ ਦੇ ਗੁਣਾਂ ਦਾ ਗਾਇਨ ਕਰਕੇ, ਉਸ ਨੂੰ ਆਪਣੇ ਅੰਦਰ ਅਨੁਭਵ ਕੀਤਾ ਜਾ ਸਕਦਾ ਹੈ। ਨਾਸ-ਰਹਿਤ ਦੇਸ ਦੇ ਵਾਸੀ (ਉਸ ਦਾ ਸਥਾਨ ਸਦੀਵੀ ਹੈ), ਕਰਮਾਂ ਅਤੇ ਭਰਮਾਂ ਦੇ ਅਸਰ ਤੋਂ ਉਤੇ, ਸੰਸਾਰ ਤੋਂ ਨਿਆਰੇ ਅਤੇ ਨਿਰਲੇਪ, ਪਵਿੱਤਰ ਰੰਗ ਵਾਲੇ ਨੂੰ ਨਮਸਕਾਰ ਕੀਤੀ ਹੈ ਜਿਸ 'ਤੇ ਸੂਰਜ ਦੇ ਤੇਜ ਦਾ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਸੂਰਜ ਨੂੰ ਤੇਜ ਦੇਣ ਵਾਲਾ ਉਹ ਆਪ ਹੈ, ਸੰਸਾਰ ਦੇ ਹਰ ਤਰ੍ਹਾਂ ਦੇ ਐਸਵਰਯ ਨੂੰ ਸਥਾਪਤ ਕਰਨ ਵਾਲਾ ਉਹ ਆਪ ਹੈ। ਜੋ ਹਕੂਮਤਾਂ ਦੀ ਸ਼ਾਨ ਅਤੇ ਧਰਮ-ਧੁਜਾ ਹੈ। ਸੰਸਾਰ ਦੀ ਸ਼ੋਭਾ ਅਤੇ ਸ਼ਿੰਗਾਰ ਉਸੇ ਤੋਂ ਹੈ। ਉਹ ਜੋ ਸ਼ਾਹਾਂ ਦਾ ਸ਼ਾਹ ਹੈ, ਕਿਰਪਾ ਨਿਧਾਨ ਹੈ ਇਸ ਲਈ ਬਖ਼ਸ਼ਣਹਾਰ ਹੈ। ਜਗਤ ਦਾ ਸਿਰਜਣਹਾਰ, ਸ਼੍ਰੋਮਣੀ ਸੂਰਬੀਰ, ਮਹਾਨ ਸਰੂਪ, ਦੈਵੀ ਅਨੁਭਵ ਦਾ ਸੋਮਾ ਹੈ। ਉਹ ਅਮੂਰਤ, ਜੋ ਆਪਣੇ ਆਪ ਦੇ ਹੀ ਤਾਬੇ ਹੈ ਸਭ ਦਾ ਰਿਜ਼ਕ ਦਾਤਾ, ਮੁਕਤੀ ਦਾਤਾ ਅਤੇ ਬੰਦੀ ਛੋੜ, ਪਾਕ, ਪਵਿੱਤਰ ਹੈ:

ਕਿ ਰੋਜ਼ੀ ਰਜ਼ਾਕੈ॥ ਰਹੀਮੈ ਰਹਾਕੈ॥
ਕਿ ਪਾਕ ਬਿਐਬ ਹੈਂ॥
ਕਿ ਗੈਬੁਲ ਗ਼ੈਬ ਹੈਂ॥6॥104
ਕਿ ਅਫ਼ੂਅਲ ਗੁਨਾਹ ਹੈਂ॥
ਕਿ ਸ਼ਾਹਾਨ ਸ਼ਾਹ ਹੈਂ॥
ਕਿ ਕਾਰਨ ਕੁਨਿੰਦ ਹੈਂ॥
ਕਿ ਰੋਜ਼ੀ ਦਿਹਿੰਦ ਹੈਂ॥7॥105
ਕਿ ਰਾਜ਼ਕ ਰਹੀਮ ਹੈਂ॥
ਕਿ ਕਰਮੰ ਕਰੀਮ ਹੈਂ॥
ਕਿ ਸਰਬੰ ਕਲੀ ਹੈਂ॥
ਕਿ ਸਰਬੰ ਦਲੀ ਹੈਂ॥8॥106

ਗੁਰੂ ਅਰਜਨ ਦੇਵ ਫੁਰਮਾਉਂਦੇ ਹਨ ਕਿ ਉਸ ਪਾਲਣਹਾਰ ਦੀ ਸਿਫ਼ਤ-ਸਾਲਾਹ ਕਰੀਏ ਜਿਸ ਦੇ ਚੋਜ ਬੇਅੰਤ ਹਨ। ਚੰਗੀ ਮਤਿ ਇਹੀ ਹੈ ਕਿ ਉਸ ਦੀ ਅਰਾਧਨਾ ਸਦੀਵੀ ਕਰੀਏ। ਉਸ ਦਾ ਪ੍ਰੇਮ-ਪਿਆਰ ਮੱਥੇ 'ਤੇ ਲਿਖੇ ਚੰਗੇ ਭਾਗਾਂ ਨਾਲ ਮਿਲਦਾ ਹੈ:

ਪਰਵਦਗਾਰੁ ਸਾਲਾਹੀਐ
ਜਿਸ ਦੇ ਚਲਤ ਅਨੇਕ॥
ਸਦਾ ਸਦਾ ਆਰਾਧੀਐ
ਏਹਾ ਮਤਿ ਵਿਸੇਖ॥
ਮਨਿ ਤਨਿ ਮਿਠਾ ਤਿਸੁ ਲਗੈ
ਜਿਸੁ ਮਸਤਕਿ
ਨਾਨਕ ਲੇਖ॥4॥19॥89॥ (ਪੰਨਾ 49)

ਦਸਮ ਪਾਤਿਸ਼ਾਹ ਨੇ ਵੀ ਉਸ ਸਰਬਕਲਾ ਸਮਰੱਥ, ਆਦਿ ਪੁਰਖ ਨੂੰ ਨਮਸਕਾਰ ਕਰਨ ਦਾ, ਉਸ ਦੀ ਅਰਾਧਨਾ ਕਰਨ ਦਾ ਆਦੇਸ਼ ਕੀਤਾ ਹੈ ਜੋ ਸਭ ਦਾ ਸਾਜਣਹਾਰ ਹੈ। ਹੋਰ ਕਿਸੇ ਦੇਵੀ, ਦੇਵਤੇ ਜਾਂ ਅਵਤਾਰ ਨੂੰ ਮੰਨਣ ਦਾ ਆਦੇਸ਼ ਨਹੀਂ ਕੀਤਾ ਕਿਉਂਕਿ ਪਾਲਣਹਾਰ ਅਤੇ ਮਾਰਨਹਾਰ ਉਹੀ ਇੱਕ ਹੈ ਜੋ ਹਰ ਥਾਂ ਵਿਆਪਕ ਹੈ:

ਕਿ ਸਰਬਤ੍ਰ ਦੇਸੈ॥
ਕਿ ਸਰਬਤ੍ਰ ਭੇਸੈ॥
ਕਿ ਸਰਬਤ੍ਰ ਕਾਲੈ॥
ਕਿ ਸਰਬਤ੍ਰ ਭਾਲੈ॥12॥110

#

## ਸਿਆਣਿਆਂ ਦਾ ਕਿਹਾ

(1) ਜੇ ਸੱਚ ਤੇ ਸੱਚੇ ਆਚਾਰ ਵੱਲ ਰੁਖ ਹੀ ਨਹੀਂ ਤਾਂ ਕੇਵਲ ਪ੍ਰਤੀਕ ਵਜੋਂ ਕਰਦ ਰੂਪੀ ਪਾਈਆਂ ਕ੍ਰਿਪਾਨਾਂ ਕਿਸ ਕੰਮ ਹਨ?

(2) ਜੇ ਅਸੀਂ ਸੱਚ ਨੂੰ ਸੱਚ ਕਹਿ ਰਹੇ ਤੇ ਉਸ ਉਪਰ ਪਹਿਰਾ ਦੇ ਰਹੇ ਹਾਂ ਤਾਂ ਮਾਨੋ ਗੁਰੂ ਦੀ ਬਖ਼ਸ਼ੀ ਕ੍ਰਿਪਾਨ ਚਲ ਰਹੀ ਹੈ।

(3) ਕਿਤਾਬਾਂ ਸਾੜਨ ਨਾਲ, ਸ਼ਬਦ ਨਹੀਂ ਸੜਦੇ, ਸ਼ਬਦ ਨਹੀਂ ਮਰਦੇ।

(4) ਉਧਾਰ ਉਹ ਮਹਿਮਾਨ ਹੈ ਜਿਹੜਾ ਇੱਕ ਵਾਰ ਆ ਕੇ ਕਦੇ ਜਾਣ ਦਾ ਨਾਂ ਨਹੀਂ ਲੈਂਦਾ।

(5) ਆਦਮੀ ਦੀ ਸੁੰਦਰਤਾ ਉਸ ਦੀ ਨਿਮਰਤਾ ਹੈ।

(6) ਮਹਿਮਾਨ ਦੇ ਸਤਿਕਾਰ ਨਾਲ ਵਡਿਆਈ ਮਿਲਦੀ ਹੈ।

(7) ਦਾਨ ਔਕੜਾਂ ਨੂੰ ਖਾ ਜਾਂਦਾ ਹੈ। ਚਿੰਤਾ ਉਮਰ ਨੂੰ ਖਾ ਜਾਂਦੀ ਹੈ। ਗੁੱਸਾ ਸਿਆਣਪ ਨੂੰ ਪੀ ਜਾਂਦਾ ਹੈ। ਇਨਸਾਫ ਜ਼ੁਲਮ ਨੂੰ ਪੀ ਜਾਂਦਾ ਹੈ। ਰਿਸ਼ਵਤ ਇਨਸਾਫ ਨੂੰ ਖਾ ਜਾਂਦੀ ਹੈ। ਹੰਕਾਰ ਗਿਆਨ ਨੂੰ ਖਾ ਜਾਂਦਾ ਹੈ। ਝੂਠ ਧਨ ਨੂੰ ਖਾ ਜਾਂਦਾ ਹੈ। ਘਰ ਦੀ ਫੁੱਟ ਜਗਤ ਦੀ ਲੁੱਟ। ਦਾਨ ਦੇਣ ਨਾਲ ਧਨ ਵਿਚ ਕਮੀ ਨਹੀਂ ਆਉਂਦੀ।

(8) ਸਭ ਤੋਂ ਚੰਗਾ ਨਸ਼ਾ ਜਨਤਾ ਦੀ ਸੇਵਾ ਹੈ। ਸਭ ਤੋਂ ਚੰਗਾ ਦਾਨ ਖਿਮਾ ਕਰ ਦੇਣਾ ਹੈ।

(9) ਪਛਤਾਵਾ ਪਾਪ ਨੂੰ ਧੋ ਦਿੰਦਾ ਹੈ। ਨਿੰਦਿਆ ਨਾਲ ਸ਼ੁਭ ਕਰਮ ਨਸ਼ਟ ਹੋ ਜਾਂਦੇ ਹਨ।

(10) ਨੇਕੀ ਬੁਰਾਈ ਨੂੰ ਖਾ ਜਾਂਦੀ ਹੈ। ਗਿਆਨ ਤੋਂ ਵੱਧ ਕੀਮਤੀ ਕੋਈ ਦੌਲਤ ਨਹੀਂ।

(11) ਇਹ ਤਿੰਨੇ ਸਦਾ ਦਿਲ ਵਿਚ ਰੱਖੋ-ਦਿਆ, ਨਿਮਰਤਾ, ਖਿਮਾ। ਇਹ ਤਿੰਨੇ ਮਨੁੱਖ ਨੂੰ ਜ਼ਲੀਲ ਕਰਦੀਆਂ ਹਨ-ਚੋਰੀ, ਚੁਗਲੀ, ਝੂਠ। ਇਹ ਤਿੰਨੇ ਹਰ ਇਕ ਨੂੰ ਪਿਆਰੀਆਂ ਹਨ-ਔਰਤ, ਦੌਲਤ, ਔਲਾਦ। ਇਹ ਤਿੰਨੇ ਗਮ ਵਿਚ ਘਿਰੇ ਰਹਿੰਦੇ ਹਨ-ਈਰਖਾਲੂ, ਨਿੰਕਮੇ, ਵਹਿਮੀ।

(12) ਇਸ ਤਰ੍ਹਾਂ ਨਾ ਕਮਾਓ ਕਿ ਪਾਪ ਹੋ ਜਾਵੇ। ਇਸ ਤਰ੍ਹਾਂ ਨਾ ਖਰਚੋ ਕਿ ਕਰਜ਼ਾ ਹੋ ਜਾਵੇ। ਇਸ ਤਰ੍ਹਾਂ ਨਾ ਖਾਓ ਕਿ ਮਰਜ਼ ਹੋ ਜਾਵੇ। ਇਸ ਤਰ੍ਹਾਂ ਨਾ ਬੋਲੋ ਕਿ ਕਲੇਸ਼ ਹੋ ਜਾਵੇ। ਇਸ ਤਰ੍ਹਾਂ ਨਾ ਚਲੋ ਕਿ ਦੇਰ ਹੋ ਜਾਵੇ। ਇਸ ਤਰ੍ਹਾਂ ਨਾ ਸੋਚੋ ਕਿ ਚਿੰਤਾ ਹੋ ਜਾਵੇ।

(13) ਦੁਨੀਆਂ ਦਾ ਸਭ ਤੋਂ ਵੱਡਾ ਗਹਿਣਾ ਤੁਹਾਡੀ ਆਪਣੀ ਮਿਹਨਤ ਹੈ।

(14) ਜੋ ਹੱਥ ਸੇਵਾ ਲਈ ਉਠਦੇ ਹਨ, ਉਹ ਪ੍ਰਾਰਥਨਾ ਕਰਨ ਵਾਲੇ ਬੁੱਲਾਂ ਨਾਲੋਂ ਜ਼ਿਆਦਾ ਪਵਿੱਤਰ ਹਨ।

(15) ਸਵਾਰਥ ਵਿਚ ਚੰਗਿਆਈਆਂ ਇਸ ਤਰ੍ਹਾਂ ਗੁਆਚ ਜਾਂਦੀਆਂ ਹਨ, ਜਿਵੇਂ ਸਮੁੰਦਰ ਵਿਚ ਨਦੀਆਂ।

(16) ਪਿਤਾ ਦੀਆਂ ਅੱਖਾਂ ਵਿਚ ਕੀ ਹੈ-ਫਰਜ਼। ਮਾਂ ਦੀਆਂ ਅੱਖਾਂ ਵਿਚ ਕੀ ਹੈ-ਮਮਤਾ। ਦੀਆਂ ਅੱਖਾਂ ਵਿਚ ਕੀ ਹੈ-ਪਿਆਰ। ਭੈਣ ਦੀਆਂ ਅੱਖਾਂ ਵਿਚ ਕੀ ਹੈ-ਸਨੇਹ।

(17) ਅਮੀਰ ਦੀਆਂ ਅੱਖਾਂ ਵਿਚ ਕੀ ਹੈ-ਘਮੰਡ। ਗਰੀਬ ਦੀਆਂ ਅੱਖਾਂ ਵਿਚ ਕੀ ਹੈ-ਆਸ਼ਾ।

(18) ਮਿੱਤਰ ਦੀਆਂ ਅੱਖਾਂ ਵਿਚ ਕੀ ਹੈ-ਸਹਿਯੋਗ। ਦੁਸ਼ਮਣ ਦੀਆਂ ਅੱਖਾਂ ਵਿਚ ਕੀ ਹੈ-ਬਦਲਾ। ਸੱਜਣ ਦੀਆਂ ਅੱਖਾਂ ਵਿਚ ਕੀ ਹੈ-ਦਇਆ। ਚੇਲੇ ਦੀਆਂ ਅੱਖਾਂ ਵਿਚ ਕੀ ਹੈ-ਆਦਰ।

(19) ਜਿੱਤਣ ਲਈ ਕੋਈ ਚੀਜ਼ ਹੈ, ਤਾਂ ਉਹ ਹੈ ਪ੍ਰੇਮ। ਪੀਣ ਲਈ ਕੋਈ ਚੀਜ਼ ਹੈ, ਤਾਂ ਉਹ ਹੈ ਗੁੱਸਾ। ਲਈ ਕੋਈ ਚੀਜ਼ ਹੈ, ਤਾਂ ਉਹ ਹੈ ਗਮ। ਦੇਣ ਲਈ ਕੋਈ ਚੀਜ਼ ਹੈ, ਤਾਂ ਉਹ ਹੈ ਦਾਨ। ਦਿਖਾਉਣ ਲਈ ਕੋਈ ਚੀਜ਼ ਹੈ, ਤਾਂ ਉਹ ਹੈ ਦਇਆ।

(20) ਲੈਣ ਲਈ ਕੋਈ ਚੀਜ਼ ਹੈ, ਤਾਂ ਉਹ ਹੈ ਗਿਆਨ। ਕਹਿਣ ਲਈ ਕੋਈ ਚੀਜ਼ ਹੈ, ਤਾਂ ਉਹ ਹੈ ਸੱਚ। ਰੱਖਣ ਲਈ ਕੋਈ ਚੀਜ਼ ਹੈ, ਤਾਂ ਉਹ ਹੈ ਇੱਜ਼ਤ। ਸੁੱਟਣ ਲਈ ਕੋਈ ਚੀਜ਼ ਹੈ, ਤਾਂ ਉਹ ਹੈ ਈਰਖਾ। ਛੱਡਣ ਲਈ ਕੋਈ ਚੀਜ਼ ਹੈ, ਤਾਂ ਉਹ ਹੈ ਮੋਹ।

(21) ਧਨ ਨਾਲ ਕਿਤਾਬ ਮਿਲਦੀ ਹੈ ਪਰ ਗਿਆਨ ਨਹੀਂ। ਧਨ ਨਾਲ ਜੇਵਰ ਮਿਲਦਾ ਹੈ ਪਰ ਰੂਪ ਨਹੀਂ। ਧਨ ਨਾਲ ਸੁੱਖ ਮਿਲਦਾ ਹੈ ਪਰ ਆਨੰਦ ਨਹੀਂ। ਧਨ ਨਾਲ ਸਾਥੀ ਮਿਲਦੇ ਹਨ ਪਰ ਸੱਚੇ ਮਿੱਤਰ ਨਹੀਂ। ਧਨ ਨਾਲ ਭੋਜਨ ਮਿਲਦਾ ਹੈ ਪਰ ਭੁੱਖ ਨਹੀਂ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN # 978-0-9781624-9-8

ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਮੱਖੀ ਅੱਖੀਂ ਦੇਖ ਕੇ ਖਾਧੀ ਤਾਂ ਨਹੀਂ ਜਾਂਦੀ ਪਰ...

*ਕਈ ਵਾਰ ਮਾਂ ਗਲ ਨਾਲ ਲਾ ਕੇ ਕਹਿੰਦੀ ਐ, "ਮੇਰਾ ਪੁੱਤ ਚੰਨ ਵਰਗੈ।" ਤੇ ਪੁੱਤ ਉਹ ਚੰਨ ਚੜ੍ਹਾਉਂਦੈ, ਜਿਹੜਾ ਹੋਰ ਕਿਸੇ ਨੇ ਕਦੇ ਚੜ੍ਹਾਇਆ ਹੀ ਨਹੀਂ ਹੁੰਦਾ। ਜਿਨ੍ਹਾਂ ਦੇ ਨੈਣੀਂ ਨੀਂਦ ਨਾ ਹੋਵੇ, ਵਿਯੋਗ ਹੂਰੇ ਮਾਰ-ਮਾਰ ਕੇ ਵੱਖੀਆਂ ਭੰਨੇ, ਉਹੀ ਸਵੇਰ ਨੂੰ ਕਹਿੰਦੇ ਨੇ 'ਸਾਰੀ ਰਾਤ ਤਾਰੇ ਗਿਣ-ਗਿਣ ਕੇ ਲੰਘਾਈ ਹੈ।' ਬਹੁਤੇ ਲੋਕ ਅਜਿਹੇ ਮਿਲਣਗੇ ਜਿਨ੍ਹਾਂ ਦਾ ਦਿਮਾਗ 'ਤੇ ਕਾਬੂ ਹੋਣ ਕਰਕੇ ਗੁੱਸਾ ਤਾਂ ਗੋਡਿਆਂ ਹੇਠ ਹੁੰਦੈ ਪਰ ਜੀਭ ਗਿੱਠ ਭਰ ਬਾਹਰ ਨੂੰ ਲਮਕ ਰਹੀ ਹੁੰਦੀ ਹੈ। ਇਹ ਕਿਸੇ ਬਰਾਤ 'ਚ ਗਏ ਹੋਣ, ਖਾਣ-ਪੀਣ ਦੇ ਸਮਾਗਮ 'ਤੇ ਗਏ ਹੋਣ, ਐਂ ਸੋਚਦੇ ਨੇ-ਸਾਰਾ ਕੁਝ ਇਕੋ ਵੇਲੇ ਅੰਦਰ ਸੁੱਟ ਲਈਏ। ਇਨ੍ਹਾਂ ਦੀ ਨੱਕੋ-ਨੱਕ ਭਰੀ ਥਾਲੀ ਜਾਂ ਪਲੇਟ ਵੇਖ ਕੇ ਕੋਲ ਖੜ੍ਹਾ ਬੰਦਾ ਖਾਣ ਤੋਂ ਹੀ ਸ਼ਰਮ ਕਰਨ ਲੱਗ ਪੈਂਦੈ। ਅਸਲ ਵਿਚ, ਇਨ੍ਹਾਂ ਨੇ ਖਾਣੇ ਦੀ ਰੱਜ ਕੇ ਬੇਇੱਜ਼ਤੀ ਕਰਨੀ ਹੁੰਦੀ ਐ। ਜਦੋਂ ਦੀ ਸ਼ੂਗਰ ਦੀ ਬਿਮਾਰੀ ਬੋਲੀਆਂ ਪਾਉਣ ਲੱਗੀ ਐ, ਵਿਆਹਾਂ ਸ਼ਾਦੀਆਂ 'ਤੇ ਘੀ-ਖੰਡ ਜਾਂ ਲੱਡੂ-ਜਲੇਬੀ ਹੱਥ ਹੀ ਖੜ੍ਹੇ ਕਰ ਗਏ ਹਨ। ਲੂਣ ਮਿਰਚ ਦੀ ਸਰਦਾਰੀ ਹੁੰਦੀ ਜਾ ਰਹੀ ਹੈ। ਸ਼ੂਗਰ ਦੇ ਮਰੀਜ਼ ਨੂੰ ਕਿਸੇ ਦੇਸੀ ਹਕੀਮ ਨੇ ਜਦੋਂ ਜੜੀਆਂ-ਬੂਟੀਆਂ 'ਚ ਸ਼ਹਿਦ ਦੀ ਸ਼ੀਸ਼ੀ ਪਾਉਣ ਲਈ ਕਿਹਾ ਤਾਂ ਉਹ ਉਬਲ ਗਿਆ, "ਮਿੱਠੇ ਨੇ ਹੀ ਤਾਂ ਸਾਰੇ ਪੁਆੜੇ ਪਾਏ ਨੇ।" ਹਕੀਮ ਵੀ ਫਿਰ ਉਸੇ ਭਾਅ ਬੋਲਿਆ, "ਅਕਲ ਦਿਆ ਅੰਨ੍ਹਿਆ। ਖੰਨੇ ਅਤੇ ਜਗਾਧਰੀ 'ਚ ਫਰਕ ਬਹੁਤ ਐ।" ਜਦੋਂ ਦੀ ਪਿੰਡਾਂ ਦੀਆਂ ਭੱਠੀਆਂ 'ਤੇ ਸ਼ਹਿਦ 'ਚੋਂ ਸ਼ਰਾਬ ਨਿਕਲਣ ਲੱਗੀ ਹੈ, ਮੱਖੀਆਂ ਪਿੱਟਣ ਲੱਗ ਪਈਆਂ ਹਨ। ਵਾਹ! ਸ਼ੇਰਾ ਵਾਹ! ਸ਼ਹਿਦ ਨਾਲ ਮੂੰਹ ਭਰੀ ਆਉਂਦੀ ਮਧੂ ਮੱਖੀ, ਕਿਸੇ ਘਰ 'ਚੋਂ ਨਿਕਲੀ ਮੱਖੀ ਨਾਲ ਟ੍ਰੇਨ ਵਾਂਗ ਜਾ ਟਕਰਾਈ ਤਾਂ ਇਕ ਬੋਲੀ, "ਗੰਦ ਖਾਣੀਏ ਦੀਹਦਾ ਨ੍ਹੀਂ?" ਦੂਜੀ ਬੋਲੀ, "ਸ਼ਹਿਦ ਨਾਲ ਹੰਕਾਰੀਏ, ਗੰਦ ਪਾਇਆ ਕੀਹਨੇ ਐ? ਬੰਦੇ ਗੰਦ ਖਿਲਾਰ ਕੇ ਉਲਾਂਭੇ ਸਾਨੂੰ ਦੇਂਦੇ ਆ।" ਰੰਗ ਅਸਲ ਵਿਚ ਤਸਵੀਰਾਂ ਨੂੰ ਜ਼ੁਬਾਨ ਦੇ ਜਾਂਦੇ ਨੇ। ਬੰਦਾ ਬੁੱਢਾ ਹੋ ਕੇ ਹੀ ਸੋਚਦੈ ਕਿ ਅਕਲ ਗਹਿਣੇ ਕਾਹਨੂੰ ਰੱਖੀ ਸੀ ਪਰ ਇਨ੍ਹਾਂ ਬੇਜ਼ੁਬਾਨਾਂ ਦੀ ਦੰਦ ਕਥਾ ਤਾਂ ਸੁਣੋ।...*

ਮਨੁੱਖ ਦੀ ਤਾਕਤ 'ਤੇ ਸਵਾਲੀਆ ਨਿਸ਼ਾਨ ਲੱਗਾ ਹੋਇਆ ਹੈ ਕਿ ਮੱਖੀ ਜਦੋਂ ਡੰਗ ਮਾਰਦੀ ਹੈ, ਬੰਦਾ ਸਾਰੇ ਦਾ ਸਾਰਾ ਕੰਬਣ ਲੱਗ ਪੈਂਦੈ। ਕਈ ਵਾਰ ਸੱਪ ਦੇ ਡੰਗ ਤੋਂ ਬਚਿਆ ਜਾ ਸਕਦੈ, ਗੋਲੀ ਦਾ ਨਿਸ਼ਾਨ ਉਕ ਸਕਦੈ, ਪਰ ਕਈ ਭ੍ਰਿੰਡਾਂ ਪਾਣੀ ਨ੍ਹੀਂ ਅੰਦਰ ਲੰਘਣ ਦਿੰਦੀਆਂ। ਕਿਸੇ ਸਕੂਟਰ ਸਵਾਰ ਦੇ ਜਦੋਂ ਜੀਭ 'ਤੇ ਭ੍ਰਿੰਡ ਨੇ ਵਸਾਹ ਕੇ ਡੰਗ ਮਾਰਿਆ ਤਾਂ ਘੰਡ ਤੇ ਸਾਹਰਗ, ਦੋਵੇਂ ਘੁੱਟੇ ਗਏ। ਜਾਨ ਨਿਕਲਣ ਨੂੰ ਪਲ ਨ੍ਹੀਂ ਲੱਗਾ। ਜ਼ਿੰਦਗੀ ਦੀ ਹੋਲੀ ਵਿਚ ਮਨੁੱਖ, ਮਨੁੱਖ ਨਾਲ ਹੀ ਨਹੀਂ; ਪਸ਼ੂਆਂ, ਪੰਛੀਆਂ ਜਾਨਵਰਾਂ ਤੇ ਮੱਖੀਆਂ, ਮੱਛਰਾਂ ਨਾਲ ਵੀ ਖੇਡਦਾ ਆਇਆ ਹੈ। ਕਈ ਜਾਨਵਰ ਤਾਂ ਮਰੇ ਹੋਏ ਮਨੁੱਖ ਦਾ ਮਾਸ ਚਰੂੰਡਦੇ ਦੇਖੇ ਹੋਣਗੇ, ਜਾਂ ਕਈ ਲਾਸ਼ਾਂ ਕਾਢਿਆਂ ਤੇ ਕੀੜੀਆਂ ਦਾ ਭੌਣ ਬਣੀਆਂ ਦੇਖੀਆਂ ਹੋਣਗੀਆਂ, ਪਰ ਇਹ ਮਨੁੱਖ ਹੀ ਹੈ ਜਿਹੜਾ ਜਾਨਵਰਾਂ ਨੂੰ ਮਾਰ ਕੇ ਖਾਣ ਤੋਂ ਬਾਜ਼ ਨਹੀਂ ਆ ਰਿਹਾ। ਆਪਣੇ ਮੁਲਕ ਵਿਚ ਜਦੋਂ ਗਰਮੀਆਂ ਆਉਂਦੀਆਂ ਹਨ ਤਾਂ ਮੱਖੀਆਂ ਤੇ ਮੱਛਰਾਂ ਦੇ ਵੀ ਫੱਰਾਟੇ ਪੈਂਦੇ ਹਨ। ਅਸਲ ਵਿਚ ਮੱਖੀ ਮਨੁੱਖ ਦਾ ਖਹਿੜਾ ਨਹੀਂ ਛੱਡ ਰਹੀ। ਇਸੇ ਕਰਕੇ ਮਨੁੱਖ ਨਾਲ ਬੜੀਆਂ ਅੱਲਾਂ ਪਈਆਂ ਹੋਈਆਂ ਹਨ ਕਿ ਫਲਾਣਾ ਨੱਕ 'ਤੇ ਮੱਖੀ ਨਹੀਂ ਬਹਿਣ ਦਿੰਦਾ। ਸਾਲਾ, ਮਰੀਓ ਮੱਖੀ ਨ੍ਹੀਂ ਛੱਡਦਾ। ਸਿਰੇ ਦੇ ਸੂਮ ਬਾਰੇ ਆਮ ਕਿਹਾ ਜਾਂਦੈ ਕਿ ਇਕ ਬੰਦੇ ਦੇ ਚਾਹ ਦੇ ਕੱਪ 'ਚ ਮੱਖੀ ਡਿੱਗ ਪਈ। ਦੂਜੇ ਨੇ ਕਿਹਾ, "ਚਾਹ ਸੁੱਟ ਦੇ ਪਰ੍ਹਾਂ।" ਚਾਹ ਤਾਂ ਕੀ ਸੁੱਟਣੀ ਸੀ, ਉਹਨੇ ਮੱਖੀ ਮੂੰਹ 'ਚ ਚੂਸ ਕੇ ਪਰ੍ਹਾਂ ਮਾਰੀ, ਤੇ ਚਾਹ ਦਾ ਘੁੱਟ ਭਰਦਿਆਂ ਕਹਿਣ ਲੱਗਾ, "ਸਾਲੀ 'ਚ ਕਿਤੇ ਹੱਡ ਸਨ?"

ਅਸਲ ਵਿਚ ਮੱਖੀਆਂ ਗੰਦਗੀ ਖਿਲਾਰਨ ਤੇ ਬਿਮਾਰੀਆਂ ਪਸਾਰਨ ਦਾ ਜ਼ਰੀਆ ਹਨ। ਇਸੇ ਲਈ ਸਾਫ਼-ਸੁਥਰਾ ਮਨੁੱਖ ਇਨ੍ਹਾਂ ਨਾਲ ਨਫ਼ਰਤ ਕਰਦਾ ਹੈ। ਕਈ ਮਨੁੱਖ ਮੱਖੀ ਵਾਂਗ ਮਗਰੋਂ ਨ੍ਹੀਂ ਲਹਿੰਦੇ। ਕਈ ਮੱਖੀਆਂ ਵਾਂਗ ਹਾਜ਼ਰ ਹੁੰਦੇ ਹਨ। ਕਈ ਵਾਰ ਪਰਦੇ ਨਾਲ ਕੁਝ ਖਾਣਾ ਹੋਵੇ ਤਾਂ ਅਣਚਾਹੇ ਮਹਿਮਾਨ ਘੁਸ ਆਉਣ ਤਾਂ ਸਹਿਜ-ਸੁਭਾਅ ਮੂੰਹੋਂ ਨਿਕਲ ਜਾਂਦੈ, "ਮੱਖੀਆਂ ਬੜੀਆਂ ਨੇ, ਹੋਰ ਕਿਤੇ ਚਲਦੇ ਆਂ।" ਜੀਵ ਵਿਗਿਆਨ ਅਨੁਸਾਰ ਦੁਨੀਆਂ ਵਿਚ ਬਾਰਾਂ ਸੌ ਤੋਂ ਵੱਧ ਕਿਸਮ ਦੀਆਂ ਮੱਖੀਆਂ ਹਨ ਜਿਨ੍ਹਾਂ ਵਿਚ ਸਿਰਫ਼ ਘਰਾਂ 'ਚ ਘੁੰਮਣ ਵਾਲੀਆਂ ਗੰਦਗੀ 'ਤੇ ਬਹਿਣ ਵਾਲੀਆਂ ਮੱਖੀਆਂ ਦੀ ਕਿਸਮ ਸਿਰਫ਼ ਇਕੋ ਹੈ। ਪੰਜਾਹ ਫੀਸਦੀ ਮੱਖੀਆਂ ਜ਼ਹਿਰੀਲੀਆਂ ਹਨ। ਕਈ ਜੰਗਲੀ ਮੱਖੀਆਂ ਹਾਥੀ ਦੀ ਦੁਸ਼ਮਣ ਕੀੜੀ ਵਰਗੀਆਂ ਹਨ। ਭ੍ਰਿੰਡਾਂ, ਦਦੱਈਏ, ਡੂਮਣੇ ਦੀਆਂ ਮੱਖੀਆਂ ਵਧੇਰੇ ਕਰਕੇ ਜ਼ਹਿਰੀ ਹਨ। ਭ੍ਰਿੰਡਾਂ ਨੂੰ ਛੱਡ ਕੇ ਬਾਕੀ ਮਨੁੱਖ 'ਤੇ ਪਹਿਲਾਂ ਹਮਲਾ ਨਹੀਂ ਕਰਦੀਆਂ। ਡੂਮਣੇ ਵਾਲੀਆਂ ਮੱਖੀਆਂ ਸ਼ਹਿਦ ਚੋਰੀ ਕਰਨ ਦਾ ਬਦਲਾ ਲੈਣ ਦੀ ਸੋਚ ਨਾਲ ਹੀ



ਬੰਦੇ ਨੂੰ ਡੰਗਾਂ ਨਾਲ ਪਰੁੰਨ ਸੁੱਟਦੀਆਂ ਹਨ। ਜਦੋਂ ਬੰਦਾ ਰੱਤੀ-ਰੱਤੀ ਕਰਕੇ ਫੁੱਲ ਚੂਸ ਕੇ 'ਕੱਠਾ ਕੀਤਾ ਸ਼ਹਿਦ ਬਾਲਟੀਆਂ ਭਰ ਕੇ ਤੁਰਦਾ ਹੈ ਤਾਂ ਉਨ੍ਹਾਂ ਦੀ ਹਾਲਤ ਉਹੋ ਹੀ ਹੁੰਦੀ ਹੈ ਜਿਵੇਂ ਭਾਰਤ ਹੱਥੋਂ ਕਸ਼ਮੀਰ ਖੁੱਸ ਗਿਆ ਹੋਵੇ! ਬਿੱਲੇ ਡੂਮਣੇ ਦੀ ਅੱਖ ਕਿਤੇ ਮਾਈਕਰੋਸਕੋਪ ਨਾਲ ਦੇਖਿਓ, ਗੋਰੀਆਂ ਮੇਮਾਂ ਨਾਲੋਂ ਵੀ ਕਿਤੇ ਵੱਧ ਬਿੱਲੀਆਂ ਹੁੰਦੀਆਂ ਹਨ ਇਹ ਅੱਖਾਂ। ਇਨ੍ਹਾਂ ਮੱਖੀਆਂ ਦਾ ਸ਼ਹਿਦ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ ਪਰ ਇਹ ਹਮਲਾ ਵੀ ਕਾਰਗਿਲ ਵਾਂਗ ਕਰਦਾ ਹੈ। ਮੱਖੀਆਂ ਸਿਰਫ਼ ਮੱਖੀਆਂ ਹੀ ਨਹੀਂ ਹਨ, ਇਨ੍ਹਾਂ ਦੀ ਦੁਨੀਆਂ ਬੜੀ ਵਿਚਿੱਤਰ ਹੈ, ਰੰਗਲੀ ਹੈ। ਸ਼ਹਿਦ ਦੀਆਂ ਮੱਖੀਆਂ ਦਾ ਆਪਣਾ ਪ੍ਰਸ਼ਾਸਨ ਅਤੇ ਸਰਕਾਰ ਹੁੰਦੀ ਹੈ। ਚਲੋ ਆਪਾਂ ਮੱਖੀਆਂ ਦੇ ਸੁਹਾਵਣੇ ਸੰਸਾਰ ਅਤੇ ਜੀਵਨ ਸੰਸਕ੍ਰਿਤੀ ਵਿਚ ਘੁਸ-ਪੈਠ ਕਰਕੇ ਵੇਖਦੇ ਹਾਂ:

ਮੱਖੀਆਂ ਗੰਦਗੀ 'ਚੋਂ ਪੈਦਾ ਹੁੰਦੀਆਂ ਹਨ। ਇਸ ਲਈ ਇਹ ਗੰਦ ਖਾਣਾ, ਅਤੇ ਗੰਦਗੀ 'ਤੇ ਬੈਠਣਾ ਪਸੰਦ ਕਰਦੀਆਂ ਹਨ। ਇਹ ਗਰਮੀਆਂ ਸ਼ੁਰੂ ਹੁੰਦਿਆਂ ਹੀ ਪ੍ਰਾਹੁਣੀਆਂ ਬਣ ਕੇ ਆਉਂਦੀਆਂ ਹਨ। ਚਾਰ ਕੁ ਮਹੀਨੇ ਭੀਂ-ਭੀਂ ਕਰਕੇ ਪ੍ਰਲੋਕ ਸਿਧਾਰ ਜਾਂਦੀਆਂ ਹਨ। ਇਨ੍ਹਾਂ ਨੂੰ ਸਰਦੀ ਰੁੱਤ ਪਸੰਦ ਨਹੀਂ। ਘਰਾਂ ਵਿਚ ਉਡਾਰੀਆਂ ਭਰਨ ਵਾਲੀ ਮੱਖੀ ਆਪ ਕਿਸੇ ਬਿਮਾਰੀ ਦੀ ਜੜ੍ਹ ਨਹੀਂ, ਪਰ ਇਹ ਜ਼ਖ਼ਮਾਂ ਜਾਂ ਗੰਦੀਆਂ ਥਾਂਵਾਂ ਤੋਂ ਉਠ ਕੇ ਇਕ ਬਿਮਾਰੀ ਨੂੰ ਦੂਜੇ ਥਾਂ ਲੈ ਕੇ ਜਾਣ ਦਾ ਢੋ-ਢੁਆਈ ਵਾਲਾ ਕੰਮ ਕਰਦੀਆਂ ਹਨ। ਬਦਬੂ ਮਾਰਦੀਆਂ ਥਾਂਵਾਂ 'ਤੇ ਕੋਹੜੀ ਦੇ ਜ਼ਖ਼ਮ ਇਨ੍ਹਾਂ ਦੇ ਆਮ ਰੈਣ ਵਸੇਰਾ ਹੁੰਦੇ ਹਨ। ਨਰ ਤੇ ਮਾਦਾ ਮੱਖੀਆਂ ਰਾਤ ਨੂੰ ਸਿਰਫ ਆਰਾਮ ਹੀ ਨਹੀਂ ਕਰਦੀਆਂ, ਸਗੋਂ ਇਸ਼ਕ ਵੀ ਕਰਦੀਆਂ ਹਨ। ਰੱਬ ਦੇ ਰੰਗ ਦੇਖੋ, ਕਣਕ ਦੇ ਦਾਣੇ ਜਿੱਡੀ ਮੱਖੀ ਦੇ ਅੰਦਰ ਪਤਾ ਨ੍ਹੀਂ ਕਿਹੜੀ ਮਸ਼ੀਨਰੀ ਫਿੱਟ ਕੀਤੀ ਹੋਈ ਹੈ ਕਿ ਇਹ ਇਕੋ ਵੇਲੇ ਦਸ ਤੋਂ ਪੰਦਰਾਂ ਤੀਕਰ ਆਂਡੇ ਦੇਂਦੀ ਹੈ। ਛੇਵੇਂ-ਸੱਤਵੇਂ ਦਿਨ ਇਨ੍ਹਾਂ ਆਂਡਿਆਂ 'ਚੋਂ ਬੱਚੇ ਨਿਕਲ ਕੇ ਭਿਰਨ-ਭਿਰਨ ਕਰਨ ਲੱਗ ਪੈਂਦੇ ਹਨ। ਇਕ ਮੱਖੀ ਇਕ ਸੀਜ਼ਨ ਵਿਚ ਚਾਰ ਸੌ ਤੋਂ ਲੈ ਕੇ ਛੇ ਸੌ ਤੀਕਰ ਬੱਚੇ ਦੇ ਕੇ ਭਾਰਤ ਨਾਲੋਂ ਵੀ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਕਰ ਜਾਂਦੀ ਹੈ। ਸਭ ਤੋਂ ਗੰਦਗੀ ਵਾਲੀ ਗੱਲ ਇਹ ਹੈ ਕਿ ਇਹ ਮੱਖੀ ਜਿੱਥੇ ਲਿਬੜੇ ਮੂੰਹ 'ਤੇ ਲੱਤਾਂ ਨਾਲ ਗੰਦ ਦਾ ਛਿੱਟਾ ਦੇਂਦੀ ਹੈ, ਨਾਲ ਹੀ ਮਲ-ਮੂਤਰ ਦਾ ਤੋਹਫ਼ਾ ਵੀ ਦੇ ਜਾਂਦੀ ਹੈ। ਦਿਨ ਵਿਚ ਵੀਹ ਤੋਂ ਪੰਝੀ ਵਾਰ ਇਹ ਪਖਾਨਾ ਖਾਲੀ ਕਰਦੀ ਹੈ।

ਇਹ ਮੱਖੀਆਂ ਭਾਵੇਂ ਡੰਗ ਨਹੀਂ ਮਾਰਦੀਆਂ ਪਰ ਇਨ੍ਹਾਂ ਦੇ ਮਾਮੇ ਦਾ ਮੁੰਡਾ ਮੱਛਰ ਪੂਰੀ ਅੱਤ ਚੁੱਕੀ ਰੱਖਦਾ ਹੈ। ਉਹ ਮਨੁੱਖ ਦੇ ਕੰਨ ਕੋਲ ਹੋ ਕੇ 'ਵਾਜ ਮਾਰਦੈ, "ਲੈ ਲੱਗਾਂ ਤੇਰੇ ਟੀਕਾ ਲਾਉਣ, ਤੋੜ ਲੈ ਮੇਰੀ ਲੱਤ, ਮੈਂ ਤੇ ਤੈਨੂੰ ਕੰਨੋ ਫੜ੍ਹ ਕੇ ਈ ਲੈ ਜਾਣਾ ਸੀ ਜੇ ਹਾਸਾ ਨਾ ਆ ਜਾਂਦਾ।" ਮਲੇਰੀਏ ਤੋਂ ਲੈ ਕੇ ਡੇਂਗੂ ਤੱਕ ਮੱਛਰ ਦਾ ਬੋਲਬਾਲਾ ਹੋਣ ਕਰਕੇ, ਭਾਰਤ ਅਤੇ ਰਾਜ ਸਰਕਾਰਾਂ ਆਪਣੇ ਬਜਟ ਵਿਚ ਕਰੋੜਾਂ ਰੁਪਏ ਮੱਛਰ ਨਾਲ ਦੋ-ਦੋ ਹੱਥ ਕਰਨ ਲਈ ਰਾਖਵਾਂ ਕਰਦੀਆਂ ਹਨ। ਭਾਰਤ ਵਿਚਲੇ ਵਾਤਾਵਰਣ ਅਤੇ ਸਾਫ਼-ਸਫਾਈ ਦੀਆਂ ਸਮੱਸਿਆਵਾਂ ਕਰਕੇ ਇਨ੍ਹਾਂ ਭੈਣ-ਭਰਾਵਾਂ, ਯਾਨਿ ਮੱਖੀ ਤੇ ਮੱਛਰ ਤੋਂ ਛੁਟਕਾਰਾ ਪਾਉਣ ਦੀ ਸਮੱਸਿਆ 'ਤੇ ਅਜੇ ਪੂਰੀ ਤਰ੍ਹਾਂ ਕਾਬੂ ਪਾਉਣ ਦੀ ਗੁੰਜਾਇਸ਼ ਨਹੀਂ ਹੈ।

ਜਿਸ ਸ਼ਹਿਦ ਨੂੰ ਚੱਟਣ ਲੱਗਾ ਮਨੁੱਖ ਦੇਰ ਨਹੀਂ ਲਾਉਂਦਾ; ਜਿਸ ਸ਼ਹਿਦ ਨੂੰ ਕਈ ਬਿਮਾਰੀਆਂ ਦੀ ਦਾਰੂ ਕਿਹਾ ਜਾਂਦੈ; ਉਸ ਸ਼ਹਿਦ ਦਾ ਭੰਡਾਰ ਕਰਨਾ ਸਿਰਫ਼ ਮੱਖੀਆਂ ਨੂੰ ਹੀ ਆਉਂਦੈ। ਅਜੇ ਤੀਕਰ ਸ਼ਹਿਦ ਨੂੰ ਸ਼ੁੱਧ ਕਰਕੇ, ਵਧੀਆ ਪੈਕਿੰਗ ਕਰਕੇ ਮਾਰਕੀਟਿੰਗ ਕਰਨ ਵਾਲੀਆਂ ਤਾਂ ਬਹੁਤ ਸਾਰੀਆਂ ਕੰਪਨੀਆਂ ਹਨ, ਪਰ ਸ਼ਹਿਦ ਦਾ ਉਤਪਾਦਨ ਸਿਰਫ ਮੱਖੀਆਂ ਦੇ ਸਰੋਤ ਨਾਲ ਹੀ ਕੀਤਾ ਜਾ ਸਕਿਆ ਹੈ। ਤੁਸੀਂ ਹੈਰਾਨ ਹੋਵੋਗੇ ਕਿ ਸ਼ਹਿਦ ਪੈਦਾ ਕਰਨ ਵਾਲੀਆਂ ਮੱਖੀਆਂ ਵਿਚ ਕਿਸੇ ਸਫਲ ਸਰਕਾਰ ਵਾਂਗ ਅਲੱਗ-ਅਲੱਗ ਵਿਭਾਗ ਹਨ, ਤੇ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਵਾਂਗ ਹਕੂਮਤ ਸਿਰਫ਼ ਰਾਣੀ ਮੱਖੀ ਦੀ ਚਲਦੀ ਹੈ। ਕਿਸੇ ਬੇਜ਼ੁਬਾਨ ਪਰਿੰਦੇ ਦਾ ਪ੍ਰਸ਼ਾਸਨਿਕ ਢਾਂਚਾ ਏਨਾ ਮਜ਼ਬੂਤ ਹੈ ਕਿ ਪੂਰੀ ਦੁਨੀਆਂ 'ਤੇ ਰਾਜ ਕਰਨ ਵਾਲੇ ਬ੍ਰਿਟਿਸ਼ ਲੋਕਾਂ ਨੇ ਜਿਵੇਂ ਸਿਧਾਂਤ ਮੱਧੂ ਮੱਖੀਆਂ ਤੋਂ ਹੀ ਲਿਆ ਹੋਵੇ। ਸ਼ਹਿਦ ਦਾ ਨਾਂ ਸੁਣ ਕੇ ਮਨੁੱਖ ਦੇ ਮੂੰਹ ਵਿਚ ਪਾਣੀ ਤਾਂ ਆਉਂਦਾ ਹੈ ਪਰ ਮੱਖੀ ਦੇ ਡੰਗ ਨੂੰ ਚੇਤੇ ਕਰਕੇ ਸਾਹ ਵੀ ਨਿਕਲ ਜਾਂਦਾ ਹੈ। ਏਕਤਾ ਅਤੇ ਇਤਫਾਕ ਦਾ ਰੂਪ ਦੇਖਣਾ ਹੋਵੇ ਤਾਂ ਸ਼ਾਇਦ ਇਸ ਤੋਂ ਵੱਡਾ ਹੋਰ ਕਿਤੇ ਵੀ ਨਾ ਹੋਵੇ। ਜਦੋਂ ਮਨੁੱਖ ਇਨ੍ਹਾਂ ਨਾਲ ਧੱਕਾ ਕਰਕੇ ਸ਼ਹਿਦ 'ਤੇ ਕਬਜ਼ਾ ਕਰ ਲੈਂਦਾ ਹੈ ਤਾਂ ਰਾਣੀ ਮੱਖੀ ਆਪਣੀ ਸਾਰੀ ਫੌਜ ਲੈ ਕੇ ਮੀਲਾਂ ਬੱਧੀ ਦੂਰ ਚਲੇ ਜਾਂਦੀ ਹੈ ਕਿ ਸ਼ਾਇਦ ਸ਼ੈਤਾਨ ਹੁਣ ਉਥੇ ਨਹੀਂ ਮਿਲੇਗਾ ਪਰ ਉਹ ਮਨੁੱਖ ਵੱਲੋਂ ਲਗਾਤਾਰ ਪਿੱਛਾ ਕਰਨ ਤੋਂ ਗੁੱਸੇ 'ਚ ਆਈ ਹੀ ਵੱਢ ਖਾਣ ਨੂੰ ਪੈਂਦੀ ਹੈ।

ਬਸੰਤ ਰੁੱਤ ਦਾ ਮਨੁੱਖ ਨੂੰ ਵੀ ਏਨਾ ਚਾਅ ਭਲੇ ਨਾ ਹੋਵੇ, ਜਿੰਨਾ ਇਨ੍ਹਾਂ ਮਧੂ ਮੱਖੀਆਂ ਨੂੰ ਹੁੰਦਾ ਹੈ; ਕਿਉਂਕਿ ਫੁੱਲਾਂ 'ਚੋਂ ਰਸ ਇਸੇ ਸਮੇਂ ਵਿਚ ਹੀ ਮਿਲਣਾ ਹੁੰਦਾ ਹੈ। ਨਾਲੇ ਕੁੰਭਕਰਨ ਵਾਂਗ ਛੇ ਮਹੀਨੇ ਜਾਗ ਕੇ ਛੇ ਮਹੀਨੇ ਖਾਣਾ ਵੀ ਹੁੰਦਾ ਹੈ। ਦਰਖ਼ਤ 'ਤੇ ਛੱਤਾ ਬਣਾਉਣ ਦਾ ਫੈਸਲਾ ਕਰਨ ਵੇਲੇ ਰਾਣੀ ਮੱਖੀ ਬਾਕੀ ਮੱਖੀਆਂ ਦੀ ਡਿਊਟੀ ਸ਼ਹਿਦ ਇਕੱਠਾ ਕਰਨ ਲਈ ਲਾਉਂਦੀ ਹੈ। ਛੱਤੇ ਵਿਚ ਸੁਰਾਖਾਂ ਵਾਲੇ ਦੋ ਹਿੱਸੇ ਆਪਣੇ-ਆਪ ਬਣਦੇ ਜਾਂਦੇ ਹਨ। ਸ਼ਹਿਦ ਕਿਨ੍ਹਾਂ ਫੁੱਲਾਂ 'ਚ ਹੁੰਦਾ ਹੈ, ਇਹਦਾ ਗੂੜ੍ਹ ਗਿਆਨ ਇਨ੍ਹਾਂ ਮੱਖੀਆਂ ਨੂੰ ਹੀ ਹੋ ਸਕਦੈ। ਫੁੱਲਾਂ ਦੇ ਰਸ ਨੂੰ ਸ਼ਹਿਦ ਦੇ ਰੂਪ ਵਿਚ ਇਕੱਠਿਆਂ ਕਰਕੇ ਸੁਰੱਖਿਅਤ ਛੱਤੇ ਤੱਕ

(ਬਾਕੀ ਸਫਾ 30 'ਤੇ)

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਗੁਰੂ ਘਰਾਂ 'ਤੇ ਕਬਜ਼ੇ

**ਸੱਚੇ ਅਸੀਂ ਹਾਂ ਦੂਜੇ ਨੂੰ ਕਹਿਣ ਝੂਠਾ, ਲਾਈ ਦੂਸ਼ਣਾਂ ਦੀ ਵੇਖ ਲਓ ਝੜੀ ਜਾਂਦੇ।**
**ਅੱਖ ਗੋਲਕ 'ਤੇ ਟਿਕੀ ਹੈ ਸਾਰਿਆਂ ਦੀ, ਇਸੇ ਗੱਲ ਲਈ ਮਾਰੀ ਨੇ ਤੜੀ ਜਾਂਦੇ।**
**ਰਤਾ ਗੁਰੂ ਦਾ ਖ਼ੌਫ਼ ਨਹੀਂ ਮਨ ਅੰਦਰ, ਉਹਦੀ ਹਾਜ਼ਰੀ ਵਿਚ ਨੇ ਲੜੀ ਜਾਂਦੇ।**
**ਫਲਾਣਾ ਖਾ ਗਿਆ ਸਾਨੂੰ ਨਹੀਂ ਖਾਣ ਦੇਂਦਾ, ਦਾਨ ਕੋਰਟਾਂ ਵਿਚ ਹੀ ਹੜ੍ਹੀ ਜਾਂਦੇ।**
**ਥੋਨੂੰ ਸੇਕ ਨਹੀਂ ਲੱਗਦਾ ਤਾਂ ਕੋਈ, ਅੱਗ ਬਿਨਾਂ ਪਰੌਂਠੇ ਨੇ ਰੜ੍ਹੀ ਜਾਂਦੇ।**
**ਐਵੇਂ ਭਰਮ ਹੈ ਕਿ ਸੰਗਤ ਅਨਭੋਲ ਸਾਰੀ, ਲੋਕੀ ਸਤੇ ਪਏ ਨੇ ਥੋਡੇ ਕਾਰਿਆਂ 'ਤੇ।**
**ਬਾਦਲ ਵਾਂਗ ਰਾਜ ਨਹੀਂ ਕਹਿ ਸੇਵਾ, ਕਬਜ਼ੇ ਕਰੋ ਨਾ ਗੁਰਦੁਆਰਿਆਂ 'ਤੇ।**

# ਨਾਗ ਕੀਲ ਕੇ ਪਟਾਰੀ ਵਿਚ ਪਾਉਣ ਨੂੰ ਫਿਰੇ...

## ਧੁੱਪੇ ਬੈਠੀਆਂ ਯਾਦਾਂ

ਜਿਹੜੇ ਬੰਦੇ ਚੰਗੇ ਕੱਪੜੇ ਪਾ ਕੇ, ਵਧੀਆ ਕਿਸਮ ਦਾ ਅਤਰ-ਫੁਲੇਲ ਲਗਾ ਕੇ ਸ਼ੀਸ਼ੇ ਤੋਂ ਵਾਰ-ਵਾਰ ਪੁੱਛਣ 'ਮੇਰੇ ਵਰਗਾ ਕੋਈ ਹੋਰ ਤਾਂ ਨੀ ਸੁਨੱਖਾ ਹੋਣਾ', ਉਹ ਵਿਚਾਰੇ ਭਰਮ 'ਚ ਨੇ। ਸੱਚ ਇਹ ਹੈ ਕਿ ਸੁਨੱਖੇ ਬੰਦਿਆਂ ਨੇ ਕਦੇ ਸ਼ੌਕੀਨੀ ਕੀਤੀ ਹੀ ਨਹੀਂ। ਜਿਹੜੇ ਜਗਦੇਵ ਸਿੰਘ ਜੱਸੋਵਾਲ ਨੂੰ ਜਾਣਦੇ ਹਨ, ਉਨ੍ਹਾਂ ਨੂੰ ਪਤੈ ਕਿ ਉਹ ਨਹਾ ਕੇ ਪੰਜ ਮਿੰਟ 'ਚ ਪੱਗ ਬੰਨ੍ਹਣ ਸਮੇਤ ਮਹਾਤਮਾ ਗਾਂਧੀ ਵਾਂਗ ਯਾਤਰਾ 'ਤੇ ਨਿਕਲਣ ਲਈ ਤਿਆਰ ਹੋ ਜਾਂਦੈ। ਜਿਵੇਂ ਮੋਰ ਕਾਲੀਆਂ ਘਟਾਵਾਂ 'ਚ ਨੱਚਦਾ ਬੜਾ ਸੁਨੱਖਾ ਲੱਗਦੈ, ਉਵੇਂ ਜੱਸੋਵਾਲ ਮੇਲਿਆਂ 'ਚ, ਖਾਸ ਤੌਰ 'ਤੇ ਪ੍ਰੋ. ਮੋਹਨ ਸਿੰਘ ਮੇਲੇ 'ਤੇ ਸੁਨੱਖਾ ਹੀ ਨਹੀਂ, ਸੋਹਣਾ ਤੇ ਪਿਆਰਾ ਵੀ ਬੜਾ ਲਗਦਾ ਹੁੰਦਾ ਸੀ। ਜਿਉਂ-ਜਿਉਂ ਉਹ ਬੁੱਢਾ ਹੋ ਰਿਹੈ, ਮੇਲਾ ਵੀ ਖੂੰਡੀ ਦਾ ਸਹਾਰਾ ਭਾਲਦੈ। ਹੁਣ ਇਹ ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ ਲੱਗਦੈ। ਐਤਕਾਂ ਤਰਨਤਾਰਨ ਲੱਗਾ ਸੀ, 2015 ਦਾ ਮੇਲਾ ਮੇਰੇ ਖਾਤੇ ਹੈ, ਯਾਨਿ ਨਵਾਂ ਸ਼ਹਿਰ ਲੱਗੇਗਾ। ਜਿਵੇਂ ਉਪਰੋ ਥਲੀ ਨਿਆਣੇ ਜੰਮਣ ਵਾਲੀ ਔਰਤ ਛੇਤੀ ਬੁੱਢੀ ਲੱਗਣ ਲੱਗ ਪੈਂਦੀ ਹੈ, ਉਵੇਂ ਹੀ ਜਦੋਂ ਦਾ ਇਹ ਮੇਲਾ ਲੁਧਿਆਣੇ ਦੇ ਪੰਜਾਬੀ ਭਵਨ ਤੋਂ ਬਾਹਰ ਨਿਕਲਿਆ ਹੈ, ਗੱਲ ਉਹ ਨ੍ਹੀਂ ਰਹੀ ਜਿਹੜੀ ਕਲਾਕਾਰਾਂ ਅਤੇ ਕਲਾ ਪ੍ਰੇਮੀਆਂ ਦੇ ਹੱਜ ਵਾਲੀ ਹੁੰਦੀ ਸੀ। ਅਸਲ ਵਿਚ ਮੇਲੇ 'ਚ 'ਕੱਲੇ ਗਾਉਣ ਵਾਲੇ ਹੀ ਨਹੀਂ ਆਉਂਦੇ ਸਨ, ਬਾਜ਼ੀਗਰ ਵੀ ਪੁੱਜਦੇ ਸਨ, ਭਲਵਾਨ ਵੀ, ਭੰਡ ਵੀ, ਗੱਤਕੇ ਆਲੇ ਵੀ, ਸਪੇਰੇ ਵੀ। ਜਦੋਂ ਨਰਿੰਦਰ ਬੀਬਾ ਦਾ ਸਨਮਾਨ ਕੀਤਾ ਤਾਂ ਉਨ੍ਹਾਂ ਨੂੰ ਹਾਥੀ 'ਤੇ ਬਿਠਾ ਕੇ ਲਿਆਂਦਾ ਸੀ।

ਤਸਵੀਰ ਵਿਚ ਪੰਜ-ਸੱਤ ਜਿਹੜੇ ਸਪੇਰੇ ਦਿਸ ਰਹੇ ਹਨ, ਇਹ ਪ੍ਰੋ. ਮੋਹਨ ਸਿੰਘ ਮੇਲੇ ਦਾ ਹੀ ਹਿੱਸਾ ਹਨ। ਬੀਨ 'ਤੇ ਕੌਡੀਆਂ ਆਲੇ ਸੱਪ ਨਚਾਉਣ ਦਾ ਇਨ੍ਹਾਂ ਦਾ ਵੀ ਕੋਈ ਮਕਸਦ ਹੈ। ਇਹ ਕਾਲੇ-ਪੀਲੇ, ਬੁੱਢੇ-ਠੇਰੇ ਸਾਧ ਲੋਕਾਂ ਦਾ ਮਨੋਰੰਜਨ ਕਰਦੇ ਸਵੇਰ ਨੂੰ ਗੰਗਾ ਦੇ ਸਾਧੂਆਂ ਵਾਂਗ ਰਸਦ ਜੱਸੋਵਾਲ ਦੇ ਘਰੋਂ ਗੁਰਦੇਵ ਨਗਰ ਤੋਂ ਮੰਗਣ ਪੁੱਜਣਗੇ। ਜਿਸ ਸਾਲ ਪੰਜਾਬੀ ਭਵਨ 'ਚ ਆਖਰੀ ਪ੍ਰੋ. ਮੋਹਨ ਸਿੰਘ ਮੇਲਾ ਲੱਗਾ, ਉਹਦੇ ਆਖਰੀ ਦਿਨ ਦੀ ਰਾਤ ਨੂੰ ਮੈਂ ਅਤੇ ਜੱਸੋਵਾਲ ਖੇਤੀਬਾੜੀ ਯੂਨੀਵਰਸਿਟੀ ਦੇ ਹੋਟਲ ਵਿਚ ਠਹਿਰੇ। ਮੈਂ ਉਨ੍ਹਾਂ ਨੂੰ ਕਿਹਾ, "ਘਰ ਚੱਲਦੇ ਆਂ।" ਉਹ ਠਹਾਕਾ ਮਾਰ ਕੇ ਹੱਸਦਿਆਂ ਕਹਿਣ ਲੱਗਾ, "ਦੋ-ਚਾਰ ਮੋਟੇ-ਮੋਟੇ ਪੈਗ ਲਾਵਾਂਗੇ, ਸਵੇਰੇ ਆਰਾਮ ਨਾਲ ਉਠਾਂਗੇ। ਉਥੇ ਤਾਂ ਸਵੇਰ ਨੂੰ ਜਿਵੇਂ ਵਿਆਹ ਤੋਂ ਦੂਜੇ ਦਿਨ ਖੁਸਰੇ, ਭੰਡ ਲਾਗ ਲੈਣ ਆਉਂਦੇ ਨੇ ਇਵੇਂ ਲਾਈਨ ਲੱਗੀ ਹੋਊ। ਥਕੇਵਾਂ ਉਤਰੇ 'ਤੇ ਚੱਲਾਂਗੇ।"



ਖੈਰ, ਦੋ ਕੁ ਵਜੇ ਘਰ ਪੁੱਜੇ ਤਾਂ ਉਹੀ ਗੱਲ ਹੋਈ। ਸਪੇਰੇ ਲੰਗਰ ਵਾਂਗੂੰ ਪੰਗਤ ਬਣਾ ਕੇ ਬੈਠੇ ਸਨ। ਕਾਰ 'ਚੋਂ ਪੈਰ ਹੇਠਾਂ ਰੱਖਦਿਆਂ ਜੱਸੋਵਾਲ ਮਰਾਸੀਆਂ ਵਾਂਗ ਬੋਲਿਆ, "ਅਸ਼ੋਕ, ਦੇਖ ਲੈ ਇਹ ਲਗੌੜ ਰਾਤੀਂ ਸੁੱਤੇ ਨ੍ਹੀਂ ਹੋਣੇ। ਤੇਰੀ ਜੇਬ 'ਚ ਕਿੰਨੇ ਕੁ ਆ?"

ਮੈਂ ਬਟੂਏ 'ਚੋਂ ਨੌਂ ਸੌ ਉਹਨੂੰ ਫੜਾਉਣ ਲੱਗਾ ਤਾਂ ਉਹ ਫਿਰ ਕਹਿਣ ਲੱਗਾ, "ਮੇਰਾ ਹੱਥ ਨਾ ਲੁਆ, ਸੱਪ ਵਾਲੀ ਟੋਕਰੀ 'ਤੇ ਰੱਖ ਦੇਹ।"

ਨੌਂ ਸੌ ਤਾਂ ਚਾਅ ਨਾਲ ਫੜ ਲਿਆ, ਤੇ ਫਿਰ ਇਕ ਬਜ਼ੁਰਗ ਸਪੇਰਾ ਆਖਣ ਲੱਗਾ, "ਸਰਦਾਰ ਜੀ ਕੁਛ ਔਰ?"

"ਔਰ ਕਿਆ, ਹੁਣ ਹੋਰ ਮੈਥੋਂ ਧਾਰਾਂ ਲੈਣੀਆਂ?"

"ਨਾ ਇਹ ਤਾਂ ਠੀਕ ਐ, ਬੱਸ ਇਕ ਸ਼ੀਸ਼ੀ?"

"ਕੰਜਰ ਦਿਓ, ਦੁਪਹਿਰ ਨੂੰ ਪੀਓਂਗੇ ਭਗਵੇ ਪਾ ਕੇ। ਆਹ ਸਾਧ ਦੇਖ ਲਓ ਕਲਯੁੱਗ ਦੇ।" ਤੇ ਡਿੱਗੀ 'ਚੋਂ ਦੋ ਬੋਤਲਾਂ ਕੱਢ ਕੇ ਉਨ੍ਹਾਂ ਦੇ ਹੱਥ ਧਰਦਿਆਂ ਕਿਹਾ, "ਨੱਠ ਜੋ ਹੁਣ ਅਗਲੇ ਸਾਲ ਤੋਂ ਪਹਿਲਾਂ ਨਾ ਆਇਓ, ਨਹੀਂ ਤਾਂ ਸੱਪ ਥੋਡੀ... 'ਚ ਦੇ ਦਊਂ।"

...ਤੇ ਉਹ ਵੀ ਲੋਟ-ਪੋਟ ਹੁੰਦੇ ਚਲਦੇ ਬਣੇ।

*-ਐਸ. ਅਸ਼ੋਕ ਭੌਰਾ*

# ਕਥਾ ਇਹ ਜਦ ਵੀ ਤੁਰਦੀ ਏ, ਪੱਥਰ ਮੋਮ ਹੋ ਜਾਵਣ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਭਾਦੋਂ ਮਹੀਨੇ ਦੀ ਤਪਦੀ ਦੁਪਹਿਰ। ਕਾਂ ਅੱਖ ਨਿਕਲ ਰਹੀ ਸੀ। ਮੱਕੀ, ਚਰੀ, ਬਾਜਰੇ ਦੀ ਫਸਲ ਵਿਚੋਂ ਨਿਕਲ ਰਿਹਾ ਸੇਕ, ਤਪਸ਼ ਨੂੰ ਹੋਰ ਵਧਾ ਰਿਹਾ ਸੀ। ਸਾਰਾ ਹਾੜ੍ਹ ਅਤੇ ਸਾਉਣ ਸੋਕੇ ਵਿਚ ਲੰਘ ਚੁੱਕਾ ਸੀ। ਭਾਦੋਂ ਦੀਆਂ ਚਾਰ ਕਣੀਆਂ ਨੇ ਬਲਦੀ 'ਤੇ ਤੇਲ ਪਾਇਆ। ਪੰਛੀ, ਜਾਨਵਰ ਤੇ ਮਨੁੱਖੀ ਜਾਤ ਇਸ ਭਾਦੋਂ ਨੇ ਭੁੰਨ ਸੁੱਟੀ ਸੀ। ਗੁਆਰੇ ਦੀ ਕੰਡ ਨਾਲ ਤੜਫਦਾ ਮਾਘੀ ਖੂਹ 'ਤੇ ਲੱਗੇ ਤੂਤਾਂ ਥੱਲੇ ਆ ਗਿਆ। ਪੱਲੀ ਵਿਚ ਲਪੇਟੀ ਲੱਸੀ ਵਾਲੀ ਕੁੱਜੀ ਕੱਢ ਕੇ ਮੂੰਹ ਨੂੰ ਲਾਈ। ਲੱਸੀ ਤਾਂ ਚਾਹ ਨਾਲੋਂ ਵੀ ਜ਼ਿਆਦਾ ਗਰਮ ਹੋ ਚੁੱਕੀ ਸੀ। ਸਿਰ ਤੋਂ ਪਰਨਾ ਲਾਹ ਕੇ ਮੂੰਹ ਪੂੰਝਦਾ ਬੋਲਿਆ, "ਨੀਲੀ ਛੱਤ ਵਾਲਿਆ, ਕਿਹੜੇ ਜਨਮਾਂ ਦਾ ਵੈਰ ਕੱਢ ਰਿਹਾ ਹੈਂ। ਤੇਰਾ ਕੀ ਜਾਣਾ ਜਲੋ-ਜਲ ਕਰ ਦੇ, ਤੇਰੀ ਮਹਿਮਾ ਗਾਈਏ।" ਇਹ ਕਹਿੰਦਿਆਂ ਮਾਘੀ ਦਾ ਰੋਣ ਹੀ ਨਿਕਲ ਗਿਆ।

ਪਸੀਨੇ ਦੇ ਤੁਪਕੇ ਮੱਥੇ ਤੋਂ ਤਿਲਕ ਕੇ ਦਾੜ੍ਹੀ ਵਿਚ ਵੜ ਰਹੇ ਸਨ। ਮਾਘੀ ਪਹਿਲਾਂ ਮੱਕੀ ਗੁਡਦਾ ਰਿਹਾ, ਗੁਆਰਾ ਵੱਢਣ ਨੂੰ ਕੁਵੇਲਾ ਕਰ ਬੈਠਾ। ਦਾਤੀ ਚੁੱਕ ਕੇ ਉਠਣ ਲੱਗਿਆ ਤਾਂ ਸਾਹਮਣੇ ਉਚੀ ਕੁਟੀਆ ਵਾਲਾ ਸਾਧ ਤੁਰਿਆ ਆ ਰਿਹਾ ਸੀ। ਮਾਘੀ ਨੇ ਸਾਧ ਦੇ ਪੈਰੀਂ ਹੱਥ ਲਾਇਆ। ਸਾਧ ਨੇ ਮਾਘੀ ਦਾ ਸਿਰ ਪਲੋਸ ਦਿੱਤਾ। ਸਿੱਪੀ ਵਿਚ ਜਲ ਮਾਘੀ ਨੂੰ ਪਿਲਾਉਂਦਿਆਂ ਸਾਧ ਬੋਲਿਆ, "ਭਗਤਾ! ਕੀ ਗੱਲ ਏ, ਅੱਜ ਸਿਖਰ ਦੁਪਹਿਰ ਵੀ ਕੰਮ ਕਰਨੋਂ ਨਹੀਂ ਹਟਦਾ।"

"ਮਹਾਰਾਜ ਜੀ, ਘਰ ਤਿੰਨ ਮੁਟਿਆਰ ਧੀਆਂ ਹਨ। ਚੌਥੀ ਮੁਟਿਆਰ ਨੂੰਹ ਹੈ। ਪੈਣ-ਖੜ੍ਹਨ ਨੂੰ ਛੇ ਖਣ ਹਨ। ਕੁੜੀਆਂ-ਕੱਤਰੀਆਂ ਨੇ ਬਹਿਣਾ-ਉਠਣਾ ਹੁੰਦਾ। ਇਸ ਕਰਕੇ ਮੈਂ ਇੱਥੇ ਹੀ ਪੈਰ ਮਲ ਕੇ ਬਹਿ ਗਿਆ।" ਮਾਘੀ ਨੇ ਆਪਣੀ ਗਰੀਬੀ ਦੀ ਚੀਸ ਸੁਣਾ ਦਿੱਤੀ।


"ਭਗਤਾ, ਕੋਈ ਗੱਲ ਨਹੀਂ। ਅੱਜ ਛੋਟਾ ਕੋਠਾ ਹੈ, ਕੱਲ੍ਹ ਵੱਡੀ ਕੋਠੀ ਪੈ ਜਾਊਗੀ। ਮਿਹਨਤ ਨੂੰ ਫਲ ਜ਼ਰੂਰ ਲੱਗੇਗਾ।" ਸਾਧ ਨੇ ਚੰਗੀ ਗੱਲ ਜ਼ੁਬਾਨੋਂ ਕੱਢਦੇ ਨੇ ਕਿਹਾ।

"ਸੱਤ ਬਚਨ ਮਹਾਰਾਜ, ਪਰ ਮਹਾਰਾਜ ਤੁਸੀਂ ਸਿਖਰ ਦੁਪਹਿਰ ਕਿੱਥੇ ਨੂੰ ਜਾਂਦੇ ਹੋ?" ਮਾਘੀ ਨੇ ਸਾਧ ਦੀ ਦੁਪਹਿਰ ਵਾਲੀ ਫੇਰੀ ਬਾਰੇ ਪੁੱਛਿਆ।

"ਮੈਂ ਫ਼ਜ਼ਲ ਦੀਨ ਦੇ ਖੂਹ 'ਤੇ ਚੱਲਿਆਂ। ਉਥੇ ਜਾਨਵਰ ਤੇ ਪੰਛੀ ਬਹੁਤ ਇਕੱਠੇ ਹੋ ਜਾਂਦੇ ਆ। ਉਨ੍ਹਾਂ ਨੂੰ ਦਾਣਾ-ਪਾਣੀ ਪਾ ਆਉਂਦਾ ਹਾਂ। ਲੋਕ ਤਾਂ ਡਰਦੇ ਇਸ ਖੂਹ 'ਤੇ ਜਾਂਦੇ ਨਹੀਂ। ਕਹਿੰਦੇ ਨੇ ਇਸ ਖੂਹ 'ਤੇ ਦੁਪਹਿਰੇ ਭੂਤਾਂ ਨੱਚਦੀਆਂ।" ਸਾਧ ਨੇ ਖੂਹ ਬਾਰੇ ਸੰਖੇਪ ਜਿਹਾ ਦੱਸਿਆ।

"ਮਹਾਰਾਜ, ਕਿਸੇ ਨੇ ਜਾਂ ਤੁਸੀਂ ਭੂਤਾਂ ਦੇਖੀਆਂ ਹਨ?" ਮਾਘੀ ਨੇ ਭੂਤਾਂ ਬਾਰੇ ਜਾਨਣ ਦੀ ਉਤਸੁਕਤਾ ਨਾਲ ਪੁੱਛਿਆ।

"ਭਗਤਾ, ਨਾ ਮੈਂ ਦੇਖੀਆਂ ਹਨ, ਨਾ ਕਿਸੇ



ਹੋਰ ਨੇ। ਇਹ ਲੋਕਾਂ ਦਾ ਵਹਿਮ ਹੈ। ਤੇਰੇ ਵੱਡੇ-ਵਡੇਰੇ ਦੱਸਦੇ ਹੋਣਗੇ, ਤੇ ਮੇਰਾ ਗੁਰੂ ਵੀ ਦੱਸਿਆ ਕਰਦਾ ਸੀ ਕਿ ਇਹ ਖੂਹ ਫਜ਼ਲ ਦੀਨ ਅਤੇ ਮਹਾਂ ਸਿੰਘ ਦਾ ਸਾਂਝਾ ਸੀ। ਜਦੋਂ ਇਸ ਦੀ ਪੁਟਾਈ ਸ਼ੁਰੂ ਕੀਤੀ, ਉਸ ਸਮੇਂ ਕਾਜ਼ੀ ਅਤੇ ਭਾਈ ਨੇ ਇਕੱਠਿਆਂ ਪ੍ਰਮੇਸ਼ਵਰ ਤੋਂ ਆਗਿਆ ਲੈ ਕੇ ਟੱਕ ਮਾਰਿਆ ਸੀ। ਫਿਰ ਇਸ ਖੂਹ ਨੂੰ ਦੋਵੇਂ ਕੌਮਾਂ ਬੜੇ ਪਿਆਰ ਨਾਲ ਜੋਇਆ ਕਰਦੀਆਂ ਸਨ। ਇਸ ਖੂਹ ਦਾ ਪਾਣੀ ਬਹੁਤ ਸਵਾਦ ਸੀ। ਦੂਰ-ਦੁਰਾਡੇ ਦਾ ਰਾਹੀ ਇੱਥੇ ਦੁਪਹਿਰ ਕੱਟ ਕੇ ਅਗਾਂਹ ਤੁਰਦਾ ਸੀ। ਤੂਤਾਂ ਅਤੇ ਟਾਹਲੀ ਦੀ ਸੰਘਣੀ ਛਾਂ ਅਤੇ ਖੂਹ ਦਾ ਖੁੱਲ੍ਹਾ ਤੌੜ ਹਰ ਸਮੇਂ ਰੌਣਕ ਲਾਈ ਰੱਖਦਾ ਸੀ। ਫੈਜ਼ਲ ਦੀ ਬੇਗਮ ਨੂਰੀ ਅਤੇ ਮਹਾਂ ਸਿੰਘ ਦੀ ਘਰਵਾਲੀ ਤੇਜ ਕੌਰ ਇਕੱਠੀਆਂ ਭੱਤਾ ਲੈ ਕੇ ਆਉਂਦੀਆਂ ਸਨ। ਕਿਸੇ ਮਸ਼ਹੂਰ ਥਾਂ ਵਾਂਗ ਇਹ ਖੂਹ ਵੀ ਆਲੇ-ਦੁਆਲੇ ਦੇ ਪਿੰਡਾਂ ਵਿਚ ਮਸ਼ਹੂਰ ਹੋ ਗਿਆ ਸੀ ਪਰ ਇਸ ਖਵਾਜੇ ਦੀ ਉਮਰ ਥੋੜ੍ਹੀ ਹੀ ਸੀ। ਦੇਸ਼ ਦੀ ਵੰਡ ਹੋ ਗਈ ਤੇ ਵੱਢ-ਟੁੱਕ ਸ਼ੁਰੂ ਹੋ ਗਈ।" ਇਹ ਕਹਿੰਦਿਆਂ ਸਾਧ ਦਾ ਗੱਚ ਭਰ ਆਇਆ। ਅੱਖਾਂ ਨੇ ਕੋਸਾ ਪਾਣੀ ਵਿਦਾ ਕਰ ਦਿੱਤਾ, ਤੇ ਸਾਧ ਅੱਗੇ ਤੁਰ ਗਿਆ।

ਸਾਧ ਪ੍ਰਤੀ ਸ਼ਰਧਾ ਵਿਚ ਮਾਘੀ ਦੇ ਹੱਥ ਆਪਣੇ-ਆਪ ਜੁੜ ਗਏ। ਦਿਨ ਦੇ ਢਲਣ ਨਾਲ ਮਾਘੀ ਨੇ ਘਰ ਨੂੰ ਮੋੜੇ ਪਾ ਲਏ।

ਬਲਦਾਂ ਨੂੰ ਖੁਰਲੀ 'ਤੇ ਬੰਨ੍ਹ ਕੇ ਦੁਪੱਟੇ ਨਾਲ ਮੂੰਹ ਪੂੰਝਦਾ ਮਾਘੀ ਬੋਲਿਆ, "ਬੰਤ ਕੁਰੇ, ਅੱਜ ਸਾਧ ਦੇ ਦਰਸ਼ਨ ਹੋਏ ਸੀ। ਜਦੋਂ ਦਾ ਉਸ ਨੇ ਫਜ਼ਲ ਦੇ ਖੂਹ ਬਾਰੇ ਦੱਸਿਆ, ਉਦੋਂ ਦਾ ਮਨ ਭਰ-ਭਰ ਆਉਂਦਾ ਹੈ।"

"ਮੈਂ ਤੁਹਾਨੂੰ ਵੀਹ ਵਾਰ ਆਖਿਆ ਕਿ ਮਰਿਆਂ ਨੂੰ ਯਾਦ ਨਹੀਂ ਕਰੀਦਾ। ਮਰੇ ਕਿਸੇ ਦੇ ਮਿੱਤ ਨਹੀਂ ਹੁੰਦੇ।" ਬੰਤ ਕੌਰ ਨੇ ਮਾਘੀ ਦੇ ਕੰਨਾਂ ਕੋਲ ਜ਼ੋਰ ਦੇ ਕੇ ਕਿਹਾ।

"ਬੰਤ ਕੁਰੇ, ਇਹ ਖੂਹ ਕਦੇ ਸਰੀਕੇ ਨੂੰ ਜੋੜ ਕੇ ਰੱਖਦੇ ਸੀ। ਭਾਈਚਾਰਕ ਸਾਂਝ ਬਣਾਈ ਰੱਖਦੇ ਸੀ। ਬੰਦਾ ਬੰਦੇ ਦੀ ਲੋੜ ਹਰ ਵੇਲੇ ਮਹਿਸੂਸ ਕਰਦਾ ਸੀ ਪਰ ਅੱਜ ਹਰ ਦੂਜੇ ਕਿੱਲੇ 'ਤੇ ਲੱਗੀ ਮੋਟਰ ਸਾਇੰਸ ਦੀ ਤਰੱਕੀ ਦਾ ਹੋਕਾ ਨਹੀਂ ਦਿੰਦੀ, ਸਗੋਂ ਭਾਈਆਂ ਵਿਚ ਪਈ ਫੁੱਟ ਦੀ ਦਿਲ ਖੋਲ੍ਹ ਕੇ ਦੁਹਾਈ ਦਿੰਦੀ ਹੈ। ਅੱਜ ਸਕੇ ਭਰਾਵਾਂ ਵਿਚ ਪਿਆਰ ਨਹੀਂ ਹੈ ਪਰ ਧੰਨ ਉਹ ਮਾਂਵਾਂ ਦੇ ਜਾਏ, ਮਹਾਂ ਸਿੰਘ ਤੇ ਫਜ਼ਲ ਦੀਨ ਜਿਨ੍ਹਾਂ ਨੇ ਭਰਾਵਾਂ ਤੋਂ ਵੱਧ ਸਾਂਝ ਪੁਗਾ ਕੇ ਦਿਖਾਈ ਹੀ ਨਹੀਂ, ਸਗੋਂ ਇਕ-ਦੂਜੇ ਦੀ ਜਾਨ ਬਚਾਉਂਦੇ, ਆਪਣੀਆਂ ਜਾਨਾਂ ਦੇ ਗਏ।" ਮਾਘੀ ਨੇ ਦੁਪੱਟੇ ਨਾਲ ਅੱਖਾਂ ਪੂੰਝਦਿਆਂ ਲੰਮਾ ਹਉਕਾ ਲਿਆ।

"ਅੰਮਾ ਜੀ ਦੱਸਦੇ ਹੁੰਦੇ ਸਨ ਕਿ ਮਹਾਂ ਸਿੰਘ ਨੇ ਪੰਜਾਹ ਮੁਸਲਮਾਨਾਂ ਦੀ ਜਾਨ ਬਚਾਈ ਸੀ ਪਰ ਉਹ ਫਜ਼ਲ ਦੀਨ ਦੀ ਜਾਨ ਨਾ ਬਚਾ ਸਕਿਆ।" ਬੰਤ ਕੁਰ ਵੀ ਦਰਦ ਦੀ ਕਹਾਣੀ ਵਿਚ ਸਰੀਕ ਹੁੰਦੀ ਬੋਲੀ।

ਆਪਣੇ ਪਿੰਡ ਮੁਸਲਮਾਨਾਂ ਦੇ ਥੋੜ੍ਹੇ ਹੀ ਘਰ ਸਨ ਪਰ ਉਹ ਸਾਰੇ ਘਰੋਂ ਰੱਜੇ-ਪੁੱਜੇ ਸਨ। ਮਹਾਂ ਸਿੰਘ ਕਰਕੇ ਫਜ਼ਲ ਦੀਨ ਦੀ ਵਾਹਵਾ ਬੱਲੇ-ਬੱਲੇ ਸੀ, ਦੋਵੇਂ ਇਕੱਠੇ ਖੇਡਦੇ ਵੱਡੇ ਹੋਏ। ਇਕੱਠਿਆਂ ਜਵਾਨੀ ਦੀ ਦਹਿਲੀਜ਼ ਟੱਪੀ, ਤੇ ਅੰਤ ਨੂੰ ਲੋਥਾਂ ਬਣ ਕੇ ਇਕੱਠੇ ਤੁਰ ਗਏ।

"ਨਾ ਭਲਾ ਮਹਾਂ ਸਿੰਘ ਨੂੰ ਸਿੱਖਾਂ ਨੇ ਕਿਉਂ ਮਾਰ ਦਿੱਤਾ ਸੀ?" ਬੰਤ ਕੁਰ ਮਹਾਂ ਸਿੰਘ ਦੀ ਮੌਤ ਬਾਰੇ ਜਾਨਣਾ ਚਾਹੁੰਦੀ ਹੋਈ ਬੋਲੀ।

"ਜਦੋਂ ਵੰਡ ਦੀ ਚੰਗਿਆੜੀ ਦੇ ਭਾਂਬੜ ਸਾਡੇ ਪਿੰਡ ਨਿਕਲੇ ਤਾਂ ਉਨ੍ਹਾਂ ਸਿੱਖਾਂ, ਜੋ ਮੁਸਲਮਾਨਾਂ ਤੋਂ ਸਿੱਖਾਂ ਦੀ ਮੌਤ ਦਾ ਬਦਲਾ ਲੈਂਦੇ ਹੋਏ ਜੈਕਾਰੇ ਲਾਉਂਦੇ ਸੀ, ਨੇ ਫਜ਼ਲ ਦੀਨ ਦਾ ਘਰ ਘੇਰ ਲਿਆ। ਫਜ਼ਲ ਦੀਨ ਦਾ ਸਾਰਾ ਪਰਿਵਾਰ ਮਹਾਂ ਸਿੰਘ ਦੀ ਵੱਡੀ ਹਵੇਲੀ ਵਿਚ ਠਹਿਰਿਆ ਹੋਇਆ ਸੀ। ਦਿਨ ਦਾ ਛੁਪਾ ਹੋ ਗਿਆ। ਸਿੱਖਾਂ ਦੇ ਜਥੇ ਨੇ ਬਾਕੀ ਮੁਸਲਮਾਨਾਂ ਦੇ ਘਰ ਜਲਾ ਦਿੱਤੇ। ਫਿਰ ਮਹਾਂ ਸਿੰਘ ਦੀ ਹਵੇਲੀ ਘੇਰ ਲਈ। ਮਹਾਂ ਸਿੰਘ ਨੂੰ ਕਿਹਾ ਕਿ ਫਜ਼ਲ ਦੀਨ ਦਾ ਸਾਰਾ ਪਰਿਵਾਰ ਸਾਡੇ ਹਵਾਲੇ ਕਰ ਦੇ ਪਰ ਮਹਾਂ ਸਿੰਘ ਕਹਿੰਦਾ, "ਇਹ ਮੈਂ ਜਿਉਂਦੇ ਜੀਅ ਨਹੀਂ ਕਰ ਸਕਦਾ।" ਜਥੇ ਨੇ ਸਵੇਰੇ ਧਾਵਾ ਬੋਲਣ ਦਾ ਫੈਸਲਾ ਕਰ ਲਿਆ, ਤੇ ਵਾਪਸ ਆਪਣੇ ਟਿਕਾਣੇ 'ਤੇ ਪਹੁੰਚ ਗਏ।

... ਤੇ ਮਹਾਂ ਸਿੰਘ ਨੇ ਰਾਤੋ-ਰਾਤ ਮੁਸਲਮਾਨਾਂ ਨੂੰ ਟਿਕਾਣੇ 'ਤੇ ਪਹੁੰਚਾ ਦਿੱਤਾ ਜਿੱਥੇ ਉਨ੍ਹਾਂ ਦੀ ਜਾਨ ਨੂੰ ਕੋਈ ਖਤਰਾ ਨਹੀਂ ਸੀ। ਮਹਾਂ ਸਿੰਘ ਨੇ ਫਜ਼ਲ ਦੀਨ ਦਾ ਪਰਿਵਾਰ ਵੀ ਥਾਂ-ਟਿਕਾਣੇ ਭੇਜ ਦਿੱਤਾ ਪਰ ਫਜ਼ਲ ਦੀਨ ਮਹਾਂ ਸਿੰਘ ਨੂੰ ਛੱਡ ਕੇ ਨਾ ਗਿਆ।

"ਫਜ਼ਲ ਦੀਨ ਭਾਈਜਾਨ! ਜੇ ਜਾਨ ਹੈ ਤਾਂ ਜਹਾਨ ਹੈ। ਜਿਉਂਦੇ ਰਹੇ ਤਾਂ ਜ਼ਰੂਰ ਮਿਲਾਂਗੇ, ਆਪਣੀ ਜ਼ਿਦ ਛੱਡੋ ਤੇ ਪਰਿਵਾਰ ਕੋਲ ਪਹੁੰਚੋ।" ਮਹਾਂ ਸਿੰਘ ਨੇ ਤਰਲੇ ਲੈਂਦਿਆਂ ਕਿਹਾ ਸੀ।

"ਮਹਾਂ ਸਿੰਘ ਬਾਈ ਜੀ, ਕੀ ਮੈਂ ਉਹ ਪਿੰਡ ਛੱਡ ਜਾਵਾਂ ਜਿੱਥੇ ਬਚਪਨ ਬੀਤਿਆ ਸੀ। ਜਿੱਥੇ ਇਕੱਠੇ ਖੇਡੇ ਸੀ, ਜਵਾਨੀ ਦਾ ਸਰੂਰ ਇਕੱਠਿਆਂ ਲਿਆ ਸੀ। ਨਵੀਂ ਜ਼ਿੰਦਗੀ ਜਿੱਥੋਂ ਸ਼ੁਰੂ ਕੀਤੀ ਸੀ, ਉਹ ਥਾਂ ਅੱਜ ਛੱਡ ਜਾਵਾਂ। ਮੌਤ ਕੋਲੋਂ ਡਰ ਕੇ ਭੱਜ ਜਾਵਾਂ। ਨਹੀਂ, ਇਹ ਨਹੀਂ ਹੋ ਸਕਦਾ। ਮੈਂ ਪਰਿਵਾਰ ਦਾ ਵਿਛੋੜਾ ਝੱਲ ਲਊਂ, ਪਰ ਤੇਰੇ ਵਿਛੋੜੇ ਦਾ ਝੋਰਾ ਮੈਨੂੰ ਰੋਮ-ਰੋਮ ਵੱਢ ਕੇ ਮਾਰੂ। ਮੈਂ ਇਸ ਤਰ੍ਹਾਂ ਨਹੀਂ ਮਰਨਾ ਚਾਹੁੰਦਾ। ਜੇ ਮੌਤ ਆਵੇ ਤਾਂ ਇਸ ਪਿੰਡ ਵਿਚ ਹੀ ਆਵੇ, ਤੇ ਇੱਥੇ ਹੀ ਦਫ਼ਨ ਹੋ ਜਾਵਾਂ।" ਫਜ਼ਲ ਦੀਨ ਨੇ ਪਿਆਰ ਦਾ ਸਬੂਤ ਦਿੰਦਿਆਂ ਨਿਧੜਕ ਹੋ ਕੇ ਕਿਹਾ।

"ਭਾਈਜਾਨ, ਉਸ ਜਥੇ ਨੇ ਤੁਹਾਡੀ ਜਾਨ ਨਹੀਂ ਬਖਸ਼ਣੀ। ਖ਼ਬਰਾਂ ਮਿਲੀਆਂ ਨੇ ਕਿ ਮੁਸਲਮਾਨਾਂ ਨੇ ਸਿੱਖਾਂ 'ਤੇ ਬਹੁਤ ਕਹਿਰ ਢਾਹਿਆ ਹੈ। ਧੀਆਂ-ਭੈਣਾਂ ਦੀ ਪੱਤ ਰੋਲੀ ਹੈ। ਘਰ ਜਲਾ ਦਿੱਤੇ ਹਨ। ਇਸ ਕਰਕੇ ਸਿੱਖ ਵੀ ਭੜਕ ਗਏ ਹਨ। ਜਿੱਥੇ ਕੋਈ ਮੁਸਲਮਾਨ ਮਿਲਦਾ ਹੈ, ਉਸ ਨੂੰ ਵੱਢ ਦਿੰਦੇ ਹਨ। ਅਜੇ ਵਕਤ ਹੈ, ਮੈਂ ਤੁਹਾਨੂੰ ਉਥੇ ਛੱਡ ਆਉਨਾਂ।" ਮਹਾਂ ਸਿੰਘ ਨੂੰ ਫਜ਼ਲ ਦੀਨ ਦੀ ਜਾਨ ਦਾ ਖਿਆਲ ਆਪਣੀ ਜਾਨ ਨਾਲੋਂ ਜ਼ਿਆਦਾ ਸੀ।

"ਬਾਈ ਮਹਾਂ ਸਿਆਂ, ਮੈਂ ਨਮਾਜ਼ ਨਾਲੋਂ ਬਾਣੀ ਵੱਧ ਪੜ੍ਹੀ ਹੈ। ਮੌਤ ਕੋਲੋਂ ਡਰ ਨਹੀਂ ਲੱਗਦਾ। ਜੇ ਤੂੰ ਮਰਨ ਤੋਂ ਡਰਦਾ ਹੈ ਤਾਂ ਮੈਂ ਚਲਾ ਜਾਨਾਂ।" ਫਜ਼ਲ ਦੀਨ ਨੇ ਗੁੱਸੇ ਨਾਲ ਕਿਹਾ।

ਸਵੇਰੇ ਦਿਨ ਚੜ੍ਹਿਆ, ਨਾਲ ਹੀ ਜਥਾ ਚੜ੍ਹ ਆਇਆ ਅਤੇ ਮਹਾਂ ਸਿੰਘ ਦੀ ਹਵੇਲੀ ਘੇਰ ਲਈ। ਫਜ਼ਲ ਦੀਨ ਤੇ ਮਹਾਂ ਸਿੰਘ ਦੋਵੇਂ ਜਣੇ ਪੰਦਰਾਂ ਸਿੱਖਾਂ ਨਾਲ ਲੜੇ। ਆਖਿਰ ਨੂੰ ਇਕ ਸਿੱਖ ਨੇ ਨੇਜ਼ਾ ਫਜ਼ਲ ਦੀਨ ਨੂੰ ਮਾਰਨ ਲਈ ਸਿੱਧਾ ਕੀਤਾ ਹੀ ਸੀ ਕਿ ਮਹਾਂ ਸਿੰਘ ਅੱਗੇ ਖਲੋ ਗਿਆ, ਤੇ ਨੇਜ਼ਾ ਸਿੱਧਾ ਮਹਾਂ ਸਿੰਘ ਦੇ ਪੇਟ ਵਿਚ ਧਸ ਗਿਆ। ਦੂਜਾ ਵਾਰ ਫਜ਼ਲ ਦੀਨ 'ਤੇ ਕਰ ਦਿੱਤਾ। ਮਹਾਂ ਸਿੰਘ ਦੇ ਨਾਲ ਉਹ ਵੀ ਡਿੱਗ ਪਿਆ। ਬੋਲ ਦੋਵਾਂ ਤੋਂ ਕੁਝ ਨਹੀਂ ਹੋਇਆ। ਅੱਖਾਂ ਦੇ ਇਸ਼ਾਰੇ ਨਾਲ ਹੀ ਸਮਝ ਗਏ ਕਿ 'ਸਿਰ ਜਾਵੇ ਤਾਂ ਜਾਵੇ, ਯਾਰੀ ਵਿਚ ਤਰੇੜ ਨਾ ਆਵੇ।' ਇਉਂ ਮਹਾਂ ਸਿੰਘ ਆਪਣੇ ਯਾਰ ਖਾਤਰ ਜਾਨ ਦੀ ਬਾਜ਼ੀ ਲਾ ਗਿਆ।"

ਮਾਘੀ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਦੋਵਾਂ ਨੂੰ ਚਰਨਾਂ ਵਿਚ ਨਿਵਾਸ ਬਖਸ਼ੀ ਰੱਖੀਂ।"

"ਫਿਰ ਇਸ ਖੂਹ ਦਾ ਕੀ ਬਣਿਆ?" ਬੰਤ ਕੁਰ ਨੇ ਫਜ਼ਲ ਦੀਨ ਦੇ ਹਿੱਸੇ ਵਾਲੇ ਖੂਹ ਦੀ ਗੱਲ ਕੀਤੀ।

"ਫਜ਼ਲ ਦੀਨ ਨੂੰ ਖੂਹ 'ਤੇ ਹੀ ਦਫਨਾ ਦਿੱਤਾ। ਨਾਲ ਹੀ ਮਹਾਂ ਸਿੰਘ ਦੇ ਸਿਵੇ ਨੂੰ ਅਗਨੀ ਦੇ ਦਿੱਤੀ ਗਈ। ਜਦੋਂ ਟਿਕ-ਟਿਕਾ ਹੋਇਆ, ਜ਼ਮੀਨਾਂ ਦੀ ਅਦਲੀ-ਬਦਲੀ ਹੋਈ, ਫਜ਼ਲ ਦੀਨ ਦੇ ਖੇਤਾਂ ਦਾ ਵਾਰਿਸ ਲੱਭਿਆ ਤਾਂ ਇਹ ਜ਼ਮੀਨ ਪਾਕਿਸਤਾਨੋਂ ਆਏ ਸਿੱਖਾਂ ਹਿੱਸੇ ਆ ਗਈ ਪਰ ਜਦੋਂ ਫਜ਼ਲ ਦੀਨ ਦੇ ਕਾਗਜ਼-ਪੱਤਰ ਫਰੋਲੇ ਗਏ ਤਾਂ ਫਜ਼ਲ ਦੀਨ ਨੇ ਆਪਣੀ ਵਸੀਅਤ ਮਹਾਂ ਸਿੰਘ ਦੇ ਪੁੱਤ ਮਿੰਦਰ ਦੇ ਨਾਂ ਕਰਵਾਈ ਹੋਈ ਸੀ। ਫਜ਼ਲ ਦੀਨ ਦੇ ਤਿੰਨ ਧੀਆਂ ਹੀ ਸਨ, ਪੁੱਤ ਉਹ ਮਿੰਦਰ ਨੂੰ ਹੀ ਮੰਨਦਾ ਸੀ। ਥੋੜ੍ਹਾ ਚਿਰ ਕੇਸ ਚੱਲਿਆ ਪਰ ਜ਼ਮੀਨ ਮਿੰਦਰ ਦੇ ਨਾਂ ਹੋ ਗਈ। ਹਰੀ ਕ੍ਰਾਂਤੀ ਨੇ ਖੂਹਾਂ ਨੂੰ ਸਦਾ ਲਈ ਪੂਰ ਦਿੱਤਾ। ਖਵਾਜੇ ਦਾ ਦੀਵਾ ਜਗਣ ਤੋਂ ਬੰਦ ਹੋ ਗਿਆ। ਖੂਹਾਂ ਦੇ ਤੌੜ ਵਾਹ ਕੇ ਆਬਾਦ ਕਰ ਲਏ ਗਏ, ਜਾਂ ਭੂਤਾਂ ਦੇ ਟਿਕਾਣੇ ਬਣਾ ਦਿੱਤੇ।" ਮਾਘੀ ਨੇ ਪਾਸਾ ਪਲਟਦਿਆਂ ਕਿਹਾ।

ਬੰਤ ਕੁਰ ਦੀ ਅੱਖ ਲੱਗ ਚੁੱਕੀ ਸੀ। ਉਹ ਹੁੰਗਾਰਾ ਦੇਣੋਂ ਹਟ ਗਈ ਸੀ।

"ਬੰਤ ਕੁਰੇ, ਅੱਜ ਨਾ ਕੋਈ ਮਹਾਂ ਸਿੰਘ ਦਿਸਦਾ ਹੈ, ਨਾ ਕੋਈ ਫਜ਼ਲ ਦੀਨ ਮਿਲਦਾ ਹੈ। ਜੇ ਇਹ ਅੱਜ ਮਿਲਦੇ ਹੁੰਦੇ ਤਾਂ ਮਾਘੀ ਭਰਾਵਾਂ ਤੋਂ ਕੁੱਟ ਖਾ ਕੇ ਛੇ ਖਣ ਦੀ ਕੋਠੜੀ ਵਿਚ ਨਾ ਗੁਜ਼ਾਰਾ ਕਰਦਾ। ਮਾਘੀ ਦਾ ਖੁੱਲ੍ਹਾ ਘਰ ਹੁੰਦਾ। ਭਰਾਵਾਂ ਦਾ ਮਾਣ ਹੁੰਦਾ ਪਰ ਭਰਾਵਾਂ ਨੇ ਤਾਂ ਜਿਉਂਦਿਆਂ ਹੀ ਮਾਰ ਦਿੱਤਾ, ਸਾਰੀ ਜ਼ਮੀਨ 'ਚੋਂ ਛੇ ਖਣ ਦੇ ਕੇ। ਚੰਗਾ ਕਰਮਾਂ ਮਾਰਿਏ! ਮੁਆਫ਼ ਕਰੀਂ।" ਥੱਕਿਆ ਹੋਣ ਕਰਕੇ ਮਾਘੀ ਦੀ ਵੀ ਅੱਖ ਲੱਗ ਗਈ।

ਰੱਬ ਰਾਖਾ!...ਧੋਖੇਬਾਜ਼ ਭਰਾਵਾਂ ਨਾਲੋਂ ਦੁਸ਼ਮਣ ਚੰਗਾ।

# ਨੈਣ-ਨਕਸ਼

(ਸਫਾ 29 ਦੀ ਬਾਕੀ)

ਲਿਆਉਣਾ, ਤੇ ਫਿਰ ਰਾਣੀ ਮੱਖੀ ਕੋਲ ਰਿਪੋਰਟ ਕਰਨੀ ਕਿ ਅੱਜ ਕਿੰਨੇ ਗੇੜਿਆਂ ਵਿਚ ਕਿੰਨਾ ਕੰਮ ਕੀਤਾ ਹੈ, ਇਹ ਸਭ ਸਾਧਾਰਨ ਮਧੂ ਮੱਖੀ ਕਰਦੀ ਹੈ।

ਦਿਲਚਸਪ ਹੀ ਲੱਗੇਗਾ ਕਿ ਪਾਲਤੂ ਮਧੂ ਮੱਖੀਆਂ ਦੇ ਬਕਸੇ ਵਿਚ ਤਾਪਮਾਨ ਨੂੰ ਸਥਿਰ ਬਣਾਈ ਰੱਖਣ ਲਈ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਪ੍ਰਵੇਸ਼ ਦੁਆਰ 'ਤੇ ਕੁਝ ਮੱਖੀਆਂ ਸੁਰੱਖਿਆ ਗਾਰਡ ਵਜੋਂ ਕੰਮ ਕਰਦੀਆਂ ਹਨ ਜਿਨ੍ਹਾਂ ਦਾ ਕੰਮ ਇਹ ਵੀ ਹੁੰਦਾ ਹੈ ਕਿ ਜਿਹੜੇ ਨਖੱਟੂ ਸ਼ਹਿਦ ਲਿਆਉਣ ਦਾ ਕੰਮ ਨਹੀਂ ਕਰਦੇ, ਉਹ ਐਵੇਂ ਅੰਦਰ ਦਾਖਲ ਹੋ ਕੇ ਜਮ੍ਹਾ ਹੋਇਆ ਸ਼ਹਿਦ ਨਾ ਖਾ ਜਾਣ। ਹਾਂ! ਏਨਾ ਜ਼ਰੂਰ ਹੈ ਕਿ ਉਨ੍ਹਾਂ ਨੂੰ ਜਿਉਂਦਿਆਂ ਰਹਿਣ ਲਈ ਕੁਝ ਮਾਤਰਾ ਵਿਚ ਖੁਰਾਕ ਜ਼ਰੂਰ ਦਿੱਤੀ ਜਾਂਦੀ ਹੈ। ਦਰਖ਼ਤਾਂ ਨਾਲ ਲਟਕਦੇ ਛੱਤੇ ਵਾਲੇ ਸਿਧਾਂਤ ਵਿਚ ਵੀ ਇਹ ਨਿਯਮ ਲਾਗੂ ਹੁੰਦਾ ਹੈ। ਛੱਤੇ ਦਾ ਸ਼ਹਿਦ ਵਾਲੇ ਹਿੱਸੇ ਤੋਂ ਵੱਖਰਾ ਹਿੱਸਾ ਆਂਡੇ ਦੇਣ, ਬੱਚਿਆਂ ਦੀ ਸੰਭਾਲ, ਪਰਵਰਿਸ਼ ਅਤੇ ਪਖਾਨੇ ਲਈ ਹੁੰਦਾ ਹੈ। ਇਸ ਨੂੰ ਆਮ ਤੌਰ 'ਤੇ ਕੱਚੇ ਧਾਗੇ ਨੂੰ ਮਜ਼ਬੂਤ ਕਰਨ ਲਈ ਵਰਤਿਆ ਜਾਂਦਾ ਹੈ ਜਾਂ ਫਿਰ ਦੇਸੀ ਹਕੀਮ ਵੀ ਵਰਤ ਲੈਂਦੇ ਹਨ। ਰਾਣੀ ਮੱਖੀ ਤੋਂ ਪ੍ਰਸ਼ਾਸਨਿਕ ਢਾਂਚੇ ਵਿਚ ਹੇਠਲੀਆਂ ਮੱਖੀਆਂ ਇਸ ਗੱਲ ਨਾਲ ਹਰਗਿਜ਼ ਸਮਝੌਤਾ ਨਹੀਂ ਕਰਦੀਆਂ ਕਿ ਛੱਤੇ ਦੇ ਰਿਹਾਇਸ਼ੀ ਹਲਕੇ ਤੋਂ ਸ਼ਹਿਦ ਇਕੱਠਾ ਕਰਨ ਲਈ ਨਿਕਲੀਆਂ ਮੱਖੀਆਂ ਨੇ ਇਸ਼ਨਾਨ ਨਾ ਕੀਤਾ ਹੋਵੇ। ਸ਼ਹਿਦ ਉਨ੍ਹਾਂ ਲਈ ਪਵਿੱਤਰ ਭੋਜਨ ਹੈ।

ਮੂੰਹ ਤੋਂ ਅੱਗੇ ਨੱਕ ਵਾਲੇ ਹਿੱਸੇ ਵੱਲ ਦੋ ਡੰਗ ਹੁੰਦੇ ਹਨ ਜਿਨ੍ਹਾਂ ਦੀ ਵਰਤੋਂ ਆਮ ਤੌਰ 'ਤੇ ਤਾਂ ਫੁੱਲਾਂ 'ਚੋਂ ਸ਼ਹਿਦ ਕੱਢਣ ਵੇਲੇ ਫਰੋਲਾ-ਫਰਾਲੀ ਲਈ ਹੁੰਦੀ ਹੈ, ਜਾਂ ਫਿਰ ਬੋਫੋਰਜ਼ ਤੋਪਾਂ ਵਾਂਗ ਸ਼ਹਿਦ ਦੇ ਚੋਰ ਮਨੁੱਖ 'ਤੇ ਹਮਲਾ ਕਰਨ ਲਈ। ਕੁਦਰਤ ਦਾ ਕ੍ਰਿਸ਼ਮਾ ਦੇਖੋ ਕਿ ਇਨ੍ਹਾਂ ਡੰਗਾਂ ਵਿਚ ਏਨੀ ਜਾਨ ਹੁੰਦੀ ਐ ਕਿ ਹਾਥੀ ਵਰਗੀ ਮੋਟੀ ਚਮੜੀ ਵਾਲੇ ਮਨੁੱਖ ਅੰਦਰ ਵੀ ਇਹ ਡੰਗ ਅੰਦਰ ਧਸ ਕੇ ਸੁਰੱਖਿਅਤ ਬਾਹਰ ਨਿਕਲ ਆਉਂਦਾ ਹੈ। ਜਦੋਂ ਤੱਕ ਮਨੁੱਖ ਸੰਭਲਦਾ ਹੈ, ਉਦੋਂ ਤੀਕਰ ਮੱਖੀਆਂ ਅਫਗਾਨਿਸਤਾਨ 'ਚ ਅਮਰੀਕੀ ਹਮਲੇ ਵਾਂਗ ਆਪਣਾ ਕੰਮ ਸਫਲਤਾ ਨਾਲ ਕਰ ਚੁੱਕੀਆਂ ਹੁੰਦੀਆਂ ਹਨ। ਬਰਸੀਨ (ਸ਼ਟਾਲਾ) ਅਤੇ ਸੂਰਜ ਮੁਖੀ ਦੇ ਫੁੱਲਾਂ 'ਚੋਂ ਮੱਖੀਆਂ ਨੂੰ ਰੱਜ ਕੇ ਸ਼ਹਿਦ ਮਿਲਦਾ ਹੈ। ਕੁਦਰਤ ਨਾਲ ਗਹਿਗੱਚ ਹੋ ਕੇ ਜਦੋਂ ਸੂਰਜ ਦੀ ਦਿਸ਼ਾ ਵਿਚ ਸੂਰਜ ਮੁਖੀ ਦਾ ਫੁੱਲ ਧਰਤੀ ਵਾਂਗ ਘੁੰਮਦਾ ਹੈ ਤਾਂ ਲੰਘਦੇ-ਵੜਦੇ ਦੇਖਿਓ, ਹਜ਼ਾਰਾਂ ਮਧੂ ਮੱਖੀਆਂ ਵੀ ਕਲੋਲ ਕਰ ਰਹੀਆਂ ਹੁੰਦੀਆਂ ਹਨ।

ਮੀਂਹ ਪੈਣ ਦੀ ਹਾਲਤ ਵਿਚ ਮੱਖੀਆਂ ਛੱਤੇ ਨੂੰ ਪੂਰੀ ਤਰ੍ਹਾਂ ਢੱਕ ਕੇ ਰੱਖਦੀਆਂ ਹਨ ਤਾਂ ਕਿ ਉਨ੍ਹਾਂ ਦੀ ਅਸਲ ਖੁਰਾਕ ਵਿਚ ਪਾਣੀ ਦੀ ਮਿਲਾਵਟ ਨਾ ਹੋ ਜਾਵੇ, ਤੇ ਉਹ ਵਿਚਾਰੀ ਇਸ ਗੱਲ ਤੋਂ ਅਣਭੋਲ ਹੈ ਕਿ ਜਦੋਂ ਇਹ ਮਨੁੱਖ ਦੇ ਹੱਥ ਲੱਗਾ ਤਾਂ ਪਤਾ ਨਹੀਂ ਖੜੀ-ਖੰਡ ਸਮੇਤ ਇਹਦੇ ਵਿਚ ਕੀ ਕੀ ਮਿਲ ਜਾਵੇਗਾ! ਕੁਦਰਤ ਦਾ ਕਮਾਲ ਦੇਖੋ ਕਿ ਸ਼ਹਿਦ ਨਾਲ ਸ਼ੂਗਰ ਦੇ ਮਰੀਜ਼ ਦੀ ਸ਼ੂਗਰ ਵਧਣ ਦੀ ਸੰਭਾਵਨਾ ਘੱਟ ਹੀ ਹੁੰਦੀ ਹੈ।

ਹੁਣ ਭਾਵੇਂ ਵਧੇਰੇ ਕਰਕੇ ਸ਼ਹਿਦ ਪਾਲਤੂ ਮਧੂ ਮੱਖੀਆਂ ਤੋਂ ਹੀ ਤਿਆਰ ਕੀਤਾ ਜਾਂਦਾ ਹੈ ਪਰ ਛੱਤੇ 'ਚੋਂ ਸ਼ਹਿਦ ਕੱਢਣ ਵਾਲੇ ਵਧੇਰੇ ਕਰਕੇ ਕਬਾਇਲੀ ਜਿਹੇ ਲੋਕ ਮੂੰਹ 'ਤੇ ਛਾਨਣੀ ਵਾਲਾ ਕੱਪੜਾ ਬੰਨ ਕੇ ਹੱਥ-ਪੈਰ, ਸਰੀਰ ਵਲ੍ਹੇਟ ਕੇ ਧੂੰਏਂ ਦੀ ਮਦਦ ਨਾਲ ਮੱਖੀਆਂ ਉਡਾ ਕੇ ਸ਼ਹਿਦ ਚੋਣ ਦਾ ਕੰਮ ਕਰਦੇ ਹਨ, ਕਿਉਂਕਿ ਧੂੰਏਂ ਨਾਲ ਮੱਖੀਆਂ ਇਕ ਤਰ੍ਹਾਂ ਨਾਲ ਅੰਨ੍ਹੀਆਂ ਹੋ ਕੇ ਜਾਂ ਹੇਠਾਂ ਡਿਗਦੀਆਂ ਹਨ, ਤੇ ਜਾਂ ਫਿਰ ਭੱਜਣ ਦਾ ਯਤਨ ਕਰਦੀਆਂ ਹਨ।

ਕਈ ਡੂਮਣੇ ਵਰ੍ਹਿਆਂ ਬੱਧੀ ਇਕੋ ਥਾਂ ਲੱਗੇ ਰਹਿੰਦੇ ਨੇ ਪਰ ਅਜਿਹੀ ਥਾਂ 'ਤੇ ਸੀਮਾ ਸੁਰੱਖਿਆ ਬਲਾਂ ਵਾਂਗ ਰਾਣੀ ਮੱਖੀ ਇਕ ਹਜ਼ਾਰ ਤੋਂ ਵੱਧ ਹਮਲਾਵਰ ਮੱਖੀਆਂ ਨੂੰ ਸ਼ਹਿਦ 'ਕੱਠਾ ਕਰਨ ਦੀ ਡਿਊਟੀ ਤੋਂ ਮੁਕਤ ਕਰਕੇ ਸਿਰਫ਼ ਸੁਰੱਖਿਆ ਨੂੰ ਯਕੀਨੀ ਬਣਾਉਣ ਵਿਚ ਲਗਾ ਦੇਂਦੀ ਹੈ ਕਿ ਜੇ ਪਾਕਿਸਤਾਨ ਵਾਂਗ ਮਨੁੱਖ ਸ਼ਹਿਦ 'ਤੇ ਹਮਲਾ ਕਰਦਾ ਹੈ ਤਾਂ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਵੇ; ਯਾਨਿ ਡੰਗ ਮਾਰ-ਮਾਰ ਕੇ ਮਨੁੱਖ ਦੀ ਸ਼ੈਤਾਨੀ ਦਾ ਧੂੰਆਂ ਕੱਢ ਦਿੱਤਾ ਜਾਵੇ।

ਘਰਾਂ 'ਚ ਘੁੰਮਣ ਵਾਲੀਆਂ ਅਵਾਰਾ ਮੱਖੀਆਂ, ਮਧੂ ਮੱਖੀਆਂ ਸਮੇਤ ਅੱਸੀ ਫੀਸਦੀ ਮੱਖੀਆਂ ਸਿਰਫ਼ ਮਿੱਠੇ ਦੀਆਂ ਸ਼ੌਕੀਨ ਹਨ। ਇਸੇ ਲਈ ਕਹਾਵਤ ਹੈ ਕਿ ਜਿੱਥੇ ਗੁੜ ਹੋਵੇਗਾ, ਉਥੇ ਮੱਖੀਆਂ ਵੀ ਹੋਣਗੀਆਂ। ਜੀਵ ਵਿਗਿਆਨ ਅਨੁਸਾਰ ਮਿੱਠਾ ਹੀ ਮੱਖੀਆਂ ਦੇ ਜਿਉਂਦੇ ਰਹਿਣ ਦਾ ਵਰਦਾਨ ਹੈ। ਜਿਹੜੀ ਜ਼ਹਿਰ ਉਹ ਡੰਗ ਰਾਹੀਂ ਮਨੁੱਖ ਦੇ ਅੰਦਰ ਧੱਕ ਦਿੰਦੀ ਹੈ, ਉਹ ਉਹਦੀ ਮਿਠਾਸ ਵਾਲੀ ਖੁਰਾਕ ਨੂੰ ਪਾਚਨ ਸ਼ਕਤੀ ਦਿੰਦੀ ਹੈ ਪਰ ਇਨ੍ਹਾਂ ਡੰਗਾਂ ਰਾਹੀਂ ਰੱਬ ਨੇ ਸ਼ਾਇਦ ਉਹ ਨੂੰ ਹਮਲਾ ਕਰਨ ਦਾ ਨਹੀਂ, ਰੋਕਣ ਦਾ ਅਧਿਕਾਰ ਹੀ ਦਿੱਤਾ ਹੈ। ਜੇ ਮੱਖੀ ਕੋਲ ਇਹ ਨਾ ਹੋਵੇ ਤਾਂ ਸ਼ਾਇਦ ਮਨੁੱਖ ਛੱਤੇ 'ਚੋਂ ਸ਼ਹਿਦ ਚੀਡ ਲਾ ਕੇ ਹੀ ਪੀ ਜਾਵੇ।

ਮਨੁੱਖ ਕਹਿਣ ਨੂੰ ਕੁਝ ਵੀ ਕਹੀ ਜਾਵੇ ਪਰ ਜੇ ਮਿਹਨਤ ਦਾ ਮਾਜਰਾ ਸਿੱਖਣਾ ਹੈ ਤਾਂ ਮਧੂ ਮੱਖੀਆਂ ਤੋਂ ਕੁਝ ਸਿੱਖਣਾ ਚਾਹੀਦੈ। ਬੂੰਦ-ਬੂੰਦ ਨਾਲ ਤਲਾਅ ਭਰਨ ਵਾਲੀ ਸਦੀਵੀ ਕਹਾਵਤ ਤਾਂ ਸੁਣਦੇ ਆਏ ਹਾਂ। ਬੂੰਦ ਦੇ ਹਜ਼ਾਰਵੇਂ ਹਿੱਸੇ ਨੂੰ ਲਿਆ ਲਿਆ ਕੇ ਮਣਾਂ 'ਚ ਸ਼ਹਿਦ ਇਕੱਤਰ ਕਰਨਾ ਇਸ ਅਣਭੋਲ ਪੰਛੀ ਨੂੰ ਹੀ ਆਉਂਦਾ ਹੈ।

ਮਨੁੱਖ ਨੂੰ ਕੁਦਰਤ ਵੱਲੋਂ ਮੱਖੀਆਂ ਰਾਹੀਂ ਸ਼ਹਿਦ ਦੇ ਰੂਪ ਵਿਚ ਦਿੱਤੀ ਗਈ ਤੋਹਫੇ ਵਰਗੀ ਉਹ ਚੀਜ਼ ਹੈ ਕਿ ਉਹ ਖਾ ਕੇ ਮਿੱਠਾ ਰਹੇ, ਕੌੜਾ ਨਾ ਹੋਵੇ ਪਰ ਮਨੁੱਖ ਅਸੂਲ ਤੋਂ ਥਿੜਕ ਗਿਆ ਹੈ। ਇਸੇ ਲਈ ਮਿੱਠਾ ਖਾਣ ਤੋਂ ਡਾਕਟਰ ਮਨ੍ਹਾ ਕਰੀ ਜਾ ਰਹੇ ਹਨ। ਸ਼ੂਗਰ ਦੁਹਾਈਆਂ ਦੇ ਰਹੀ ਹੈ, ਬੱਸ ਕਰ ਭਲਿਆ ਮਾਣਸਾ! ਬੱਸ ਕਰ।

ਸਕੂਲ ਤੋਂ ਕਾਲਜ ਵੜਨ ਲੱਗਿਆਂ ਭਲਮਾਣਸੀ ਗੇਟ 'ਤੇ ਹੀ ਖਿੱਲਰ ਜਾਂਦੀ ਹੈ। ਇਸੇ ਲਈ ਕਹਿ ਸਕਦੇ ਹਾਂ ਕਿ ਸ਼ਹਿਦ ਲਈ ਲਾਲ੍ਹਾਂ ਸੁੱਟ ਰਹੀ ਮਨੁੱਖੀ ਜੀਭ ਇਹ ਨਹੀਂ ਸੋਚਦੀ ਕਿ ਰੱਬ ਦੇ ਰੰਗਾਂ 'ਚ ਭੰਗ ਨਹੀਂ ਪਾਈਦਾ। ਡਾਕਟਰ 'ਏਵਲ' ਦੇ ਟੀਕੇ ਜਾਂ ਗੋਲੀਆਂ ਕਿੰਨੀਆਂ ਵੀ ਦੇਈ ਜਾਣ ਪਰ ਪੁੱਛ ਕੇ ਉਨ੍ਹਾਂ ਨੂੰ ਦੇਖਿਓ, ਜਿਨ੍ਹਾਂ ਦਾ ਮੱਖੀਆਂ ਨੇ ਮੂੰਹ ਜਾਂ ਅੱਖਾਂ ਸੁਜਾ ਕੇ ਭੜੋਲੇ ਵਰਗੀਆਂ ਕਰ ਦਿੱਤੀਆਂ ਹੋਣ।

ਕੰਸ ਨੇ ਜਦੋਂ ਨੇਕੀ ਦੇ ਲੱਤ ਮਾਰੀ ਤਾਂ ਬਦੀ ਆਪਣੇ-ਆਪ ਗਲ ਦਾ ਹਾਰ ਬਣ ਗਈ ਸੀ।

**ਅੰਤਿਕਾ:**

ਜਿਥੋਂ ਚੜ੍ਹੇ ਬਰਾਤ ਕਦੇ,
ਉਸ ਪਿੰਡ ਵਿਚ ਢੁਕਦੀ ਨਾ।
ਪਈ ਦੁਸ਼ਮਣੀ ਇੱਜ਼ਤਾਂ ਲਈ,
ਪੁਸ਼ਤਾਂ ਤੱਕ ਮੁੱਕਦੀ ਨਾ।
ਏਸ ਚੱਕਰ ਵਿਚ ਸਿਰ ਤੋਂ,
ਧੜ ਹੀ ਲਹਿ ਗਈ ਹਾਣਦਿਆ।
ਦੋ ਪਰਿਵਾਰਾਂ ਵਿਚ ਹੀ
ਦੁਸ਼ਮਣੀ ਪੈ ਗਈ ਹਾਣਦਿਆ।

*(ਦੀਪ ਮੰਗਲੀ)*

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

# ਕੂੜ ਹੋਆ ਸਿਕਦਾਰੁ

ਗੁਰੂ ਗ੍ਰੰਥ ਸਾਹਿਬ ਵਿਚ ਦਰਜਨ ਤੋਂ ਵੱਧ ਵਾਰ ਸਿਕਦਾਰ/ਸਿਕਦਾਰੀ ਸ਼ਬਦ ਆਇਆ ਹੈ। ਮਿਸਾਲ ਵਜੋਂ ਸ੍ਰੀ ਰਾਗ ਵਿਚ ਪੰਜਵੀਂ ਪਾਤਸ਼ਾਹੀ ਨੇ ਲਿਖਿਆ ਹੈ:

ਰਾਜ ਮਿਲਖ ਸਿਕਦਾਰੀਆ
ਰਸ ਭੋਗਣ ਵਿਸਥਾਰ॥
ਬਾਗ ਸੁਹਾਵੇ ਸੋਹਣੇ
ਚਲੈ ਹੁਕਮ ਅਫਾਰ॥

ਗੁਰੂ ਨਾਨਕ ਦੇਵ ਇਕ ਪਉੜੀ ਵਿਚ ਫਰਮਾਉਂਦੇ ਹਨ:

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥

ਤੇ ਹੋਰ:

ਲਬੁ ਪਾਪੁ ਦੁਇ ਸਿਕਦਾਰ ਰਾਜਾ
ਮਹਤਾ ਕੂੜੁ ਹੋਆ ਸਿਕਦਾਰੁ॥

ਬਾਣੀ ਵਿਚ ਇਹ ਸ਼ਬਦ ਜਿੰਨੀ ਵਾਰੀ ਵੀ ਆਇਆ ਹੈ, ਇਸ ਦਾ ਭਾਵ ਇਕ ਅਧਿਕਾਰੀ, ਹਾਕਮ ਆਦਿ ਦਾ ਹੈ। ਇਹ ਜੀਵਨ ਦੀ ਨਾਸ਼ਵਾਨਤਾ ਦਾ ਸੂਚਕ ਵੀ ਹੈ। ਗੁਰਬਾਣੀ ਦਾ ਟੀਕਾ ਕਰਨ ਵਾਲੇ ਸਭ ਇਸ ਦਾ ਅਰਥ ਏਹੋ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਾਸਤਵ ਵਿਚ ਸਭ ਪ੍ਰਸੰਗਾਂ ਵਿਚ ਇਸ ਸ਼ਬਦ ਦੇ ਏਹੋ ਅਰਥ ਬਣਦੇ ਹਨ। ਪਰ ਦੇਖਣ ਵਾਲੀ ਗੱਲ ਇਹ ਹੈ ਕਿ ਕੀ ਇਹ ਟੀਕਾਕਾਰ ਇਸ ਸ਼ਬਦ ਦੇ ਸਟੀਕ ਤੇ ਨਿਸ਼ਚਿਤ ਅਰਥ ਸਮਝਦੇ ਹਨ। ਮੈਂ ਇਹ ਜਾਨਣ ਲਈ ਭਾਈ ਕਾਹਨ ਸਿੰਘ ਦਾ ਮਹਾਨ ਕੋਸ਼ ਫਰੋਲਿਆ। ਉਸ ਵਿਚ ਸਿਕਦਾਰ ਦਾ ਇੰਦਰਾਜ ਇਸ ਤਰ੍ਹਾਂ ਮਿਲਿਆ: ਸਿਕਦਾਰ-ਸਿੱਕਹਦਾਰ। ਸਿੱਕਾ ਚਲਾਉਣ ਵਾਲਾ, ਰਾਜਾ।

ਸਪਸ਼ਟ ਹੈ ਕਿ ਭਾਈ ਕਾਹਨ ਸਿੰਘ ਨੇ 'ਸਿਕਦਾਰ' ਨੂੰ ਸਿੱਕਾ ਚਲਾਉਣ ਵਾਲਾ ਸਮਝਦਿਆਂ ਇਸ ਨੂੰ ਰਾਜਾ ਬਣਾ ਦਿੱਤਾ ਹੈ। ਹਰਜਿੰਦਰ ਸਿੰਘ ਗਿੱਲ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮੁਖੀ-ਗੁਰਮੁਖੀ ਕੋਸ਼ ਵਿਚ ਸਿਕਦਾਰ ਨੂੰ ਸਰਦਾਰ, ਚੌਧਰੀ, ਹਾਕਮ, ਰਾਜਾ ਦੱਸਿਆ ਗਿਆ ਹੈ। ਇਸੇ ਕੋਸ਼ ਦੇ ਅੰਗਰੇਜ਼ੀ ਰੁਪਾਂਤਰ ਗੁਰਮੁਖੀ-ਅੰਗਰੇਜ਼ੀ ਕੋਸ਼ ਵਿਚ ਇਸ ਸ਼ਬਦ ਨੂੰ ਫਾਰਸੀ ਦੇ 'ਸਰਦਾਰ' ਤੋਂ ਬਣਿਆ ਦੱਸਿਆ ਗਿਆ ਹੈ। ਹੋਰ ਤਾਂ ਹੋਰ ਭਾਈ ਸਾਹਿਬ ਸਿੰਘ ਦੇ ਟੀਕੇ ਵਿਚ ਵੀ ਇਸ ਨੂੰ ਵਾਰ ਵਾਰ 'ਸਰਦਾਰ' ਦੇ ਸਮਾਨਰਥਕ ਦੱਸਿਆ ਗਿਆ ਹੈ।

ਹਕੀਕਤ ਇਹ ਹੈ ਕਿ ਸਿਕਦਾਰ ਸ਼ਬਦ ਦਾ ਨਾਂ ਤਾਂ ਮੁਦਰਾ ਦੇ ਅਰਥਾਂ ਵਾਲੇ ਸਿੱਕਾ ਸ਼ਬਦ ਨਾਲ ਕੋਈ ਸਬੰਧ ਹੈ ਤੇ ਨਾ ਹੀ ਸਰਦਾਰ ਸ਼ਬਦ ਨਾਲ। ਇਹ ਅਰਬੀ ਫਾਰਸੀ ਦਾ ਮਿਲਗੋਭਾ ਸ਼ਬਦ ਅਰਬੀ 'ਸ਼ਿੱਕ' ਦੇ ਪਿਛੇ ਫਾਰਸੀ ਪਿਛੇਤਰ 'ਦਾਰ' ਲੱਗ ਕੇ ਬਣਿਆ ਹੈ। ਪਹਿਲਾਂ 'ਦਾਰ' ਨਜਿੱਠ ਲਈਏ। ਇਹ ਪਿਛੇਤਰ ਸੰਸਕ੍ਰਿਤ ਦੇ ਧਰ/ਧਾਰ/ਧਾਰੀ ਦਾ ਸਜਾਤੀ ਹੈ ਤੇ ਇਨ੍ਹਾਂ ਦਾ ਅਰਥ ਹੁੰਦਾ ਹੈ, ਧਾਰਨ ਕਰਨ ਵਾਲਾ, ਰੱਖਣ ਵਾਲਾ, ਕਰਨ ਵਾਲਾ ਜਿਵੇਂ ਮੁਰਲੀਧਰ, ਨਾਮਧਾਰੀ, ਵਰਦੀਧਾਰੀ ਆਦਿ। ਇਸ ਪਿਛੇਤਰ ਬਾਰੇ ਕਿਸੇ ਵੇਲੇ ਵਿਸਥਾਰ ਸਹਿਤ ਲਿਖਿਆ ਜਾਵੇਗਾ।

ਅਰਬੀ ਸ਼ਬਦ 'ਸ਼ਿੱਕ਼' ਦੇ ਮੁਖ ਅਰਥ ਇਸ ਪ੍ਰਕਾਰ ਹਨ: ਅੱਧ; ਪਹਾੜ ਦਾ ਇਕ ਪਾਸਾ; ਹਿੱਸਾ; ਖੰਡ, ਪ੍ਰਦੇਸ਼, ਪਾਟ; ਕਿਸਮ, ਵੰਨਗੀ; ਮੁਸ਼ਕਿਲ, ਔਖਿਆਈ; ਤਕਲੀਫ, ਘਾਲਣਾ ਆਦਿ।

ਅੱਗੋਂ ਸ਼ਿਕ ਸ਼ਬਦ ਅਰਬੀ 'ਸ਼ੱਕ' ਤੋਂ ਬਣਿਆ ਹੈ ਜਿਸ ਦਾ ਅਰਥ ਪਾੜਨਾ, ਦਰਾੜ ਪਾਉਣਾ, ਦੋਫਾੜ ਕਰਨਾ, ਕੱਟਣਾ, ਵੱਢਣਾ, ਵੰਡਣਾ, ਚੀਰਨਾ ਆਦਿ ਹਨ। (ਯਾਦ ਰਹੇ, ਸੰਦੇਹ ਦੇ ਅਰਥਾਂ ਵਾਲਾ 'ਸ਼ੱਕ' ਹੋਰ ਸ਼ਬਦ ਹੈ ਤੇ ਇਸ ਦੇ ਸ਼ਬਦ ਜੋੜਾਂ ਵਿਚ ਫਾਰਸੀ ਦਾ ਦੂਜਾ ਕਾਫ਼ ਲਗਦਾ ਹੈ) 'ਸ਼ੱਕ' ਦੇ ਅਜਿਹੇ ਅਰਥਾਂ ਤੋਂ 'ਸ਼ਿਕ' ਦੇ ਉਪਰੋਕਤ ਸਾਰੇ ਅਰਥ ਸਮਝ ਆਉਂਦੇ ਹਨ। ਕਿਸੇ ਚੀਜ਼ ਨੂੰ ਪਾੜਨ ਨਾਲ ਇਸ ਦੇ ਦੋ ਹਿੱਸੇ ਹੋ ਜਾਂਦੇ ਹਨ, ਸੋ ਇਸ ਦੇ 'ਅੱਧ' ਅਤੇ 'ਪਹਾੜ ਦਾ ਇਕ ਹਿੱਸਾ' ਵਾਲੇ ਅਰਥ ਸਪਸ਼ਟ ਹਨ। ਭੋਇੰ ਦੇ ਸੰਦਰਭ ਵਿਚ ਜ਼ਮੀਨ ਦਾ ਹਿੱਸਾ ਇਕ ਖੇਤਰ ਜਾਂ ਪ੍ਰਦੇਸ਼ ਦਾ ਅਰਥ ਦੇਣ ਲੱਗ ਪੈਂਦਾ ਹੈ। ਧਿਆਨ ਦਿਉ ਕਿ ਪੰਜਾਬੀ ਖੰਡ ਸ਼ਬਦ ਵੀ ਮੁਢਲੇ ਤੌਰ 'ਤੇ ਟੁਕੜੇ ਦਾ ਅਰਥ ਹੀ ਦਿੰਦਾ ਹੈ ਤੇ ਅੱਗੋਂ ਇਲਾਕੇ ਦੇ ਅਰਥ ਧਾਰਨ ਕਰ ਲੈਂਦਾ ਹੈ। ਭਾਰਤ ਦੇ ਇਕ ਪਹਾੜੀ ਪ੍ਰਦੇਸ਼ ਦਾ ਨਾਂ ਉਤਰਾਖੰਡ ਹੈ। ਅੰਗਰੇਜ਼ੀ ਡਿਵੀਜ਼ਨ ਵੀ ਵੰਡ ਦੇ ਅਰਥਾਂ ਤੋਂ ਇਕ ਪ੍ਰਸ਼ਾਸਕੀ ਇਕਾਈ ਦਾ ਅਰਥ ਧਾਰਨ ਕਰਦੀ ਹੈ। ਅਸਲ ਵਿਚ ਡਿਵੀਜ਼ਨ ਸ਼ਿਕ ਸਬ਼ਦ ਦਾ ਸਭ ਤੋਂ ਉਪਯੁਕਤ ਅਰਥਾਵਾਂ ਸ਼ਬਦ ਹੈ। ਕਿਸਮ ਜਾਂ ਵੰਨਗੀ ਵਾਲੇ ਭਾਵ ਵੀ ਇਕ ਵੰਡੀ ਹੋਈ ਚੀਜ਼ ਦੇ ਥੋੜੇ ਅਲੱਗ ਅਲੱਗ ਗੁਣਾਂ ਵਾਲੇ ਜੁਜ਼ਾਂ ਤੋਂ ਹੀ ਵਿਕਸਿਤ ਹੋਏ ਹਨ। 'ਮੁਸ਼ਕਿਲ, ਔਖਿਆਈ; ਤਕਲੀਫ, ਘਾਲਣਾ' ਆਦਿ ਵਾਲੇ ਭਾਵ ਇਸ ਸ਼ਬਦ ਦੇ ਵੰਡਣਾ, ਚੀਰਨਾ ਵਾਲੇ ਅਰਥਾਂ ਤੋਂ ਵਿਕਸਿਤ ਹੋਏ ਹਨ: ਤਕਲੀਫ, ਘਾਲਣਾ' ਇਕ ਤਰ੍ਹਾਂ ਦਿਲ-ਚੀਰਵਾਂ ਅਨੁਭਵ ਹੁੰਦਾ ਹੈ। ਅਜਿਹੇ ਅਰਥਾਂ ਤੋਂ ਹੀ ਫਾਰਸੀ ਦਾ ਇਕ ਹੋਰ ਸ਼ਬਦ 'ਮੁਸ਼ੱਕਤ' ਬਣਿਆ ਹੈ ਜੋ ਪੰਜਾਬੀ ਵਿਚ ਵੀ ਖੂਬ ਪ੍ਰਚਲਤ ਹੈ ਤੇ ਜਿਸ ਦਾ ਗੁਰਬਾਣੀ ਰੂਪ 'ਮੁਸਕਤਿ' ਹੈ, "ਜਿਨੀ ਨਾਮੁ ਧਿਆਇਆ ਗਏ ਮੁਸਕਤਿ ਘਾਲ॥" ਅਤੇ "ਸਾਧੂ ਸੰਗ ਮਸਕਤੇ ਤੂਠੈ ਪਾਵਾ ਦੇਵ॥" (ਗੁਰੂ ਅਰਜਨ ਦੇਵ)।

ਸਿਕਦਾਰ: ਫ਼ਾ. [Persian script], ਸਿੱਕਹਦਾਰ. ਵਿ- ਸਿੱਕਾ ਚਲਾਉਣ ਵਾਲਾ. ਰਾਜਾ। ੨. ਸਰਦਾਰ. ਹਾਕਿਮ. "ਸਗਲ ਸ੍ਰਿਸਟਿ ਕੇ ਪੰਚ ਸਿਕਦਾਰ." (ਗੌਂਡ ਮਃ ੫) "ਸਿਕਦਾਰਹੁ ਨਹ ਪਤੀਆਇਆ." (ਸੋਰ ਮਃ ੫)

ਸਿਕਦਾਰੀ: ਸੰਗ੍ਯਾ- ਸਿੱਕਹਦਾਰੀ. ਹੁਕੂਮਤ. ਸਰਦਾਰੀ. "ਜਿਸੁ ਸਿਕਦਾਰੀ ਤਿਸਹਿ ਖੁਆਰੀ." (ਰਾਮ ਅਃ ਮਃ ੧)

ਸਿਕਦਾਰੁ: ਦੇਖੋ, ਸਿਕਦਾਰ. "ਕੂੜ ਹੋਇਆ ਸਿਕਦਾਰੁ." (ਵਾਰ ਆਸਾ)

*ਮਹਾਨ ਕੋਸ਼ ਵਿਚ ਸਿਕਦਾਰ ਸ਼ਬਦ ਦੇ ਇੰਦਰਾਜ*

ਅਸੀਂ ਪਹਿਲਾਂ ਇਕ ਹੋਰ ਲੇਖ ਵਿਚ ਮੁਸਲਮਾਨਾਂ ਦੇ ਰਾਜ ਅਧੀਨ ਸਾਡੀਆਂ ਪ੍ਰਸ਼ਾਸਨਿਕ ਇਕਾਈਆਂ ਦੇ ਨਾਂ ਦੱਸ ਚੁੱਕੇ ਹਾਂ ਜਿਨ੍ਹਾਂ ਵਿਚ ਪਰਗਣਾ, ਸ਼ਿੱਕ, ਸਰਕਾਰ ਆਦਿ ਦੱਸੇ ਗਏ ਸਨ। ਸ਼ੇਰ ਸ਼ਾਹ ਸੂਰੀ ਦੇ ਵੇਲਿਆਂ ਤੋਂ 'ਸ਼ਿਕ' ਇਕ ਪ੍ਰਸ਼ਾਸਨਿਕ ਇਕਾਈ ਹੋਇਆ ਕਰਦੀ ਸੀ ਜਿਸ ਵਿਚ ਕਾਨੂੰਨ ਦੀ ਬਹਾਲੀ ਦਾ ਜ਼ਿੰਮਾ ਸੰਭਾਲਣ ਵਾਲੇ ਅਧਿਕਾਰੀ ਨੂੰ 'ਸ਼ਿਕਦਾਰ' ਆਖਿਆ ਜਾਂਦਾ ਸੀ। ਹੋਰ ਅਧਿਕਾਰੀ ਸਨ, ਆਮਿਲ, ਮੁਸ਼ਰਿਫ, ਖਜ਼ਾਨਦਾਰ, ਕਾਜ਼ੀ, ਕੋਤਵਾਲ ਆਦਿ।... 'ਸ਼ਿਕ' ਅਤੇ 'ਸ਼ਿਕਦਾਰ ਸ਼ਬਦ ਬਾਅਦ ਵਿਚ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਦੀਆਂ ਧੁਨੀਆਂ ਅਨੁਸਾਰ ਕ੍ਰਮਵਾਰ ਸਿੱਕ ਅਤੇ ਸਿਕਦਾਰ ਵਜੋਂ ਢਲ ਗਏ। ਸਲਤਨਤ ਅਤੇ ਮੁਗਲੀਆ ਕਾਲ ਸਮੇਂ ਸਰਕਾਰੀ ਅਹੁਦੇ ਬਾਅਦ ਵਿਚ ਉਪਨਾਮਾਂ ਦੇ ਤੌਰ 'ਤੇ ਵੀ ਵਰਤੇ ਜਾਣ ਲੱਗੇ, ਖਾਸ ਤੌਰ 'ਤੇ ਬੰਗਾਲ ਵਿਚ। ਅੱਜ ਅਸੀਂ ਅਜਿਹੇ ਕਈ ਉਪਨਾਮ ਦੇਖ ਸਕਦੇ ਹਾਂ ਜਿਵੇਂ ਪੋਤਦਾਰ, ਸਰਪੋਤਦਾਰ, ਮਲਿਕ, ਅਮੀਨ, ਕਾਨੂੰਨਗੋ, ਮਜ਼ੂਮਦਾਰ, ਪਟਵਾਰੀ। ਜਿਉਤਰਮੋਇ ਸਿਕਦਾਰ ਇਕ ਮੱਲਾਂ ਮਾਰਨ ਵਾਲੀ ਐਥਲੀਟ ਅਤੇ ਕਮਿਉਨਿਸਟ ਨੇਤਾ ਹੈ। ਕਈ ਹਾਲਤਾਂ ਵਿਚ ਸਿਕਦਾਰ ਸ਼ਬਦ ਮੁਖ ਨਾਂ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਰਿਹਾ ਹੈ ਜਿਵੇਂ ਰਾਜਪੁਤਾਨੇ ਦੇ ਸਿਕਦਾਰ ਸਿੰਘ। ਬੰਗਾਲ ਵਿਚ ਨਵਾਬਾਂ ਦੇ ਸਮੇਂ ਸ਼ਿਕਦਾਰ ਇਕ ਤਰ੍ਹਾਂ ਪੋਲੀਸ ਕਮਿਸ਼ਨਰ ਹੁੰਦੇ ਸਨ। ਇਹ ਅਹੁਦਾ ਪਿਤਾਪੁਰਖੀ ਹੀ ਬਣ ਗਿਆ ਇਸ ਲਈ ਇਕ ਗੋਤ ਦੀ ਤਰ੍ਹਾਂ ਵੀ ਪ੍ਰਚਲਤ ਹੋ ਗਿਆ। ਦੇਸ਼ ਦੇ ਅਲੱਗ ਅਲੱਗ ਹਿੱਸਿਆਂ ਵਿਚ 'ਸ਼ਿਕ' ਇਕਾਈ ਵੱਡੀ ਛੋਟੀ ਹੋ ਸਕਦੀ ਹੈ ਤੇ ਇਸੇ ਤਰ੍ਹਾਂ ਸਿਕਦਾਰ ਦੀਆਂ ਜ਼ਿਮੇਵਾਰੀਆਂ ਵੀ। ਕਈ ਇਲਾਕਿਆਂ ਵਿਚ ਕਈ ਪਰਗਣੇ ਮਿਲ ਕੇ ਸ਼ਿਕ/ਸਿਕ ਅਖਵਾਉਂਦੇ ਸਨ। ਗੁਰੂ ਕਾਲ ਵਿਚ ਪੰਜਾਬ ਤੇ ਆਸ-ਪਾਸ ਦੇ ਖੇਤਰ ਵਿਚ ਅਜਿਹੇ ਸਿਕਦਾਰ ਨਿਯੁਕਤ ਸਨ। ਇਹ ਅਧਿਕਾਰੀ ਆਮ ਤੌਰ 'ਤੇ ਫੌਜੀ ਜਾਂ ਸਿਪਾਹੀ ਹੁੰਦੇ ਸਨ ਜੋ ਆਮ ਪਰਜਾ ਤੋਂ ਡੰਡੇ ਦੇ ਜ਼ੋਰ ਨਾਲ ਕਰ ਉਗਰਾਹਿਆ ਕਰਦੇ ਸਨ।

ਇਸ ਤਰ੍ਹਾਂ ਇਹ ਸਿਕਦਾਰ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਅਤਿਆਚਾਰੀ ਤੇ ਘ੍ਰਿਣਤ ਵਿਅਕਤੀ ਸਨ। ਗੁਰਬਾਣੀ ਵਿਚ ਇਨ੍ਹਾਂ ਦਾ ਅਜਿਹਾ ਕਿਰਦਾਰ ਖੂਬ ਉਘੜਦਾ ਹੈ। ਖਾਸ ਤੌਰ 'ਤੇ ਭਗਤ ਕਬੀਰ ਨੇ ਰਾਗ ਲਲਿਤ ਵਿਚ ਇਨ੍ਹਾਂ ਅਧਿਕਾਰੀਆਂ ਦਾ ਅਣਮਨੁਖੀ ਤੇ ਨਿਰਦਈ ਵਤੀਰਾ ਸਾਫ਼ ਸ਼ਬਦਾਂ ਵਿਚ ਚਿਤਰਿਆ ਹੈ। ਉਨ੍ਹਾਂ ਭਾਵੇਂ ਪੰਜ ਵਿਕਾਰਾਂ ਦੀ ਤੁਲਨਾ ਇਨ੍ਹਾਂ ਸਿਕਦਾਰਾਂ ਨਾਲ ਕਰਕੇ ਵਿਕਾਰਾਂ ਨੂੰ ਤਿਆਗਣ ਦਾ ਉਪਦੇਸ਼ ਦਿੱਤਾ ਹੈ ਪਰ ਇਸ ਜਤਨ ਵਿਚ ਉਹ ਸਿਕਦਾਰਾਂ ਦੇ ਵਤੀਰੇ ਦਾ ਖੂਬ ਭਾਂਡਾ ਭੰਨਦੇ ਹਨ:

ਏਕੁ ਕੋਟੁ ਪੰਚ ਸਿਕਦਾਰਾ
ਪੰਚੇ ਮਾਗਹ ਹਾਲਾ॥
ਜਿਮੀ ਨਾਹੀ ਮੈ ਕਿਸੀ ਕੀ ਬੋਈ
ਐਸਾ ਦੇਨ ਦਿਖਾਲਾ॥
ਹਰਿ ਕੇ ਲੋਗਾ ਮੋ ਕਉ
ਨੀਤਿ ਡਸੈ ਪਟਵਾਰੀ॥
ਊਪਰਿ ਭੁਜਾ ਕਰਿ ਮੈ
ਗੁਰ ਪਹਿ ਪੁਕਾਰਿਆ॥
ਤਿਨਿ ਹਉ ਲੀਆ ਉਬਾਰੀ॥
ਨਉ ਡਾਡੀ ਮੁੰਸਫ ਧਾਵਹਿ
ਰਈਅਤ ਬਸਨ ਨ ਦੇਹੀ॥
ਡੋਰੀ ਪੂਰੀ ਮਾਪਹਿ ਨਾਹੀ
ਬਹੁ ਬਿਸਟਾਲਾ ਲੇਹੀ॥

ਕਬੀਰ ਦੇ ਉਪਰੋਕਤ ਸ਼ਬਦ ਬਹੁਤ ਭਾਵਪੂਰਤ ਸ਼ਬਦਾਂ ਵਿਚ ਸਿਕਦਾਰ ਦੇ ਨੈਣ-ਨਕਸ਼ ਉਘਾੜਦੇ ਹਨ। ਮਿਸਾਲ ਵਜੋਂ ਉਹ ਹਾਲਾ ਵਸੂਲ ਕਰਦੇ ਹਨ, ਕਈ ਵਾਰ ਜੋ ਜ਼ਮੀਨ ਨਹੀਂ ਵੀ ਵਾਹੁੰਦੇ ਉਨ੍ਹਾਂ ਤੋਂ ਵੀ ਧੱਕੇ ਨਾਲ ਹਾਲਾ ਖੋਹ ਲੈਂਦੇ ਹਨ। ਉਹ ਪਟਵਾਰੀ ਰਾਹੀਂ ਆਮ ਲੋਕਾਂ ਨੂੰ ਲਗਾਤਾਰ ਪ੍ਰੇਸ਼ਾਨ ਕਰਦੇ ਹਨ ਤੇ ਸ਼ਾਂਤੀ ਨਾਲ ਨਹੀਂ ਰਹਿਣ ਦੇਂਦੇ। ਉਹ ਹੇਰਾਫੇਰੀਆਂ ਕਰਦੇ ਹਨ, ਜ਼ਮੀਨ ਨੂੰ ਪੂਰੀ ਜਰੀਬ ਨਾਲ ਮਾਪਦੇ ਵੀ ਨਹੀਂ ਤੇ ਖੂਬ ਵੱਢੀਆਂ ਖਾਂਦੇ ਹਨ। ਗੁਰੂ ਅਰਜਨ ਦੇਵ ਨੇ ਵੀ ਰਾਗ ਗੋਂਡ ਵਿਚ ਸਿਕਦਾਰਾਂ ਦੇ ਅਜਿਹੇ ਚਰਿਤਰ ਵੱਲ ਸੰਕੇਤ ਦਿੱਤੇ ਹਨ।

ਗੁਰੂਆਂ ਭਗਤਾਂ ਨੂੰ ਸਿਕਦਾਰ ਦੇ ਲੋਕ-ਦੋਖੀ ਕਿਰਦਾਰ ਦਾ ਨਿਕਟ ਅਨੁਭਵ ਸੀ ਇਸ ਲਈ ਉਨ੍ਹਾਂ ਦੀ ਬਾਣੀ ਵਿਚ ਇਹ ਸ਼ਬਦ ਆਮ ਤੌਰ 'ਤੇ ਨਿਖੇਧਾਤਮਕ ਅਰਥਾਂ ਵਿਚ ਆਇਆ ਹੈ ਪਰ ਸਾਡੇ ਕਈ ਟੀਕਾਕਾਰਾਂ, ਕੋਸ਼ਕਾਰਾਂ ਨੇ ਸਭ ਕੁਝ ਸਾਹਮਣੇ ਹੁੰਦਿਆਂ ਵੀ ਇਸ ਸ਼ਬਦ ਦੀ ਡੂੰਘਾਈ ਵਿਚ ਪੜਤਾਲ ਨਹੀਂ ਕੀਤੀ। ਇਸ ਨੂੰ ਸਰਦਾਰ ਦੇ ਅਰਥਾਂ ਵਜੋਂ ਪ੍ਰਸਤੁਤ ਕਰਨ ਨਾਲ ਅਣਚਾਹੇ ਪਰਿਣਾਮ ਵੀ ਨਿਕਲ ਸਕਦੇ ਹਨ। ਹੇਠ ਲਿਖੇ ਕਵਿਤਾ ਦੇ ਟੋਟੇ ਵਿਚ ਇਹ ਸ਼ਬਦ ਲੁਭਾਵਣੇ ਰੂਪ ਵਿਚ ਪ੍ਰਸਤੁਤ ਹੋਇਆ ਹੈ:

ਧਰਤੀ ਦਾ ਸਿਕਦਾਰ ਸੀ ਜਿਹੜਾ
ਹੁਣ ਤਾਂ ਐਵੇਂ ਜੂਨ ਹੰਢਾਵੇ।
ਪਹਿਲਾਂ ਵਰਗੀ ਸ਼ਾਨ ਹੈ ਕਿੱਥੇ!

ਇਕ ਹੋਰ ਲੇਖਕ ਨੇ ਗੁਰੂ ਗੋਬਿੰਦ ਸਿੰਘ ਦੀਆਂ ਸਿਫਤਾਂ ਦੇ ਪੁਲ ਬੰਨ੍ਹਦਿਆਂ ਉਨ੍ਹਾਂ ਨੂੰ ਸਿਕਦਾਰ ਹੀ ਬਿਆਨ ਦਿੱਤਾ ਹੈ:

ਸੁਰਖਰੂ, ਸਥਿਰ, ਸਮਝਦਾਰ
ਤੇ ਸਰਪ੍ਰਸਤ ਸਿਕਦਾਰ ਸਤਿਗੁਰ।

ਮੇਰੇ ਕਹਿਣ ਦਾ ਇਹ ਮਤਲਬ ਨਹੀਂ ਕਿ ਸ਼ਬਦਾਂ ਦੇ ਅਰਥ ਸਥਿਰ ਹੁੰਦੇ ਹਨ ਸਗੋਂ ਮੈਂ ਤਾਂ ਇਹ ਗੱਲ ਹੁਣ ਤੱਕ ਜ਼ੋਰ ਨਾਲ ਕਹੀ ਹੈ ਕਿ ਸ਼ਬਦਾਂ ਦੇ ਅਰਥ ਬਦਲਦੇ ਬਦਲਦੇ ਕਈ ਵਾਰੀ ਆਪਣੇ ਮੁਢਲੇ ਅਰਥਾਂ ਤੋਂ ਉਲਟ ਵੀ ਹੋ ਜਾਂਦੇ ਹਨ। ਪਰ ਸਿਕਦਾਰ ਸ਼ਬਦ ਦੇ ਪ੍ਰਸੰਗ ਵਿਚ ਇਹ ਕਹਿਣਾ ਹੋਵੇਗਾ ਕਿ ਏਥੇ ਅਜਿਹਾ ਨਹੀਂ ਹੋਇਆ। ਕੋਸ਼ਕਾਰਾਂ ਦੇ ਅਵੇਸਲੇਪਣ ਕਾਰਨ 'ਸਿਕਦਾਰ' ਦਾ ਕੂੜ ਅਰਥਾਤ ਗਲਤ ਅਰਥ ਹੀ ਪ੍ਰਚਲਤ ਹੋ ਗਿਆ!

---

## ਸ਼ਰਧਾਂਜਲੀ

# ਅਲਵਿਦਾ ਖੱਦਰਪੋਸ਼ ਮੈ'ਮ

ਡਾ. ਸਵਰਾਜ ਰਾਜ

16 ਨਵੰਬਰ 1982 ਦੀ ਗੱਲ ਹੈ। ਸਰਕਾਰੀ ਗਰਲਜ਼ ਕਾਲਜ, ਪਟਿਆਲਾ ਵਿਖੇ ਬਤੌਰ ਅੰਗਰੇਜ਼ੀ ਲੈਕਚਰਾਰ ਮੇਰੀ ਨਿਯੁਕਤੀ ਦਾ ਪਹਿਲਾ ਦਿਨ ਸੀ। ਕਾਲਜ ਦੇ ਸਟਾਫ਼ ਰੂਮ ਵਿਚ ਮੇਰੀ ਮੁਲਾਕਾਤ ਰੋਅਬ-ਦਾਬ ਵਾਲੀ ਖੱਦਰਪੋਸ਼ ਔਰਤ ਨਾਲ ਹੋਈ। ਮੈਂ ਉਨ੍ਹਾਂ ਨਾਲ ਆਪਣੀ ਸਿਆਣ ਕਰਵਾਈ ਅਤੇ ਇਕ-ਦੋ ਮੁਢਲੀਆਂ ਰਸਮੀ ਗੱਲਾਂ ਤੋਂ ਬਾਅਦ ਉਨ੍ਹਾਂ ਮੈਨੂੰ ਕਿਹਾ, "ਬੱਚੇ, ਬਿਨਾ ਮੰਗੀ ਨਸੀਹਤ ਕਿਸੇ ਨੂੰ ਵੀ ਪਸੰਦ ਨਹੀਂ ਆਉਂਦੀ ਪਰ ਤੁਸੀਂ ਮੇਰੇ ਬੱਚੇ ਵਰਗੇ ਜੇ, ਇਸ ਲਈ ਇਹ ਨਸੀਹਤ ਕਰਨਾ ਮੈਂ ਆਪਣਾ ਫ਼ਰਜ਼ ਸਮਝਦੀ ਹਾਂ। ਸਮਾਜ ਵਿਚ ਚੰਗੀ ਸ਼ੋਹਰਤ ਹਾਸਲ ਕਰਨ ਲਈ ਅਤੇ ਵਧੀਆ ਅਕਸ ਬਣਾਉਣ ਲਈ ਪੂਰਾ ਜੀਵਨ ਲੱਗ ਜਾਂਦਾ ਹੈ ਪਰ ਇਸ ਅਕਸ ਨੂੰ ਵਿਗਾੜਨ ਲਈ ਚੰਦ ਛਿਣ ਹੀ ਕਾਫੀ ਹੁੰਦੇ ਹਨ। ਮੈਂ ਹੋਰ ਕੁੱਝ ਨਹੀਂ ਜੇ ਕਹਿਣਾ। ਤੁਸੀਂ ਆਪ ਸਮਝਦਾਰ ਹੋ ਅਤੇ ਸਿਆਣੇ ਬੰਦੇ ਨੂੰ ਤਾਂ ਇਸ਼ਾਰਾ ਹੀ ਕਾਫੀ ਹੁੰਦਾ ਹੈ।" ਮੇਰੀ ਮੈਡਮ ਸਤਵੰਤ ਕੌਰ, ਜਿਹੜੇ ਅਰਥ ਸ਼ਾਸਤਰ ਦੇ ਬਹੁਤ ਸਤਿਕਾਰਤ ਅਧਿਆਪਕ ਸਨ, ਨਾਲ ਇਹ ਪਹਿਲੀ ਮੁਲਾਕਾਤ ਸੀ।

ਉਸ ਪਹਿਲੀ ਮੁਲਾਕਾਤ ਤੋਂ ਤਕਰੀਬਨ ਤੀਹ ਸਾਲ ਬਾਅਦ ਅੱਜ ਤੱਕ ਵੀ ਇਹ ਲਫਜ਼ ਮੇਰੇ ਜ਼ਿਹਨ ਵਿਚ ਗੂੰਜਦੇ ਹਨ। ਇਨ੍ਹਾਂ ਲਫਜ਼ਾਂ ਵਿਚ ਗਹਿਰੀ ਸੰਜੀਦਗੀ, ਦ੍ਰਿੜ੍ਹਤਾ ਅਤੇ ਅਜ਼ਲੋਂ ਹੀ ਨੇਕ ਇਨਸਾਨ ਦੀ ਆਪਣੇ ਕਿਸੇ ਨਵੇਂ ਸਹਿਕਰਮੀ ਪ੍ਰਤੀ ਫਿਕਰਮੰਦੀ ਅਤੇ ਪਿਆਰ ਦੀ ਆਮੇਜ਼ਿਸ਼ (ਸੁਮੇਲ) ਸੀ।

ਪ੍ਰੋਫੈਸਰ ਸਤਵੰਤ ਕੌਰ ਦਾ ਸੰਪੂਰਨ ਜੀਵਨ ਹੀ ਉਨ੍ਹਾਂ ਕਦਰਾਂ-ਕੀਮਤਾਂ ਨੂੰ ਸਮਰਪਿਤ ਸੀ ਜਿਹੜੀਆਂ ਅਜ਼ਲੀ ਮਨੁੱਖ ਦੀ ਸਹਿਜ ਗੁਣ ਭਰਪੂਰ ਸ਼ਖਸੀਅਤ ਦਾ ਆਧਾਰ ਹੁੰਦੀਆਂ ਹਨ। ਪ੍ਰੋ. ਸਤਵੰਤ ਕੌਰ ਨੇ ਤਾ-ਉਮਰ ਆਪਣੇ ਅਸੂਲਾਂ ਨਾਲ ਕੋਈ ਸਮਝੌਤਾ ਨਾ ਕੀਤਾ ਅਤੇ ਬਹੁਤ ਹੀ ਅਨੁਸ਼ਾਸਿਤ ਅਤੇ ਸਾਦਾ ਜੀਵਨ ਦੀ ਮਿਸਾਲ ਕਾਇਮ ਕਰਕੇ ਆਪਣੇ ਅਣਗਿਣਤ ਵਿਦਿਆਰਥੀਆਂ ਨੂੰ ਸੱਚਾ-ਸੁੱਚਾ ਜੀਵਨ ਬਤੀਤ ਕਰਨ ਲਈ ਪ੍ਰੇਰਿਆ।

ਪੰਜ ਅਗਸਤ 1933 ਨੂੰ ਲਾਹੌਰ ਵਿਚ ਜਨਮੇ ਪ੍ਰੋ. ਸਤਵੰਤ ਕੌਰ ਨੂੰ ਪਹਿਲੀ ਉਮਰ ਵਿਚ ਹੀ ਮਹਾਤਮਾ ਗਾਂਧੀ ਦੇ ਸਵਦੇਸ਼ੀ ਅੰਦੋਲਨ ਅਤੇ ਰੂਸੀ ਕ੍ਰਾਂਤੀ ਦੀਆਂ ਸੁਪਨਮਈ ਸੰਭਾਵਨਾਵਾਂ ਨੇ ਬਹੁਤ ਮੁਤਸਰ ਕੀਤਾ। ਮਹਾਤਮਾ ਗਾਂਧੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਸਾਰੀ ਉਮਰ ਖੱਡੀ ਦਾ ਬੁਣਿਆ ਖੱਦਰ ਪਾਉਣ ਦਾ ਪ੍ਰਣ ਕੀਤਾ। ਖੱਦਰ ਅਤੇ ਸਾਦਗੀ ਉਨ੍ਹਾਂ ਦੀ ਨਿਵੇਕਲੀ ਪਛਾਣ ਬਣ ਗਏ। ਕਾਰਲ ਮਾਰਕਸ ਅਤੇ ਲੈਨਿਨ ਦੀਆਂ ਲਿਖਤਾਂ ਨੇ ਉਨ੍ਹਾਂ ਨੂੰ ਗਰੀਬਾਂ, ਮਜ਼ਦੂਰਾਂ ਅਤੇ ਮਜ਼ਲੂਮਾਂ ਦੇ ਦੁੱਖ-ਤਕਲੀਫਾਂ ਪ੍ਰਤੀ ਬਹੁਤ ਸੰਵਦੇਨਸ਼ੀਲ ਬਣਾ ਦਿੱਤਾ। ਭਾਰਤ ਦੀ ਆਜ਼ਾਦੀ ਅਤੇ ਤਕਸੀਮ ਦੌਰਾਨ ਹੱਲਿਆਂ ਨੇ ਉਨ੍ਹਾਂ ਦੇ ਮਨ ਉਤੇ ਗਹਿਰੀ ਛਾਪ ਛੱਡੀ। ਕੱਟੜ ਧਾਰਮਿਕ ਸ਼ਨਾਖਤ ਦਾ ਗਤੀ ਮਾਰਗ ਕਿਸ ਤਰ੍ਹਾਂ ਅੰਨ੍ਹੇ ਵਹਿਸ਼ੀਆਨਾ ਤਅੱਸਬ ਦੀ ਦਹਿਲੀਜ਼ ਤੱਕ ਜਾ ਪਹੁੰਚਦਾ ਹੈ, ਇਹ ਗੱਲ ਮੈਡਮ ਸਤਵੰਤ ਨੇ ਹੱਲਿਆਂ ਤੋਂ ਸਿੱਖੀ। ਉਨ੍ਹਾਂ ਨੇ ਹਰ ਤਰ੍ਹਾਂ ਦੀ ਧਾਰਮਿਕ ਸ਼ਨਾਖਤ ਤੋਂ ਮੁਨਕਰ ਹੋ ਕੇ ਇਨਸਾਨੀਅਤ ਨੂੰ ਆਪਣਾ ਧਰਮ ਮੰਨਿਆ।



ਪ੍ਰੋ. ਸਤਵੰਤ ਕੌਰ

ਪ੍ਰੋ. ਸਤਵੰਤ ਦਾ ਵਿਆਹ 1959 ਵਿਚ ਅੰਗਰੇਜ਼ੀ ਦੇ ਵਿਦਵਾਨ ਪ੍ਰੋ. ਸੋਹਿੰਦਰਜੀਤ ਸਿੰਘ ਨਾਲ ਹੋਇਆ। ਇਹ ਅਜਿਹੀ ਸੁਭਾਗੀ ਜੋੜੀ ਸਿੱਧ ਹੋਈ ਜਿਸ ਨੇ ਇਕ-ਦੂਜੇ ਦੀ ਸ਼ਖਸੀਅਤ ਨੂੰ ਪੂਰੀ ਤਰ੍ਹਾਂ ਨਿਖਾਰਿਆ ਅਤੇ ਇਕ-ਦੂਜੇ ਦੇ ਆਦਰਸ਼ਾਂ ਨੂੰ ਪ੍ਰਫੁਲਤ ਹੋਣ ਦਿੱਤਾ। ਪ੍ਰੋ. ਸੋਹਿੰਦਰਜੀਤ ਸਿੰਘ ਖੁਦ ਖੱਬੇਪੱਖੀ ਵਿਚਾਰਧਾਰਾ ਦੇ ਮੁੱਦਈ ਸਨ ਅਤੇ ਉਨ੍ਹਾਂ ਨੇ ਆਪਣੀ ਜੀਵਨ ਸਾਥਣ ਦੇ ਲੋਕ ਸੇਵਾ ਦੇ ਜਜ਼ਬੇ ਨੂੰ ਭਰਪੂਰ ਹੁੰਗਾਰਾ ਦਿੱਤਾ।

ਪ੍ਰੋ. ਸਤਵੰਤ ਕੌਰ ਹਰਦਿਲ-ਅਜ਼ੀਜ਼ ਅਧਿਆਪਕ ਸਨ। ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਨਾ ਕੇਵਲ ਅਰਥ ਸ਼ਾਸਤਰ ਦੀ ਸਿੱਖਿਆ ਹੀ ਦਿੱਤੀ, ਸਗੋਂ ਜੀਵਨ ਵਿਚ ਚੰਗੀ ਸੇਧ ਵੀ ਦਿੱਤੀ। ਗਰੀਬ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਮਾਲੀ ਮਦਦ ਮੁਹੱਈਆ ਕਰਵਾਈ। ਉਨ੍ਹਾਂ ਦੀ ਤਰੱਕੀ ਬਤੌਰ ਪ੍ਰਿੰਸੀਪਲ ਸਰਕਾਰੀ ਕਾਲਜ, ਭੁਲੱਥ ਹੋਈ।

ਇਸ ਅਹੁਦੇ ਤੋਂ ਸੇਵਾ ਮੁਕਤੀ ਤੋਂ ਬਾਅਦ ਉਨ੍ਹਾਂ ਨੇ ਸਰਕਾਰੀ ਗਰਲਜ਼ ਕਾਲਜ, ਪਟਿਆਲਾ ਦੀ ਓਲਡ ਸਟੂਡੈਂਟਸ ਐਸੋਸੀਏਸ਼ਨ ਨੂੰ ਕਾਰਜਸ਼ੀਲ ਕੀਤਾ ਅਤੇ ਇਸ ਸੰਸਥਾ ਰਾਹੀਂ ਹਰ ਸਾਲ ਬਹੁਤ ਸਾਰੇ ਵਜ਼ੀਫ਼ੇ ਗਰੀਬ ਵਿਦਿਆਰਥੀਆਂ ਲਈ ਸ਼ੁਰੂ ਕਰਵਾਏ। ਉਨ੍ਹਾਂ ਦੇ ਇਨ੍ਹਾਂ ਉਪਰਾਲਿਆਂ ਸਦਕਾ ਬਹੁਤ ਸਾਰੇ ਉਹ ਵਿਦਿਆਰਥੀ ਆਪਣੀ ਪੜ੍ਹਾਈ ਮੁਕੰਮਲ ਕਰ ਸਕੇ ਜਿਹੜੇ ਸ਼ਾਇਦ ਪੈਸੇ ਦੀ ਥੁੜ੍ਹ ਕਾਰਨ ਇੰਜ ਨਾ ਕਰ ਸਕਦੇ। ਪਿਛਲੇ ਦਸ ਸਾਲ ਤੋਂ ਉਹ ਲਗਭਗ ਇਕ ਲੱਖ ਰੁਪਏ ਦੀ ਰਾਸ਼ੀ ਹਰ ਸਾਲ ਵਜ਼ੀਫਿਆਂ ਲਈ ਮੁਹੱਈਆ ਕਰਵਾਉਂਦੇ ਰਹੇ।

ਹੁਣ ਜਦੋਂ ਪ੍ਰੋ. ਸਤਵੰਤ ਕੌਰ ਆਪਣਾ ਜੀਵਨ ਸਫ਼ਰ ਪੂਰਾ ਕਰਕੇ ਇਸ ਸੰਸਾਰ ਨੂੰ 12 ਜੁਲਾਈ 2011 ਨੂੰ ਅਲਵਿਦਾ ਕਹਿ ਗਏ ਹਨ, ਉਨ੍ਹਾਂ ਦੇ ਅਣਗਿਣਤ ਵਿਦਿਆਰਥੀ ਅਤੇ ਸਹਿਕਰਮੀ ਜਿਨ੍ਹਾਂ ਨੂੰ ਉਨ੍ਹਾਂ ਦੇ ਪਿਆਰ ਦੀ ਨਿੱਘ ਹਾਸਲ ਹੋਈ, ਸੇਜਲ ਅੱਖਾਂ ਨਾਲ ਉਨ੍ਹਾਂ ਨੂੰ ਵਿਦਾਈ ਕਹਿ ਰਹੇ ਹਾਂ। ਪ੍ਰੋ. ਸਤਵੰਤ ਕੌਰ ਦਾ ਚਲੇ ਜਾਣਾ ਇਕ ਯੁੱਗ ਦੇ ਲਦ ਜਾਣ ਵਾਂਗ ਹੈ; ਉਹ ਯੁੱਗ ਜਿਸ ਵਿਚ ਨੈਤਿਕਤਾ, ਅਨੁਸ਼ਾਸਨ ਅਤੇ ਇਨਸਾਨੀਅਤ ਹੀ ਸਾਡੀਆਂ ਕਦਰਾਂ-ਕੀਮਤਾਂ ਸਨ।

ਅਲਵਿਦਾ ਮੈਡਮ ਸਤਵੰਤ ਜੀਉ:
ਉਨ੍ਹਾਂ ਨੂੰ ਦੇਖਦਾ ਮੈਂ
ਨਜ਼ਰ ਦੀ ਹੱਦ ਤੀਕਰ
ਚਾਨਣ ਹੀ ਬੁਝ ਗਏ ਨੇ
ਉਨ੍ਹਾਂ ਦੇ ਜਾਣ ਪਿਛੋਂ।

## ਪੁਰਾਣੇ ਵਕਤਾਂ ਨੂੰ ਯਾਦ ਕਰਦਿਆਂ

# ਮਣੀ ਕੌਲ, ਦਾਸਤੋਵਸਕੀ ਤੇ ਉਸ ਦਾ 'ਬੁੱਧੂ'

*ਮਣੀ ਕੌਲ ਅਜਿਹਾ ਉਮਦਾ ਫਿਲਮਸਾਜ਼ ਸੀ ਜਿਸ ਕੋਲ ਕਿਤਾਬਾਂ 'ਚ ਬੀੜੇ ਸ਼ਬਦਾਂ ਨੂੰ ਫਿਲਮਾਂ ਦੇ ਦ੍ਰਿਸ਼ਾਂ ਵਿਚ ਉਲਥਾਉਣ ਦੀ ਅਥਾਹ ਸਮਰੱਥਾ ਸੀ। ਉਸ ਨੇ ਜਿਸ ਢੰਗ ਨਾਲ ਸਾਹਿਤ ਦਾ ਸਿਨੇਮਾ ਵਿਚ ਤਰਜਮਾ ਕੀਤਾ, ਉਹ ਬੇਮਿਸਾਲ ਹੈ। 70ਵਿਆਂ ਵਿਚ ਜਦੋਂ ਵਕਤ, ਸੰਸਾਰ ਪੱਧਰ 'ਤੇ ਕਰਵਟ ਲੈ ਰਿਹਾ ਸੀ ਤਾਂ ਮਣੀ ਕੌਲ ਨੇ ਭਾਰਤੀ ਸਿਨੇਮਾ ਵਿਚ ਚੋਖਾ ਵੱਢ ਮਾਰਿਆ ਅਤੇ ਉਹ ਸਿਨੇਮਾ ਦੀ ਨਵੀਂ ਲਹਿਰ ਦਾ ਮੋਹਰੀ ਹੋ ਨਿਬੜਿਆ। ਉਸ ਦੀ ਸਿਨੇਮਾਈ ਮੁਹਾਰਤ ਬਾਰੇ ਬਾਤ, ਕਲਾ ਅਤੇ ਫੱਕਰਾਂ ਦੇ ਆਸ਼ਿਕ ਗੁਰਦਿਆਲ ਸਿੰਘ ਬੱਲ ਨੇ ਆਪਣੇ ਇਸ ਲੇਖ ਵਿਚ ਪਾਈ ਹੈ। ਮਣੀ ਕੌਲ ਦੇ ਬਹਾਨੇ ਉਸ ਨੇ ਭਾਰਤੀ ਅਤੇ ਸੰਸਾਰ ਸਾਹਿਤ ਅਤੇ ਸਿਨੇਮਾ ਦੀਆਂ ਵਡਮੁੱਲੀਆਂ ਰਚਨਾਵਾਂ ਦੀ ਚਰਚਾ ਇਕੋ ਸਾਹ ਵਿਚ ਕਰ ਦਿੱਤੀ ਹੈ। ਉਸ ਦਾ ਇਹ ਕਸਬ ਮਿੱਟੀ ਫਰੋਲਣ ਵਾਂਗ ਹੈ ਜਿਸ ਵਿਚੋਂ ਲੱਭਣ ਵਾਲਿਆਂ ਨੂੰ ਅਕਸਰ ਮਣੀਆਂ ਲੱਭਦੀਆਂ ਰਹਿੰਦੀਆਂ ਹਨ। ਇਹ ਲੇਖ ਵੀ ਮਣੀ ਕੌਲ ਦੀਆਂ ਫਿਲਮਾਂ ਵਾਂਗ ਤੁਹਾਡੇ ਜ਼ਿਹਨ 'ਤੇ ਲਗਾਤਾਰ ਟਕੋਰ ਕਰਦਾ ਹੈ। -ਸੰਪਾਦਕ*

**ਗੁਰਦਿਆਲ ਸਿੰਘ ਬੱਲ**

ਪਿਛਲੇ ਦਿਨੀਂ ਭਾਰਤ ਦੇ ਮਹਾਨ ਪ੍ਰਤਿਭਾਸ਼ੀਲ ਫਿਲਮ ਨਿਰਦੇਸ਼ਕ ਮਣੀ ਕੌਲ ਦੀ ਅਚਾਨਕ ਮੌਤ ਦੀ ਖਬਰ ਸੁਣ ਕੇ ਦੁੱਖ ਲੱਗਿਆ। ਉਸ ਦੀ ਉਮਰ ਅਜੇ 65-66 ਵਰ੍ਹਿਆਂ ਤੋਂ ਵੱਧ ਨਹੀਂ ਸੀ। ਭਾਰਤੀ ਕਲਾ ਜਗਤ ਲਈ ਇਹ ਬਹੁਤ ਵੱਡਾ ਘਾਟਾ ਹੈ। ਖਬਰ ਸੁਣਦੇ ਸਾਰ ਮੇਰੇ ਮਨ ਅੰਦਰ ਸਾਲ 1940 'ਚ 20ਵੀਂ ਸਦੀ ਦੇ ਆਪਣੀ ਹੀ ਤਰ੍ਹਾਂ ਦੇ ਮਹਾਨ 'ਸੂਫੀ' ਚਿੰਤਕ ਵਾਲਟਰ ਬੈਂਜਾਮਿਨ ਦੇ ਜਰਮਨ ਨਾਜ਼ੀਆਂ ਹੱਥੋਂ ਤੰਗ ਪੈ ਕੇ ਆਤਮ ਹੱਤਿਆ ਕਰ ਜਾਣ ਤੇ ਉਸ ਦੇ ਦੋਸਤ ਬਰਥੋਲਟ ਬਰੈਖਤ ਦੇ ਅਤਿ ਉਦਾਸ ਲਹਿਜੇ ਵਿਚ ਕਹੇ ਸ਼ਬਦ ਉਭਰ ਗਏ। ਬਰੈਖਤ ਅਨੁਸਾਰ ਬੈਂਜਾਮਿਨ ਦੀ ਮੌਤ ਨਾਜ਼ੀਆਂ ਵੱਲੋਂ ਮਹਾਨ ਜਰਮਨ ਸਭਿਆਚਾਰ, ਸਾਹਿਤ ਅਤੇ ਕਲਾ ਦੇ ਖੇਤਰ ਨੂੰ ਮਾਰੀ ਗਈ ਸਭ ਤੋਂ ਵੱਡੀ ਸੱਟ ਸੀ। ਜਰਮਨ ਦਾਰਸ਼ਨਿਕ ਹੰਨਾ ਅਰੰਤ ਦੀ 'ਮੈਨ ਇਨ ਡਾਰਕ ਟਾਈਮਜ਼' ਪਿਛਲੇ 40 ਵਰ੍ਹਿਆਂ ਤੋਂ ਮੇਰੀ ਮਨਭਾਉਂਦੀ ਕਿਤਾਬ ਹੈ ਅਤੇ ਇਸ ਵਿਚ ਵਾਲਟਰ ਬੈਂਜਾਮਿਨ ਦੇ ਦੁਖਾਂਤ ਦਾ ਜ਼ਿਕਰ ਬਹੁਤ ਹੀ ਮਾਰਮਿਕ ਤਰੀਕੇ ਨਾਲ ਕੀਤਾ ਹੋਇਆ ਹੈ। ਮਣੀ ਕੌਲ ਦੀ ਮੌਤ ਲਈ ਅਜਿਹਾ ਕੋਈ ਕਾਰਨ ਜ਼ਿੰਮੇਵਾਰ ਭਲੇ ਹੀ ਨਹੀਂ ਹੈ, ਫਿਰ ਵੀ ਪਤਾ ਨਹੀਂ ਕਿਉਂ ਉਸ ਦੀ ਮੌਤ ਦੀ ਖਬਰ ਨਾਲ ਵਾਲਟਰ ਬੈਂਜਾਮਿਨ ਦੀ ਮੌਤ ਦਾ ਚੇਤਾ ਆਈ ਜਾ ਰਿਹਾ ਸੀ।


ਮਨ ਅੰਦਰ ਮਣੀ ਕੌਲ ਅਤੇ ਵਾਲਟਰ ਬੈਂਜਾਮਿਨ ਦੀਆਂ ਸ਼ਖਸੀਅਤਾਂ ਅਤੇ ਦਿਲਚਸਪੀਆਂ ਦੀਆਂ ਕਈ ਸਾਂਝਾਂ ਉਭਰ ਰਹੀਆਂ ਸਨ। ਮਸਲਨ ਮਣੀ ਕੌਲ ਸਾਰੀ ਉਮਰ ਮਹਾਨ ਰੂਸੀ ਨਾਵਲਕਾਰ ਫਿਓਦੋਰ ਦਾਸਤੋਵਸਕੀ ਦੇ ਵਿਸ਼ਾਲ ਅਤੇ ਅੰਤਾਂ ਦੇ ਰਹੱਸਮਈ ਕਲਾ ਜਗਤ ਪ੍ਰਤੀ ਰੁਚਿਤ ਰਿਹਾ ਜਦੋਂ ਕਿ ਵਾਲਟਰ ਬੈਂਜਾਮਿਨ ਜ਼ਿੰਦਗੀ ਭਰ ਅਜਿਹੀ ਹੀ ਸ਼ਿੱਦਤ ਭਰੀ ਦਿਲਚਸਪੀ ਦਾਸਤੋਵਸਕੀ ਦੇ ਇਕ ਹੋਰ ਅਤਿ ਪ੍ਰਤਿਭਾਵਾਨ ਆਤਮਿਕ ਭਰਾ ਆਧੁਨਿਕ ਸੰਵੇਦਨਾ ਦੇ ਮੋਢੀ ਵਿਲੱਖਣ ਫਰਾਂਸੀਸੀ ਸ਼ਾਇਰ ਬਾਦਲੇਅਰ ਦੇ ਕਾਵਿ ਜਗਤ ਦੇ ਚਕਰਾ ਦੇਣ ਵਾਲੇ ਅੰਤਰ ਦਵੰਦਾਂ ਦੀਆਂ ਜੜ੍ਹਾਂ ਨੂੰ ਸਮਝਣ ਵਿਚ ਲੈਂਦਾ ਰਿਹਾ।

ਮਣੀ ਕੌਲ ਵਲੋਂ ਆਪਣੀ ਫਿਲਮ ਨਿਰਮਾਣ ਕਲਾ ਦੇ ਸਿਖਰ ਤੇ ਦਾਸਤੋਵਸਕੀ ਦੇ ਸਿਰੇ ਦੇ ਅਦਭੁੱਤ ਨਾਵਲ 'ਬੁੱਧੂ' (ਇਡੀਅਟ) 'ਤੇ ਆਧਾਰਤ ਤਿੰਨ ਹਿੱਸਿਆਂ 'ਚ ਬਣਾਈ ਫਿਲਮ-ਅਸੀਮ ਦਾਦ ਦੇ ਕਾਬਲ ਹੈ। ਕੁਝ ਆਲੋਚਕਾਂ ਦਾ ਕਹਿਣਾ ਹੈ ਕਿ ਦਾਸਤੋਵਸਕੀ ਸ਼ਹਿਜਾਦੇ ਮਿਸ਼ਕਨ ਦੇ ਕਿਰਦਾਰ ਦੇ ਰੂਪ ਵਿਚ ਹਜ਼ਰਤ ਈਸਾ ਦਾ ਕੋਈ ਆਧੁਨਿਕ ਬਿੰਬ ਹੀ ਸਿਰਜਣਾ ਚਾਹੁੰਦਾ ਸੀ। ਪ੍ਰੰਤੂ ਇਹ ਗੱਲ ਮਨ ਨੂੰ ਜ਼ਿਆਦਾ ਜਚਦੀ ਨਹੀਂ



ਉਸ ਕੀ ਰੋਟੀ ਦੀ ਨਾਇਕਾ ਬਾਲੋ ਦੇ ਰੂਪ ਵਿਚ ਗਰਿਮਾ

ਹੈ। ਅਸਲ ਵਿਚ 'ਬੁੱਧੂ' ਵਿਚ ਅਨੰਤ ਮੁਹੱਬਤ ਦੇ ਵਿਰੋਧਾਭਾਸਾਂ ਨੂੰ ਸਮਝਣ ਅਤੇ ਆਸ਼ਕਾਰ ਕਰਨ ਦੀ ਪ੍ਰੋਮੀਥੀਅਨ ਕੋਸ਼ਿਸ਼ ਕੀਤੀ ਹੈ। ਦਾਸਤੋਵਸਕੀ, ਮਹਾਨ ਨਾਵਲਕਾਰ ਬਾਲਜ਼ਾਕ ਦੇ ਕਹਿਣ ਅਨੁਸਾਰ, ਆਪਣੀ ਕਥਾ ਨੂੰ 'ਮੁਹੱਬਤ ਦੀ ਭਿਆਨਕ ਤਿਕੋਣ' ਦੇ ਤਸੱਵਰ ਨਾਲ ਜੁੜੀ ਅੰਤਹਿਕਰਨ ਦੀ ਪੀੜ ਨੂੰ ਨੁਮਾਇਆ ਕਰਨ ਤੱਕ ਹੀ ਮਹਿਦੂਦ ਨਹੀਂ ਰਹਿਣ ਦਿੰਦਾ। ਇਥੇ ਪ੍ਰਿੰਸ ਮਿਸ਼ਕਿਨ ਦੇ ਇਰਦ ਗਿਰਦ ਅਗਲਿਆ ਇਵਾਨੋਵਨਾ ਅਤੇ ਨਾਸਤਾਸੀਆ ਫਿਲੀਪੋਵਨਾ ਦੇ ਨਾਲ ਨਾਲ ਰੋਗੋਜਿਨ ਵਰਗੀ ਸ਼ਕਤੀਸ਼ਾਲੀ ਚੌਥੀ ਧਿਰ ਵੀ ਹਾਜ਼ਰ ਹੈ। ਇਸ ਮਹਾਨ ਵਿਚਿੱਤਰ ਕਥਾ ਦੇ ਅਖੀਰ ਵਿਚ ਦਾਸਤੋਵਸਕੀ ਨੇ ਮਨੁੱਖੀ ਹਿਰਦੇ ਦੀਆਂ ਆਪਾਵਿਰੋਧੀ ਭਿਆਨਕ ਤੈਹਾਂ ਨੂੰ ਬੜੀ ਹੀ ਬੇਬਾਕੀ ਨਾਲ ਫਰੋਲਿਆ ਹੈ। ਨਾਵਲੀ ਕਥਾ ਦੇ ਅੰਤ ਤੇ ਪ੍ਰਿੰਸ ਮਿਸ਼ਕਿਨ ਨਾਲ ਵਿਆਹ ਦੀ ਵੇਦੀ 'ਤੇ ਬੈਠੀ ਬੈਠੀ ਨਾਸਤਾਸੀਆ, ਰੋਗੋਜਿਨ ਦੇ ਅਚਾਨਕ ਸਾਹਮਣੇ ਆ ਜਾਣ ਤੇ ਸਾਰੇ ਪ੍ਰਪੰਚ ਨੂੰ ਛੱਡ ਛਡਾ ਕੇ ਉਸ ਨੂੰ ਧਾ ਜੱਫੀ ਪਾਉਂਦੀ ਹੈ-ਜੋ



ਮਣੀ ਕੌਲ

ਕਿ ਅੱਗੋਂ ਉਸ ਲਈ ਆਪਣੀ ਅਸੀਮ ਮੁਹੱਬਤ ਦੇ ਅਤਿ ਘਾਤਕ 'ਇਜ਼ਹਾਰ' ਵਜੋਂ ਛੁਰਾ ਉਸ ਦੀ ਛਾਤੀ ਅੰਦਰ ਘੋਪ ਦਿੰਦਾ ਹੈ। ਇਹ ਭਾਣਾ ਵਾਪਰਨ ਤੋਂ ਬਾਅਦ ਮਿਸ਼ਕਿਨ ਅਤੇ ਰੋਗੋਜਿਨ-ਦੋਵੇਂ 'ਰਕੀਬ' ਜਿਸ ਕਿਸਮ ਦੀ ਤੱਕਣੀ ਨਾਲ ਇਕ ਦੂਸਰੇ ਦਾ ਸਾਹਮਣਾ ਕਰਦੇ ਹਨ, ਜਿਸ ਕਿਸਮ ਦੀ ਬੇਬਸੀ ਦੋਵਾਂ ਆਦਮੀਆਂ ਦੀਆਂ ਨਿਗਾਹਾਂ ਵਿਚ ਹੈ-ਉਸ ਦਾ ਨਜ਼ਾਰਾ ਕਰਦਿਆਂ ਵੀ ਇਨਸਾਨ ਦੀ ਰੂਹ ਕੰਬ ਕੇ ਰਹਿ ਜਾਂਦੀ ਹੈ।

ਲਿਓਨਾਰਦੋ ਦ ਵਿੰਸੀ ਨੇ ਮੋਨਾਲਿਜ਼ਾ ਦੀ ਤੱਕਣੀ ਦੇ ਰਹੱਸ ਨੂੰ ਜਿਵੇਂ ਉਜਾਗਰ ਕੀਤਾ ਹੈ-ਉਹ ਧੰਨ ਹੈ। ਪ੍ਰੰਤੂ ਮੇਰਾ ਵਿਸ਼ਵਾਸ ਹੈ ਕਿ ਜਿਸ ਜ਼ੋਰਦਾਰ ਅੰਦਾਜ਼ ਵਿਚ ਮਣੀ ਕੌਲ ਨੇ ਪ੍ਰਿੰਸ ਮਿਸ਼ਕਿਨ ਅਤੇ ਰੋਗੋਜਿਨ ਦੇ ਦੁੱਖ, ਸੰਤਾਪ ਅਤੇ ਕਰੁਣਾ ਭਰੇ ਰਹੱਸਮਈ ਭਾਵਾਂ ਨੂੰ ਫਿਲਮਾਇਆ ਹੈ-ਉਹ ਵੀ ਘੱਟ ਨਹੀਂ ਹੈ। ਇਨਸਾਨ ਚਾਹੇ ਉਹ ਸਿਕੰਦਰ ਮਹਾਨ ਜਾਂ ਨਿਪੋਲੀਅਨ ਦੇ ਵਾਂਗ ਤਾਕਤਵਰ ਅਤੇ ਪ੍ਰਤਿਭਾਵਾਨ ਵੀ ਕਿਉਂ ਨਾ ਹੋਵੇ-ਜ਼ਿੰਦਗੀ ਦੇ ਅੰਤਿਮ ਰਹੱਸ ਅੱਗੇ ਉਸ ਨੇ ਲਾਚਾਰ ਰਹਿਣਾ ਹੀ ਹੈ। ਪ੍ਰੰਤੂ ਆਦਮੀ ਦੀ ਸ਼ਾਨ ਇਸ ਮਾਣਮੱਤੀ ਜ਼ਿੱਦ 'ਚ ਹੈ ਕਿ ਉਸ ਨੇ ਜ਼ਿੰਦਗੀ ਦੇ ਸੁੱਹਪਣ ਨੂੰ ਛੂਹ ਲੈਣ ਦੀ ਚਾਹਤ ਕਰੀ ਹੀ ਜਾਣੀ ਹੈ।

ਮੈਨੂੰ ਖੁਦ ਸਦਾ ਲੱਗਦਾ ਰਿਹਾ ਹੈ ਅਤੇ ਅੱਜ ਵੀ ਲਗਦਾ ਹੈ ਆਦਮੀ ਦੀ ਜੂਨ 'ਚ ਆ ਕੇ ਅੱਖਰ ਗਿਆਨ ਰੱਖਣ ਵਾਲੇ ਜਿਸ ਬੰਦੇ ਨੇ ਦਾਸਤੋਵਸਕੀ ਦਾ 'ਬੁੱਧੂ', 'ਆਨਾ ਕਰੈਨਿਨਾ' ਜਾਂ ਫਲਾਬੇਅਰ ਦੀ 'ਮਾਦਾਮ ਬਾਵਾਰੀ' ਵਰਗੀਆਂ ਕਥਾਵਾਂ ਨਹੀਂ ਪੜ੍ਹੀਆਂ-ਉਹ ਬੇਵਜ੍ਹਾ ਗਰੀਬ ਅਤੇ ਬਦਕਿਸਮਤ ਹੈ।

ਦਰਅਸਲ, ਮੁਆਫ ਕਰਨਾ-ਮਣੀ ਕੌਲ ਦੀ ਮੌਤ ਦੀ ਖਬਰ ਸੁਣਨ ਤੋਂ ਬਾਅਦ ਅਖਬਾਰਾਂ ਵਿਚ ਉਸ ਦੇ ਜੀਵਨ ਤੇ ਕਲਾ ਬਾਰੇ ਛਪੇ ਕਈ ਫੀਚਰ ਪੜ੍ਹੇ ਹਨ। ਪ੍ਰੰਤੂ ਇਨ੍ਹਾਂ ਫੀਚਰਾਂ ਨੂੰ ਪੜ੍ਹ ਕੇ ਪੂਰੀ ਤਸੱਲੀ ਨਹੀਂ ਹੋਈ। ਮੈਨੂੰ ਅਜੇ ਵੀ ਲਗਦਾ ਹੈ ਕਿ ਮਣੀ ਕੌਲ ਦੀ ਕਲਾ ਜਾਂ ਉਸ ਦੇ ਜੀਵਨ ਦਰਸ਼ਨ ਬਾਰੇ ਜਿਤਨੀਆਂ ਮਰਜੀ ਗੱਲਾਂ ਕਰ ਲਈਆਂ ਜਾਣ, ਗੱਲ ਉਸ ਸਮੇਂ ਤੱਕ ਨਹੀਂ ਬਣਦੀ ਜਦੋਂ ਤੱਕ ਉਸ ਦੀ ਸਾਲ 1970 'ਚ ਮਹਾਨ ਹਿੰਦੀ ਕਥਾਕਾਰ ਮੋਹਨ ਰਾਕੇਸ਼ ਦੀ 'ਉਸ ਕੀ ਰੋਟੀ' ਨਾਂ ਦੀ ਛੋਟੀ ਜਿਹੀ ਕਹਾਣੀ ਨੂੰ ਲੈ ਕੇ ਅੰਤਾਂ ਦੀ ਸਸ਼ੱਕਤ ਸ਼ੈਲੀ ਵਿਚ ਇਸੇ ਨਾਂ ਹੇਠ ਬਣਾਈ ਫਿਲਮ ਬਾਰੇ ਗੱਲ ਨਾ ਕਰ ਲਈ ਜਾਵੇ।

ਮੈਂ ਖੁਦ 'ਉਸ ਕੀ ਰੋਟੀ' 'ਪੰਜਾਬੀ ਟ੍ਰਿਬਿਊਨ' ਵਿਚ ਠਾਹਰ ਮਿਲ ਜਾਣ ਦੀ ਬਦੌਲਤ ਪੂਰੇ 10 ਸਾਲ ਬਾਅਦ, ਸਾਲ 1980 'ਚ ਦੇਖੀ ਸੀ। ਚੰਡੀਗੜ੍ਹ ਫਿਲਮ ਸੁਸਾਇਟੀ ਵੱਲੋਂ ਦੇਸੀ, ਵਿਦੇਸ਼ੀ ਕਲਾਤਮਕ ਫਿਲਮਾਂ ਦਾ ਮੇਲਾ ਲਾਇਆ ਗਿਆ ਸੀ। ਵੱਡੇ ਭਾਈ ਚਿਤਰਕਾਰ ਮਲਕੀਅਤ ਦਾ ਸੁਨੇਹਾ ਮੈਨੂੰ ਅੱਜ ਵੀ ਯਾਦ ਹੈ ਕਿ ਬੱਲ, ਇਹ ਫਿਲਮ ਜੇਕਰ ਵੇਖਣੋਂ ਖੁੰਝ ਗਏ ਤਾਂ ਪਛਤਾਓਗੇ ਬਹੁਤ! ਦਲਜੀਤ (ਹੁਣ ਸੰਪਾਦਕ, ਅੰਮ੍ਰਿਤਸਰ ਟਾਈਮਜ਼) ਮੇਰੇ ਨਾਲ ਸੀ। ਬੜੇ ਹੀ ਚਾਵਾਂ ਭਰੇ ਦਿਨ ਸਨ ਉਹ ਅਤੇ ਅਜਿਹੀ ਸੁਹਜਾਤਮਿਕ ਫਿਲਮ ਵੇਖਣ ਦੀ ਖਿੱਚ ਉਸ ਅੰਦਰ ਉਨ੍ਹੀਂ ਦਿਨੀਂ ਜ਼ਾਹਰਾ ਤੌਰ 'ਤੇ ਮੇਰੇ ਨਾਲੋਂ ਵੀ ਵੱਧ ਸੀ।

ਹੁਣ ਇਥੇ ਮੈਨੂੰ- ਅਸੀਂ ਉਹ ਫਿਲਮ ਕਿੰਜ ਵੇਖੀ ਅਤੇ ਸਾਡੇ ਉਤੇ ਮਣੀ ਕੌਲ ਦੇ ਕਲਾਤਮਕ ਜਾਦੂ ਦਾ ਅਸਰ ਕਿਸ ਕਿਸਮ ਦਾ ਹੋਇਆ-ਉਸ ਬਾਰੇ ਗੱਲ ਕਰਨ ਤੋਂ ਪਹਿਲਾਂ ਕਹਾਣੀ ਦੇ ਲਿਖਾਰੀ ਮੋਹਨ ਰਾਕੇਸ਼ ਬਾਰੇ ਆਪਣੇ ਅਨੁਭਵ ਵੀ ਪਾਠਕਾਂ ਨਾਲ ਸਾਂਝੇ ਕਰ ਲੈਣ ਦਿੱਤੇ ਜਾਣ। ਮੋਹਨ ਰਾਕੇਸ਼ ਹਿੰਦੀ ਅਤੇ ਹਿੰਦੋਸਤਾਨ ਦਾ ਬਹੁਤ ਵੱਡਾ ਆਧੁਨਿਕ ਕਥਾਕਾਰ ਹੈ-ਮਹਾਨ ਮੁਣਸ਼ੀ ਪ੍ਰੇਮ ਚੰਦ ਦਾ ਬਹੁਤ ਹੀ ਯੋਗ ਵਾਰਸ! ਇਸੇ ਮੋਹਨ ਰਾਕੇਸ਼ ਦਾ ਬੇਹਦ ਖੂਬਸੂਰਤ ਨਾਵਲ 'ਅੰਧੇਰੇ ਬੰਦ ਕਮਰੇ' ਮੈਂ ਸਾਲ 1971 ਜਾਂ 72 ਵਿਚ ਦੇਹਰਾਦੂਨ ਪੜ੍ਹਦਿਆਂ ਪੜ੍ਹਿਆ ਸੀ।

ਨਾਵਲ ਦੇ ਪਹਿਲੇ ਹੀ ਪੰਨੇ 'ਤੇ ਭੂਮਿਕਾ ਵਜੋਂ ਰਾਕੇਸ਼ ਦਾ ਕਹਿਣਾ ਸੀ ਕਿ "ਮੈਂ ਇਸ ਕਥਾ ਨੂੰ ਕੀ ਆਖਾਂ, ਅੱਜ ਦੀ ਦਿੱਲੀ ਦਾ ਖਾਕਾ? ਪੱਤਰਕਾਰ ਮਧੂਸੂਦਨ ਦੀ ਆਤਮਕਥਾ? ਹਰਬੰਸ ਤੇ ਨੀਲਮਾ ਦੀ ਮਾਨਸਿਕ ਖਿਚੋਤਾਣ ਦੀ ਕਹਾਣੀ? ਜਾਂ ਹਵਾ ਵਿਚ ਕਿਤੇ ਇਕ ਕੋਹਿਨੂਰ ਚਮਕਦਾ ਹੈ, ਉਸ ਕੋਹਿਨੂਰ ਦਾ ਕਿੱਸਾ?" ਅਤੇ ਫਿਰ ਉਹ ਆਪ ਹੀ ਕਹਿੰਦਾ ਹੈ "ਮੈਥੋਂ ਫੈਸਲਾ ਨਹੀਂ ਹੋ ਰਿਹਾ। ਤੁਸੀਂ ਪੜ੍ਹ ਕੇ ਜੋ ਫੈਸਲਾ ਕਰੋਗੇ ਉਹੀ ਠੀਕ ਹੋਵੇਗਾ ਅਤੇ ਜੇ ਫੈਸਲਾ ਨਾ ਕਰ ਸਕੇ ਤਾਂ ਇਹ ਸਮੱਸਿਆ ਕਿਸੇ ਹੋਰ ਲਈ ਛੱਡ ਕੇ ਮੇਰੀ ਤਰ੍ਹਾਂ ਵੱਖ ਹੋ ਜਾਣਾ।"

ਇਸ ਪ੍ਰਕਾਰ ਕਥਾ ਦੇ ਪਾਠ ਦੇ ਅਰਥਾਂ ਤੇ ਲੇਖਕ ਦੀ ਥਾਂ ਪਾਠਕ ਦੀ ਸੁਤੰਤਰਤਾ ਦਾ ਐਲਾਨ ਮੋਹਨ ਰਾਕੇਸ਼ ਉਸ ਸਮੇਂ ਕਰਦਾ ਹੈ ਜਦੋਂ ਸਾਡੇ ਭਾਰਤੀ ਸਾਹਿਤਕ ਹਲਕਿਆਂ ਵਿਚ ਅਜੇ ਰੋਲਾਂ ਬਾਰਤ ਵਰਗੇ ਚਿੰਤਕਾਂ ਦਾ ਸ਼ਾਇਦ ਕਿਸੇ ਨੂੰ ਨਾਂ ਵੀ ਪਤਾ ਨਹੀਂ ਸੀ।

ਮੋਹਨ ਰਾਕੇਸ਼ ਵਲੋਂ ਦਿੱਤੀ ਖੁੱਲ ਨੂੰ ਵਰਤਦਿਆਂ ਮੈਂ ਕਹਿਣਾ ਚਾਹਾਂਗਾ ਕਿ 'ਹਨੇਰੇ ਬੰਦ ਕਮਰੇ' ਨਿਸ਼ਚੇ ਹੀ ਹਰਬੰਸ ਅਤੇ ਨੀਲਮਾ, ਜਿਸ ਨੂੰ ਉਹ ਹੱਦੋਂ ਵੱਧ ਮੁਹੱਬਤ ਕਰਦਾ ਹੈ-ਦੀ ਵਿਆਹ ਤੋਂ ਬਾਅਦ ਸ਼ੁਰੂ ਹੋਈ ਲਾਜ਼ਮੀ, ਮਾਰੂ ਮਾਨਸਿਕ ਖਿਚੋਤਾਣ ਦੀ ਕਥਾ ਹੈ ਜਿਸ ਨੂੰ ਪੜ੍ਹ ਕੇ ਕੋਈ ਪਾਠਕ ਉਸੇ ਤਰ੍ਹਾਂ ਬੇਚੈਨ ਤੇ ਸਰਸ਼ਾਰ ਹੋ ਜਾਂਦਾ ਹੈ ਜਿਵੇਂ ਸੇਕਸਪੀਅਰ ਦੇ ਮਹਾਨ ਦੁਖਾਂਤ ਨਾਟਕਾਂ ਦਾ ਨਜ਼ਾਰਾ ਕਰਨ ਤੋਂ ਬਾਅਦ! ਨੀਲਮਾ ਦਾ ਚੱਕਰ ਇਹ ਹੈ ਕਿ ਉਸ ਦੀ ਆਤਮਾ ਅੰਦਰ ਵੀ ਸ਼ਾਇਦ ਕੋਈ ਅਜਿਹਾ ਹੀ ਦਵੰਦ ਹੈ ਜਿਸ ਕਿਸਮ ਦਾ ਕਿ ਪੁਨਰ-ਜਾਗ੍ਰਿਤੀ ਕਾਲ ਦੇ ਮਹਾਂ ਮਾਨਵ ਲਿਓਨਾਰਦੋ ਵਲੋਂ ਆਪਣੀ 'ਮੋਨਾਲਿਜ਼ਾ ਦੀ ਮੁਸਕਾਨ' ਵਾਲੀ ਪੇਂਟਿੰਗ ਵਿਚ ਅਭਿਵਿਅਕਤ ਕਰਨ ਦਾ ਯਤਨ ਕੀਤਾ ਗਿਆ ਹੈ।

ਮੋਹਨ ਰਾਕੇਸ਼ ਨੇ ਹਰਬੰਸ ਤੇ ਨੀਲਮਾ ਦੀ ਕਥਾ ਅਜਿਹੇ ਜਾਦੂਮਈ ਤਰੀਕੇ ਨਾਲ ਕਹੀ ਹੈ ਕਿ ਨਾਵਲ ਪੜ੍ਹਨ ਤੋਂ ਪੂਰੇ 40 ਵਰ੍ਹੇ ਬਾਅਦ ਅੱਜ ਉਸ ਦੇ ਜਲਵੇ ਅਤੇ ਜਲਜ਼ਲਿਆਂ ਦੇ ਮੱਧਮ ਜਿਹੇ ਚੇਤਿਆਂ ਨਾਲ ਵੀ ਸਾਰੇ ਵਜੂਦ ਵਿਚ ਕਾਂਬੇ ਦੀਆਂ ਲਹਿਰਾਂ ਜਿਹੀਆਂ ਚਲਦੀਆਂ ਮਲੂਮ ਹੁੰਦੀਆਂ ਹਨ।


... ਤੇ ਇਹੋ ਹਾਲ ਮੋਹਨ ਰਾਕੇਸ਼ ਦੀਆਂ 'ਮੰਦਾ', 'ਰੱਬ ਦਾ ਕੁੱਤਾ', 'ਮਿਸ ਪਾਲ' ਅਤੇ 'ਉਸ ਕੀ ਰੋਟੀ' ਆਦਿ ਕਹਾਣੀਆਂ ਦਾ ਹੈ। ਇਨ੍ਹਾਂ ਕਹਾਣੀਆਂ ਵਿਚ ਕਿਧਰੇ ਵੀ ਜਜ਼ਬਾਤੀ ਰੁਮਾਂਸ ਨਹੀਂ ਹੈ ਬਲਕਿ ਕਰੂਰ ਯਥਾਰਥ ਦਾ ਬੜੇ ਮਾਨਵੀ ਮੋਹ ਨਾਲ ਚਿਤਰਨ ਹੈ। ਮੋਹਨ ਰਾਕੇਸ਼ ਅੰਮ੍ਰਿਤਸਰ ਦਾ ਜੰਮਪਲ ਸੀ ਅਤੇ ਜਲੰਧਰ ਡੀ.ਏ.ਵੀ. ਕਾਲਜ 'ਚ ਉਹ ਮੁਢਲੇ ਸਾਲਾਂ ਦੌਰਾਨ ਪੜ੍ਹਾਉਂਦਾ ਰਿਹਾ ਸੀ। 1960-62 ਦੇ ਉਨ੍ਹਾਂ ਵਰ੍ਹਿਆਂ ਦੌਰਾਨ ਨਕੋਦਰ ਨੂੰ ਜਾਂਦੀ ਸੜਕ ਦੇ ਇਰਦ-ਗਿਰਦ 'ਭੂਤਾਂ ਦਾ ਵਾਸ' ਹੁੰਦਾ ਸੀ। ਗਰਮੀਆਂ ਦੀ ਕੜਕ ਧੁੱਪ ਦੌਰਾਨ ਜੀਅ ਪਰਿੰਦਾ ਕੋਈ ਮੁਸ਼ਕਲ ਨਾਲ ਹੀ ਨਜ਼ਰ ਆਉਂਦਾ ਹੁੰਦਾ ਸੀ। ਕਹਾਣੀ ਦਾ ਨਾਇਕ ਡਰਾਈਵਰ ਸੁੱਚਾ ਸਿੰਘ ਜਲੰਧਰ ਤੋਂ ਨਕੋਦਰ ਬੱਸ ਚਲਾਉਂਦਾ ਹੈ। ਉਸ ਦੀ ਪਤਨੀ ਬਾਲੋ ਅਜਿਹੀ ਤਪਸ਼ ਭਰੀ ਮਾਰੂ ਉਜਾੜ ਵਿਚ ਲੰਮੀ ਵਾਟ ਤੁਰ ਕੇ ਉਸ ਲਈ ਰੋਜ਼ਾਨਾ ਦੁਪਹਿਰ ਦੀ ਰੋਟੀ ਪਹੁੰਚਾਉਂਦੀ ਹੈ। ਘਟਨਾ ਵਾਲੇ ਦਿਨ ਉਸ ਦੀ ਧੀਆਂ ਵਰਗੀ ਛੋਟੀ ਭੈਣ ਜਿੰਦਾਂ ਦੀ ਇੱਜਤ ਨੂੰ ਜੰਗੀ ਨਾਂ ਦਾ ਬਦਮਾਸ਼ ਹੱਥ ਪਾ ਲੈਂਦਾ ਹੈ। ਨਤੀਜੇ ਵਜੋਂ ਉਸ ਨੂੰ ਸਮੇਂ 'ਤੇ ਰੋਟੀ ਪਹੁੰਚਾਉਣ ਵਿਚ ਦੇਰੀ ਹੋ ਗਈ ਹੈ ਅਤੇ ਸੁੱਚਾ ਸਿੰਘ ਦੀ ਬੱਸ ਨਿਕਲ ਜਾਂਦੀ ਹੈ। ਇਥੋਂ ਸ਼ੁਰੂ ਹੁੰਦਾ ਹੈ ਸੁੱਚਾ ਸਿੰਘ ਦੇ ਗੁੱਸੇ ਦਾ ਕਹਿਰ ਅਤੇ ਬਾਲੋ ਦੀ ਤਰਸਯੋਗ ਆਜਿਜ਼ੀ। ਇਸ



ਗਲਪਕਾਰ ਮੋਹਨ ਰਾਕੇਸ਼

ਸਾਰੀ ਨਾਟਕੀ ਸਥਿਤੀ ਨੂੰ ਮੋਹਨ ਰਾਕੇਸ਼ ਅਜਿਹੇ ਹਮਦਰਦਾਨਾ ਅੰਦਾਜ਼ ਵਿਚ ਚਿਤਰਦਾ ਹੈ ਕਿ ਬਾਰ ਬਾਰ ਅੰਤੋਨ ਚੈਖੋਵ ਵਰਗੇ ਮਾਸਟਰ ਕਥਾਕਾਰ ਦਾ ਚੇਤਾ ਕਰਵਾ ਦਿੰਦਾ ਹੈ। ...'ਕਲਰਕ ਦੀ ਮੌਤ' ਮਾਨੋ ਜਿਸ ਦਾ ਬਦਲਾ ਲੈਣ ਲਈ ਹੀ ਕਾਮਰੇਡ ਲੈਨਿਨ ਵਲੋਂ ਮਹਾਨ ਰੂਸੀ ਇਨਕਲਾਬ ਕੀਤਾ ਗਿਆ ਹੋਵੇ!!

ਹੁਣ ਅੱਗੋਂ ਵਾਰੀ ਆ ਜਾਂਦੀ ਹੈ ਮਣੀ ਕੌਲ ਦੀ, ਕਿ ਉਹ ਬਾਲੋ ਦੀ ਸਥਿਤੀ ਨੂੰ ਕਿਉਂ ਮੁਖਾਤਬ ਹੁੰਦਾ ਹੈ? ਮਣੀ ਕੌਲ ਬਾਰੇ ਕਿਹਾ ਜਾਂਦਾ ਰਿਹਾ ਹੈ ਕਿ ਉਹ ਉਘੇ ਬੰਗਾਲੀ ਫਿਲਮ ਨਿਰਮਾਤਾ ਰਿਤਵਿਕ ਘਟਿਕ ਦਾ ਤਾਂ ਸ਼ਾਗਿਰਦ ਸੀ ਅਤੇ ਉਸ ਦੀ ਸ਼ੈਲੀ 'ਤੇ 20ਵੀਂ ਸਦੀ ਦੇ ਮਹਾਨ ਰੂਸੀ ਫਿਲਮਕਾਰ ਤਾਰਕੋਵਸਕੀ ਦਾ ਬਹੁਤ ਹੀ ਗਹਿਰਾ ਪ੍ਰਭਾਵ ਸੀ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸਤਿਆਜੀਤ ਰੇਅ ਫਿਲਮਸਾਜ਼ੀ ਦਾ ਰੱਬ ਹੈ। ਪ੍ਰੰਤੂ ਰਿਤਵਿਕ ਵੀ ਉਸ ਤੋਂ ਘੱਟ ਨਹੀਂ ਸੀ। ਕਈ ਲੋਕਾਂ ਦੀਆਂ ਨਜ਼ਰਾਂ ਵਿਚ ਰਿਤਵਿਕ ਘਟਿਕ ਅਤੇ ਸਤਿਆਜੀਤ ਰੇਅ ਵਿਚਾਲੇ ਉਸੇ ਤਰ੍ਹਾਂ ਦਾ ਤਨਾਸਬ ਸੀ ਜਿਸ ਤਰ੍ਹਾਂ ਦਾ ਕਿ ਦਸਤੋਵਸਕੀ ਅਤੇ ਟਾਲਸਟਾਏ ਵਿਚਾਲੇ ਮੰਨਿਆ ਜਾਂਦਾ ਹੈ-ਯਾਨਿ ਇਹ ਕਹਿਣਾ ਮੂਲੋਂ ਹੀ ਕਠਿਨ ਹੈ ਕਿ ਦੋਵਾਂ ਜੁੱਟਾਂ ਵਿਚ ਰਚਨਾਤਮਕ ਤੌਰ 'ਤੇ ਵੱਧ ਸ੍ਰੇਸ਼ਠ ਕੌਣ ਸੀ? ਆਪਣੇ ਉਸਤਾਦ ਰਿਤਵਿਕ ਵਾਂਗ ਹੀ ਮਣੀ ਕੌਲ ਦਾ ਦਾਅਵਾ ਸੀ ਕਿ ਸਿਨੇਮਾ ਦੀ ਕਲਾ ਪ੍ਰਫੌਰਮਿੰਗ ਆਰਟ ਨਹੀਂ ਬਲਕਿ ਪਲਾਸਟਿਕ ਆਰਟ ਹੈ। ਮਣੀ ਕੌਲ ਦੀਆਂ ਫਿਲਮਾਂ ਦਾ ਹਰ ਸ਼ਾਟ ਬੁੱਤਾਂ ਹਾਰ ਤਰਾਸ਼ਿਆ ਹੋਇਆ ਆਪਣੇ ਆਪ ਵਿਚ ਮੁਕੰਮਲ ਨਜ਼ਰ ਆਉਂਦਾ ਹੈ-ਤੇ ਇਨ੍ਹਾਂ ਤਰਾਸ਼ੇ ਹੋਏ ਫਰੇਮਾਂ ਵਿਚ ਮਣੀ ਕੌਲ-ਬਾਲੋ, ਸੁੱਚਾ ਸਿੰਘ, ਪਿਲਾਓ ਵਾਲਾ ਘੜੀ ਲਈ ਬੈਠੇ ਅਜਨਬੀ ਅਤੇ ਉਸ ਦੇ ਲਾਗੇ ਬੈਠੇ ਕੁੱਤੇ ਦੀ ਅਤਿ ਕਠੋਰ ਮਾਨਵੀ ਸਥਿਤੀ ਨੂੰ



ਮਹਾਨ ਲੇਖਕ ਦਾਸਤੋਵਸਕੀ

ਜਿਸ ਤਰ੍ਹਾਂ ਦੇ ਬਿੰਬਾਂ ਰਾਹੀਂ ਸਾਕਾਰ ਕਰਦਾ ਹੈ-ਆਦਮੀ ਦਾ ਸਾਹ ਸੂਤ ਕੇ ਰੱਖ ਦਿੰਦਾ ਹੈ।

ਫਰਾਂਜ਼ ਕਾਫਕਾ ਦਾ ਕਹਿਣਾ ਹੈ ਕਿ ਕੋਈ ਕਿਤਾਬ ਜੇਕਰ ਆਦਮੀ ਦੇ ਦਿਲ ਅੰਦਰ ਛੁਰੇ ਵਾਂਗੂੰ ਲਹਿ ਜਾਣ ਦੀ ਤਾਕਤ ਨਹੀਂ ਰੱਖਦੀ ਤਾਂ ਉਸ ਦਾ ਕੀ ਫਾਇਦਾ। ਮੈਨੂੰ ਅੱਜ ਤੱਕ ਯਾਦ ਹੈ ਕਿ 'ਉਸ ਕੀ ਰੋਟੀ' ਫਿਲਮ ਅਸਾਂ ਜਦੋਂ ਵੇਖੀ ਸੀ ਤਾਂ ਪੂਰੀ ਫਿਲਮ ਤਾਂ ਛੱਡੋ ਉਸ ਦਾ ਇਕ ਇਕ ਸ਼ਾਟ ਕਿਰਚ ਵਾਂਗੂੰ ਸਿਮ੍ਰਤੀ ਵਿਚ ਲਹਿ ਗਿਆ ਸੀ। ਇਹ ਬਿਲਕੁਲ ਸਹੀ ਹੈ ਕਿ 'ਉਸ ਕੀ ਰੋਟੀ' ਦਾ ਉਹ ਦ੍ਰਿਸ਼ ਤਾਂ ਕਿਸੇ ਨੂੰ ਵੀ ਨਹੀਂ ਭੁੱਲੇਗਾ "ਜਦੋਂ ਬਾਲੋ ਦਾ ਪਤੀ ਉਸ ਵੱਲੋਂ ਵੱਡੇ ਤਰੱਦਦ ਨਾਲ ਤਿਆਰ ਕਰਕੇ ਲਿਆਂਦੀ ਰੋਟੀ ਤੋਂ ਮੂੰਹ ਭਵਾਂ ਕੇ ਤੁਰ ਜਾਂਦਾ ਹੈ ਤਾਂ ਬਾਲੋ ਦਾ ਸਿਰ ਕਿਸ ਕਿਸਮ ਦੇ ਦਰਦ ਨਾਲ ਸਥਿਰ ਹੋ ਜਾਂਦਾ ਹੈ।"

ਬਲੈਕ ਐਂਡ ਵਾਈਟ ਤਕਨੀਕ 'ਚ ਬਣੀ ਇਸ ਫਿਲਮ ਦੇ ਪਾਤਰਾਂ ਦੇ ਚਿਹਰਿਆਂ ਦੇ ਸ਼ਾਟਾਂ ਨੂੰ ਤਾਂ ਛੱਡੋ-ਸੜਕ ਦੇ ਆਸ ਪਾਸ ਬੰਜਰ ਖੇਤਾਂ ਅਤੇ ਘਾਹ ਬੂਟਿਆਂ ਦੇ ਦ੍ਰਿਸ਼ ਵੀ ਜ਼ੋਰਦਾਰ ਸਨ।

ਮਣੀ ਕੌਲ ਨੇ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ, ਪੂਨਾ ਤੋਂ 1966 ਵਿਚ ਡਿਗਰੀ ਲੈ ਕੇ ਆਪਣੀ ਪਹਿਲੀ ਫਿਲਮ ਇਹੋ ਹੀ ਬਣਾਈ ਸੀ ਅਤੇ ਇਸ ਉਪਰ ਉਸ ਨੂੰ ਵਧੀਆ ਫੀਚਰ ਫਿਲਮ ਲਈ 'ਫਿਲਮ ਫੇਅਰ ਕ੍ਰਿਟਿਕਸ ਐਵਾਰਡ' ਮਿਲਿਆ ਸੀ।

ਇਸ ਤੋਂ ਮਹਿਜ 4-5 ਸਾਲ ਪਿਛੋਂ, ਸਾਲ 1974 ਵਿਚ ਉਸ ਵਲੋਂ ਬਣਾਈ ਗਈ 'ਦੁਵਿਧਾ' ਨਾਂ ਦੀ ਫਿਲਮ ਵੀ ਪੂਰੀ ਦੁਨੀਆਂ ਵਿਚ ਵੇਖੀ ਤੇ ਸਲਾਹੀ ਗਈ ਸੀ। ਇਸ ਫਿਲਮ ਨੇ ਵੀ ਉਤਮ ਨਿਰਦੇਸ਼ਨ ਲਈ ਕੌਮੀ ਫਿਲਮ ਇਨਾਮ ਜਿੱਤਿਆ ਸੀ। 'ਸਿਧੇਸ਼ਵਰੀ' ਅਤੇ 'ਧਰੁੱਪਦ' ਨਾਂ ਦੀਆਂ ਉਸ ਦੀਆਂ ਡਾਕੂਮੈਂਟਰੀ ਫਿਲਮਾਂ ਵੀ ਵੱਡੀ ਚਰਚਾ ਦਾ ਕੇਂਦਰ ਬਣੀਆਂ।

ਕਮਾਲ ਦੀ ਗੱਲ ਹੈ ਕਿ ਮੋਹਨ ਰਾਕੇਸ਼ ਤੋਂ ਮਣੀ ਕੌਲ ਦਾਸਤੋਵਸਕੀ ਵਾਂਗੂੰ ਹੀ ਪ੍ਰੇਰਿਤ ਅਤੇ ਪ੍ਰਭਾਵਿਤ ਸੀ। ਰਾਕੇਸ਼ ਦੇ ਕਾਲੀਦਾਸ ਦੀ ਕਹਾਣੀ ਉਪਰ ਆਧਾਰਤ 'ਆਸ਼ਾੜ ਕਾ ਇਕ ਦਿਨ' ਨਾਂ ਦੇ ਨਾਵਲ 'ਤੇ ਵੀ ਮਣੀ ਕੌਲ ਵੱਲੋਂ ਬਹੁਤ ਹੀ ਚਰਚਿਤ ਫਿਲਮ ਬਣਾਈ ਗਈ।

ਉਨ੍ਹੀਂ ਕੁ ਦਿਨੀਂ ਮੋਹਨ ਰਾਕੇਸ਼ ਦਾ 'ਆਸ਼ਾੜ ਕਾ ਏਕ ਦਿਨ' ਉਤਰੀ ਭਾਰਤ ਦੇ

(ਬਾਕੀ ਅਗਲੇ ਸਫੇ 'ਤੇ)

# ਜਸਵੰਤ ਸਿੰਘ ਵਿਰਦੀ ਨੂੰ ਯਾਦ ਕਰਦਿਆਂ...

ਯਾਦਾਂ ਦੀ ਪਿਟਾਰੀ

**ਸੁਰਿੰਦਰ ਸੋਹਲ**

ਉਨ੍ਹੀਂ ਦਿਨੀਂ ਮੈਂ ਜਨਤਾ ਕਾਲਜ ਕਰਤਾਰਪੁਰ ਵਿਚ ਪੰਜਾਬੀ ਦਾ ਲੈਕਚਰਾਰ ਸਾਂ। ਪੰਜਾਬੀ ਸਪਤਾਹ ਮਨਾਉਣਾ ਸੀ। ਪੰਜਾਬੀ ਵਿਭਾਗ ਦਾ ਮੁੱਖੀ ਸੁਰਿੰਦਰ ਬੰਗੜ ਸੀ। ਉਹ ਦੋ ਲੇਖਕਾਂ ਨੂੰ ਬੱਚਿਆਂ ਦੇ ਰੂਬਰੂ ਕਰਨਾ ਚਾਹੁੰਦਾ ਸੀ। ਪੰਜਾਬੀ ਟ੍ਰਿਬਿਊਨ ਵਿਚ ਕੰਮ ਕਰਦੇ ਕਹਾਣੀਕਾਰ ਪ੍ਰੇਮ ਗੋਰਖੀ ਨਾਲ ਪਹਿਲਾਂ ਹੀ ਗੱਲ ਹੋ ਚੁੱਕੀ ਸੀ। ਦੂਸਰਾ ਲੇਖਕ ਅਸੀਂ ਜਸਵੰਤ ਸਿੰਘ ਵਿਰਦੀ ਨੂੰ ਚੁਣਿਆ। ਮਨ 'ਚ ਸੀ, ਜਲੰਧਰ ਹੀ ਰਹਿੰਦਾ ਹੈ, ਕਿਸੇ ਵੀ ਦਿਨ ਜਾ ਕੇ ਉਸ ਨੂੰ ਸੱਦਾ-ਪੱਤਰ ਦੇ ਆਵਾਂਗੇ।

ਜਦੋਂ ਮੈਂ ਤੇ ਸੁਰਿੰਦਰ ਬੰਗੜ ਵਿਰਦੀ ਸਾਹਿਬ ਦੇ ਘਰ ਪਹੁੰਚੇ, ਉਹ ਚੂੰਡੇ ਵਾਲੇ ਗੱਤੇ ਵਿਚ ਥੱਬਾ ਵਰਕਿਆਂ ਦਾ ਫਸਾਈ ਲਿਖ ਰਹੇ ਸਨ। ਪਾਣੀ ਪੀਣ ਤੋਂ ਬਾਅਦ ਅਸੀਂ ਆਉਣ ਦਾ ਮਕਸਦ ਦੱਸਿਆ। ਉਨ੍ਹਾਂ ਨੇ ਬਹੁਤ ਹੀ ਗਹਿਰੀ ਨਜ਼ਰ ਨਾਲ ਸਾਡੇ ਦੋਹਾਂ ਵੱਲ ਦੇਖਿਆ। ਫਿਰ ਬਿਨਾਂ ਕਿਸੇ ਹਿਚਕਚਾਹਟ ਦੇ ਕਿਹਾ, 'ਮੈਂ ਨਹੀਂ ਆਵਾਂਗਾ।'

ਸਾਨੂੰ ਇਸ ਜਵਾਬ ਦੀ ਉਮੀਦ ਨਹੀਂ ਸੀ। ਵਿਰਦੀ ਦਾ ਅਕਸ ਇਕ ਸ਼ਰੀਫ਼, ਭੋਲੇ-ਭਾਲੇ ਇਨਸਾਨ ਦਾ ਸੀ। ਬੋਲੀ ਵਿਚ ਮਿਠਾਸ। ਗੱਲਬਾਤ ਵਿਚ ਵਹਾਅ। ਸਭ ਨੂੰ ਆਪਣਾ ਸਮਝਣ ਵਾਲਾ। ਉਨ੍ਹਾਂ ਦੇ ਮੂੰਹੋਂ ਏਨੀ ਸਪੱਸ਼ਟ ਨਾਂਹ!

"ਗੱਲ ਏਦਾਂ ਏ ਬਈ ਤੁਹਾਡੇ ਕਾਲਜ ਦੀ ਮੈਨੇਜਮੈਂਟ ਕਮੇਟੀ ਦਾ ਪ੍ਰਧਾਨ ਐ ਮੰਤਰੀ ਬੰਦਾ। ਉਹ ਹੋਏਗਾ ਉਥੇ ਮੁੱਖ ਮਹਿਮਾਨ। ਇਹ ਮੰਤਰੀ-ਸ਼ੰਤਰੀ ਕਦੇ ਵੀ ਟਾਈਮ ਦੇ ਪਾਬੰਦ ਨਹੀਂ ਹੁੰਦੇ। ਆਪਾਂ ਉਥੇ ਮੂੰਹ ਚੁੱਕ ਕੇ ਪਹਿਲਾਂ ਉਸ ਨੂੰ ਉਡੀਕਦੇ ਰਹਾਂਗੇ, ਫਿਰ ਉਹਦੀ ਆਮਦ 'ਤੇ ਸਾਰੇ ਬੰਦੇ ਉਹਦੀ ਫੋਕੀ ਤਾਰੀਫ਼ ਦੇ ਪੁਲ ਬੰਨ੍ਹਣਗੇ। ਇਨ੍ਹਾਂ ਮੰਤਰੀਆਂ-ਮੁੰਤਰੀਆਂ ਦੇ ਦਿਲਾਂ ਵਿਚ ਨਾ ਪੰਜਾਬੀ ਭਾਸ਼ਾ ਪ੍ਰਤੀ ਕੋਈ ਦਰਦ ਹੁੰਦੈ, ਨਾ ਪੰਜਾਬੀ ਸਾਹਿਤ ਪ੍ਰਤੀ ਕੋਈ ਮੋਹ। ਨਾ ਉਸ ਨੂੰ 'ਪੰਜਾਬੀ ਸਪਤਾਹ' ਦੇ ਮਹੱਤਵ ਦਾ ਪਤਾ ਹੋਣੈ। ਫਿਰ ਉਹ ਉਕਾਊ ਭਾਸ਼ਣ ਕਰੂ, ਨਿਰਾ ਝੂਠਾ। ਸਾਡੀ ਗੱਲ ਉਹਦੇ ਫੋਕੇ ਭਾਸ਼ਣ ਵਿਚ ਹੀ ਰੁਲ ਜਾਣੀ ਐਂ। ਇਸ ਕਰਕੇ ਮੈਂ ਨਹੀਂ ਆਵਾਂਗਾ।" ਸ਼ਾਇਦ ਸਾਡੇ ਚਿਹਰਿਆਂ ਦੀ ਸ਼ਕਲ ਪ੍ਰਸ਼ਨ ਚਿੰਨ੍ਹ ਵਰਗੀ ਬਣ ਗਈ ਸੀ, ਜਿਸ ਨੂੰ ਦੇਖ ਕੇ ਵਿਰਦੀ ਸਾਹਿਬ ਨੇ ਸਾਡੇ ਪੁੱਛਣ ਤੋਂ ਬਿਨਾਂ ਹੀ ਨਾ ਆਉਣ ਦਾ ਕਾਰਨ ਦੱਸ ਦਿੱਤਾ ਸੀ।

ਅਸੀਂ ਕਿਹਾ, "ਵਿਰਦੀ ਸਾਹਿਬ ਉਥੇ ਕਿਸੇ ਮੰਤਰੀ, ਕਿਸੇ ਸਰਕਾਰੀ ਬੰਦੇ ਨੇ ਨਹੀਂ ਆਉਣਾ। ਸਾਡੇ ਮੁੱਖ ਮਹਿਮਾਨ ਤੁਸੀਂ ਹੀ ਹੋਵੋਗੇ। ਉਥੇ ਕਾਲਜ ਦਾ ਸਟਾਫ਼ ਹੋਵੇਗਾ ਅਤੇ ਕਾਲਜ ਦੇ ਬੱਚੇ। ਹੋਰ ਕੋਈ ਨਹੀਂ। ਪ੍ਰੇਮ ਗੋਰਖੀ ਨੇ ਵੀ ਹਾਮੀ ਭਰੀ ਹੋਈ ਐ।"

"ਅਸਲ ਵਿਚ ਇਹੋ ਜਿਹੇ ਪ੍ਰੋਗਰਾਮਾਂ ਦਾ ਮਕਸਦ ਉਹ ਨਹੀਂ ਹੁੰਦਾ, ਜੋ ਦਿਖਾਇਆ ਜਾਂਦੈ। ਇਕ ਵਾਰੀ 'ਹਿੰਦੀ ਦਿਵਸ' ਮਨਾਉਣਾ ਸੀ, ਰੇਡੀਓ ਵਾਲਿਆਂ ਦੀ ਮੈਨੂੰ ਚਿੱਠੀ ਆ ਗਈ ਕਿ ਹਿੰਦੀ ਭਾਸ਼ਾ ਬਾਰੇ ਤੁਸੀਂ ਬੋਲਣੈ। ਪੈਸੇ ਵੀ ਚੰਗੇ ਦੇਣੇ ਸਨ। ਮੈਂ ਮਨ ਨਾਲ ਵਿਚਾਰ ਕੀਤੀ ਕਿ ਹਿੰਦੀ ਦੇ ਵੱਡੇ ਵੱਡੇ ਧਨੰਤਰਾਂ ਨੂੰ ਛੱਡ ਕੇ ਇਨ੍ਹਾਂ ਨੇ ਮੈਨੂੰ ਕਿਉਂ ਬੁਲਾਇਐ। ਮੈਂ ਪੜਤਾਲ ਕੀਤੀ ਤਾਂ ਗੱਲ ਵਿਚੋਂ ਇਹ ਨਿਕਲੀ ਕਿ ਇਕ ਨਾਂ ਨਾਲ ਸਿੰਘ ਲਗਦਾ ਹੋਵੇ, ਦੂਸਰਾ ਸਰਦਾਰ, ਜਦੋਂ ਉਹ ਹਿੰਦੀ ਬਾਰੇ ਗੱਲ ਕਰੇਗਾ ਤਾਂ ਇਸ ਦੇ ਅਰਥ ਹੀ ਹੋਰ ਹੋਣਗੇ। ਮੈਂ ਭਾਸ਼ਾਵਾਂ ਦਾ ਵਿਰੋਧੀ ਨਹੀਂ। ਪਰ ਜਦੋਂ ਭਾਸ਼ਾ ਦੇ ਨਾਂ 'ਤੇ ਰਾਜਨੀਤੀ ਹੁੰਦੀ ਐ, ਫਿਰ ਦੁੱਖ ਹੁੰਦੈ। ਮੈਂ ਨਹੀਂ ਗਿਆ ਰੇਡੀਓ 'ਤੇ। ਵੈਸੇ ਤੁਹਾਡਾ 'ਪੰਜਾਬੀ ਸਪਤਾਹ' ਮਨਾਉਣ ਦਾ ਮਕਸਦ ਤਾਂ ਸੱਚੀਂ 'ਪੰਜਾਬੀ ਸਪਤਾਹ' ਈ ਐ ਨਾ?"

"ਵਿਰਦੀ ਸਾਹਿਬ, ਜੇ ਸਾਡਾ ਮਕਸਦ ਹੋਰ ਹੁੰਦਾ ਤਾਂ ਅਸੀਂ ਪੰਜਾਬੀ ਲੇਖਕਾਂ ਨੂੰ ਕਾਹਤੋਂ ਚੁਣਦੇ।" ਮੈਂ ਕਿਹਾ, "ਤੁਸੀਂ ਦੱਸੋ ਮੈਂ ਤੁਹਾਨੂੰ ਘਰੋਂ ਲੈ ਜਾਵਾਂਗਾ।"

ਉਨ੍ਹਾਂ ਕਿਹਾ, "ਤੂੰ ਕਿਥੇ ਪਿੰਡੋਂ ਪਹਿਲਾਂ ਜਲੰਧਰ ਨੂੰ ਆਵੇਂਗਾ। ਮੈਂ ਆਪੇ ਟਾਈਮ ਸਿਰ ਕਰਤਾਰਪੁਰ ਆ ਜਾਵਾਂਗਾ।"



(ਖਬਿਓਂ ਸੱਜੇ) ਕਹਾਣੀਕਾਰ ਮੋਹਣ ਲਾਲ ਫਿਲੌਰੀਆ, ਜਸਵੰਤ ਸਿੰਘ ਵਿਰਦੀ ਅਤੇ ਸੁਰਿੰਦਰ ਸੋਹਲ, ਵਿਰਦੀ ਸਾਹਿਬ ਦੇ ਘਰ (ਅਗਸਤ 2009)

ਜਿਸ ਦਿਨ ਪ੍ਰੋਗਰਾਮ ਸੀ, ਵਿਰਦੀ ਸਾਹਿਬ ਨੂੰ ਪੇਸ਼ ਕਰਨ ਤੋਂ ਪਹਿਲਾਂ ਮੈਂ ਉਨ੍ਹਾਂ ਦੀਆਂ ਕਹਾਣੀਆਂ 'ਅੱਧੀ ਸਦੀ' ਤੇ 'ਸੜਕਾਂ ਦਾ ਦਰਦ' ਦੀ ਲੰਬੀ-ਚੌੜੀ ਵਿਆਖਿਆ ਤੋਂ ਬਾਅਦ ਕਿਹਾ, "ਜਿਸ ਸਾਹਿਤਕ ਫੰਕਸ਼ਨ ਵਿਚ ਵਿਰਦੀ ਸਾਹਿਬ ਹਾਜ਼ਰ ਹੋਣ, ਅਸੀਂ ਉਨ੍ਹਾਂ ਦਾ ਭਾਸ਼ਣ ਸੁਣਨ ਵਾਸਤੇ ਹੀ ਬੈਠੇ ਰਹਿੰਦੇ ਹਾਂ। ਉਨ੍ਹਾਂ ਦੇ ਲੈਕਚਰ ਵਿਚ ਕਿੰਨਾ ਰਸ ਹੁੰਦਾ ਹੈ, ਇਸ ਦਾ ਨਮੂਨਾ ਅਸੀਂ ਸਾਰੇ ਹੁਣੇ ਦੇਖਾਂਗੇ। ਮੈਂ ਇਹ ਗੱਲ ਦਾਅਵੇ ਨਾਲ ਆਖਦਾ ਹਾਂ ਕਿ ਵਿਰਦੀ ਸਾਹਿਬ ਦਾ ਅੱਜ ਦਾ ਭਾਸ਼ਣ ਸੁਣਨ ਤੋਂ ਬਾਅਦ ਤੁਸੀਂ ਸਾਰੇ ਜਦ ਵੀ ਕਿਸੇ ਫੰਕਸ਼ਨ ਵਿਚ ਵਿਰਦੀ ਸਾਹਿਬ ਦੀ ਹਾਜ਼ਰੀ ਦੇਖੋਗੇ, ਉਨ੍ਹਾਂ ਨੂੰ ਸੁਣੇ ਤੋਂ ਬਿਨਾਂ ਉਥੋਂ ਆ ਨਹੀਂ ਸਕੋਗੇ।"

ਵਿਰਦੀ ਸਾਹਿਬ ਆਪਣੇ ਜੀਵਨ ਬਾਰੇ, ਆਪਣੀਆਂ ਕਹਾਣੀਆਂ ਬਾਰੇ, ਆਪਣੇ ਪਾਤਰਾਂ ਬਾਰੇ, ਭਾਰਤੀ ਮਿਥਿਹਾਸ ਬਾਰੇ ਬੋਲਦੇ ਰਹੇ ਤੇ ਬੱਚੇ ਅਤੇ ਕਾਲਜ ਦਾ ਸਟਾਫ਼ ਇੰਜ ਮੋਨ ਹੋ ਕੇ ਸੁਣਦਾ ਰਿਹਾ, ਜਿਵੇਂ ਕੋਈ ਸਾਧੂ ਪ੍ਰਵਚਨ ਕਰ ਰਿਹਾ ਹੋਵੇ।

ਜਸਵੰਤ ਸਿੰਘ ਵਿਰਦੀ ਦਾ ਨਾਮ ਮੈਂ ਸਭ ਤੋਂ ਪਹਿਲਾਂ ਉਂਕਾਰਪ੍ਰੀਤ ਤੋਂ ਸੁਣਿਆ ਸੀ। ਉਦੋਂ ਅਸੀਂ ਨਵੇਂ ਨਵੇਂ 'ਲੋਕ ਲਿਖਾਰੀ ਸਭਾ ਜਲੰਧਰ' ਵਿਚ ਜਾਣ ਲੱਗੇ ਸਾਂ। ਉਂਕਾਰ ਨੇ ਮੈਨੂੰ ਦੱਸਿਆ ਸੀ। ਉਹ ਆਪਣੀ ਇਕ ਕਹਾਣੀ ਲੈ ਕੇ ਜਸਵੰਤ ਸਿੰਘ ਵਿਰਦੀ ਕੋਲ ਗਿਆ ਸੀ। ਵਿਰਦੀ ਸਾਹਿਬ ਨੇ ਉਹ ਕਹਾਣੀ ਸੁਣੀ ਅਤੇ ਬਹੁਤ ਕੁਝ ਤਬਦੀਲ ਕਰਨ ਲਈ ਕਿਹਾ ਸੀ। ਉਹ ਤਬਦੀਲੀਆਂ ਕਰਕੇ ਫਿਰ ਲੈ ਕੇ ਗਿਆ। ਵਿਰਦੀ ਸਾਹਿਬ ਨੇ ਹੋਰ ਸੋਧ ਕਰਕੇ ਲਿਆਉਣ ਲਈ ਕਿਹਾ। ਜਦੋਂ ਉਂਕਾਰ ਤੀਸਰੀ ਵਾਰ ਗਿਆ ਤਾਂ ਵਿਰਦੀ ਸਾਹਿਬ ਨੇ ਖ਼ੁਸ਼ ਹੁੰਦੇ ਆਖਿਆ ਸੀ, "ਕਾਕਾ ਮੇਰੇ ਕੋਲ ਬਹੁਤ ਨਵੇਂ ਕਹਾਣੀਕਾਰ ਕਹਾਣੀਆਂ ਲੈ ਕੇ ਆਉਂਦੇ ਹਨ, ਤੂੰ ਪਹਿਲਾ ਮੁੰਡਾ ਏਂ ਜਿਹੜਾ ਤੀਸਰੀ ਵਾਰ ਆਇਆ ਏਂ।"

ਇਹ ਵਖਰੀ ਗੱਲ ਹੈ ਕਿ ਉਂਕਾਰਪ੍ਰੀਤ ਕਹਾਣੀ ਛੱਡ ਕੇ ਗ਼ਜ਼ਲ-ਕਵਿਤਾ ਵੱਲ ਆ ਗਿਆ।

ਅਜੀਤ ਰਾਹੀ ਦੀ ਜੀਵਨੀ 'ਅੱਧੀ ਸਦੀ ਦਾ ਸਫ਼ਰ' ਬਾਰੇ ਗੋਸ਼ਟੀ ਖ਼ਾਲਸਾ ਕਾਲਜ ਜਲੰਧਰ ਵਿਚ ਹੋਈ। ਵਿਰਦੀ ਸਾਹਿਬ ਨੇ ਕਿਹਾ, "ਰਾਹੀ ਨੇ ਪੰਜਾਹ ਸਾਲਾਂ ਬਾਰੇ ਇਸ ਪੁਸਤਕ ਵਿਚ ਲਿਖਿਆ ਹੈ। ਮੇਰੇ ਹਿਸਾਬ ਨਾਲ ਰਾਹੀ ਦੀ ਸਿਹਤ ਅਜੇ ਬਿਲਕੁਲ ਠੀਕ ਐ। ਇਸ ਨੂੰ ਸਵੈ-ਜੀਵਨੀ ਲਿਖਣ ਦੀ ਕਾਹਲ ਨਹੀਂ ਸੀ ਕਰਨੀ ਚਾਹੀਦੀ। ਕਿਤੇ ਅਜਿਹਾ ਨਾ ਹੋਵੇ ਕਿ ਕੋਈ ਬੰਦਾ ਕਹੇ ਜੀ ਮੈਂ ਲੇਖਕ ਆਂ। ਉਹਨੂੰ ਪੁੱਛੀਏ, ਤੂੰ ਕਹਾਣੀ ਲਿਖਦਾਂ? ਨਹੀਂ। ਕਵਿਤਾ ਲਿਖਦਾਂ? ਨਹੀਂ। ਨਾਵਲ ਲਿਖਦਾਂ? ਨਹੀਂ। ਫਿਰ ਤੂੰ ਕੀ ਲਿਖਦੈਂ। ਅਗਲਾ ਅਗਿਓਂ ਕਹੇ, ਜੀ ਮੈਂ ਸਵੈ-ਜੀਵਨੀ ਲਿਖਦਾਂ।"

ਇਹ ਗੱਲ ਕੋਈ ਵੀਹ ਸਾਲ ਪੁਰਾਣੀ ਹੋਵੇਗੀ। ਜਦੋਂ ਸਾਡੇ ਇਕ 'ਅਲੇਖਕ ਦੋਸਤ' ਨੇ ਸੱਚ-ਮੁੱਚ ਹੀ ਸਵੈ-ਜੀਵਨੀ ਲਿਖਣੀ ਸ਼ੁਰੂ ਕਰ ਦਿੱਤੀ ਤਾਂ ਵਿਰਦੀ ਸਾਹਿਬ ਵਲੋਂ ਹਾਸੇ-ਹਾਸੇ ਵਿਚ ਕੀਤੀ ਪੇਸ਼ੀਨਗੋਈ ਸੱਚ ਹੁੰਦੀ ਅੱਖੀਂ ਦੇਖ ਲਈ।

ਇਕ ਵਾਰੀ ਜਸਵੰਤ ਸਿੰਘ ਵਿਰਦੀ ਨਾਲ ਮਿਲਣੀ ਵੇਲੇ ਮੈਂ ਦੱਸਿਆ, "ਵਿਰਦੀ ਸਾਹਿਬ, ਤੁਹਾਨੂੰ ਪਹਿਲੀ ਵਾਰ ਅਜੀਤ ਰਾਹੀ ਦੀ ਸਵੈ-ਜੀਵਨੀ ਬਾਰੇ ਬੋਲਦਿਆਂ ਸੁਣਿਆ ਸੀ।"

ਵਿਰਦੀ ਸਾਹਿਬ ਨੇ ਗੱਲ ਸ਼ੁਰੂ ਕੀਤੀ, "ਮੈਂ ਇਕ ਕਿਤਾਬ ਵਿਚ ਪੜ੍ਹ ਰਿਹਾ ਸੀ। ਇਕ ਨੜੇ ਵਰਗਾ ਬੂਟਾ ਹੁੰਦਾ। ਲੰਬੇ ਲੰਬੇ ਪੱਤੇ। ਪਹਾੜਾਂ ਵਿਚ ਉਗਦਾ। ਸਖ਼ਤ ਚੱਟਾਨਾਂ, ਪੱਥਰਾਂ ਵਿਚਲੇ ਵਿਰਲਾਂ ਵਿਚ ਜੜ੍ਹਾਂ ਲਾਉਂਦਾ। ਉਹਦੇ ਪੱਤਿਆਂ ਵਿਚ ਇਕ ਰੇਸ਼ਾ ਪੈਦਾ ਹੁੰਦਾ। ਉਹ ਰੇਸ਼ਾ ਕਈ ਤਰ੍ਹਾਂ ਦੀਆਂ ਦਵਾਈਆਂ ਬਣਾਉਣ ਦੇ ਕੰਮ ਆਉਂਦੈ। ਇਕ ਵਾਰੀ ਇਕ ਵਪਾਰੀ ਕਿਸਮ ਦੇ ਬੰਦੇ ਨੇ ਸੋਚਿਆ, ਬਈ ਪਹਾੜਾਂ ਵਿਚ ਪੱਥਰ-ਵੱਟੇ ਹੁੰਦੇ ਐ। ਇਹ ਪੌਦਾ ਚੱਜ ਨਾਲ ਵੱਧ-ਫੁੱਲ ਨਹੀਂ ਸਕਦਾ। ਕਿਉਂ ਨਾ ਇਸ ਨੂੰ ਮੈਦਾਨ ਵਿਚ ਬੀਜਿਆ ਜਾਵੇ। ਉਸ ਵਪਾਰੀ ਨੇ ਕਿਸੇ ਤਰ੍ਹਾਂ ਉਹਦੀਆਂ ਜੜ੍ਹਾਂ ਲਿਆ ਕੇ ਮੈਦਾਨੀ ਖੇਤ ਵਿਚ ਲਾ ਦਿੱਤੀਆਂ। ਟਾਈਮ ਸਿਰ ਪਾਣੀ ਮਿਲਿਆ। ਪੱਧਰੀ ਜ਼ਮੀਨ। ਖਾਦ। ਉਹਦੀ ਫ਼ਸਲ ਤਾਂ ਬੰਦੇ ਤੋਂ ਵੀ ਉੱਚੀ ਉੱਚੀ ਹੋ ਗਈ। ਗੰਨਿਆਂ ਵਾਂਗ ਉਹ ਮੱਲ ਗਿਆ। ਪਰ ਜਦੋਂ ਚੈਕ ਕੀਤਾ, ਉਹਦੇ ਪੱਤਿਆਂ ਵਿਚ ਉਹ ਰੇਸ਼ਾ ਪੈਦਾ ਨਹੀਂ ਸੀ ਹੋਇਆ। ਉਹ ਫ਼ਸਲ ਬੇਕਾਰ ਹੀ ਗਈ। ਅਸਲ ਵਿਚ ਚੱਟਾਨਾਂ, ਪੱਥਰਾਂ, ਵੱਟਿਆਂ ਵਿਚ ਆਪਣੀਆਂ ਜੜ੍ਹਾਂ ਲਾਉਣ ਲਈ ਜਿਹੜੀ ਉਸ ਬੂਟੇ ਨੂੰ ਜਦੋਜਹਿਦ ਕਰਨੀ ਪੈਂਦੀ ਸੀ, ਉਹਦੇ ਨਾਲ ਹੀ ਉਸ ਦੇ ਪੱਤਿਆਂ ਵਿਚ ਉਹ ਗੁਣ ਪੈਦਾ ਹੁੰਦਾ ਸੀ। ਇਹ ਸਵੈ-ਜੀਵਨੀਆਂ ਲਿਖਣ ਵਾਲਿਆਂ ਦਾ ਹਾਲ ਵੀ ਮੈਦਾਨ ਵਿਚ ਬੀਜੀ ਉਸ ਬੂਟੇ ਦੀ ਫ਼ਸਲ ਵਾਲਾ ਹੁੰਦੈ। ਇਨ੍ਹਾਂ ਨੇ ਜ਼ਿੰਦਗੀ ਵਿਚ ਕੋਈ ਸੰਘਰਸ਼ ਤਾਂ ਕੀਤਾ ਨਹੀਂ ਹੁੰਦਾ। ਇਸ ਕਰਕੇ ਕਿਤਾਬ ਦੇ ਸਫ਼ੇ ਤਾਂ ਇਹ ਵਧਾ ਲੈਂਦੇ ਆ, ਪਰ ਵਿਚ ਉਹ ਗੁਣ ਪੈਦਾ ਨਹੀਂ ਹੁੰਦਾ, ਜਿਸ ਤੋਂ ਪਾਠਕ ਕੋਈ ਸੇਧ ਲੈ ਸਕੇ। ਇਸੇ ਕਰਕੇ ਪਾਠਕ ਉਸ ਨਾਲ ਜੁੜ ਨਹੀਂ ਸਕਦਾ। ਜਿੰਦਾਂ ਉਸ ਪਹਾੜੀ ਬੂਟੇ ਦੀ ਫ਼ਸਲ ਮੈਦਾਨ ਵਿਚ ਆ ਕੇ ਬੇਕਾਰ ਹੋ ਜਾਂਦੀ ਹੈ, ਇੰਜ ਹੀ ਸਾਡੇ ਲੇਖਕ ਦੀ ਮਿਹਨਤ ਵੀ ਬੇਕਾਰ ਹੀ ਜਾਂਦੀ ਐ।"

"ਸਾਨੂੰ ਆਪਣਾ ਵੱਕਾਰ ਸਾਂਭਣਾ ਨਹੀਂ ਆਉਂਦਾ।" ਵਿਰਦੀ ਸਾਹਿਬ ਦੱਸ ਰਹੇ ਸਨ, "ਕਿਸੇ ਅਖ਼ਬਾਰ ਦਾ ਸੰਪਾਦਕ ਇਹ ਸਾਬਤ ਕਰ ਦੇਵੇ ਕਿ ਮੈਂ ਆਪਣੀ ਰਚਨਾ ਭੇਜਣ ਦੇ ਨਾਲ ਛਾਪਣ ਵਾਸਤੇ ਬੇਨਤੀ ਵੀ ਕੀਤੀ ਹੋਵੇ, ਮੈਂ ਲਿਖਣਾ ਛੱਡ ਦਿਆਂਗਾ। ਸਾਡੇ ਲੇਖਕ ਤਾਂ ਤਰਲੇ ਮਾਰਦੇ ਐ। ਤਰ੍ਹਾਂ ਤਰ੍ਹਾਂ ਦੇ ਹੱਥ-ਕੰਡੇ ਵਰਤਦੇ ਐ ਛਪਣ ਵਾਸਤੇ। ਤੁਹਾਨੂੰ ਆਪਣੀ ਰਚਨਾ ਬਾਰੇ ਪਤਾ ਹੋਣਾ ਚਾਹੀਦਾ ਐ, ਕਿਸ ਮਿਆਰ ਦੀ ਐ। ਬੰਦਾ ਆਪਣਾ ਆਲੋਚਕ ਆਪ ਹੁੰਦੈ।"

ਇਕ ਵਾਰੀ ਵਿਰਦੀ ਸਾਹਿਬ ਆਲੋਚਕਾਂ ਬਾਰੇ ਬੋਲ ਰਹੇ ਸਨ, "ਇਕ ਆਲੋਚਕ ਨੇ ਮੇਰੇ ਬਾਰੇ ਲਿਖ ਦਿੱਤਾ, ਵਿਰਦੀ ਦੀ ਫਲਾਣੀ ਕਹਾਣੀ ਦੀ ਬੁਣਤਰ ਢਿੱਲੀ ਐ। ਮੈਨੂੰ ਪੜ੍ਹ ਕੇ ਹਾਸਾ ਆ ਗਿਆ। ਮੇਰੀ ਕਹਾਣੀ ਬਾਰੇ ਹੋਰ ਕੋਈ ਜੋ ਮਰਜ਼ੀ ਕਹੇ, ਪਰ ਕੋਈ ਮੇਰੀ ਕਹਾਣੀ ਦੇ ਕਰਾਫ਼ਟ ਬਾਰੇ ਗੱਲ ਨਹੀਂ ਕਰ ਸਕਦਾ। ਮੈਂ ਬਹੁਤ ਮਿਹਨਤ ਕੀਤੀ ਐ, ਕਹਾਣੀ ਦੇ ਕਰਾਫ਼ਟ ਬਾਰੇ। ਪਰ ਸਾਡੇ ਆਲੋਚਕਾਂ ਦੀ ਰਸਾਈ ਉਥੋਂ ਤੱਕ ਹੁੰਦੀ ਹੀ ਨਹੀਂ। ਉਨ੍ਹਾਂ ਕੋਲ ਗਿਣਤੀ ਦੇ ਟੂਲ ਨੇ ਬੱਸ ਓਹੀ ਵਰਤੀ ਜਾਂਦੇ ਨੇ। ਫੈਂਟਸੀ ਕਹਾਣੀ ਬਾਰੇ ਗੱਲ ਕਰਨੀ ਤਾਂ ਹੋਰ ਵੀ ਔਖੀ ਹੋ ਜਾਂਦੀ ਐ।"

ਚਿੱਠੀਆਂ ਦੀ ਗੱਲ ਤੁਰੀ ਤਾਂ ਵਿਰਦੀ ਸਾਹਿਬ ਕਹਿਣ ਲੱਗੇ, "ਸਾਡੇ ਵਿਚ ਚਿੱਠੀਆਂ ਲਿਖਣ ਦਾ ਰਿਵਾਜ ਘਟ ਰਿਹੈ। ਮਾੜਾ ਰੁਝਾਨ ਹੈ। ਮੈਂ ਜਦੋਂ ਵੀ ਕਿਸੇ ਦੀ ਚੀਜ਼ ਪੜ੍ਹਦਾ ਹਾਂ, ਜ਼ਰੂਰ ਖ਼ਤ ਲਿਖਦਾ ਹਾਂ। ਭਾਵੇਂ ਦੋ ਸਤਰਾਂ ਹੀ ਲਿਖਾਂ। ਤੁਹਾਡੀਆਂ ਦੋ ਸਤਰਾਂ ਨੇ ਪਤਾ ਨਹੀਂ ਲੇਖਕ ਅੰਦਰ ਕਿਹੋ ਜਿਹਾ ਉਤਸ਼ਾਹ ਭਰ ਦੇਣਾ ਹੁੰਦੈ।"

ਇਨਾਮਾਂ ਦੀ ਗੱਲ ਚੱਲ ਤਾਂ ਉਨ੍ਹਾਂ ਕਿਹਾ, "ਲੇਖਕ ਦੇ ਸਾਹਮਣੇ ਦੋ ਰਸਤੇ ਹੁੰਦੇ ਐ। ਇਕ ਲਿਖਣ ਵੱਲ ਜਾਂਦੈ, ਇਕ ਇਨਾਮਾਂ ਵੱਲ। ਇਹ ਫ਼ੈਸਲਾ ਲੇਖਕ ਨੇ ਕਰਨੈ ਕਿ ਉਹਨੇ ਕਿਹੜਾ ਰਾਹ ਚੁਣਨੈ।"

ਫਿਰ ਉਹ ਆਪਣੀ ਆਦਤ ਮੁਤਾਬਕ ਅਸਾਨੂੰ ਮਿਥਿਹਾਸ ਦੀਆਂ ਸੁਨਹਿਰੀ ਗਲੀਆਂ ਵਿਚ ਲੈ ਗਏ, "ਇਕ ਰਿਸ਼ੀ ਹੋਇਆ ਦੱਤਾਤ੍ਰੇ। ਉਸ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਗੁਰੂ ਬਣਾਏ। ਜਿਸ ਤੋਂ ਵੀ ਕੋਈ ਗੁਣ ਮਿਲਿਆ, ਉਸ ਨੂੰ ਹੀ ਗੁਰੂ ਬਣਾ ਲਿਆ। ਇਕ ਵਾਰੀ ਦੱਤਾਤ੍ਰੇ ਤੁਰਿਆ ਜਾ ਰਿਹਾ ਸੀ, ਉਸ ਨੇ ਦੇਖਿਆ ਇਕ ਇੱਲ੍ਹ, ਮਾਸ ਦਾ ਟੁਕੜਾ ਲੈ ਕੇ ਉੱਡੀ। ਬਾਕੀ ਇੱਲ੍ਹਾਂ ਉਸ ਦੇ ਮਗਰ ਪੈ ਗਈਆਂ। ਚੁੰਝਾਂ ਮਾਰ ਮਾਰ ਕੇ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀ ਇੱਲ੍ਹ ਰਿਸ਼ੀ ਦੇ ਰਾਹ ਵਿਚ ਆ ਡਿੱਗੀ। ਰਿਸ਼ੀ ਨੇ ਜ਼ਖ਼ਮੀ ਇੱਲ੍ਹ ਨੂੰ ਪਲੋਸਿਆ। ਇੱਲ੍ਹ ਆਖ਼ਰੀ ਸਾਹਾਂ 'ਤੇ ਸੀ। ਰਿਸ਼ੀ ਨੇ ਕਿਹਾ, 'ਤੂੰ ਮਰਨ ਲੱਗੀ ਐਂ। ਖ਼ੁਸ਼ਹਾਲ ਜ਼ਿੰਦਗੀ ਜਿਊਣ ਦਾ ਕੋਈ ਸਬਕ ਹੀ ਦੇ ਜਾ।' ਇੱਲ੍ਹ ਨੇ ਕਿਹਾ, 'ਮੈਂ ਅੱਜ ਇਹ ਸਬਕ ਸਿੱਖਿਐ, ਜਿਸ ਚੀਜ਼ ਦੇ ਮਗਰ ਬਹੁਤ ਜਣੇ ਲੱਗੇ ਹੋਏ ਹੋਣ, ਉਸ ਮਗਰ ਲੱਗ ਕੇ ਸੁੰਦਰ ਜ਼ਿੰਦਗੀ ਨੂੰ ਗਵਾਉਣ ਨਾਲੋਂ ਬਿਹਤਰ ਹੈ, ਉਸ ਚੀਜ਼ ਦਾ ਤਿਆਗ ਕਰ ਦਿਉ ਤੇ ਜ਼ਿੰਦਗੀ ਨੂੰ ਕਿਸੇ ਸਾਰਥਕ ਕਾਰਜ ਵਾਸਤੇ ਵਰਤੋ।' ਸਾਹਿਤ ਅਕੈਡਮੀ ਦੇ ਇਨਾਮ ਬਾਰੇ ਵੀ ਇੰਜ ਈ ਐ। ਸਾਲ ਵਿਚ ਮਿਲਣਾ ਇਕ ਵਾਰੀ ਹੁੰਦੈ, ਪਰ ਸਾਰਾ ਪੰਜਾਬੀ ਜਗਤ ਉਸ ਦੇ ਮਗਰ ਪਿਆ ਹੋਇਐ। ਮੈਂ ਉਸ ਦਾ ਖ਼ਿਆਲ ਤਿਆਗ ਦਿੱਤਾ ਹੈ। ਜੁਗਾੜ ਤੋਂ ਬਿਨਾ ਇਹ ਮਿਲਦਾ ਨਈਂ। ਜਿਹੜਾ ਵਕਤ ਜੁਗਾੜ ਲਾਉਣ 'ਤੇ ਜ਼ਾਇਆ ਕਰਨੈ, ਕਿਉਂ ਨਾ ਚੰਗਾ ਪੜ੍ਹਿਆ ਜਾਵੇ, ਲਿਖਿਆ ਜਾਵੇ। ਆਖ਼ਰ ਇਨਾਮਾਂ ਨੂੰ ਲੋਕਾਂ ਨੇ ਭੁੱਲ-ਭੱਲ ਜਾਣਾ। ਸਿਰਫ਼ ਤੁਹਾਡੀ ਲਿਖਤ ਬਚਣੀ ਐ। ਉਹ ਵੀ ਤਾਂ ਜੇ ਉਸ ਵਿਚ ਜਾਨ ਹੋਈ ਤਾਂ।"

ਅਮਰੀਕਾ ਆ ਕੇ ਮੈਂ ਉਨ੍ਹਾਂ ਦਾ ਨਾਵਲ 'ਨਿਹਚਲ ਨਾਹੀਂ ਚੀਤ' ਪੜ੍ਹ ਕੇ ਖ਼ਤ ਲਿਖਿਆ। ਚੌਦਾਂ ਸਾਲਾਂ ਬਾਦ ਜਦੋਂ ਮੈਂ ਉਨ੍ਹਾਂ ਨੂੰ ਜਲੰਧਰ ਮਿਲਣ ਗਿਆ ਕਾਫ਼ੀ ਦੇਰ ਮੇਰੇ ਵੱਲ ਦੇਖਦੇ ਰਹੇ। ਮੋਹਨ ਲਾਲ ਫਿਲੌਰੀਆ ਨੇ ਦੱਸਿਆ, 'ਸੁਰਿੰਦਰ ਸੋਹਲ ਐ।'

"ਮੈਂ ਪਛਾਣ ਰਿਹਾ ਸੀ। ਤੁਹਾਡਾ ਖ਼ਤ ਮਿਲ ਗਿਆ ਸੀ ਨਾਵਲ ਬਾਰੇ।" ਉਹ ਘਰ ਇਕੱਲੇ ਹੀ ਸਨ। ਸਿਰ 'ਤੇ ਪੀਲਾ ਸਾਫ਼ਾ ਬੰਨ੍ਹਿਆ ਹੋਇਆ ਸੀ। ਮੰਜੇ 'ਤੇ ਚੂੰਡੇ ਵਾਲੇ ਗੱਤੇ ਵਿਚ ਉਂਜ ਹੀ ਕਾਗਜ਼ਾਂ ਦਾ ਦਸਤਾ ਫਸਾਇਆ ਹੋਇਆ ਸੀ।

"ਘਰ ਕੋਈ ਨਹੀਂ। ਚਾਹ ਬਣਾਵਾਂ।"

"ਤੁਸੀਂ ਬੈਠੋ ਅਸੀਂ ਤਾਂ ਗੱਲਾਂ ਕਰਨ ਆਏ ਆਂ," ਮੈਂ ਕਿਹਾ।

"ਦੇਖੋ ਕਿਹੋ ਜਿਹਾ ਜ਼ਮਾਨਾ ਆ ਗਿਆ," ਉਹ ਮੁਸਕਰਾਏ, "ਇਕ ਦਿਨ ਕੁਝ ਬੰਦੇ ਆਏ ਮੇਰੇ ਕੋਲ। ਕਹਿਣ ਲੱਗੇ ਵਿਰਦੀ ਸਾਹਿਬ ਅਸੀਂ ਤੁਹਾਡਾ ਸਨਮਾਨ ਕਰਨਾ ਚਾਹੁੰਦੇ ਹਾਂ। ਮੈਂ ਕਿਹਾ, ਕਿਉਂ ਬਈ? ਕਹਿੰਦੇ ਜੀ ਬਸ ਅਸੀਂ ਤੁਹਾਡਾ ਸਨਮਾਨ ਕਰਨਾ, ਬਹੁਤ ਵੱਡੇ ਪੱਧਰ 'ਤੇ। ਤੁਸੀਂ ਸਾਡੇ ਏਡੇ ਵੱਡੇ ਲੇਖਕ ਓ, ਵੱਡਾ ਸਾਰਾ ਪੰਡਾਲ ਲਾ ਕੇ ਹਜ਼ਾਰਾਂ ਬੰਦੇ ਇਕੱਠੇ ਕਰਕੇ ਤੁਹਾਡਾ ਸਨਮਾਨ ਕਰਾਂਗੇ। ਪਰ ਤੁਹਾਨੂੰ ਮਾੜੀ ਜਿਹੀ ਖੇਚਲ ਕਰਨੀ ਪਵੇਗੀ। ਮੈਂ ਕਿਹਾ, ਦੱਸੋ। ਕਹਿੰਦੇ ਬਸ ਟੈਂਟ ਦਾ ਸੱਤ-ਅੱਠ ਹਜ਼ਾਰ ਦਾ ਖ਼ਰਚਾ ਤੁਸੀਂ ਕਰ ਦਿਓ।"

ਫਿਰ ਹਿਰਖ ਜਿਹੇ ਨਾਲ ਆਖਣ ਲੱਗੇ, "ਪਿਛਲੇ ਹਫ਼ਤੇ ਸੁਜਾਨ ਸਿੰਘ ਦੀ ਯਾਦ ਵਿਚ ਪ੍ਰੋਗਰਾਮ ਕਰਵਾਇਆ। ਜਿਹੜਾ ਉਥੇ ਪਰਚਾ ਰਲੀਜ਼ ਕੀਤਾ, ਉਹਦੇ ਵਿਚ ਸੁਜਾਨ ਸਿੰਘ ਬਾਰੇ ਮੇਰਾ ਲਿਖਿਆ ਲੰਬਾ-ਚੌੜਾ ਲੇਖ ਛਪਿਆ ਹੋਇਆ ਹੈ। ਪਰ ਮੈਨੂੰ ਉਸ ਪ੍ਰੋਗਰਾਮ ਦਾ ਸੱਦਾ-ਪੱਤਰ ਵੀ ਨਹੀਂ ਦਿੱਤਾ। ਹੋਰ ਈ ਤਰ੍ਹਾਂ ਦਾ ਰੁਝਾਨ ਚੱਲ ਪਿਆ ਸਾਹਿਤ ਵਿਚ। ਮੈਂ ਪੰਜਾਬੀ ਵਿਚ ਲਿਖਣਾ ਵੀ ਛੱਡ ਦਿੱਤਾ। ਮੈਂ ਹੁਣ ਹਿੰਦੀ ਵਿਚ ਹੀ ਲਿਖਦਾ। ਉਧਰੋਂ ਪੈਸੇ ਵੀ ਚੰਗੇ ਮਿਲਦੇ ਆ। ਪਾਠਕਾਂ ਦਾ ਹੁੰਗਾਰਾ ਵੀ ਚੰਗਾ ਮਿਲਦਾ। ਪੰਜਾਬੀ ਵਿਚ ਤਾਂ ਕੋਈ ਦੋ ਸਤਰਾਂ ਦਾ ਕਾਰਡ ਵੀ ਨਹੀਂ ਪਾਉਂਦਾ।"

ਜਦੋਂ ਅਸੀਂ ਉਠ ਕੇ ਤੁਰੇ ਤਾਂ ਤੋਰਨ ਲਈ ਸਾਨੂੰ ਗੇਟ ਤੱਕ ਆਏ। ਮੈਨੂੰ ਕਲਾਵੇ ਵਿਚ ਲੈ ਕੇ ਕਿਹਾ, "ਪੈਸਾ ਆਉਂਦਾ ਜਾਂਦਾ ਰਹਿੰਦਾ। ਤੂੰ ਲਿਖਣਾ ਨਾ ਛੱਡੀਂ। ਤੇਰੀ ਇਹੀ ਕਮਾਈ ਐ। ਬਿਗਾਨੇ ਮੁਲਕ ਵਿਚ ਆਪਣੀ ਭਾਸ਼ਾ ਨਾਲ ਜੁੜਿਆ ਹੋਇਆਂ, ਇਸ ਤੋਂ ਵੱਡੀ ਕਮਾਈ ਹੋਰ ਕੋਈ ਨਈਂ।"

ਉਨ੍ਹਾਂ ਦੇ ਘਰੋਂ ਤੁਰਨ ਲੱਗੇ ਕਦੇ ਸੋਚਿਆ ਵੀ ਨਹੀਂ ਸੀ ਕਿ ਵਿਰਦੀ ਸਾਹਿਬ ਦੇ ਇਸ ਕਲਾਵੇ ਨੂੰ ਸਿਰਫ਼ ਮਹਿਸੂਸਿਆ ਹੀ ਜਾਇਆ ਕਰੇਗਾ, ਅਗਲੀ ਵੇਰ ਇਹ ਬਾਹਾਂ ਕਲਾਵਾ ਪਾਉਣ ਲਈ ਮੌਜੂਦ ਨਹੀਂ ਹੋਣਗੀਆਂ।

# ਮਣੀ ਕੌਲ

ਥਿਏਟਰ ਜਗਤ ਵਿਚ ਮਾਨੋ ਪੂਰੀ ਤਰ੍ਹਾਂ ਛਾਇਆ ਹੋਇਆ ਸੀ। 80ਵਿਆਂ ਦੇ ਉਸੇ ਸਾਲ ਦੌਰਾਨ ਮੈਨੂੰ ਯਾਦ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਥਿਏਟਰ ਵਿਭਾਗ ਵੱਲੋਂ ਜਦੋਂ ਇਹੋ ਨਾਟਕ ਖੇਡਿਆ ਗਿਆ ਤਾਂ ਕਾਲੀਦਾਸ ਅਤੇ ਉਸ ਦੇ ਰਕੀਬ ਵਿਲੋਮ ਦੀ ਪ੍ਰੇਮਿਕਾ ਦੀ ਬਹੁਤ ਹੀ ਜਾਨਦਾਰ ਭੂਮਿਕਾ ਵਿਚ ਵਿਭਾਗ ਦੀ ਉਨ੍ਹਾਂ ਸਮਿਆਂ ਦੀ ਬਹੁਤ ਹੀ ਹੋਣਹਾਰ ਵਿਦਿਆਰਥਣ ਸੁਨੀਤਾ ਧੀਰ ਨੇ ਆਪਣੀ ਬਹੁਤ ਹੀ ਜਾਨਦਾਰ ਭੂਮਿਕਾ ਨਾਲ ਅਸ਼-ਅਸ਼ ਕਰਵਾ ਦਿੱਤੀ ਸੀ।

ਮਣੀ ਕੌਲ ਨੇ ਰੂਸੀ ਫਿਲਮ ਨਿਰਦੇਸ਼ਕ ਆਂਦਰੇਈ ਤਾਰਕੋਵਸਕੀ ਦਾ ਪ੍ਰਭਾਵ ਲਗਾਤਾਰ ਕਬੂਲਿਆ ਅਤੇ ਸਾਰੀ ਉਮਰ ਉਹ ਉਸ ਦਾ ਜ਼ਿਕਰ ਵੱਡੇ ਸਤਿਕਾਰ ਨਾਲ ਕਰਦੇ ਰਹੇ। ਤਾਰਕੋਵਸਕੀ ਨੇ 'ਦਾ ਸਟਰੀਮ ਰੋਲਰ ਐਂਡ ਦਾ ਵਾਇਲਨ', 'ਆਂਦਰੇਈ ਰੁਬਲਯੋਵ', 'ਮਿਰਰ', 'ਸਟਾਕਰ' ਅਤੇ 'ਸੋਲਾਰਿਸ' ਆਦਿ ਬਹੁਤ ਹੀ ਜਾਨਦਾਰ ਫਿਲਮਾਂ ਬਣਾਈਆਂ।

ਮਣੀ ਕੌਲ ਦੀ ਕਲਾ 'ਤੇ ਤਾਰਕੋਵਸਕੀ ਅਤੇ ਰਿਤਵਿਕ ਘਟਿਕ ਦੇ ਪ੍ਰਭਾਵ ਦੀਆਂ ਗੱਲਾਂ ਫਿਲਮ ਨਿਰਦੇਸ਼ਨ ਕਲਾ ਦੇ ਪਾਰਖੂ ਅਜੇ ਵਰ੍ਹਿਆਂ ਤੱਕ ਕਰਦੇ ਰਹਿਣਗੇ। ਮਣੀ ਕੌਲ ਦੀ ਕਲਾ ਨੇ ਅਜੇ ਹੋਰ ਸਿਖਰਾਂ ਛੂਹਣੀਆਂ ਸਨ। ਸ਼ੁਭਰਾ ਗੁਪਤਾ ਮਣੀ ਕੌਲ ਦੀ ਮੌਤ 'ਤੇ ਲਿਖੀ ਸ਼ਰਧਾਂਜਲੀ ਵਿਚ ਕਹਿੰਦੀ ਹੈ ਕਿ ਅਜੇ ਤਾਂ ਉਹ ਆਪਣੇ ਕਿਸੇ ਬੜੇ ਹੀ ਹੋਣਕਾਰ ਚੇਲੇ ਨੂੰ ਪੰਜਾਬੀ ਫੀਚਰ ਫਿਲਮ ਬਣਾਉਣ ਲਈ ਪੂਰੇ ਉਤਸ਼ਾਹ ਨਾਲ ਸਹਿਯੋਗ ਦੇ ਰਿਹਾ ਸੀ ਕਿ ਮੌਤ ਉਸ ਨੂੰ ਸਾਥੋਂ ਖੋਹ ਕੇ ਲੈ ਗਈ।

ਸਾਲ 1980 'ਚ ਬਲਵੰਤ ਗਾਰਗੀ ਚੰਡੀਗੜ੍ਹ ਤੋਂ ਜਾ ਚੁੱਕਾ ਸੀ-ਪ੍ਰੰਤੂ ਫਿਲਮ ਸੁਸਾਇਟੀ ਅਤੇ ਟੈਗੋਰ ਥਿਏਟਰ ਪੂਰੀ ਤਰ੍ਹਾਂ ਸਰਗਰਮ ਸਨ। ਇਨ੍ਹਾਂ ਕਲਾਵਾਂ ਲਈ ਲੋਕਾਂ ਅੰਦਰ ਕਾਫ਼ੀ ਉਤਸ਼ਾਹ ਸੀ। ਮੈਨੂੰ ਯਾਦ ਹੈ ਕਿ ਉਨ੍ਹੀਂ ਕੁ ਦਿਨੀਂ ਹੀ ਟੈਗੋਰ ਥਿਏਟਰ ਵਿਚ ਉਜ਼ਬੇਕ ਬੈਲੇ ਨਿੱਤ ਵੇਖਿਆ ਸੀ ਅਤੇ ਉਦੋਂ ਹੀ ਮਲਿਕਾ ਪੁਖਰਾਜ ਤੇ ਉਸ ਦੀ ਧੀ ਨੂੰ ਬਹੁਤ ਹੀ ਉਦਾਤ ਅੰਦਾਜ਼ ਵਿਚ ਗਾਉਂਦਿਆਂ ਸੁਣਨ ਦਾ ਮੌਕਾ ਮਿਲਿਆ ਸੀ। 'ਉਸ ਕੀ ਰੋਟੀ' ਦੇ ਨਾਲ ਇਹ ਸਾਰਾ ਕੁਝ ਹੀ ਚੇਤੇ ਆਈ ਜਾ ਰਿਹਾ ਹੈ।

## ਕਾਵਿ-ਕਿਆਰੀ

### ਯਾਰ ਮਿਲ ਗਿਆ

ਲੱਭਦਾ ਸੀ ਮੈਂ ਵਾਧੂ ਕਾਰੋਬਾਰ ਮਿਲ ਗਿਆ।
ਜਦੋਂ ਦਾ ਮੈਨੂੰ ਮੇਰੇ ਵਰਗਾ ਯਾਰ ਮਿਲ ਗਿਆ।

ਜਿਥੇ ਵੀ ਖੜ੍ਹਦਾਂ, ਮੇਰੇ ਖੜ੍ਹੇ ਬਰਾਬਰ ਜਾ।
ਮੈਂ ਤਾਂ ਸਮਝਾਂ ਬਣਿਆ ਮਾਲਕ ਸਾਰੇ ਸਾਗਰ ਦਾ।
ਇਕੋ ਜਿਹੇ ਮਕਾਨ, ਮਹੱਲੇਦਾਰ ਮਿਲ ਗਿਆ।
ਜਦੋਂ ਦਾ ਮੈਨੂੰ ਮੇਰੇ ਵਰਗਾ ਯਾਰ ਮਿਲ ਗਿਆ।

ਵਾਦੇ ਹੋ ਗਏ ਪੱਕੇ, ਆਖੇ ਕਰੂੰ ਗੱਦਾਰੀ ਨਾ।
ਹੋਰਾਂ ਪਿਛੇ ਮੈਨੂੰ ਪਰੇ ਚਲਾ ਕੇ ਮਾਰੀ ਨਾ।
ਜਾਪੇ ਜਿੰਦਾਂ ਵੱਡਾ ਕੋਈ ਫਨਕਾਰ ਮਿਲ ਗਿਆ।
ਜਦੋਂ ਦਾ ਮੈਨੂੰ ਮੇਰੇ ਵਰਗਾ ਯਾਰ ਮਿਲ ਗਿਆ।

ਸੋਨਾ ਸਮਝ ਭੁਲੇਖਾ ਖਾਂਦਾ ਰਿਹਾ ਪਿੱਤਲ ਦਾ।
ਸੀ ਰੱਖਦਾ ਹੇਠਾਂ ਲਾ ਨਾਂ ਕੀ ਲੈਣਾ ਮਿੱਤਰ ਦਾ।
ਔਗੁਣ ਨੀ ਦਿਸਦਾ, ਖੁਦਮੁਖਤਾਰ ਮਿਲ ਗਿਆ।
ਜਦੋਂ ਦਾ ਮੈਨੂੰ ਮੇਰੇ ਵਰਗਾ ਯਾਰ ਮਿਲ ਗਿਆ।

ਕਰ ਗਿਆ ਦਿਲ ਟੁਕੜੇ ਭੋਰਾ ਨਾ ਘਬਰਾਓ ਬਈ।
'ਰਾਜ' ਵਾਂਗ ਯਾਰੀ ਆਵਦੇ ਨਾਲ ਹੀ ਪਾਓ ਬਈ।
ਚੀਮਨੇ ਵਾਲੇ ਨੂੰ ਪੂਰਾ ਪਿਆਰ ਮਿਲ ਗਿਆ।
ਜਦੋਂ ਦਾ ਮੈਨੂੰ ਮੇਰੇ ਵਰਗਾ ਯਾਰ ਮਿਲ ਗਿਆ।

**-ਰਾਜ ਧਾਲੀਵਾਲ**
**ਟੈਫਟ, ਕੈਲੀਫੋਰਨੀਆ।**

ਕਹਾਣੀ

# ਟਿੱਪ

**ਸਾਹਿਤਕ-ਬੌਧਿਕ ਹਲਕਿਆਂ ਵਿਚ ਸੁਖਬੀਰ ਦਾ ਮੁਕਾਮ ਬੜਾ ਉਚਾ ਅਤੇ ਸੁੱਚਾ ਹੈ। ਆਪਣੀ ਹਰ ਰਚਨਾ-ਭਾਵੇਂ ਇਹ ਕਹਾਣੀ ਹੈ, ਕਵਿਤਾ ਹੈ, ਨਾਵਲ ਹੈ ਜਾਂ ਕੁਝ ਹੋਰ, ਵਿਚ ਉਸ ਦੀਆਂ ਬੌਧਿਕ ਛੋਹਾਂ ਤੁਹਾਡੇ ਜ਼ਿਹਨ ਨੂੰ ਲਗਾਤਾਰ ਟਕੋਰਦੀਆਂ ਰਹਿੰਦੀਆਂ ਜਿਵੇਂ ਕੋਈ ਚੱਕੀਰਾਹਾ ਆਪਣੀ ਨਿੱਕੀ ਜਿਹੀ ਛੈਣੀ ਅਤੇ ਹਥੌੜੀ ਨਾਲ ਠੁੱਕ-ਠੁੱਕ ਕਰਦਾ, ਪੂਰੀ ਰਿਦਮ ਵਿਚ ਪਾਣੀ ਵਾਂਗ ਵਗਦਾ ਜਾਪਦਾ ਹੈ; ਇਸੇ ਤਰ੍ਹਾਂ ਦਾ ਰੰਗ ਅਤੇ ਸੁਰ ਸੁਖਬੀਰ ਦੀਆਂ ਰਚਨਾਵਾਂ ਦਾ ਹੁੰਦਾ ਹੈ। ਮਨੋਵਿਗਿਆਨ ਉਹਦੀਆਂ ਰਚਨਾਵਾਂ ਦਾ ਖਾਸ ਲੱਛਣ ਹੈ ਅਤੇ ਇਹ ਬਹੁਤ ਸਰਲਤਾ ਨਾਲ ਬਹੁਤ ਸਾਰੀਆਂ ਗੁੰਝਲਾਂ ਖੋਲ੍ਹਦਾ ਜਾਂਦਾ ਹੈ। ਇਸ ਕਹਾਣੀ 'ਟਿੱਪ' ਵਿਚ ਵੀ ਉਹ ਅਜਿਹੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਜ਼ਿੰਦਗੀ ਦੀ ਕੈਨਵਸ ਦੇ ਵੱਖ-ਵੱਖ ਚਿੱਤਰ ਤੁਹਾਡੇ ਸਾਹਮਣੇ ਰੱਖੀ ਜਾਂਦਾ ਹੈ। ਇਨ੍ਹਾਂ ਵਿਚ ਸਮਾਜਕ, ਪਰਿਵਾਰਕ, ਆਰਥਿਕ ਅਤੇ ਹੋਰ ਸਰੋਕਾਰਾਂ ਨਾਲ ਜੂਝ ਰਹੇ ਮਨੁੱਖ ਦੇ ਦਰਸ਼ਨ ਹੁੰਦੇ ਹਨ। ਇਸ ਕਹਾਣੀ ਵਿਚ ਲੇਖਕ ਨੇ ਮਨੁੱਖੀ ਮਨ ਦੀਆਂ ਪਰਤਾਂ ਫਰੋਲੀਆਂ ਹਨ। ਇਕ ਨਿੱਕੀ ਜਿਹੀ ਗੱਲ ਵੀ ਬੰਦੇ ਦੇ ਮਨ ਨੂੰ ਕਿਤੇ ਦਾ ਕਿਤੇ ਲੈ ਜਾ ਖੜ੍ਹਾ ਕਰਦੀ ਹੈ। ਅਸਲ ਵਿਚ ਸੁਖਬੀਰ ਜਿਹਨੂੰ ਚਿੱਤਰਕਾਰੀ ਦਾ ਵੀ ਉਤਨਾ ਹੀ ਸ਼ੌਕ ਹੈ, ਆਪਣੀ ਕਲਮ ਬੁਰਸ਼ ਵਾਂਗ ਵਰਤਦਾ ਹੈ ਅਤੇ ਇਹ ਬੁਰਸ਼ ਤੁਹਾਨੂੰ ਆਪਣਾ ਹੀ ਕੋਈ ਚਿੱਤਰ ਵਾਹ ਰਿਹਾ ਪ੍ਰਤੀਤ ਹੁੰਦਾ ਹੈ। -ਸੰਪਾਦਕ**

**ਸੁਖਬੀਰ**

ਉਸ ਛੋਟੇ ਜਿਹੇ ਰੈਸਤੋਰਾਂ ਵਿਚ ਸਲੀਮ ਨੂੰ ਜਦ ਵੀ ਵਿਹਲ ਦੇ ਕੁਝ ਛਿਣ ਮਿਲਦੇ ਉਹ ਬਾਰੀ 'ਚੋਂ ਸਾਹਮਣੇ ਕਾਲਜ ਵੱਲ ਵੇਖਣ ਲੱਗਦਾ ਜਿਸ ਦਾ ਥੋੜ੍ਹਾ ਜਿੰਨਾ ਹੀ ਹਿੱਸਾ ਉਥੋਂ ਵਿਖਾਈ ਦਿੰਦਾ ਸੀ। ਉਹ ਮੁੰਡਿਆਂ-ਕੁੜੀਆਂ ਨੂੰ ਵੇਖਦਾ ਜਿਨ੍ਹਾਂ ਦੇ ਚਿਹਰੇ ਦੂਰੀ ਕਰਕੇ ਪੂਰੀ ਤਰ੍ਹਾਂ ਨਹੀਂ ਸਨ ਦਿਸਦੇ। ਉਂਜ ਵੀ ਉਹ ਚਿਹਰੇ ਉਸ ਨੂੰ ਕਿਸੇ ਹੋਰ ਦੁਨੀਆਂ ਦੇ ਚਿਹਰੇ ਪ੍ਰਤੀਤ ਹੁੰਦੇ। ਉਹ ਦੁਨੀਆਂ ਜੋ ਉਸ ਤੋਂ ਬਹੁਤ ਦੂਰ ਸੀ।

ਉਹ ਆਪਣੀ ਹੀ ਕਿਸਮ ਦਾ ਰੈਸਤੋਰਾਂ ਸੀ, ਜਿਸ ਨੂੰ ਬਣਿਆਂ ਕੁਝ ਹੀ ਚਿਰ ਹੋਇਆ ਸੀ। ਦੀ ਕੌਰਨਰ ਨਾਂ ਸੀ ਉਸ ਦਾ। ਉਸ ਨੂੰ ਬਾਹਰੋਂ ਵੇਖਣ ਤੇ ਅਜੀਬ ਜਿਹੇ ਸੁਹੱਪਣ ਦਾ ਅਹਿਸਾਸ ਹੁੰਦਾ। ਆਲੇ ਦੁਆਲੇ ਦੀਆਂ ਇਮਾਰਤਾਂ ਵਿਚ ਬਿਲਕੁਲ ਵੱਖਰੀ ਹੋਂਦ ਸੀ ਉਸ ਦੀ। ਵੇਖ ਕੇ ਇਕ ਵਾਰ ਤਾਂ ਜ਼ਰੂਰ ਦਿਲ 'ਚ ਆਉਂਦਾ ਕਿ ਅੰਦਰ ਜਾ ਕੇ ਵੀ ਵੇਖਿਆ ਜਾਏ। ਤੇ ਅੰਦਰ ਜਾਣ 'ਤੇ ਹੋਰ ਵੀ ਸੁਹੱਪਣ ਦਾ ਅਹਿਸਾਸ ਹੁੰਦਾ। ਉਥੇ ਬੈਠਿਆਂ ਇਹ ਨਾ ਲੱਗਦਾ ਕਿ ਆਦਮੀ ਚਹੁੰ ਕੰਧਾਂ ਵਿਚ ਘਿਰਿਆ ਹੋਇਆ ਹੈ। ਅੰਦਰ ਦਾਖਲ ਹੋਣ 'ਤੇ ਸਾਹਮਣੇ ਹੱਥ ਖੱਬੀ ਦਾ ਪਰਦਾ ਲੱਗਾ ਹੋਇਆ ਦਿਸਦਾ ਜਿਸ ਨੇ ਪੂਰੀ ਕੰਧ ਨੂੰ ਢਕਿਆ ਹੋਇਆ ਸੀ। ਉਸ ਪਰਦੇ ਸਦਕਾ ਕੰਧ ਦਾ ਅਹਿਸਾਸ ਹੀ ਮਿਟ ਗਿਆ ਸੀ। ਖੱਬੇ ਹੱਥ ਦੀ ਕੰਧ ਦੀ ਸਤਹਿ ਰੇਤ ਦੀ ਬਣੀ ਹੋਈ ਸੀ ਤੇ ਉਸ ਤੇ ਥਾਂ-ਥਾਂ ਬਿਨਾਂ ਕਿਸੇ ਤਰਤੀਬ ਦੇ ਸਿੱਪੀਆਂ ਸੰਖ ਤੇ ਛੋਟੇ-ਵੱਡੇ ਪੱਥਰ ਲੱਗੇ ਹੋਏ ਸਨ। ਸੱਜੇ ਹੱਥ ਦੀ ਕੰਧ ਤੇ ਛੇ ਫੁਟ ਚੌੜਾ ਇੱਕ ਚਿੱਤਰ ਟੰਗਿਆ ਹੋਇਆ ਸੀ ਸਾਵੇ ਰੰਗ ਦੇ ਪਾਣੀ ਵਿਚ ਟੁੱਟੀਆਂ ਹੋਈਆਂ ਸ਼ਕਲਾਂ ਵਾਲੀਆਂ ਤਿਨੁੱਕਰੀਆਂ ਤੇ ਚੌਰਸ ਮੱਛੀਆਂ ਦਾ ਚਿੱਤਰ।

ਚੌਥੀ ਕੰਧ ਸਲੇਟੀ ਰੰਗ ਦੀ ਸੀ ਜਿਸ ਵਿਚ ਇਕ ਪਾਸੇ ਚੌਰਸ ਬਾਰੀ ਤੇ ਦੂਜੇ ਪਾਸੇ ਬੂਹਾ ਸੀ। ਪੂਰੀ ਬਾਰੀ ਵਿਚ ਕੱਚ ਲੱਗਾ ਹੋਇਆ ਸੀ ਤੇ ਬੂਹਾ ਵੀ ਕੱਚ ਦਾ ਹੀ ਬਣਿਆ ਹੋਇਆ ਸੀ।

ਰੈਸਤੋਰਾਂ ਵਿਚ ਸਿਰਫ ਇਕੋ ਬੈਰਾ ਸੀ। ਸਲੀਮ ਉਸ ਦਾ ਨਾਂ ਸੀ। ਰੈਸਤੋਰਾਂ ਕਿਉਂਕਿ ਹਾਲੀ ਪੂਰੀ ਤਰ੍ਹਾਂ ਚੱਲਿਆ ਨਹੀਂ ਸੀ ਤੇ ਨਾਲੇ ਉਸ ਵਿਚ ਕੁਲ ਛੇ ਹੀ ਮੇਜ਼ ਸਨ। ਇਸ ਲਈ ਮਾਲਕ ਨੇ ਇਕੋ ਬੈਰਾ ਰੱਖਿਆ ਹੋਇਆ ਸੀ। ਵਧੇਰੇ ਕਰਕੇ ਕਾਲਜ ਦੇ ਵਿਦਿਆਰਥੀ ਹੀ ਉਥੇ ਆਉਂਦੇ ਸਨ। ਸਾਧਾਰਨ ਹੋਟਲਾਂ ਦੇ ਮੁਕਾਬਲੇ ਵਿਚ ਉਥੇ ਚੀਜ਼ਾਂ ਦੇ ਦੁਗਣੇ-ਤਿਗਣੇ ਭਾਅ ਸਨ। ਚਾਹ-ਕਾਫੀ ਤੋਂ ਛੁੱਟ ਸਮੋਸੇ ਤੇ ਕਈ ਕਿਸਮ ਦੇ ਪਕੌੜੇ ਉਥੋਂ ਦੀ ਸਪੈਸ਼ਿਅਲਿਟੀ ਸੀ।

ਸਲੀਮ ਇਕ ਪਾਸੇ ਖੜ੍ਹਾ ਬਾਰੀ ਦੇ ਕੱਚ 'ਚੋਂ ਬਾਹਰ ਵੇਖ ਰਿਹਾ ਸੀ ਕਿ ਸੜਕ ਤੇ ਚਾਰ ਕੁੜੀਆਂ ਰੈਸਤੋਰਾਂ ਵੱਲ ਆਉਂਦੀਆਂ ਦਿਸੀਆਂ। ਉਹ ਉਸ ਦੀਆਂ ਜਾਣੀਆਂ ਪਛਾਣੀਆਂ ਕੁੜੀਆਂ ਸਨ ਜੋ ਕਾਲਜ ਵਿਚ ਪੜ੍ਹਦੀਆਂ ਸਨ ਤੇ ਆਮ ਤੌਰ 'ਤੇ ਉਥੇ ਆਇਆ ਕਰਦੀਆਂ ਸਨ।

ਚਾਰੇ ਕੁੜੀਆਂ ਰੈਸਤੋਰਾਂ ਵਿਚ ਦਾਖਲ ਹੋਈਆਂ ਤੇ ਇਕ ਮੇਜ਼ 'ਤੇ ਬੈਠ ਗਈਆਂ। ਸਲੀਮ ਠੰਢੇ ਪਾਣੀ ਦੇ ਚਾਰ ਗਲਾਸ ਟ੍ਰੇ ਵਿਚ ਰੱਖ ਕੇ ਉਨ੍ਹਾਂ ਕੋਲ ਗਿਆ ਤੇ ਇਕ-ਇਕ ਕਰ ਕੇ ਉਹ ਗਿਲਾਸ ਚਹੁੰਆਂ ਕੁੜੀਆਂ ਦੇ ਸਾਹਮਣੇ ਬੜੇ ਸਲੀਕੇ ਨਾਲ ਰੱਖੇ ਜਿਵੇਂ ਵੱਖ-ਵੱਖ ਤੌਰ 'ਤੇ ਹਰ ਕਿਸੇ ਨੂੰ ਕਿਹਾ ਹੋਵੇ-ਲਓ, ਪਹਿਲਾਂ ਪਾਣੀ ਪੀਓ, ਪਿਆਸ ਲੱਗੀ ਹੋਵੇਗੀ।

ਰੈਸਤੋਰਾਂ ਦੇ ਮਾਲਕ ਨੇ ਜਿਸ ਸੁਹਜ-ਸਵਾਦ ਨਾਲ ਉਹ ਰੈਸਤੋਰਾਂ ਬਣਾਇਆ ਸੀ, ਉਸੇ ਸੁਹਜ-ਸਵਾਦ ਦੇ ਨੁਕਤੇ ਤੋਂ ਉਸ ਲਈ ਬੈਰਾ ਚੁਣਿਆ ਸੀ। ਉਸ ਨੂੰ ਅਜਿਹਾ ਬੈਰਾ ਚਾਹੀਦਾ ਸੀ ਜੋ ਕੁਝ ਪੜ੍ਹਿਆ-ਲਿਖਿਆ ਹੋਵੇ ਤੇ ਜਿਸ ਵਿਚ ਗੱਲ ਕਰਨ ਦਾ ਸਲੀਕਾ ਹੋਵੇ ਤੇ ਰੈਸਤੋਰਾਂ ਵਿਚ ਗਾਹਕ ਨਾਲ ਪੇਸ਼ ਆਉਣ ਦਾ ਅਜਿਹਾ ਅੰਦਾਜ਼ ਕਿ ਉਨ੍ਹਾਂ ਤੇ ਖਾਸ ਅਸਰ ਪਏ ਤੇ ਉਹ ਉਥੇ ਬੈਠ ਕੇ ਖਾਣ-ਪੀਣ ਦੀਆਂ ਚੀਜ਼ਾਂ ਦਾ ਸਵਾਦ ਲੈਣ ਦੇ ਨਾਲ ਇਕ ਵੱਖਰੀ ਜਿਹੀ ਖੁਸ਼ੀ ਵੀ ਮਹਿਸੂਸ ਕਰਨ ਤੇ ਉਨ੍ਹਾਂ ਨੂੰ ਅਪਣੱਤ ਦਾ ਅਹਿਸਾਸ ਹੋਵੇ ਜੋ ਕਿ ਆਮ ਤੌਰ 'ਤੇ ਹੋਟਲਾਂ ਵਿਚ ਨਹੀਂ ਹੁੰਦਾ। ਇਸ ਸਿਲਸਿਲੇ ਵਿਚ ਉਸ ਨੇ ਬਹੁਤ ਸਾਰੇ ਬੈਰਿਆਂ ਨਾਲ ਇੰਟਰਵਿਊ ਕੀਤੀ ਸੀ ਤੇ ਉਨ੍ਹਾਂ 'ਚੋਂ ਸਲੀਮ ਨੂੰ ਚੁਣਿਆ ਸੀ ਜੋ ਪਹਿਲਾਂ ਦੋ ਸਾਧਾਰਨ ਜਿਹੇ ਹੋਟਲਾਂ ਵਿਚ ਕੰਮ ਕਰ ਚੁੱਕਾ ਸੀ ਤੇ ਉਨ੍ਹੀਂ ਦਿਨੀਂ ਉਨ੍ਹਾਂ ਨਾਲੋਂ ਰਤਾ ਚੰਗੇ ਇਕ ਹੋਰ ਹੋਟਲ ਵਿਚ ਕੰਮ ਕਰ ਰਿਹਾ ਸੀ।

ਪਾਣੀ ਦੇਣ ਪਿੱਛੋਂ ਸਲੀਮ ਇੱਕ ਪਾਸੇ ਜਾ ਕੇ ਖੜ੍ਹਾ ਹੋ ਗਿਆ ਸੀ ਕਿਉਂਕਿ ਉਹ ਜਾਣਦਾ ਸੀ ਕਿ ਕੁੜੀਆਂ ਕੁਝ ਠਹਿਰ ਕੇ ਹੀ ਆਰਡਰ ਦੇਣਗੀਆਂ। ਹੁਣ ਉਹ ਬਾਰੀ 'ਚੋਂ ਬਾਹਰ ਨਹੀਂ ਵੇਖ ਰਿਹਾ। ਕਿਸੇ-ਕਿਸੇ ਵੇਲੇ ਉਸ ਦੀ ਨਜ਼ਰ ਕੁੜੀਆਂ ਵੱਲ ਚਲੀ ਜਾਂਦੀ ਸੀ। ਉਨ੍ਹਾਂ 'ਚੋਂ ਇਕ ਕੁੜੀ ਗੁਜਰਾਤਣ ਸੀ ਜਿਸ ਦਾ ਚਿਹਰਾ ਓਨਾ ਸੋਹਣਾ ਨਹੀਂ ਸੀ ਜਿੰਨਾ ਉਸ ਦਾ ਭਰਿਆ ਹੋਇਆ ਤੇ ਕਿਸੇ ਹੱਦ ਤੱਕ ਫੁੱਲਿਆ ਹੋਇਆ ਜਿਸਮ ਸੀ। ਲਿਬਾਸ ਤੋਂ ਉਹ ਬਹੁਤ ਅਮੀਰ ਜਾਪਦੀ ਸੀ। ਵੱਖ-ਵੱਖ ਕੁੜੀਆਂ ਨਾਲ ਆਉਣ ਤੇ ਆਮ ਤੌਰ 'ਤੇ ਉਹੀ ਬਿਲ ਅਦਾ ਕਰਿਆ ਕਰਦੀ ਸੀ।

ਉਸ ਦੇ ਖੱਬੇ ਹੱਥ ਬੈਠੀ ਕੁੜੀ ਪੰਜਾਬਣ ਸੀ। ਠੰਢਾ ਤੇ ਸਖਤ ਕਿਸਮ ਦਾ ਚਿਹਰਾ ਸੀ ਉਸ ਦਾ ਤੇ ਪਤਲੇ-ਪਤਲੇ ਬੁੱਲ੍ਹ, ਜੋ ਹਮੇਸ਼ਾਂ ਮੀਚੇ ਹੋਏ ਰਹਿੰਦੇ। ਉਸ ਦੀ ਨਜ਼ਰ ਹਰ ਚੀਜ਼ ਵਲ ਕਿਸੇ ਹਕਾਰਤ ਨਾਲ ਵੇਖਦੀ। ਉਸ ਦਾ ਚਿਹਰਾ ਸੋਹਣਾ ਹੋਣ 'ਤੇ ਵੀ ਸਲੀਮ ਨੂੰ ਕਦੇ ਸੁਹਣਾ ਨਹੀਂ ਸੀ ਲੱਗਾ। ਉਹ ਉਸ ਨੂੰ ਕਿਸੇ ਚੀਕਣੀ ਚਿੱਟੀ ਲੱਕੜ ਦਾ ਬਣਿਆ ਹੋਇਆ ਪ੍ਰਤੀਤ ਹੁੰਦਾ ਸੀ।

ਤੀਜੀ ਐਂਗਲੋ ਇੰਡੀਅਨ ਸੀ ਜਿਸ ਦਾ ਮੂੰਹ ਗੁਜਰਾਤਣ ਕੁੜੀ ਵਲ ਸੀ ਤੇ ਪਿੱਠ ਸਲੀਮ ਵਲ। ਛੋਟਾ ਜਿਹਾ ਕੱਦ ਸੀ ਉਸ ਦਾ ਤੇ ਪਤਲੀ ਲੰਮੀ ਧੌਣ। ਉਸ ਨੇ ਵੱਡੇ-ਵੱਡੇ ਪੀਲੇ ਰੰਗ ਦੇ ਫੁੱਲਾਂ ਵਾਲਾ ਫ੍ਰਾਕ ਪਾਇਆ ਹੋਇਆ ਸੀ। ਫ੍ਰਾਕ ਦਾ ਕਿਸ਼ਤੀਨੁਮਾ ਕਿਸਮ ਦਾ ਖੁੱਲ੍ਹਾ ਗਲਮਾ ਸੀ, ਜਿਸ ਦੇ ਦੋਵੇਂ ਸਿਰੇ ਉਸ ਦੇ ਮੋਢਿਆਂ ਤੱਕ ਗਏ ਹੋਏ ਸਨ। ਉਹ ਬੜੀ ਤੇਜ਼ ਰਫ਼ਤਾਰ ਵਿਚ ਗੱਲਾਂ ਕਰਿਆ ਕਰਦੀ।

ਚੌਥੀ ਕੁੜੀ ਅੱਜ ਪਹਿਲੀ ਵਾਰ ਉਥੇ ਆਈ ਸੀ। ਜਦ ਵੀ ਸਲੀਮ ਦੀ ਨਜ਼ਰ ਉਨ੍ਹਾਂ ਕੁੜੀਆਂ ਵੱਲ ਜਾਂਦੀ ਖਾਸ ਤੌਰ 'ਤੇ ਉਸ ਕੁੜੀ 'ਤੇ ਟਿਕ ਜਾਂਦੀ। ਪਰ ਸਲੀਮ ਨੂੰ ਉਸ ਵਿਚ ਕੋਈ ਖਾਸ ਗੱਲ ਵਿਖਾਈ ਨਹੀਂ ਸੀ ਦੇ ਰਹੀ। ਕਣਕ-ਵੰਨਾ ਰੰਗ ਸੀ ਉਸ ਦਾ ਤੇ ਸਾਧਾਰਨ ਜਿਹੇ ਨੈਣ-ਨਕਸ਼। ਉਸ ਨੇ ਵਾਇਲ ਦੀ ਚਿੱਟੀ ਸਾੜ੍ਹੀ ਬੰਨ੍ਹੀ ਹੋਈ ਸੀ ਤੇ ਵਾਇਲ ਦਾ ਹੀ ਬਾਹਾਂ ਵਾਲਾ ਚਿੱਟਾ ਬਲਾਊਜ਼ ਸੀ ਉਸ ਦਾ। ਉਹ ਵਾਰ-ਵਾਰ ਆਪਣੇ ਛੋਟਾ ਜਿਹਾ ਰੁਮਾਲ ਖੱਬੇ ਹੱਥ ਦੀ ਚੀਚੀ ਤੇ ਲਪੇਟ ਤੇ ਖੋਲ੍ਹ ਰਹੀ ਸੀ। ਹਾਂ, ਸਲੀਮ ਨੇ ਸੋਚਿਆ ਇਹ ਖਾਸ ਗੱਲ ਏ ਇਸ ਵਿਚ। ਕੁੜੀ ਰੁਮਾਲ ਵਲੋਂ ਬੇਧਿਆਨ ਸੀ ਤੇ ਨਾਲ ਦੀਆਂ ਕੁੜੀਆਂ ਦੀਆਂ ਗੱਲਾਂ ਸੁਣਦੀ ਹੋਈ ਕਿਸੇ-ਕਿਸੇ ਵੇਲੇ ਮੁਸਕਰਾ ਪੈਂਦੀ ਸੀ। ਉਹ ਆਪ ਬਹੁਤ ਘੱਟ ਬੋਲ ਰਹੀ ਸੀ। ਇਕ ਵਾਰ ਜਦ ਉਸ ਦੇ ਵਾਲਾਂ ਦੀ ਲਿਟ ਉਡੀ ਤਾਂ ਸਲੀਮ ਨੇ ਵੇਖਿਆ ਉਸ ਦੀ ਅੱਖ ਉਪਰ ਮੱਥੇ ਉਤੇ ਫੁਲਬਹਿਰੀ ਦਾ ਇੱਕ ਚਿੱਟਾ ਦਾਗ ਸੀ। ਉਸ ਦੇ ਢਿਲੇ ਜਿਹੇ ਵਾਲਾਂ ਦੀਆਂ ਦੋ ਤਿੰਨ ਲਿਟਾਂ ਉਸ ਦਾਗ ਤੇ ਕੁਝ ਇਸ ਤਰ੍ਹਾਂ ਪੈ ਰਹੀਆਂ ਸਨ ਜਿਵੇਂ ਉਹ ਸਹਿਜ ਸੁਭਾਵਕ ਤੌਰ 'ਤੇ ਵਾਲਾਂ 'ਚੋਂ ਨਿਕਲ ਕੇ ਮੱਥੇ 'ਤੇ ਲਟਕ ਆਈਆਂ ਹੋਣ। ਦਾਗ ਨੂੰ ਵਾਲਾਂ ਨਾਲ ਢਕਣ ਦਾ ਉਸ ਨੇ ਯਤਨ ਨਹੀਂ ਸੀ ਕੀਤਾ ਹੋਇਆ। ਹਾਂ ਸਲੀਮ ਨੇ ਸੋਚਿਆ ਇਹ ਵੀ ਇਕ ਖਾਸ ਗੱਲ ਏ ਇਸ ਵਿਚ। ਕੁੜੀ ਦੇ ਚਿਹਰੇ ਤੇ ਤਾਜ਼ਗੀ ਸੀ-ਲੂਣੀ ਤਾਜ਼ਗੀ ਤੇ ਸਵੈ ਭਰੋਸੇ ਦਾ ਭਾਵ ਤੇ ਸਾਦਗੀ ਤੇ ਉਸ ਦੇ ਕੰਨਾਂ ਵਿਚ ਚਾਂਦੀ ਦੀਆਂ ਵਾਲੀਆਂ ਸਨ। ਹਾਂ, ਇਹ ਇਕ ਹੋਰ ਖਾਸ ਗੱਲ ਏ, ਸਲੀਮ ਨੇ ਸੋਚਿਆ, ਜੋ ...।

ਇਕ ਅਧਖੜ੍ਹ ਉਮਰ ਦਾ ਜੋੜਾ ਰੈਸਤੋਰਾਂ ਵਿਚ ਆ ਕੇ ਬੈਠਾ ਤਾਂ ਸਲੀਮ ਆਰਡਰ ਲੈਣ ਲਈ ਉਸ ਕੋਲ ਗਿਆ। ਫੇਰ ਜਦ ਇਕ ਦੂਜੇ ਮੇਜ਼ 'ਤੇ ਬੈਠਾ ਬੰਦਾ ਇਕ ਰੁਪਏ ਦਾ ਨੋਟ ਮੇਜ਼ 'ਤੇ ਰੱਖ ਕੇ ਚਲਾ ਗਿਆ ਤਾਂ ਸਲੀਮ ਉਧਰ ਗਿਆ। ਸੱਤਰ ਪੈਸੇ ਦਾ ਬਿਲ ਸੀ ਤੇ ਬਾਕੀ ਤੀਹ ਪੈਸੇ ਉਹ ਟਿੱਪ ਦੇ ਤੌਰ 'ਤੇ ਛੱਡ ਗਿਆ ਸੀ। ਤੀਹਾਂ ਪੈਸਿਆਂ ਦੀ ਟਿੱਪ ਪਾ ਕੇ ਸਲੀਮ ਨੂੰ ਖਾਸ ਤੌਰ 'ਤੇ ਖੁਸ਼ੀ ਹੋਈ।

ਕੁਝ ਚਿਰ ਪਿੱਛੋਂ ਜਦ ਗੁਜਰਾਤਣ ਕੁੜੀ ਨੇ ਚੁਟਕੀ ਵਜਾ ਕੇ ਸਲੀਮ ਨੂੰ ਬੁਲਾਇਆ ਤਾਂ ਉਹ ਉਸ ਕੋਲ ਗਿਆ। ਕੁੜੀ ਨੇ ਉਸ ਵੱਲ ਵੇਖਿਆ ਤੇ ਉਸੇ ਅੰਦਾਜ਼ ਵਿਚ ਜਿਵੇਂ ਉਸ ਦੀ ਨਜ਼ਰ ਨੇ ਪੁੱਛਿਆ "ਅਜ ਕੀ ਖੁਆਉਣ ਦਾ ਇਰਾਦਾ ਏ?"

"ਅੱਜ ਮੈਂ ਮੇਥੀ ਦੇ ਪਕੌੜਿਆਂ ਦੀ ਸਿਫ਼ਾਰਸ਼ ਕਰਨੀ ਚਾਹਾਂਗਾ।" ਸਲੀਮ ਨੇ ਕਿਹਾ। "ਮੇਥੀ ਦੇ ਪਕੌੜੇ।" ਗੁਜਰਾਤਣ ਕੁੜੀ ਨੇ ਜਿਵੇਂ ਮਨ ਹੀ ਮਨ ਵਿਚ ਉਨ੍ਹਾਂ ਦਾ ਸਵਾਦ ਲੈਂਦਿਆਂ ਕਿਹਾ।

"ਜੀ ਹਾਂ, ਖਾਸ ਤੌਰ 'ਤੇ ਸਿਫ਼ਾਰਸ਼ ਕਰਾਂਗਾ।"

"ਸੋ?" ਗੁਜਰਾਤਣ ਕੁੜੀ ਨੇ ਆਪਣੀਆਂ ਸਹੇਲੀਆਂ ਵਲ ਵੇਖ ਕੇ ਕਿਹਾ ਜਿਵੇਂ ਉਨ੍ਹਾਂ ਦੀ ਸਲਾਹ ਲੈਣੀ ਚਾਹੀ ਹੋਵੇ।

ਪੰਜਾਬਣ ਕੁੜੀ ਨੇ ਨੱਕ ਚੜ੍ਹਾਇਆ। ਐਂਗਲੋ ਇੰਡੀਅਨ ਕੁੜੀ ਦੇ ਚਿਹਰੇ 'ਤੇ ਅਜਿਹਾ ਭਾਵ ਆਇਆ ਜਿਵੇਂ ਮੇਥੀ ਦੇ ਪਕੌੜੇ ਉਸ ਨੇ ਕਦੇ ਖਾਧੇ ਨਾ ਹੋਣ ਤੇ ਅੱਜ ਪਹਿਲੀ ਵਾਰ ਵੇਖਣਾ ਚਾਹੁੰਦੀ ਹੋਵੇ ਕਿ ਉਹ ਕਿਹੋ ਜਿਹੇ ਹੁੰਦੇ ਹਨ।



ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਸਹਿਜ-ਸੁਭਾਅ ਹੀ ਨਜ਼ਰ ਚੁੱਕ ਕੇ ਸਲੀਮ ਦੇ ਚਿਹਰੇ ਵਲ ਵੇਖਿਆ। ਮੇਥੀ ਦੇ ਪਕੌੜਿਆਂ ਦੀ ਥਾਂ ਉਸ ਨੂੰ ਸਲੀਮ ਵਿਚ ਵਧੇਰੇ ਦਿਲਚਸਪੀ ਹੋਈ। ਉਹ ਉਸ ਨੂੰ ਵੱਖਰਾ ਜਿਹਾ ਬੈਰਾ ਲੱਗਾ। ਦੂਜੇ ਹੀ ਬਿੰਦ ਉਸ ਦੀ ਨਜ਼ਰ ਗੁਜਰਾਤਣ ਕੁੜੀ ਦੀ ਨਜ਼ਰ ਨਾਲ ਮਿਲੀ ਤੇ ਉਸ "ਸੋ?" ਦੇ ਜਵਾਬ ਵਿਚ ਕਿਹਾ, "ਅਜਿਹੀ ਸਿਫ਼ਾਰਸ਼ ਕਬੂਲ ਕਰ ਲੈਣੀ ਚਾਹੀਦੀ ਏ।"

"ਤਾਂ ਠੀਕ ਏ," ਗੁਜਰਾਤਣ ਕੁੜੀ ਨੇ ਸਲੀਮ ਨੂੰ ਕਿਹਾ, "ਮੇਥੀ ਦੇ ਪਕੌੜੇ ਹੀ ਸਹੀ।"

"ਸ਼ੁਕਰੀਆ," ਸਲੀਮ ਨੇ ਕਿਹਾ ਤੇ ਚਲਾ ਗਿਆ।

ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਉਸ ਨੂੰ ਜਾਂਦਿਆਂ ਵੇਖਿਆ। ਉਸ ਦੀਆਂ ਅੱਖਾਂ ਵਿਚ ਉਸ ਲਈ ਹਾਲੀ ਤੀਕ ਦਿਲਚਸਪੀ ਸੀ। ਸਲੀਮ ਪਰਦੇ ਦੇ ਪਿਛੇ ਗਾਇਬ ਹੋ ਗਿਆ ਤਾਂ ਉਸ ਨੇ ਸੋਚਿਆ ਸ਼ਾਇਦ ਰੈਸਤੋਰਾਂ ਦਾ ਕਿਚਨ ਹੋਵੇਗਾ ਉਥੇ। ਤਦ ਉਸ ਨੂੰ ਆਪਣੇ ਘਰ ਦੀ ਇਕ ਪੂਰੀ ਕੰਧ 'ਤੇ ਖਾਸ ਕਰ ਉਸ ਕੰਧ ਤੇ ਜਿਸ ਤੇ ਕਿੱਲਾਂ ਦੇ ਬਹੁਤ ਸਾਰੇ ਨਿਸ਼ਾਨ ਸਨ ਤੇ ਜਿਸ 'ਚੋਂ ਇਕ ਬੂਹਾ ਰਸੋਈ ਵਲ ਖੁਲ੍ਹਦਾ ਸੀ-ਉਸੇ ਤਰ੍ਹਾਂ ਦਾ ਪਰ ਵੱਖਰੇ ਡਿਜ਼ਾਇਨ ਦਾ ਪਰਦਾ ਲਾਉਣ ਦਾ ਖਿਆਲ ਆਇਆ।

ਬਾਕੀ ਤਿੰਨੇ ਕੁੜੀਆਂ ਪਹਿਲਾਂ ਵਾਂਗ ਹੀ ਗੱਲਾਂ ਵਿਚ ਰੁਝੀਆਂ ਹੋਈਆਂ ਸਨ। ਅਖ਼ੀਰ, ਚਿੱਟੀ ਸਾੜ੍ਹੀ ਵਾਲੀ ਕੁੜੀ ਵੀ ਪਰਦੇ ਵਲੋਂ ਨਜ਼ਰ ਹਟਾ ਕੇ ਉਨ੍ਹਾਂ ਨਾਲ ਗੱਲਾਂ ਵਿਚ ਸ਼ਾਮਲ ਹੋ ਗਈ। ਉਹ ਆਪਣੇ ਇਤਿਹਾਸ ਦੇ ਪ੍ਰੋਫੈਸਰ ਬਾਰੇ ਗੱਲਾਂ ਕਰਦੀਆਂ ਹੋਈਆਂ ਉਸ ਦਾ ਮਖੌਲ ਉਡਾ ਰਹੀਆਂ ਸਨ।

ਸਲੀਮ ਪਕੌੜੇ ਲੈ ਕੇ ਆਇਆ। ਉਹ ਮਹਿਕ ਰਹੇ ਸਨ। ਉਸ ਨੇ ਪਕੌੜਿਆਂ ਵਾਲੀ ਵੱਡੀ ਪਲੇਟ ਮੇਜ਼ ਦੇ ਵਿਚਕਾਰ ਰੱਖੀ, ਫੇਰ ਉਸ ਨਾਲੋਂ ਛੋਟੀਆਂ ਚਾਰ ਪਲੇਟਾਂ ਚਹੁੰਆਂ ਕੁੜੀਆਂ ਦੇ ਸਾਹਮਣੇ ਰੱਖੀਆਂ ਉਨ੍ਹਾਂ ਦੇ ਨਾਲ ਚਾਰ ਹੋਰ ਛੋਟੀਆਂ ਪਲੇਟਾਂ ਰੱਖੀਆਂ ਜਿਨ੍ਹਾਂ ਵਿਚ ਚਟਣੀ ਸੀ ਤੇ ਨਾਲ ਚਾਰ ਕਾਂਟੇ ਰੱਖੇ ਹੋਏ ਸਨ।

ਚਿੱਟੀ ਸਾੜ੍ਹੀ ਵਾਲੀ ਕੁੜੀ ਸਲੀਮ ਦੇ ਹੱਥਾਂ ਵਲ ਵੇਖ ਰਹੀ ਸੀ ਜਿਨ੍ਹਾਂ ਵਿਚ ਫੁਰਤੀ ਸੀ, ਸਲੀਕਾ ਸੀ, ਸਫ਼ਾਈ ਸੀ। ਵੇਖਦਿਆਂ-ਵੇਖਦਿਆਂ ਸਲੀਮ ਨੇ ਸਾਰਾ ਸਾਮਾਨ ਬੜੇ ਤਰੀਕੇ ਨਾਲ ਮੇਜ਼ 'ਤੇ ਸਜਾ ਦਿੱਤਾ। ਜਾਂਦਿਆਂ ਉਹ ਪਾਣੀ ਦੇ ਚਾਰ ਹੋਰ ਗਲਾਸ ਤੇ ਸੌਸ ਦੀ ਬੋਤਲ ਰੱਖ ਗਿਆ।

ਕੁੜੀਆਂ ਪਕੌੜੇ ਖਾਣ ਲੱਗੀਆਂ। ਸਲੀਮ ਉਨ੍ਹਾਂ ਤੋਂ ਕੁਝ ਦੂਰ ਜਾ ਕੇ ਖਲੋ ਗਿਆ। ਉਹ ਬੜੀ ਦਿਲਚਸਪੀ ਨਾਲ ਉਨ੍ਹਾਂ ਨੂੰ ਖਾਂਦਿਆਂ ਵੇਖ ਰਿਹਾ ਸੀ। ਗੁਜਰਾਤਣ ਕੁੜੀ ਇਕ ਪਕੌੜਾ ਚੁਕਦੀ ਜਿਸ ਨੂੰ ਉਸ ਨੇ ਆਪਣੇ ਅੰਗੂਠੇ ਤੇ ਇਕ ਉਂਗਲ ਵਿਚਕਾਰ ਇੰਜ ਫੜਿਆ ਹੋਇਆ ਹੁੰਦਾ ਜਿਵੇਂ ਉਹ ਕੋਈ ਬਿੱਛੂ ਜਾਂ ਕੇਕੜਾ ਹੋਵੇ। ਤਦ ਉਹ ਦੂਜੇ ਹੱਥ ਵਿਚ ਫੜੇ ਕਾਂਟੇ ਨਾਲ ਕੁਝ ਚਟਣੀ ਤੇ ਸੌਸ ਚੁੱਕ ਕੇ ਉਸ 'ਤੇ ਪਾਉਂਦੀ ਇਕ ਦੋ ਬਿੰਦ ਉਸ ਨੂੰ ਵੇਖਦੀ ਤੇ ਫੇਰ ਮੂੰਹ ਵਿਚ ਪਾ ਲੈਂਦੀ। ਪੰਜਾਬਣ ਕੁੜੀ ਹਮੇਸ਼ਾਂ ਵਾਂਗ ਨੱਕ ਚੜ੍ਹਾਉਂਦੀ ਹੋਈ ਖਾ ਰਹੀ ਸੀ ਤੇ ਉਸ ਨੇ ਜਿਸ ਬੇਢੰਗੇ ਤਰੀਕੇ ਨਾਲ ਕਾਂਟਾ ਫੜਿਆ ਹੋਇਆ ਸੀ, ਉਸ 'ਤੇ ਸਲੀਮ ਨੇ ਨੱਕ ਚੜ੍ਹਾਇਆ। ਤਦੇ ਉਸ ਨੇ ਆਪਣੇ ਵੱਲ ਵੇਖ ਰਹੀ ਚਿੱਟੀ ਸਾੜ੍ਹੀ ਵਾਲੀ ਕੁੜੀ ਦੀ ਨਜ਼ਰ ਮਹਿਸੂਸ ਕੀਤੀ ਤਾਂ ਉਸ ਨੂੰ ਘਬਰਾਹਟ ਹੋਈ। ਦੂਜੇ ਹੀ ਬਿੰਦ ਉਸ ਨੇ ਆਪਣੇ ਮੋਢੇ 'ਤੇ ਰੱਖਿਆ ਤੌਲੀਆ ਲਾਹਿਆ, ਰੁਕ ਸਿਰ ਕਰਕੇ ਮੁੜ ਮੋਟੇ 'ਤੇ ਰੱਖਿਆ ਉਸੇ ਬਿੰਦ ਫੇਰ ਲਾਹ ਲਿਆ ਤੇ ਉਸ ਪਿੱਛੋਂ ਹੱਥ ਵਿਚ ਹੀ ਫੜੀ ਰੱਖਿਆ। ਇਕ ਵਾਰ ਉਸ ਦੇ ਦਿਲ ਵਿਚ ਆਇਆ ਕਿ ਉਸ ਕੋਲ ਜਾਏ ਤੇ ਪੁੱਛੇ "ਫੁਰਮਾਓ, ਹੋਰ ਕੀ ਲਿਆਵਾਂ? ਹੋਰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਹੁਕਮ ਕਰੋ।" ਪਰ ਉਹ ਉਥੇ ਹੀ ਖੜ੍ਹਾ ਰਿਹਾ ਤੇ ਉਧਰੋਂ ਨਜ਼ਰ ਹਟਾ ਕੇ ਦੂਜੇ ਪਾਸੇ ਵੇਖਣ ਲੱਗਾ।

ਕੁਝ ਚਿਰ ਪਿੱਛੋਂ ਜਦ ਉਸ ਦੇ ਕੰਨਾਂ ਵਿਚ ਪਕੌੜਿਆਂ ਸਬੰਧੀ ਕੁੜੀਆਂ ਦੀਆਂ ਗੱਲਾਂ ਪਈਆਂ ਤਾਂ ਉਸ ਨੇ ਉਧਰ ਵੇਖਿਆ। ਐਂਗਲੋ ਇੰਡੀਅਨ ਕੁੜੀ ਕਹਿ ਰਹੀ ਸੀ, "ਮੇਥੀ ਦੇ ਪਕੌੜੇ ਵੀ ਆਪਣੀ ਹੀ ਕਿਸਮ ਦੀ ਚੀਜ਼ ਨੇ।"

"ਪਰ ਕੌੜੇ ਨੇ," ਪੰਜਾਬਣ ਕੁੜੀ ਨੇ ਭੈੜਾ ਜਿਹਾ ਮੂੰਹ ਬਣਾ ਕੇ ਕਿਹਾ।

"ਇਸ ਕੜੱਤਣ ਦਾ ਵੀ ਆਪਣਾ ਸਵਾਦ ਏ।" ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਕਿਹਾ। ਜਿਵੇਂ ਕਾਫ਼ੀ ਦਾ ਆਪਣਾ ਸਵਾਦ ਹੁੰਦਾ ਏ। ਜਾਂ ਫੇਰ ਕਿਸੇ ਹੋਰ ਕੌੜੀ ਜਾਂ ਤਿੱਖੀ ਚੀਜ਼ ਦਾ ਜਿਵੇਂ ਹਰੀ ਮਿਰਚ ਦਾ।"

"ਹਰੀ ਮਿਰਚ ਯਾਨਿ ਸਾਡੀ ਪੋਇਟਰੀ ਦੀ ਪ੍ਰੋਫੈਸਰ!" ਗੁਜਰਾਤਣ ਕੁੜੀ ਨੇ ਠਹਾਕਾ ਮਾਰਿਆ। ਬਾਪ ਰੇ ਕਿੰਨੇ ਤਿੱਖੇ ਸੁਭਾਅ ਦੀ ਤੀਵੀਂ ਏ! ਜੋ ਵੀ ਉਸ ਨਾਲ ਵਿਆਹ ਕਰੇਗਾ ਉਮਰ ਭਰ ਸੀ-ਸੀ ਕਰਦਾ ਰਹੇਗਾ।"

ਬਾਕੀ ਕੁੜੀਆਂ ਵੀ ਹੱਸੀਆਂ।

"ਸ਼ਾਇਦ ਵਿਆਹ ਪਿੱਛੋਂ ਉਸ ਦਾ ਸੁਭਾਅ ਨਰਮ ਪੈ ਜਾਏ," ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਕਿਹਾ।

ਪਕੌੜੇ ਮੁੱਕਣ 'ਤੇ ਆ ਗਏ ਤਾਂ ਸਲੀਮ ਮੇਜ਼ ਵਲ ਗਿਆ। ਉਸ ਦੇ ਕੁਝ ਪੁੱਛਣ ਤੋਂ ਪਹਿਲਾਂ ਹੀ ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਉਸ ਵੱਲ ਮੂੰਹ ਚੁੱਕ ਕੇ ਕਿਹਾ, "ਮੇਥੀ ਦੇ ਪਕੌੜਿਆਂ ਦੀ ਸਿਫ਼ਾਰਸ਼ ਦਾਦ ਦੇ ਕਾਬਿਲ ਏ।"

"ਸ਼ੁਕਰੀਆ", ਸਲੀਮ ਦੇ ਮੂੰਹੋਂ ਨਿਕਲਿਆ।

"ਤਾਂ ਹੋਰ ਮੰਗਾਏ ਜਾਣ?" ਗੁਜਰਾਤਣ ਕੁੜੀ ਨੇ ਪੁੱਛਿਆ।

"ਨਹੀਂ," ਉਸ ਨੇ ਕਿਹਾ ਤੇ ਸਲੀਮ ਨੂੰ ਪੁੱਛਿਆ, "ਹੋਰ ਕਿਸੇ ਚੀਜ਼ ਦੀ ਸਿਫਾਰਸ਼?"

"ਹੋਰ? - ਹੋਰ ਸਮੋਸਿਆਂ ਦੀ ਸਿਫ਼ਾਰਸ਼ ਕਰ ਸਕਦਾ ਹਾਂ। ਪਰ ਉਨ੍ਹਾਂ ਲਈ ਕੁਝ ਚਿਰ ਰੁਕਣਾ ਪਏਗਾ। ਤਾਜ਼ਾ ਬਣ ਰਹੇ ਨੇ।"

"ਤਾਂ ਬਾਕੀ ਚੀਜ਼ਾਂ ਬੇਹੀਆਂ ਨੇ ਕੀ?" ਪੰਜਾਬਣ ਕੁੜੀ ਨੇ ਕਿਹਾ।

"ਮਾਫ ਕਰਨਾ," ਸਲੀਮ ਨੇ ਆਪਣੀ ਤਲਖੀ ਨੂੰ ਦਬਾਉਂਦਿਆਂ ਨਰਮੀ ਨਾਲ ਕਿਹਾ, "ਬੇਹੀ ਤਾਂ ਇਸ ਰੈਸਤੋਰਾਂ ਵਿਚ ਕੋਈ ਚੀਜ਼ ਨਹੀਂ ਹੁੰਦੀ।"

"ਤਾਂ ਜੋ ਚੀਜ਼ਾਂ ਬਚ ਜਾਂਦੀਆਂ ਨੇ ਉਨ੍ਹਾਂ ਨੂੰ ਬਾਹਰ ਸੁੱਟ ਦਿੰਦੇ ਹੋ?"

"ਸੁੱਟਣ ਲਾਇਕ ਚੀਜ਼ਾਂ ਬਚਦੀਆਂ ਹੀ ਨਹੀਂ।"

"ਖੈਰ, ਦੇਰ ਦੀ ਕੋਈ ਗੱਲ ਨਹੀਂ," ਗੁਜਰਾਤਣ ਕੁੜੀ ਨੇ ਕਿਹਾ, "ਸਮੋਸੇ ਹੀ ਆਉਣ ਤੇ ਨਾਲ ਚਾਹ।"

ਅਗਲੇ ਦਿਨ ਸਿਰਫ਼ ਗੁਜਰਾਤਣ ਤੇ ਚਿੱਟੀ ਸਾੜ੍ਹੀ ਵਾਲੀ ਕੁੜੀ ਹੀ ਰੈਸਤੋਰਾਂ ਵਿਚ ਆਈਆਂ। ਸਲੀਮ ਨੇ ਸੋਚਿਆ ਕਿ ਉਹ ਗੁਜਰਾਤਣ ਕੁੜੀ ਦੀ ਕੋਈ ਨਵੀਂ ਸਹੇਲੀ ਬਣੀ ਹੋਵੇਗੀ। ਜਦ ਵੀ ਕੋਈ ਕੁੜੀ ਉਸ ਦੀ ਸਹੇਲੀ ਬਣਦੀ ਤਾਂ ਉਹ ਕੁਝ ਦਿਨ ਲਗਾਤਾਰ ਉਸ ਨੂੰ ਆਪਣੇ ਨਾਲ ਰੈਸਤੋਰਾਂ ਵਿਚ ਲਿਆਉਂਦੀ। ਆਖ਼ਰ ਕਿਸ ਗੱਲ ਤੋਂ ਦੋਸਤੀ ਹੋਈ ਹੋਵੇਗੀ ਦੋਹਾਂ ਦੀ? ਸਲੀਮ ਨੇ

ਸੋਚਿਆ। ਵੇਖਣ ਨੂੰ ਦੋਵੇਂ ਇੱਕ ਦੂਜੀ ਨਾਲੋਂ ਇਕ ਦਮ ਵੱਖਰੀਆਂ ਲੱਗਦੀਆਂ ਹਨ। ਫੇਰ ਵੀ, ਦੋਵਾਂ ਵਿਚ ਕੋਈ ਗੱਲ ਸਾਂਝੀ ਜ਼ਰੂਰ ਹੋਵੇਗੀ।

ਜਦ ਉਸ ਨੇ ਪਾਣੀ ਦੇ ਗਲਾਸ ਲਿਆ ਕੇ ਉਨ੍ਹਾਂ ਦੇ ਸਾਹਮਣੇ ਰੱਖੇ ਤਾਂ ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਉਸ ਵਲ ਮੂੰਹ ਚੁਕ ਕੇ ਪੁੱਛਿਆ, "ਅੱਜ ਕਿਸ ਚੀਜ਼ ਦੀ ਸਿਫਾਰਸ਼ ਹੋਵੇਗੀ?"

"ਅੱਜ ਗੋਭੀ ਦੇ ਪਕੌੜਿਆਂ ਦੀ ਸਿਫਾਰਸ਼ ਕਰਨੀ ਚਾਹਾਂਗਾ।"

"ਮੇਥੀ ਦੇ ਪਕੌੜਿਆਂ ਦੀ ਕਿਉਂ ਨਹੀਂ?" ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਚਿਹਰੇ ਤੇ ਕੁਝ ਹੈਰਾਨੀ ਤੇ ਮੁਸਕਰਾਹਟ ਲਿਆ ਕੇ ਕਿਹਾ।

"ਜੇ ਇਜਾਜ਼ਤ ਹੋਵੇ ਤਾਂ ਦੋਵੇਂ ਕਿਸਮ ਦੇ ਪਕੌੜੇ ਲਿਆ ਕੇ ਦਿੰਦਾ ਹਾਂ। ਤੁਹਾਨੂੰ ਖੁਦ-ਬ-ਖੁਦ ਆਪਣੇ ਸੁਆਲ ਦਾ ਜੁਆਬ ਮਿਲ ਜਾਏਗਾ।"

"ਜਵਾਬ ਮਿਲ ਗਿਆ ਏ", ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਕਿਹਾ। "ਸੋ ਗੋਭੀ ਦੇ ਹੀ ਲਿਆਉਣੇ। ਤੇ ਹਾਂ? ਕੇਲਿਆਂ ਦੇ ਪਕੌੜੇ ਨਹੀਂ ਬਣਾਉਂਦੇ ਕੀ?"

"ਕੇਲਿਆਂ ਦੇ ਤਾਂ ਨਹੀਂ ਬਣਾਏ ਕਦੇ।" ਸਲੀਮ ਨੇ ਕਿਹਾ।

"ਤਾਂ ਕਦੇ ਕੇਲਿਆਂ ਦੇ ਵੀ ਬਣਾਓ।"

ਚਿੱਟੀ ਸਾੜ੍ਹੀ ਵਾਲੀ ਕੁੜੀ ਇਕ ਬਿੰਦ ਚੁੱਪ ਰਹੀ। ਫੇਰ ਉਸ ਨੇ ਪੁੱਛਿਆ, "ਇਸ ਰੈਸਤੋਰਾਂ ਦਾ ਮਾਲਕ ਕੌਣ ਏ?"

ਸਲੀਮ ਨੇ ਉਸ ਬਾਰੇ ਦੱਸਿਆ।

"ਬਹੁਤ ਵਧੀਆ ਸੁਹਜ-ਸਵਾਦ ਵਾਲਾ ਆਦਮੀ ਹੋਵੇਗਾ, ਜਿਸ ਨੇ ਅਜਿਹਾ ਰੈਸਤੋਰਾਂ ਬਣਾਇਆ ਏ।" ਉਸ ਨੇ ਜਿਵੇਂ ਸਲੀਮ ਨੂੰ ਵੀ ਕਿਹਾ ਤੇ ਗੁਜਰਾਤਣ ਕੁੜੀ ਨੂੰ ਵੀ।

"ਬੇਸ਼ਕ," ਸਲੀਮ ਨੇ ਖੁਸ਼ ਹੋ ਕੇ ਕਿਹਾ।

"ਹਰ ਚੀਜ਼ 'ਚੋਂ ਹੀ ਉਸ ਦਾ ਸੁਹਜ-ਸਵਾਦ ਝਲਕਦਾ ਏ, ਫਰਨਿਸ਼ਿੰਗ 'ਚੋ ਖਾਣ-ਪੀਣ ਦੀਆਂ ਚੀਜ਼ਾਂ 'ਚੋਂ ਇਥੋਂ ਤਕ ਕਿ -ਉਹ ਚਾਣਚੱਕ ਰੁਕੀ ਨਹੀਂ ਤਾਂ ਉਸ ਦੇ ਮੂੰਹੋਂ ਨਿਕਲ ਜਾਣਾ ਸੀ, "ਬੈਰੇ 'ਚੋਂ ਵੀ।" ਅਜਿਹਾ ਸਲੀਕਾ ਤੇ ਗੱਲਬਾਤ ਕਰਨ ਦਾ ਅੰਦਾਜ਼ ਉਸ ਨੇ ਕਿਸੇ ਹੋਰ ਹੋਟਲ ਦੇ ਬੈਰੇ ਵਿਚ ਨਹੀਂ ਸੀ ਵੇਖਿਆ। ਉਸ ਨੇ ਜਾਨਣਾ ਚਾਹਿਆ ਕਿ ਉਹ ਇਨਾ ਵੱਖਰਾ ਕਿਉਂ ਹੈ ਤੇ ਪੁੱਛਿਆ ਕਿ ਉਹ ਉਥੇ ਕਦ ਤੋਂ ਕੰਮ ਕਰ ਰਿਹਾ ਹੈ?

"ਜਦ ਤੋਂ ਇਹ ਰੈਸਤੋਰਾਂ ਖੁੱਲ੍ਹਿਆ ਏ," ਸਲੀਮ ਨੇ ਕਿਹਾ।

"ਹਾਂ ਤਦ ਤੋਂ ਹੀ ਏ," ਗੁਜਰਾਤਣ ਕੁੜੀ ਨੇ ਕਿਹਾ।

ਫੇਰ ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਪੁੱਛਿਆ, "ਇਸ ਤੋਂ ਪਹਿਲਾਂ ਕੀ ਸ਼ੁਗਲ ਸੀ?"

ਸਲੀਮ ਨੂੰ ਦੱਸਣ ਵਿਚ ਕੁਝ ਸੰਕੋਚ ਹੋਇਆ। "ਇਕ ਹੋਰ ਥਾਂ ਨੌਕਰੀ ਕਰਦਾ ਸਾਂ," ਉਸ ਨੇ ਕਿਹਾ।

"ਕੇਹੀ ਨੌਕਰੀ?"

"ਬਸ ਇਸੇ ਕਿਸਮ ਦੀ ਸਮਝੋ। ਉਂਜ...।"

ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਸਵਾਲੀਆ ਨਜ਼ਰ ਨਾਲ ਉਸ ਵੱਲ ਵੇਖਿਆ।

"ਉਂਜ," ਸਲੀਮ ਨੇ ਕਿਹਾ "ਮੈਂ ਕੁਝ ਲਿਖਣ ਦਾ ਵੀ ਸ਼ੌਕ ਰੱਖਦਾ ਹਾਂ।"

"ਕੀ?" ਗੁਜਰਾਤਣ ਕੁੜੀ ਨੇ ਪੁੱਛਿਆ।

"ਇਹੋ ਅਫਸਾਨੇ ਵਗ਼ੈਰਾ।"

"ਮਤਲਬ?" ਗੁਜਰਾਤਣ ਕੁੜੀ ਅਫਸਾਨੇ ਲਫ਼ਜ਼ ਦਾ ਮਤਲਬ ਸਮਝ ਨਹੀਂ ਸੀ ਸਕੀ।

"ਸਟੋਰੀਜ਼," ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਦੱਸਿਆ।

"ਅਜੀਬ ਏ।" ਗੁਜਰਾਤਣ ਕੁੜੀ ਦੇ ਚਿਹਰੇ ਤੇ ਅਵਿਸ਼ਵਾਸ ਦਾ ਭਾਵ ਆਇਆ। ਫੇਰ ਉਸ ਨੇ ਸਲੀਮ ਵਲ ਮੂੰਹ ਚੁੱਕ ਕੇ ਪੁੱਛਿਆ, "ਮਿਸਟਰੀ ਸਟੋਰੀਜ਼?"

"ਨਹੀਂ ਸੋਸ਼ਲ ਕਿਸਮ ਦੀਆਂ।" ਸਲੀਮ ਨੂੰ ਮਾਣ ਹੋਇਆ ਕਿ ਉਹ ਜਾਸੂਸੀ ਨਹੀਂ ਬਲਕਿ ਸਮਾਜਕ ਕਹਾਣੀਆਂ ਲਿਖਦਾ ਹੈ।

"ਕਿੱਥੇ ਛਪਦੀਆਂ ਨੇ?" ਗੁਜਰਾਤਣ ਕੁੜੀ ਨੇ ਪੁੱਛਿਆ। ਉਸ ਦੇ ਚਿਹਰੇ 'ਤੇ ਹਾਲੀ ਵੀ ਉਹੋ ਅਵਿਸ਼ਵਾਸ ਦਾ ਭਾਵ ਸੀ।

ਸਲੀਮ ਦੇ ਚਿਹਰੇ 'ਤੇ ਸੰਕੋਚ ਆਇਆ। "ਦਰਅਸਲ, ਹਾਲੀ ਤੀਕ ਕਿਤੇ ਛਪੀਆਂ ਨਹੀਂ ਹਨ। ਛਪ ਨਹੀਂ ਸਕੀਆਂ।

ਗੁਜਰਾਤਣ ਕੁੜੀ ਦੇ ਚਿਹਰੇ ਉਤਲਾ ਹੈਰਾਨੀ ਤੇ ਅਵਿਸ਼ਵਾਸ ਦਾ ਭਾਵ ਜਾਂਦਾ ਰਿਹਾ।

"ਕੁਲ ਕਿੰਨੇ ਕੁ ਅਫਸਾਨੇ ਲਿਖੇ ਨੇ?" ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਪੁੱਛਿਆ।

"ਜ਼ਿਆਦਾ ਨਹੀਂ, ਇਹੋ ਕੋਈ ਬਾਰਾਂ-ਚੌਦਾਂ। ਉਂਜ ਹੁਣ ਮੈਂ ਉਨ੍ਹਾਂ 'ਚੋਂ ਤਿੰਨਾਂ ਅਫਸਾਨਿਆਂ ਨੂੰ ਆਪਸ ਵਿਚ ਜੋੜ ਕੇ ਇਕ ਨਾਵਲਿਟ ਦੀ ਸ਼ਕਲ ਦੇ ਰਿਹਾ ਹਾਂ।"

"ਕੀ ਥੀਮ ਏ ਉਸ ਦਾ?"

ਸਲੀਮ ਨੇ ਇਕ ਬਿੰਦ ਸੋਚਿਆ, "ਉਹ ਇਕ ਬੱਚੇ ਤੇ ਉਸ ਦੀ ਮਾਂ ਬਾਰੇ ਹੈ। ਮਾਂ ਕੱਲੀ ਏ ਯਾਨਿ ਉਸ ਦਾ ਖਾਵੰਦ ਨਹੀਂ ਏ ਤੇ ਪਾਗਲ ਏ ਤੇ ਬੱਚੇ ਨੂੰ ਪਾਲ-ਪੋਸ ਰਹੀ ਏ। ਫੇਰ ਇਕ ਵਾਰ ਕਿਸੇ ਐਕਸੀਡੈਂਟ ਵਿਚ ਉਸ ਨੂੰ ਅਜਿਹੀ ਸੱਟ ਵੱਜਦੀ ਏ ਕਿ ਉਸ ਦਾ ਪਾਗਲਪਨ ਦੂਰ ਹੋ ਜਾਂਦਾ ਏ। ਤਦ ਉਹ ਆਪਣੇ ਬੱਚੇ ਨੂੰ ਪਛਾਣ ਨਹੀਂ ਸਕਦੀ। ਉਹ ਉਸ ਨੂੰ ਪਰਾਇਆ ਬੱਚਾ ਲੱਗਦਾ ਏ।

....ਅਖੀਰ ਉਹ ਬੱਚਾ ਵੱਡਾ ਹੋਣ ਤੇ ਘਰੋਂ ਕਮਾਈ ਕਰਨ ਨਿਕਲਦਾ ਏ ਤੇ ਭਟਕਦਾ ਹੋਇਆ ਇਕ ਵੱਡੇ ਸ਼ਹਿਰ 'ਚ ਪਹੁੰਚਦਾ ਏ। ਉਥੇ ਇਕ ਕੁੜੀ ਉਸ ਦੀ ਜ਼ਿੰਦਗੀ 'ਚ ਇੰਜ ਆਉਂਦੀ ਏ, ਜਿਵੇਂ ਕੋਈ ਖ਼ੁਆਬ ਹੋਵੇ। ਉਹ ਡਰਦਾ ਏ ਕਿ ਉਹ ਖ਼ੁਆਬ ਗਾਇਬ ਨਾ ਹੋ ਜਾਵੇ। ਇਸ ਗੱਲੋਂ ਵੀ ਡਰਦਾ ਏ ਕਿ ਕਿਤੇ ਉਹ ਖ਼ੁਆਬ ਹਕੀਕਤ ਨਾ ਬਣ ਜਾਏ ...।"

"ਕਿੰਨਾ ਕੁ ਲਿਖਿਆ ਗਿਆ ਏ?"

"ਉਂਜ ਤਾਂ ਦੋ ਵਾਰ ਪੂਰਾ ਲਿਖਿਆ ਜਾ ਚੁੱਕਾ ਏ, ਪਰ ਗੱਲ ਨਹੀਂ ਬਣੀ। ਹੁਣ ਨਵੇਂ ਸਿਰਿਓਂ ਤੀਜੀ ਵਾਰ ਲਿਖ ਰਿਹਾ ਹਾਂ।"

"ਚੰਗਾ, ਤਾਂ ਹੁਣ ਪਕੌੜੇ ਆਉਣ," ਗੁਜਰਾਤਣ ਕੁੜੀ ਨੇ ਕਿਹਾ ਉਨ੍ਹਾਂ ਗੱਲਾਂ ਵਿਚ ਉਸ ਨੂੰ ਕੋਈ ਦਿਲਚਸਪੀ ਮਹਿਸੂਸ ਨਹੀਂ ਸੀ ਹੋ ਰਹੀ।

ਚਿੱਟੀ ਸਾੜ੍ਹੀ ਵਾਲੀ ਕੁੜੀ ਨੂੰ ਗੁਜਰਾਤਣ ਕੁੜੀ ਦਾ ਇਸ ਤਰ੍ਹਾਂ ਗੱਲ ਟੁਕ ਕੇ ਪਕੌੜੇ ਲਿਆਉਣ ਲਈ ਕਹਿਣਾ ਚੰਗਾ ਨਾ ਲੱਗਾ। ਉਹ ਸਲੀਮ ਦੀਆਂ ਗੱਲਾਂ ਵਿਚ ਦਿਲਚਸਪੀ ਲੈਣ ਲੱਗੀ ਸੀ। ਸਲੀਮ ਦਾ ਬੈਰਾ ਹੋਣਾ ਤੇ ਨਾਲ ਲਿਖਣਾ ਜਾਂ ਕਿਹਾ ਜਾਏ ਕਿ ਲੇਖਕ ਹੋਣਾ ਤੇ ਨਾਲ ਬੈਰੇ ਦੀ ਨੌਕਰੀ ਕਰਨਾ ਉਸ ਨੂੰ ਅਜੀਬ ਜਿਹਾ ਲੱਗਾ ਸੀ। ਹਾਂ, ਤਾਂ ਇਸ ਵਿਚ ਕੁਝ ਵੱਖਰੀ ਜਿਹੀ ਗੱਲ ਏ ਉਸ ਨੇ ਮਨ ਵਿਚ ਕਿਹਾ। ਆਮ ਬੈਰਿਆਂ ਨਾਲੋਂ ਵੱਖਰਾ ਜਿਹਾ ਲੱਗਦਾ ਏ।

ਸਲੀਮ ਪਕੌੜੇ ਲੈ ਕੇ ਆਇਆ। ਜਦ ਉਸ ਨੇ ਪਕੌੜਿਆਂ ਦੀ ਪਲੇਟ ਮੇਜ਼ ਦੇ ਵਿਚਕਾਰ ਰੱਖ ਕੇ ਖਾਲੀ ਪਲੇਟਾਂ ਇਕ-ਇਕ ਕਰਕੇ ਦੋਵਾਂ ਕੁੜੀਆਂ ਦੇ ਸਾਹਮਣੇ ਰੱਖੀਆਂ ਤੇ ਫੇਰ ਚਟਣੀ ਵਾਲੀਆਂ ਪਲੇਟਾਂ ਵੀ ਰੱਖੀਆਂ ਤਾਂ ਉਹ ਤ੍ਰਭਕਿਆ ਜਿਵੇਂ ਗਲਤੀ ਕਰ ਬੈਠਾ ਹੋਵੇ। ਉਸੇ ਵੇਲੇ ਉਸ ਨੇ ਚਿੱਟੀ ਸਾੜ੍ਹੀ ਵਾਲੀ ਕੁੜੀ ਦੇ ਸਾਹਮਣਿਓਂ ਚਟਣੀ ਵਾਲੀ ਪਲੇਟ ਚੁੱਕ ਕੇ ਗੁਜਰਾਤਣ ਕੁੜੀ ਦੇ ਸਾਹਮਣੇ ਰੱਖੀ ਤੇ ਉਸ ਦੇ ਸਾਹਮਣੇ ਰੱਖੀ ਹੋਈ ਪਲੇਟ ਚੁੱਕ ਕੇ ਚਿੱਟੀ ਸਾੜ੍ਹੀ ਵਾਲੀ ਕੁੜੀ ਦੇ ਸਾਹਮਣੇ ਰੱਖੀ।

ਚਿੱਟੀ ਸਾੜ੍ਹੀ ਵਾਲੀ ਕੁੜੀ ਗੱਲ ਸਮਝ ਗਈ ਤੇ ਉਸ ਦੇ ਚਿਹਰੇ ਤੇ ਮੁਸਕਰਾਹਟ ਆਈ। ਫੇਰ ਵੀ ਉਸ ਨੇ ਪੁੱਛਿਆ, "ਕੀ ਇਹ ਵੱਖ-ਵੱਖ ਕਿਸਮ ਦੀ ਚਟਣੀ ਏ, ਜੋ ਪਲੇਟਾਂ ਬਦਲ ਕੇ ਰੱਖੀਆਂ ਨੇ?"

"ਨਹੀਂ ਚਟਣੀ ਤਾਂ ਇਕੋ ਕਿਸਮ ਦੀ ਏ। ਪਰ ਇਨ੍ਹਾਂ ਨੂੰ," ਸਲੀਮ ਨੇ ਗੁਜਰਾਤਣ ਕੁੜੀ ਵਲ ਸੈਣਤ ਕੀਤੀ, "ਹਮੇਸ਼ਾਂ ਡਬਲ ਚਟਣੀ ਚਾਹੀਦੀ ਹੈ। ਗਲਤੀ ਨਾਲ ਡਬਲ ਚਟਨੀ ਵਾਲੀ ਪਲੇਟ ਤੁਹਾਡੇ ਸਾਹਮਣੇ ਰੱਖੀ ਗਈ ਸੀ।"

"ਥੈਂਕ ਯੂ।" ਗੁਜਰਾਤਣ ਕੁੜੀ ਨੇ ਖੁਸ਼ ਹੋ ਕੇ ਕਿਹਾ।

"ਬਹੁਤ ਖਿਆਲ ਰੱਖਦਾ ਏ ਤੇਰਾ।" ਚਿੱਟੀ ਸਾੜ੍ਹੀ ਵਾਲੀ ਕੁੜੀ ਨੇ ਸਲੀਮ ਦੇ ਜਾਣ 'ਤੇ ਸ਼ਰਾਰਤ ਨਾਲ ਕਿਹਾ।

"ਕਿਉਂ ਨਹੀਂ ਰੱਖੇਗਾ, ਹਮੇਸ਼ਾਂ ਵਧੀਆ ਟਿੱਪ ਦਿਆ ਕਰਦੀ ਹਾਂ।"

"ਤਾਂ ਹੀ।"

ਸਲੀਮ ਉਨ੍ਹਾਂ ਦੇ ਲਾਗੇ ਹੀ ਕੁਝ ਪਰੇ ਜਾ ਕੇ ਖੜ੍ਹਾ ਹੋ ਗਿਆ। ਉਹ ਕੁਝ ਹੋਰ ਗੱਲਾਂ ਕਰਨੀਆਂ ਚਾਹੁੰਦਾ ਸੀ। ਇਕ ਦੋ ਵਾਰ ਕੁਝ ਗੱਲਾਂ ਹੋਈਆਂ ਵੀ ਪਰ ਗੁਜਰਾਤਣ ਕੁੜੀ ਹਰ ਵਾਰ ਗੱਲ ਟੁਕ ਕੇ ਆਪਣੀ ਗੱਲ ਸ਼ੁਰੂ ਕਰ ਦਿੰਦੀ ਰਹੀ। ਫੇਰ ਵੀ ਸਲੀਮ ਨੂੰ ਤਸੱਲੀ ਹੋਈ ਕਿ ਉਨ੍ਹਾਂ ਦੀ ਨਜ਼ਰ ਵਿਚ-ਖਾਸ ਕਰ ਚਿੱਟੀ ਸਾੜ੍ਹੀ ਵਾਲੀ ਕੁੜੀ ਦੀ ਨਜ਼ਰ ਵਿਚ-ਉਹ ਸਿਰਫ਼ ਬੈਰਾ ਨਹੀਂ, ਅਫਸਾਨਾ-ਨਿਗਾਰ ਵੀ ਸੀ। ਇਸ ਖ਼ਿਆਲ ਨਾਲ ਉਸ ਨੇ ਮਾਣ ਮਹਿਸੂਸ ਕੀਤਾ ਤੇ ਮਨ ਹੀ ਮਨ ਵਿਚ ਕਿਹਾ, ਕਈ ਵੱਡੇ-ਵੱਡੇ ਅਦੀਬਾਂ ਨੇ ਵੀ ਕਿਸੇ ਵੇਲੇ ਗੁਜ਼ਾਰਾ ਕਰਨ ਲਈ ਬੈਰਿਆਂ ਜਾਂ ਨੌਕਰਾਂ ਦਾ ਕੰਮ ਕੀਤਾ ਸੀ ਤੇ ਇਸ ਗੱਲ ਨੇ ਮਗਰੋਂ ਜਾ ਕੇ ਉਨ੍ਹਾਂ ਨੂੰ ਅਦੀਬ ਦੇ ਤੌਰ ਤੇ ਹੋਰ ਵੀ ਮਸ਼ਹੂਰ ਬਣਾ ਦਿੱਤਾ ਸੀ। ਇੱਕ ਦਿਨ ਸ਼ਾਇਦ ਮੈਂ ਵੀ ਵੱਡਾ ਅਦੀਬ ਬਣ ਜਾਵਾਂ। ਤਦ ਹੋ ਸਕਦਾ ਏ ਕਿ ਇਹ ਕੁੜੀ ਮੇਰੀਆਂ ਚੀਜ਼ਾਂ ਪੜ੍ਹੇ ਤੇ ਇਸ ਨੂੰ ਯਾਦ ਆਏ ਕਿ ਕਦੇ ਮੈਂ ਇਥੇ ਬੈਰੇ ਦੇ ਤੌਰ 'ਤੇ ਕੰਮ ਕਰਿਆ ਕਰਦਾ ਸੀ। ਤਦ ਇਹ ਖੁਸ਼ ਹੋਵੇਗੀ ਤੇ ਫ਼ਖ਼ਰ ਮਹਿਸੂਸ ਕਰੇਗੀ ਕਿ ਕਦੇ ਇਸ ਰੈਸਤੋਰਾਂ ਵਿਚ ਇਸ ਨੇ ਮੇਰੇ ਹੱਥੋਂ ਪਕੌੜੇ ਖਾਧੇ ਸਨ ਤੇ ਚਾਹ ਪੀਤੀ ਸੀ। ਉਂਜ ਅੱਜ ਵੀ ਇਹ ਮੇਰੇ ਅਦੀਬ ਹੋਣ ਤੇ ਖੁਸ਼ੀ ਤੇ ਫ਼ਖ਼ਰ ਮਹਿਸੂਸ ਕਰ ਰਹੀ ਏ। ਤਦੇ ਤਾਂ ਅਜਿਹੀ ਦਿਲਚਸਪੀ ਨਾਲ ਗੱਲਾਂ ਕਰ ਰਹੀ ਏ। ਮੌਕਾ ਲੱਗੇ ਤਾਂ ਇਸ ਬਾਰੇ ਵੀ ਜਾਨਣਾ ਚਾਹੀਦਾ ਏ ਕਿ ਇਹ ਕੌਣ ਏ, ਕਿੱਥੇ



ਰਹਿੰਦੀ ਏ, ਕਿਹੋ ਜਿਹੇ ਸ਼ੌਕ ਰੱਖਦੀ ਏ? ਕਿਤੇ ਇਹ ਡਬਲ ਚਟਣੀ ਖਾ-ਖਾ ਕੇ ਫੁੱਲੀ ਹੋਈ ਗੁਜਰਾਤਣ ਅੱਜ ਇਸ ਦੇ ਨਾਲ ਨਾ ਹੁੰਦੀ ਤਾਂ ਇਸ ਬਾਰੇ ਜ਼ਰੂਰ ਕੁਝ ਜਾਣਕਾਰੀ ਹਾਸਲ ਕਰਦਾ। ਇਹ ਗੁਜਰਾਤਣ ਸਿਰਫ਼ ਜਿਸਮ ਦੀ ਹੀ ਮੋਟੀ ਨਹੀਂ, ਦਿਮਾਗ ਦੀ ਵੀ ਮੋਟੀ ਏ।...

ਉਸ ਵੇਲੇ ਗੁਜਰਾਤਣ ਕੁੜੀ ਨੇ ਉਸ ਨੂੰ ਚੁਟਕੀ ਵਜਾ ਕੇ ਬੁਲਾਇਆ ਤਾਂ ਉਸ ਨੂੰ ਉਸ 'ਤੇ ਗੁੱਸਾ ਆਇਆ। ਕੀ ਜੀਭ ਨਹੀਂ ਏ ਮੂੰਹ ਵਿਚ? ਉਸ ਨੇ ਮਨ ਵਿਚ ਕਿਹਾ। ਉਂਜ ਤਾਂ ਇੰਨੀਆਂ ਗੱਲਾਂ ਕਰਦੀ ਏ, ਪਰ ਮੈਨੂੰ ਬੁਲਾਉਣ ਲਈ ਚੁਟਕੀ ਵਜਾਉਂਦੀ ਏ, ਜਿਵੇਂ ਮੈਂ ਆਦਮੀ ਨਹੀਂ ਕੋਈ ਜਾਨਵਰ ਹੋਵਾਂ ਜਾਂ ਫੇਰ ਬਿਲਕੁਲ ਹੀ ਮਾਮੂਲੀ ਜਿਹਾ ਬੈਰਾ ਹੋਵਾਂ।

ਉਹ ਮੇਜ਼ ਕੋਲ ਖਲੋ ਗਿਆ ਤਾਂ ਗੁਜਰਾਤਣ ਕੁੜੀ ਨੇ ਕਿਹਾ, "ਚਾਹ ਤੇ ਜ਼ਰਾ ਛੇਤੀ।"

ਉਸ ਨੇ ਅੱਗੋਂ ਜਵਾਬ ਨਹੀਂ ਦਿੱਤਾ ਤੇ ਚਾਹ ਲੈਣ ਚਲਾ ਗਿਆ।

ਉਸ ਦੇ ਅਗਲੇ ਦੋ ਦਿਨ ਕਾਲਜ ਵਿਚ ਛੁੱਟੀ ਸੀ। ਕਾਲਜ ਦੇ ਮੁੰਡੇ ਕੁੜੀਆਂ ਉਥੇ ਨਹੀਂ ਆਏ ਤਾਂ ਸਲੀਮ ਨੂੰ ਰੈਸਤੋਰਾਂ ਸੁੰਨਾ-ਸੁੰਨਾ ਮਹਿਸੂਸ ਹੋਇਆ। ਖ਼ਾਸ ਸੁੰਨਾ ਉਸ ਚਿੱਟੀ ਸਾੜ੍ਹੀ ਵਾਲੀ ਕੁੜੀ ਦੀ ਅਣਹੋਂਦ ਕਰਕੇ ਮਹਿਸੂਸ ਹੋਇਆ। ਕਾਲਜ ਵਿਚ ਨਵੀਂ ਹੀ ਆਈ ਲੱਗਦੀ ਏ, ਉਸ ਨੇ ਸੋਚਿਆ। ਘੱਟ ਬੋਲਣ ਵਾਲੀ ਏ, ਪਰ ਕਈ ਗੱਲਾਂ ਮੁਸਕਰਾਹਟ ਵਿਚ ਕਹਿ ਜਾਣ ਵਾਲੀ ਏ। ਸਉਲੇ ਰੰਗ ਦਾ ਵੀ ਆਪਣਾ ਹੁਸਨ ਹੁੰਦਾ ਏ, ਆਪਣੀ ਕਸ਼ਿਸ਼ ਹੁੰਦੀ ਏ। ਗੋਰੇ-ਚਿੱਟੇ ਰੰਗ ਦੇ ਮੁਕਾਬਲੇ ਵਿਚ ਕਿੰਨਾ ਸਿਹਤਮੰਦ ਲੱਗਦਾ ਏ। ਕੁਝ ਹਕੀਕਤਾਂ ਸੱਚਮੁੱਚ ਖ਼ੁਆਬ ਮਹਿਸੂਸ ਹੁੰਦੀਆਂ ਨੇ ਜਾਂ ਕੁਝ ਖ਼ੁਆਬ ਹਕੀਕਤਾਂ ਨਹੀਂ ਹੋ ਸਕਦੇ। ਹੁਣ ਜਿਵੇਂ ਇਹ ਚਿੱਟੀ ਸਾੜ੍ਹੀ ਵਾਲੀ ਕੁੜੀ ਏ, ਇਸ ਨੂੰ ਚਿੱਟਾ ਰੰਗ ਏਨਾ ਪਸੰਦ ਏ, ਉਸ ਦੀ ਪਸੰਦ ਦਾਦ ਦੇ ਕਾਬਿਲ ਏ। ਚਿੱਟੇ ਰੰਗ 'ਚੋਂ ਪਾਕੀਜ਼ਗੀ ਝਲਕਦੀ ਏ ਤੇ ਇਕ ਅਜਿਹੀ ਸਾਦਗੀ ਜਿਸ ਤੇ ਆਦਮੀ ਖੁਸ਼ੀ ਨਾਲ ਕੁਰਬਾਨ ਹੋ ਸਕਦਾ ਏ।

ਅਗਲੇ ਦਿਨ ਰੈਸਤੋਰਾਂ ਬੰਦ ਹੋਣ ਤੇ ਸਲੀਮ ਉਹੀ ਸੁੰਞ ਮਹਿਸੂਸ ਕਰਦਾ ਹੋਇਆ ਆਪਣੇ ਕਮਰੇ ਵਿਚ ਜਾ ਬੈਠਾ।

ਉਸ ਰੈਸਤੋਰਾਂ ਦੇ ਪਿਛਲੇ ਹਿੱਸੇ ਵਿਚ ਇੱਕ ਛੋਟਾ ਜਿਹਾ ਕਮਰਾ ਸੀ ਜੋ ਉਸ ਨੂੰ ਰਹਿਣ ਲਈ ਦਿੱਤਾ ਗਿਆ ਸੀ। ਉਹ ਸਧਾਰਨ ਜਿਹਾ ਹੁੰਮ ਭਰਿਆ ਕਮਰਾ ਸੀ। ਕਮਰਾ ਨਹੀਂ ਸਗੋਂ ਕੋਠੜੀ ਸੀ। ਪਰ ਸਲੀਮ ਖ਼ੁਸ਼ ਸੀ ਕਿ ਉਸ ਨੂੰ ਰਹਿਣ ਲਈ ਇਕ ਵੱਖਰਾ ਕਮਰਾ ਮਿਲ ਗਿਆ ਸੀ। ਭਾਵੇਂ ਉਸ ਵਿਚ ਹੋਰ ਰੈਸਤੋਰਾਂ ਦਾ ਕੁਝ ਸਾਮਾਨ ਵੀ ਰੱਖਿਆ ਹੋਇਆ ਸੀ। ਰੈਸਤੋਰਾਂ 'ਚੋਂ ਨਿਕਲ ਕੇ ਉਸ ਕਮਰੇ ਵਿਚ ਜਾਣ ਤੇ ਸਲੀਮ ਨੂੰ ਅਜੀਬ ਜਿਹਾ ਅਹਿਸਾਸ ਹੁੰਦਾ। ਉਸ ਤੋਂ ਬਿਲਕੁਲ ਉਲਟਾ ਅਹਿਸਾਸ ਕਮਰੇ 'ਚੋਂ ਰੈਸਤੋਰਾਂ ਵਿਚ ਜਾਣ 'ਤੇ ਹੁੰਦਾ। ਕਦੇ ਉਹ ਕਮਰੇ ਵਿਚ ਬੈਠਾ ਸੋਚਦਾ, ਕਿਤੇ ਰੈਸਤੋਰਾਂ ਦੇ ਨਾਲ ਇਸ ਕਮਰੇ ਨੂੰ ਰੰਗ ਕਰਾ ਦਿੱਤਾ ਜਾਂਦਾ ਤਾਂ ਕਿੰਨਾ ਚੰਗਾ ਹੁੰਦਾ। ਕਾਸ਼ ਕਿਤੇ ਇਸ ਦੀ ਇਕ ਕੰਧ ਵਿਚ ਬਾਰੀ ਹੀ ਹੁੰਦੀ, ਮੈਂ ਬਾਰੀ ਦੇ ਕੋਲ ਬੈਠ ਕੇ ਲਿਖਿਆ ਕਰਦਾ। ਕਮਰੇ ਵਿਚ ਬਾਰੀ ਹੋਣ ਸਦਕਾ ਚਾਰਦੀਵਾਰੀ ਵਿਚ ਬੰਦ ਹੋਣ ਦਾ ਅਹਿਸਾਸ ਨਹੀਂ ਰਹਿੰਦਾ। ਖ਼ੈਰ, ਫੇਰ ਵੀ ਗ਼ਨੀਮਤ ਏ ਕਿ ਇਹ ਕਮਰਾ ਮਿਲ ਗਿਆ ਏ। ਇਥੇ ਆਦਮੀ ਇੱਕਲ ਵਿਚ ਬੈਠ ਸਕਦਾ ਏ ਇੱਕਲ ਵਿਚ ਬੈਠ ਕੇ ਲਿਖ-ਪੜ੍ਹ ਸਕਦਾ ਏ ਇੱਕਲ ਵਿਚ...। ਪਰ ਕਦੇ ਇਹ ਇੱਕਲ ਬੜੀ ਬੋਝਲ ਮਹਿਸੂਸ ਹੋਣ ਲੱਗਦੀ ਏ। ਖ਼ੈਰ ਕੁਝ ਅਰਸਾ ਹੋਰ ਇੱਥੇ ਨਿਕਲ ਜਾਏ, ਮਾਲਕ ਨਾਲ ਚੰਗੇ ਤੁਅੱਲਕਾਤ ਬਣ ਜਾਣ ਫੇਰ ਉਸ ਨੂੰ ਕਹਿ ਕੇ ਕਮਰੇ ਨੂੰ ਰੰਗ ਕਰਵਾ ਲਵਾਂਗਾ ਤੇ ਇਸ ਦੀ ਇਕ ਕੰਧ ਵਿਚ-ਇਸੇ ਪਾਸੇ ਦੀ ਕੰਧ ਵਿਚ ਜਿਸ ਦੇ ਉਸ ਪਾਰ ਸੜਕ ਏ ਤੇ ਸੜਕ ਦੇ ਉਸ ਪਾਰ ਇੱਕ ਛੋਟਾ ਜਿਹਾ ਪਾਰਕ ਏ-ਹਾਂ ਇਸੇ ਕੰਧ ਵਿਚ ਇੱਕ ਨਿੱਕੀ ਜਿਹੀ ਬਾਰੀ ਬਣਵਾਵਾਂਗਾ। ਬਾਰੀ ਦੀ ਸਿਰਫ਼ ਚੌਖਟ ਹੀ ਤੇ ਉਸ ਵਿਚ ਨੀਲੇ ਰੰਗ ਦਾ ਪਰਦਾ ਲਾਵਾਂਗਾ ਤੇ ਬਾਰੀ ਦੇ ਕੋਲ ਇਕ ਆਰਾਮ ਕੁਰਸੀ ਲਿਆ ਕੇ ਰਖਾਂਗਾ।

ਉਸ ਦਿਨ ਜਦ ਉਸ ਨੇ ਆਪਣੇ ਨਾਵਲਿਟ ਬਾਰੇ ਸੋਚਿਆ ਤਾਂ ਕਈ ਨਵੀਆਂ ਗੱਲਾਂ ਸੁੱਝੀਆਂ ਤੇ ਉਸ ਦੀ ਇਕ ਬਦਲੀ ਹੋਈ ਸ਼ਕਲ ਸਾਹਮਣੇ ਆਈ ਜੋ ਵਧੇਰੇ ਕਲਾਤਮਕ ਤੇ ਸੁਲਝੀ ਹੋਈ ਸੀ।

ਕਾਲਜ ਖੁੱਲ੍ਹਣ ਵਾਲੇ ਦਿਨ ਸਲੀਮ ਸਵੇਰੇ ਛੇਤੀ ਹੀ ਕਿਸੇ ਨਵੇਂ ਚਾਅ ਵਿਚ ਬੜਾ ਹਲਕਾ ਬਣਿਆ ਹੋਇਆ ਉਠਿਆ ਤੇ ਤਿਆਰ ਹੋ ਕੇ ਰੈਸਤੋਰਾਂ ਵਿਚ ਆ ਗਿਆ। ਜਦ ਵੀ ਮੌਕਾ ਲੱਗਦਾ ਉਹ ਬਾਰੀ 'ਚੋਂ ਬਾਹਰ ਕਾਲਜ ਵੱਲ ਵੇਖਦਾ ਹੋਇਆ ਸੋਚਦਾ ਕਿ ਇਮਾਰਤ ਦੇ ਉਸ ਥੋੜ੍ਹੇ ਜਿੰਨੇ ਹਿੱਸੇ ਵਿਚ ਸ਼ਾਇਦ ਉਸ ਚਿੱਟੀ ਸਾੜ੍ਹੀ ਵਾਲੀ ਕੁੜੀ ਦੀ ਝਲਕ ਵਿਖਾਈ ਦੇ ਜਾਏ। ਪਰ ਉਹ ਨਾ ਦਿਸੀ। ਅਖੀਰ ਦੁਪਹਿਰ ਹੋ ਗਈ।

ਇਕ ਵਾਰ ਜਦ ਉਸ ਨੇ ਬਾਹਰ ਵੇਖਿਆ ਤਾਂ ਉਸ ਦੀ ਨਜ਼ਰ ਗੁਜਰਾਤਣ ਕੁੜੀ 'ਤੇ ਪਈ ਜੋ ਹਮੇਸ਼ਾਂ ਵਾਂਗ ਰਹਿ-ਰਹਿ ਕੇ ਹੱਸਦੀ ਤੇ ਆਪਣੇ ਸੱਜੇ-ਖੱਬੇ ਤੁਰ ਰਹੀਆਂ ਦੋ ਕੁੜੀਆਂ ਨਾਲ ਗੱਲਾਂ ਕਰਦੀ ਹੋਈ ਰੈਸਤੋਰਾਂ ਵੱਲ ਆ ਰਹੀ ਸੀ। ਸਲੀਮ ਤ੍ਰਭਕਿਆ ਕਿਉਂਕਿ ਚਿੱਟੀ ਸਾੜ੍ਹੀ ਵਾਲੀ ਕੁੜੀ ਉਸ ਦੇ ਨਾਲ ਨਹੀਂ ਸੀ। ਉਨ੍ਹਾਂ ਦੋ ਕੁੜੀਆਂ 'ਚੋਂ ਇਕ ਤਾਂ ਉਹੋ ਪੰਜਾਬਣ ਸੀ ਤੇ ਦੂਜੀ ਕੋਈ ਹੋਰ ਕੁੜੀ ਸੀ।

ਕੁੜੀਆਂ ਦੇ ਅੰਦਰ ਆਉਣ ਤੇ ਸਲੀਮ ਦਾ ਸਾਰਾ ਉਤਸ਼ਾਹ ਮਰ ਗਿਆ ਤੇ ਹੱਥ-ਪੈਰ ਬੋਝਲ ਬਣ ਗਏ। ਉਸ ਨੇ ਇਕ ਮਸ਼ੀਨ ਵਾਂਗ ਪਾਣੀ ਦੇ ਤਿੰਨ ਗਲਾਸ ਲਿਆ ਕੇ ਉਨ੍ਹਾਂ ਦੇ ਸਾਹਮਣੇ ਰੱਖੇ ਤੇ ਇਕ ਪਾਸੇ ਜਾ ਖੜ੍ਹਾ ਹੋਇਆ। ਉਸ ਨੂੰ ਨਿੰਮ੍ਹੀ ਜਿਹੀ ਆਸ ਸੀ ਕਿ ਚਿੱਟੀ ਸਾੜ੍ਹੀ ਵਾਲੀ ਕੁੜੀ ਆਏਗੀ। ਸ਼ਾਇਦ ਕਿਸੇ ਕੰਮ ਪਿੱਛੇ ਰੁਕ ਗਈ ਹੋਵੇ ਤੇ ਕੁਝ ਚਿਰ ਵਿਚ ਆ ਜਾਣ ਵਾਲੀ ਹੋਵੇ, ਸੋ ਉਹ ਬਾਰੀ 'ਚੋਂ ਬਾਹਰ ਸੜਕ ਵੱਲ ਵੇਖਦਾ ਰਿਹਾ ਪਰ ਜਦ ਉਸ ਨੇ ਗੁਜਰਾਤਣ ਕੁੜੀ ਦੀ ਚੁਟਕੀ ਦੀ ਆਵਾਜ਼ ਸੁਣੀ ਤਾਂ ਉਸ ਦੀ ਰਹੀ-ਸਹੀ ਆਸ ਵੀ ਜਾਂਦੀ ਰਹੀ ਤੇ ਆਰਡਰ ਲੈਣ ਉਸ ਦੀ ਮੇਜ਼ ਵੱਲ ਗਿਆ। ਅੱਜ ਉਸ ਨੇ ਹਮੇਸ਼ਾਂ ਦੇ ਉਲਟ ਗੁਜਰਾਤੀ ਕੁੜੀ ਕੋਲ ਕਿਸੇ ਚੀਜ਼ ਦੀ ਸਿਫਾਰਸ਼ ਨਹੀਂ ਕੀਤੀ, ਨਾ ਹੀ ਗੁਜਰਾਤੀ ਕੁੜੀ ਨੇ ਉਸ ਨੂੰ ਕੁਝ ਪੁੱਛਿਆ। ਇਕ ਵਾਰ ਸਲੀਮ ਦੇ ਦਿਲ 'ਚ ਆਇਆ ਕਿ ਉਸ ਨੂੰ ਕਹੇ ਕਿ ਅੱਜ ਖ਼ਾਸ ਤੌਰ 'ਤੇ ਕੇਲਿਆਂ ਦੇ ਪਕੌੜੇ ਬਣਾਏ ਗਏ ਹਨ ਜਿਨ੍ਹਾਂ ਬਾਰੇ ਕਿ ਪਿਛਲੀ ਵਾਰ ਉਸ ਨੂੰ ਕਿਹਾ ਗਿਆ ਸੀ ਤਦੇ ਗੁਜਰਾਤਣ ਕੁੜੀ ਨੇ ਉਸ ਨੂੰ ਆਂਡਿਆਂ ਦੇ ਸੈਂਡਵਿਚ ਤੇ ਚਾਹ ਲਿਆਉਣ ਲਈ ਕਿਹਾ। ਸਲੀਮ ਆਰਡਰ ਲੈ ਕੇ ਬਿਨਾਂ ਕੁਝ ਕਹੇ ਚਲਾ ਗਿਆ।

ਸੈਂਡਵਿਚ ਲਿਆਉਣ ਪਿੱਛੋਂ ਜਦ ਉਹ ਚਾਹ ਦਾ ਸਾਮਾਨ ਮੇਜ਼ 'ਤੇ ਰੱਖ ਰਿਹਾ ਸੀ ਤਾਂ ਗੁਜਰਾਤਣ ਕੁੜੀ ਨੇ ਪੁੱਛਿਆ, "ਕੀ ਹਾਲ ਏ 'ਫ਼ਸਾਨਿਆਂ ਦਾ'?"

"ਠੀਕ ਏ," ਸਲੀਮ ਨੇ ਹੌਲੀ ਜਿਹਾ ਕਿਹਾ।

"ਗੁੱਡ!" ਗੁਜਰਾਤਣ ਕੁੜੀ ਕੱਪਾਂ ਵਿਚ ਚਾਹ ਬਣਾਉਣ ਲੱਗੀ।

ਚਾਹ ਪੀਣ ਪਿੱਛੋਂ ਉਸ ਨੇ ਬਿਲ ਮੰਗਵਾਇਆ ਪੈਸੇ ਦਿੱਤੇ ਤੇ ਦੋਵਾਂ ਕੁੜੀਆਂ ਦੇ ਨਾਲ ਉਠ ਕੇ ਚਲੀ ਗਈ। ਬਿੱਲ ਦੇ ਪੈਸਿਆਂ 'ਚੋਂ ਜੋ ਪੈਸੇ ਉਸ ਨੇ ਸਿਰਫ਼ ਉਸ ਨੂੰ ਖ਼ੁਸ਼ ਕਰਨ ਲਈ ਹੀ ਨਹੀਂ ਆਪਣੀਆਂ ਸਹੇਲੀਆਂ 'ਤੇ ਰੋਅਬ ਪਾਉਣ ਲਈ ਵੀ ਛੱਡੇ ਸਨ, ਉਹ ਟਿੱਪ ਪਾ ਕੇ ਉਸ ਨੂੰ ਕੁਝ ਖੁਸ਼ੀ ਹੋਈ ਤੇ ਗੁਜਰਾਤਣ ਕੁੜੀ ਲਈ ਮਨ ਵਿਚ ਜੋ ਨਫ਼ਰਤ ਸੀ ਉਹ ਕੁਝ ਘਟੀ।

ਪਰ ਉਹ ਚਿੱਟੀ ਸਾੜ੍ਹੀ ਵਾਲੀ ਕੁੜੀ ਕਿਉਂ ਨਹੀਂ ਆਈ? ਸਲੀਮ ਨੇ ਸੋਚਿਆ ਤੇ ਸਰਸਰੀ ਜਿਹੀ ਨਜ਼ਰੇ ਬਾਰੀ 'ਚੋਂ ਬਾਹਰ ਵੇਖਣ ਲੱਗਾ। ਸ਼ਾਇਦ ਭਲਕੇ ਆਏ। ਜਾਂ ਸ਼ਾਇਦ ਕਦੇ ਨਾ ਆਏ। ਪਰ ਕੇਲਿਆਂ ਦੇ ਪਕੌੜਿਆਂ ਬਾਰੇ ਕਹਿ ਕੇ ਗਈ ਏ ਤਾਂ ਜ਼ਰੂਰ ਆਏਗੀ। ਉਂਜ ਜੇ ਨਾ ਆਈ ਤਾਂ? ਜ਼ਿੰਦਗੀ ਪਹਿਲਾਂ ਹੀ ਸੁੰਨੀ ਜਿਹੀ ਲੱਗਦੀ ਏ, ਹੁਣ ਹੋਰ ਵੀ ਸੁੰਨੀ ਲੱਗਣ ਲੱਗੇਗੀ। ਕੁਝ ਖ਼ੂਬਸੂਰਤ ਅਹਿਸਾਸ ਜ਼ਿੰਦਗੀ ਨੂੰ ਕਿਸ ਤਰ੍ਹਾਂ ਰੰਗਾਂ ਨਾਲ ਭਰ ਦਿੰਦੇ ਹਨ। ਪਰ ਜਦ ਉਹ ਜ਼ਿੰਦਗੀ 'ਚੋਂ ਨਿਕਲ ਜਾਂਦੇ ਹਨ ਤਾਂ ਉਸ ਨੂੰ ਹੋਰ ਵੀ ਖਾਲੀ ਬਣਾ ਜਾਂਦੇ ਹਨ।

ਸ਼ਾਮ ਹੋ ਗਈ ਸੀ ਤੇ ਸਲੀਮ ਹੁਣ ਕੱਲ੍ਹ ਦੀ ਉਡੀਕ ਵਿਚ ਸੀ। ਉਹ ਸੋਚ ਰਿਹਾ ਸੀ ਕਿ ਕੱਲ੍ਹ ਦਾ ਦਿਨ ਚੜ੍ਹੇ, ਦੁਪਹਿਰ ਹੋ ਜਾਏ ਤੇ ਤਦ-ਤਦ ਮੁਮਕਿਨ ਏ ਕਿ ਚਿੱਟੀ ਸਾੜ੍ਹੀ ਵਾਲੀ ਕੁੜੀ ਗੁਜਰਾਤਣ ਕੁੜੀ ਨਾਲ ਇਥੇ ਆਏ ਤੇ -

ਚਾਣਚੱਕ ਉਸ ਨੂੰ ਆਪਣੀਆਂ ਅੱਖਾਂ 'ਤੇ ਜਿਵੇਂ ਯਕੀਨ ਨਾ ਹੋਇਆ ਤੇ ਉਸ ਨੇ ਚਿੱਟੀ ਸਾੜ੍ਹੀ ਵਾਲੀ ਕੁੜੀ ਨੂੰ ਰੈਸਤੋਰਾਂ ਵਿਚ ਦਾਖਲ ਹੁੰਦਿਆਂ ਵੇਖਿਆ। ਹਾਂ, ਉਹੀ ਏ। ਉਸ ਦੀਆਂ ਅੱਖਾਂ ਚਮਕੀਆਂ ਤੇ ਖ਼ਾਸ ਤੌਰ 'ਤੇ ਇਸ ਗੱਲ ਦੀ ਖ਼ੁਸ਼ੀ ਹੋਈ ਕਿ ਉਹ ਇਕੱਲੀ ਆਈ ਸੀ ਪਰ ਉਹ ਕੁਝ ਕਾਹਲ ਵਿਚ ਸੀ। ਉਸ ਨੇ ਰੈਸਤੋਰਾਂ ਵਿਚ ਦਾਖ਼ਲ ਹੋਣ 'ਤੇ ਵੀ ਘੜੀ ਵੇਖੀ ਸੀ ਤੇ ਮੇਜ਼ 'ਤੇ ਬੈਠ ਗਈ ਸੀ ਤਾਂ ਫੇਰ ਘੜੀ ਵੇਖੀ ਸੀ। ਉਸ ਕਾਹਲ ਵਿਚ ਉਸ ਨੇ ਸਲੀਮ ਵੱਲ ਨਹੀਂ ਸੀ ਵੇਖਿਆ।

ਸਲੀਮ ਟ੍ਰੇ ਵਿਚ ਪਾਣੀ ਦਾ ਗਲਾਸ ਰੱਖੀ ਉਸ ਕੋਲ ਆਇਆ ਤੇ ਜਦ ਉਸ ਨੇ ਗਲਾਸ ਮੇਜ਼ 'ਤੇ ਰੱਖਿਆ ਤਾਂ ਕੁੜੀ ਨੇ ਉਸ ਵੱਲ ਮੂੰਹ ਚੁੱਕ ਕੇ ਵੇਖਿਆ। ਸਲੀਮ ਨੂੰ ਲੱਗਾ ਕਿ ਉਸ ਦੇ ਬੁੱਲ੍ਹਾਂ ਤੇ ਨਿੰਮ੍ਹੀ ਜਿਹੀ ਮੁਸਕਰਾਹਟ ਆਈ ਸੀ। ਅੱਗੋਂ ਉਹ ਆਪ ਵੀ ਹਲਕਾ ਜਿਹਾ ਮੁਸਕਰਾਇਆ। ਉਸ ਨੂੰ ਆਸ ਸੀ ਕਿ ਕੁੜੀ ਕੋਈ ਗੱਲ ਕਰੇਗੀ ਪਰ ਗੱਲ ਕਰਨ ਦੀ ਥਾਂ ਉਸ ਨੇ ਫੇਰ ਘੜੀ ਵੇਖੀ ਤੇ ਪਾਣੀ ਦਾ ਗਲਾਸ ਚੁੱਕ ਕੇ ਬੁੱਲ੍ਹਾਂ ਨੂੰ ਲਾਇਆ। ਸਲੀਮ ਉਥੇ ਖੜ੍ਹਾ ਰਿਹਾ ਤਾਂ ਜੋ ਆਰਡਰ ਲੈਣ ਦੇ ਬਹਾਨੇ ਖ਼ੁਦ ਹੀ ਉਸ ਨਾਲ ਕੋਈ ਗੱਲ ਕਰੇ।

(ਬਾਕੀ ਸਫ਼ਾ 36 'ਤੇ)

*ਕੁੜੀਆਂ ਦੇ ਅੰਦਰ ਆਉਣ ਤੇ ਸਲੀਮ ਦਾ ਸਾਰਾ ਉਤਸ਼ਾਹ ਮਰ ਗਿਆ ਤੇ ਹੱਥ-ਪੈਰ ਬੋਝਲ ਬਣ ਗਏ। ਉਸ ਨੇ ਇਕ ਮਸ਼ੀਨ ਵਾਂਗ ਪਾਣੀ ਦੇ ਤਿੰਨ ਗਲਾਸ ਲਿਆ ਕੇ ਉਨ੍ਹਾਂ ਦੇ ਸਾਹਮਣੇ ਰੱਖੇ ਤੇ ਇਕ ਪਾਸੇ ਜਾ ਖੜ੍ਹਾ ਹੋਇਆ। ਉਸ ਨੂੰ ਨਿੰਮ੍ਹੀ ਜਿਹੀ ਆਸ ਸੀ ਕਿ ਚਿੱਟੀ ਸਾੜ੍ਹੀ ਵਾਲੀ ਕੁੜੀ ਆਏਗੀ। ਸ਼ਾਇਦ ਕਿਸੇ ਕੰਮ ਪਿੱਛੇ ਰੁਕ ਗਈ ਹੋਵੇ ਤੇ ਕੁਝ ਚਿਰ ਵਿਚ ਆ ਜਾਣ ਵਾਲੀ ਹੋਵੇ, ਸੋ ਉਹ ਬਾਰੀ 'ਚੋਂ ਬਾਹਰ ਸੜਕ ਵੱਲ ਵੇਖਦਾ ਰਿਹਾ ਪਰ ਜਦ ਉਸ ਨੇ ਗੁਜਰਾਤਣ ਕੁੜੀ ਦੀ ਚੁਟਕੀ ਦੀ ਆਵਾਜ਼ ਸੁਣੀ ਤਾਂ ਉਸ ਦੀ ਰਹੀ-ਸਹੀ ਆਸ ਵੀ ਜਾਂਦੀ ਰਹੀ ਤੇ ਆਰਡਰ ਲੈਣ ਉਸ ਦੀ ਮੇਜ਼ ਵੱਲ ਗਿਆ। ਅੱਜ ਉਸ ਨੇ ਹਮੇਸ਼ਾਂ ਦੇ ਉਲਟ ਗੁਜਰਾਤੀ ਕੁੜੀ ਕੋਲ ਕਿਸੇ ਚੀਜ਼ ਦੀ ਸਿਫਾਰਸ਼ ਨਹੀਂ ਕੀਤੀ, ਨਾ ਹੀ ਗੁਜਰਾਤੀ ਕੁੜੀ ਨੇ ਉਸ ਨੂੰ ਕੁਝ ਪੁੱਛਿਆ।*

# ਰਿਸਕ ਤੋਂ ਬਚਣ ਦੀ ਕੋਸ਼ਿਸ਼ 'ਚ ਮਨੋਰੰਜਨ ਵੰਨਗੀਆਂ




ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਗਰਮੀ ਦੇ ਵੱਟ ਤੇ ਬਿਜਲੀ ਦੇ ਕੱਟ ਲੋਕਾਂ ਦਾ ਜਿਊਣਾ ਬੇਹਾਲ ਕਰ ਰਹੇ ਨੇ। ਇਹ ਸਭ ਅਗਸਤ ਤੱਕ ਇਵੇਂ ਹੀ ਚੱਲੇਗਾ ਤੇ ਜਿਹੜੇ-ਜਿਹੜੇ ਕਿੱਤੇ ਠੰਢ ਨਾਲ ਜੁੜੇ ਨੇ, ਉਨ੍ਹਾਂ ਨੂੰ ਮੰਦੇ ਦਾ ਸਾਹਮਣਾ ਇਉਂ ਹੀ ਕਰਨਾ ਪਵੇਗਾ। ਇਹੀ ਕਾਰਨ ਹੈ ਕਿ ਜਿਹੜੇ ਕਲਾਕਾਰਾਂ ਨੂੰ ਬਾਹਰ ਸੱਦਣ ਵਾਲੇ ਬੈਠੇ ਨੇ, ਉਹ ਫੁਰਰ ਹੋ ਚੁੱਕੇ ਨੇ ਤੇ ਜਿਨ੍ਹਾਂ ਦਾ ਓਧਰ ਕੋਈ ਨਹੀਂ, ਉਹ ਏਧਰ ਬੈਠੇ ਵਿਉਂਤਾਂ ਘੜ ਰਹੇ ਨੇ। ਉਨ੍ਹਾਂ ਦੀਆਂ ਵਿਉਂਤਾਂ ਸਿੱਧੀਆਂ ਪੈਣਗੀਆਂ ਜਾਂ ਪਹਿਲਾਂ ਵਾਂਗ ਢੇਰੀ ਹੋ ਜਾਣਗੀਆਂ, ਇਹ ਤਾਂ ਬਜ਼ੁਰਗਾਂ ਦੇ ਕਹਿਣ ਵਾਂਗ 'ਨੀਲੀ ਛੱਤ ਵਾਲਾ' ਜਾਣੇ ਪਰ ਇੱਕ ਗੱਲ ਪੱਕੀ ਹੈ ਕਿ ਗਰਮੀ ਦੇ ਸੀਜ਼ਨ ਵਿਚ ਕਲਾਕਾਰਾਂ ਦੇ ਚਿਹਰਿਆਂ ਤੋਂ ਰੌਣਕ ਮਰੀਜ਼ ਦੇ ਸਰੀਰ ਅੰਦਰੋਂ ਘਟਦੇ ਪਾਣੀ ਵਾਂਗ ਗਾਇਬ ਹੋਣ ਲੱਗਦੀ ਏ।




ਖੈਰ, ਇਨ੍ਹੀਂ ਦਿਨੀਂ ਕਿਸੇ ਦਾ ਕੋਈ ਗਾਣਾ ਨਹੀਂ ਚੱਲ ਰਿਹਾ ਤੇ ਨਾ ਹੀ ਚੱਜ ਦਾ ਕਲਾਕਾਰ ਕੈਸਿਟ ਰਿਲੀਜ਼ ਕਰਾਉਣ ਦਾ ਚਾਹਵਾਨ ਹੈ। ਕੈਸਿਟਾਂ ਦੀ ਰਿਲੀਜ਼ਿੰਗ ਬਿਜਲੀ ਦੇ ਕੱਟਾਂ, ਝੋਨੇ ਦੀ ਲਵਾਈ ਤੇ ਸਕੂਲਾਂ-ਕਾਲਜਾਂ ਦੀਆਂ ਛੁੱਟੀਆਂ ਨੂੰ ਧਿਆਨ ਵਿਚ ਰੱਖਦਿਆਂ ਕੀਤੀ ਜਾਂਦੀ ਏ। ਪਹਿਲਾਂ ਵਾਲਾ ਦੌਰ ਤਾਂ ਹੈ ਨਹੀਂ ਕਿ ਫਲਾਣੇ ਦੀ ਕੈਸਿਟ ਜਦੋਂ ਮਰਜ਼ੀ ਆ ਜਾਵੇ, ਲੋਕ ਖਰੀਦਣਗੇ ਹੀ ਖਰੀਦਣਗੇ। ਕਈ ਵਾਰ ਮਾਹੌਲ ਚਾਰੇ ਪਾਸਿਓਂ ਸੁਖਾਵਾਂ ਹੁੰਦਾ ਏ ਪਰ ਐਨ ਮੌਕੇ 'ਤੇ ਕੋਈ ਐਸਾ ਮੁੱਦਾ ਆਣ ਖਲੋਂਦੈ ਕਿ ਲੋਕਾਂ ਦਾ ਧਿਆਨ ਕਲਾਕਾਰ ਦੇ ਉਦਮ ਦੀ ਥਾਂ ਚਲੰਤ ਮੁੱਦੇ 'ਤੇ ਟਿਕ ਜਾਂਦੈ, ਸਿੱਟੇ ਵਜੋਂ ਸਾਰੀ ਬਣੀ-ਬਣਾਈ ਖੇਡ ਖਰਾਬ ਹੋ ਜਾਂਦੀ ਏ।

ਜਦੋਂ ਰੌਸ਼ਨ ਪ੍ਰਿੰਸ ਦੀ ਫਿਲਮ 'ਲੱਗਦੈ ਇਸ਼ਕ ਹੋ ਗਿਐ' ਆਉਣੀ ਸੀ ਤਾਂ ਉਮੀਦ ਸੀ ਕਿ ਇਹ ਨਵਾਂ ਮਾਅਰਕਾ ਜ਼ਰੂਰ ਮਾਰੇਗੀ ਪਰ ਫਿਲਮ ਰਿਲੀਜ਼ ਹੁੰਦਿਆਂ ਸਾਰ ਵੀਆਨਾ ਕਾਂਡ ਵਾਪਰ ਗਿਆ। ਲੋਕਾਂ ਦਾ ਘਰੋਂ ਨਿਕਲਣਾ ਮੁਹਾਲ ਹੋ ਗਿਆ...ਮੀਡੀਏ ਨੇ ਥਾਂ-ਥਾਂ ਹੁੰਦੇ ਦੰਗਿਆਂ ਤੇ ਕਰਫਿਊ ਬਾਰੇ ਖਬਰਾਂ ਪੇਸ਼ ਕਰਨੀਆਂ ਸ਼ੁਰੂ ਕਰ ਦਿੱਤੀਆਂ, ਸਿੱਟੇ ਵਜੋਂ ਰੌਸ਼ਨ ਦੀ ਫਿਲਮ ਉਹ ਚਮਤਕਾਰ ਨਾ ਕਰ ਸਕੀ, ਜਿਸ ਦੀ ਉਮੀਦ ਸੀ। ਹਾਂ, ਇਹ ਗੱਲ ਸਭ ਨੇ ਆਖੀ ਕਿ ਪਹਿਲੀ ਫਿਲਮ ਦੇ ਬਾਵਜੂਦ ਰੌਸ਼ਨ ਨੇ ਅਦਾਕਾਰੀ ਵਧੀਆ ਕੀਤੀ ਏ।

ਸਲਮਾਨ ਖਾਨ ਦੀ ਥੋੜ੍ਹਾ ਚਿਰ ਪਹਿਲਾਂ ਰਿਲੀਜ਼ ਹੋਈ ਫਿਲਮ 'ਰੈਡੀ' ਨੇ ਹੁਣ ਨਾਲੋਂ ਕਿਤੇ ਵੱਧ ਕਾਰੋਬਾਰ ਕਰਨਾ ਸੀ, ਜੇ ਲੋਕਾਂ ਦਾ ਧਿਆਨ ਬਾਬਾ ਰਾਮਦੇਵ ਦੇ ਸੱਤਿਆਗ੍ਰਹਿ ਵੱਲ ਨਾ ਗਿਆ ਹੁੰਦਾ। ਜਿਹੜੇ ਚੈਨਲਾਂ ਨੇ ਸਲਮਾਨ ਦੇ 'ਕਰੈਕਟਰ ਢੀਲਾ' ਅਤੇ 'ਡਿੰਕ ਚਿਕਾ' ਗਾਣੇ ਦੀ ਵਾਰ-ਵਾਰ ਚਰਚਾ ਕਰਨੀ ਸੀ, ਉਨ੍ਹਾਂ ਇਸ ਵਿਚੋਂ ਮਸਾਲਾ ਲੱਭਣਾ ਬੰਦ ਕਰ ਦਿੱਤਾ, ਸਿੱਟੇ ਵਜੋਂ 'ਯੋਗ ਗੁਰੂ ਬਨਾ ਰੋਗ ਗੁਰੂ' ਵਰਗੀਆਂ ਖ਼ਬਰਾਂ ਚੱਲਦੀਆਂ ਰਹੀਆਂ।

ਹੋਰ ਤਾਂ ਹੋਰ ਕ੍ਰਿਕਟ ਮੈਚਾਂ ਨੂੰ ਧਿਆਨ ਵਿਚ ਰੱਖਦਿਆਂ ਕੈਸਿਟਾਂ ਤੇ ਫਿਲਮਾਂ ਰਿਲੀਜ਼ ਹੋਣ ਲੱਗੀਆਂ ਨੇ। ਜਦੋਂ ਲੋਕਾਂ ਦਾ ਧਿਆਨ ਚੌਕਿਆਂ-ਛੱਕਿਆਂ ਵੱਲ ਹੋਵੇਗਾ, ਉਦੋਂ ਕੈਸਿਟਾਂ ਜਾਂ ਫਿਲਮਾਂ ਦੀ ਸਫਲਤਾ-ਅਸਫਲਤਾ ਦੀ ਕੀ ਤੁਕ ਰਹਿ ਜਾਵੇਗੀ। ਚਾਰ ਕੁ ਸਾਲ ਪਹਿਲਾਂ ਇੱਕ ਵੱਡੇ ਕਲਾਕਾਰ ਦੀ ਕੈਸਿਟ ਰਿਲੀਜ਼ ਹੋਈ ਸੀ। ਉਨ੍ਹੀਂ ਦਿਨੀਂ ਵਿਸ਼ਵ ਕ੍ਰਿਕਟ ਕੱਪ ਵੀ ਚੱਲ ਰਿਹਾ ਸੀ। ਚੈਨਲਾਂ 'ਤੇ ਚੱਲਿਆ ਪਹਿਲਾ ਗੀਤ ਵੈਸੇ ਹੀ ਹਲਕਾ ਸੀ ਪਰ ਉਸ ਨੂੰ ਵਿਸ਼ਵ ਕੱਪ ਦੇ ਪ੍ਰਭਾਵ ਨਾਲ ਜੋੜ ਦਿੱਤਾ ਗਿਆ। ਜਦੋਂ ਦੂਜਾ ਵੀਡੀਓ ਚੱਲਿਆ ਤਾਂ ਕੈਸਿਟ ਫੇਰ ਨਾ ਹਿੱਲੀ ਤੇ ਗਾਇਕ ਨੇ ਕਹਿਣਾ ਸ਼ੁਰੂ ਕਰ ਦਿੱਤਾ, 'ਲੋਕਾਂ ਨੂੰ ਮੇਰੇ ਗਾਣਿਆਂ ਦੀ ਖੁਸ਼ੀ ਨਾਲੋਂ ਵੱਧ ਦੁੱਖ ਸਚਿਨ ਦੇ ਨੜਿੱਨਵੇਂ 'ਤੇ ਆਊਟ ਹੋਣ ਦਾ ਏ...।' ਸਚਿਨ ਨੇ ਤਾਂ ਹੁਣ ਵਾਲੇ ਵਿਸ਼ਵ ਕੱਪ ਵਿਚ ਕਈ ਵਾਰ ਸੈਂਕੜਾ ਲਾ ਦਿੱਤੈ ਪਰ ਉਦੋਂ ਦਾ ਥਿੜਕਿਆ ਉਹ ਕਲਾਕਾਰ ਹਾਲੇ ਤੱਕ ਚੌਕਾ ਲਾਉਣ ਦੇ ਸਮਰੱਥ ਨਹੀਂ ਹੋਇਆ।

ਥੋੜ੍ਹਾ ਚਿਰ ਪਹਿਲਾਂ 'ਧਰਤੀ' ਫਿਲਮ ਰਿਲੀਜ਼ ਹੋਈ ਤੇ ਉਤਰ ਗਈ। ਫਿਲਮ ਠੀਕ-ਠਾਕ ਰਹੀ, ਨਾ ਬਹੁਤੀ ਮਾੜੀ ਤੇ ਨਾ ਬਹੁਤਾ ਵੱਡਾ ਧਮਾਕਾ। ਦੇਖਣ ਵਾਲੇ ਦੱਸਦੇ ਨੇ ਕਿ ਜਿਨ੍ਹਾਂ ਪ੍ਰਕਾਸ਼ ਝਾਅ ਵਾਲੀ 'ਰਾਜਨੀਤੀ' ਦੇਖੀ ਹੈ, ਉਨ੍ਹਾਂ ਨੂੰ 'ਧਰਤੀ' ਉਸ ਦੀ ਨਕਲ ਜਾਪੀ ਤੇ ਜਿਨ੍ਹਾਂ 'ਰਾਜਨੀਤੀ' ਨਹੀਂ ਦੇਖੀ, ਉਨ੍ਹਾਂ ਨੂੰ ਇਹ 'ਪੀਪਲਜ਼ ਪਾਰਟੀ' ਵਾਲੇ ਮਨਪ੍ਰੀਤ ਬਾਦਲ ਦੀ ਸੋਚਣੀ ਵਾਲੀ ਜਾਪੀ।

ਕਿਸੇ ਚੀਜ਼ ਨੂੰ ਕਿਸੇ ਨਾਲ ਜੋੜ ਕੇ ਦੇਖਣ ਦਾ ਤਰੀਕਾ ਸਭਨਾਂ ਦਾ ਆਪਣਾ ਏ। ਪਰ ਇੱਕ ਗੱਲ ਜ਼ਰੂਰ ਹੈ ਕਿ ਪੰਜਾਬੀ ਫਿਲਮਾਂ ਵਿਚ ਰਾਜਨੀਤੀ ਨੂੰ ਇਸ ਕਦਰ ਪੇਸ਼ ਕੀਤਾ ਜਾਣਾ ਨਵੇਂ ਸਿਰਿਓਂ ਸ਼ੁਰੂ ਹੋਇਆ ਹੈ। 'ਲਾਇਨ ਆਫ ਪੰਜਾਬ' ਵਿਚ ਗੰਧਲੇ ਪਾਣੀ ਕਾਰਨ ਹੁੰਦੀ ਗੰਧਲੀ ਰਾਜਨੀਤੀ ਦੀ ਗੱਲ ਕੀਤੀ ਗਈ ਸੀ ਪਰ ਉਹਦੇ ਵੱਲ ਲੋਕਾਂ ਬਹੁਤਾ ਧਿਆਨ ਨਾ ਦਿੱਤਾ, ਦੂਜੇ ਪਾਸੇ 'ਮੁਹੱਬਤੇਂ' ਤੋਂ ਸ਼ੁਰੂ ਹੋਇਆ ਜਿੰਮੀ ਚੰਗਾ ਅਦਾਕਾਰ ਹੋਣ ਕਰਕੇ ਹਲਕੀ ਗੱਲ ਵੀ ਪਾਏਦਾਰ ਢੰਗ ਨਾਲ ਕਰ ਜਾਂਦੈ।

ਇਨ੍ਹੀਂ ਦਿਨੀਂ ਦਰਸ਼ਕਾਂ ਦਾ ਧਿਆਨ ਸਿਰਫ ਤਿੰਨ ਫਿਲਮਾਂ 'ਤੇ ਟਿਕਿਆ ਹੋਇਐ। ਤਿੰਨੇ ਫਿਲਮਾਂ ਦੇ ਨਿਰਮਾਤਾ-ਨਿਰਦੇਸ਼ਕ ਹੰਢੇ-ਵਰਤੇ ਨੇ ਤੇ ਤਿੰਨਾਂ ਦੇ ਹੀਰੋ ਗਾਇਕੀ ਕਰਦੇ ਕਰਦੇ ਅਦਾਕਾਰੀ ਵੱਲ ਆਏ ਨੇ। ਤਿੰਨਾਂ ਅੰਦਰ ਫਿਲਮਾਂ ਨੂੰ ਰਿਲੀਜ਼ ਪ੍ਰਤੀ ਕਰਨ ਉਤਸ਼ਾਹ ਵੀ ਹੈ ਤੇ ਅਚਾਨਕ ਪੈਣ ਵਾਲੀ ਕਿਸੇ ਬਿਪਤਾ ਦਾ ਡਰ ਵੀ। ਜਦੋਂ ਤਿੰਨਾਂ 'ਤੇ ਢਾਈ-ਢਾਈ ਕਰੋੜ ਤੋਂ ਜ਼ਿਆਦਾ ਲੱਗੀ ਤਾਂ ਇਹ ਡਰ ਹੋਣਾ ਕੁਦਰਤੀ ਵੀ ਹੈ।

ਪਹਿਲੀ ਫਿਲਮ ਹੈ ਗਿੱਪੀ ਗਰੇਵਾਲ ਤੇ ਦਿਲਜੀਤ ਵਾਲੀ 'ਜੀਹਨੇ ਮੇਰਾ ਦਿਲ ਲੁੱਟਿਆ', ਜਿਹੜੀ 29 ਜੁਲਾਈ ਨੂੰ ਰਿਲੀਜ਼ ਹੋ ਰਹੀ ਹੈ। ਇਸ ਫਿਲਮ ਦੇ ਸਫਲ ਹੋਣ ਦੀਆਂ ਉਮੀਦਾਂ ਇਸ ਕਰਕੇ ਨੇ ਕਿਉਂਕਿ ਗਿੱਪੀ ਅਤੇ ਦਿਲਜੀਤ ਦੋਹਾਂ ਦੇ ਗਾਣੇ ਪਿਛਲੇ ਕੁੱਝ ਸਮੇਂ ਤੋਂ ਲਗਾਤਾਰ ਹਿੱਟ ਹੁੰਦੇ ਆਏ ਨੇ। ਦੂਜਾ ਕਾਰਨ ਗਿੱਪੀ ਦੀ ਜਿੰਮੀ ਨਾਲ ਆਈ ਇਸ ਤੋਂ ਪਹਿਲੀ ਫਿਲਮ 'ਮੇਲ ਕਰਾ ਦੇ ਰੱਬਾ' ਹਿੱਟ ਰਹੀ। ਤੀਜਾ, ਪੰਜਾਬੀ ਫਿਲਮਾਂ ਕੋਲ ਨੀਰੂ ਬਾਜਵਾ ਵਰਗੀ ਹੀਰੋਇਨ ਹਾਲੇ ਕੋਈ ਨਹੀਂ ਹੈ ਤੇ ਚੌਥਾ, ਇਹ ਗੰਭੀਰ ਮੁੱਦੇ ਦੀ ਥਾਂ ਹਾਸੇ-ਠੱਠੇ ਵਾਲੀ ਹਲਕੀ-ਫੁਲਕੀ ਫਿਲਮ ਹੈ। ਜੇ ਇਹ ਫਿਲਮ ਹਿੱਟ ਹੋ ਜਾਂਦੀ ਹੈ ਤਾਂ ਗਿੱਪੀ ਤੇ ਦਿਲਜੀਤ ਦੇ ਪ੍ਰੋਗਰਾਮਾਂ ਦਾ ਰੇਟ ਤਾਂ ਵਧੇਗਾ ਹੀ, ਨੀਰੂ ਦੀ ਅਦਾਕਾਰੀ ਦਾ ਮੁੱਲ ਵੀ ਵਧ ਜਾਵੇਗਾ।

ਦੂਜੀ ਹੈ, ਹਰਭਜਨ ਮਾਨ ਦੀ 'ਯਾਰਾ ਓ ਦਿਲਦਾਰਾ'। ਹਰਭਜਨ ਦੀ ਪਹਿਲੀ ਫਿਲਮ 'ਜੀ ਆਇਆਂ ਨੂੰ' 'ਟੀ ਸੀਰੀਜ਼' ਵੱਲੋਂ ਹੀ ਬਣਾਈ ਗਈ ਸੀ ਤੇ ਹੁਣ ਵਾਲੀ ਵੀ ਇਸੇ ਬੈਨਰ ਹੇਠ ਹੈ। 'ਜਗ ਜਿਉਂਦਿਆਂ ਦੇ ਮੇਲੇ' ਵਾਲੀ ਹੀਰੋਇਨ ਟਿਊਲਿਪ ਜੋਸ਼ੀ ਨੂੰ ਇੱਕ ਵਾਰ ਫਿਰ ਹਰਭਜਨ ਦੀ ਸਾਥਣ ਬਣਾ ਕੇ ਪੇਸ਼ ਕੀਤਾ ਗਿਆ ਹੈ। ਟਿਊਲਿਪ ਸੋਹਣੀ-ਸੁਨੱਖੀ ਤਾਂ ਹੈ ਹੀ, ਦੇਖਣ ਨੂੰ ਪੰਜਾਬਣ ਵੀ ਲੱਗਦੀ ਹੈ। ਦਰਸ਼ਕਾਂ ਨੂੰ ਇਸ ਫਿਲਮ ਤੋਂ ਵੀ ਕਾਫੀ ਉਮੀਦਾਂ ਨੇ। ਕੁਝ ਗੰਭੀਰ ਮੁੱਦਿਆਂ ਦੀ ਗੱਲ ਕਰਨ ਵਾਲੀ ਇਸ ਫਿਲਮ ਵਿਚ ਕਬੀਰ ਬੇਦੀ ਨੇ ਵੀ ਚੰਗੀ ਅਦਾਕਾਰੀ ਕੀਤੀ ਹੈ ਤੇ ਹੋਰ ਕਈ ਕਲਾਕਾਰਾਂ ਦਾ ਕੰਮ ਵੀ ਹਟ ਕੇ ਹੈ। ਹਰਭਜਨ ਪ੍ਰਚਾਰ ਮੁਹਿੰਮ ਚਲਾਉਣ ਵਿਚ ਮਾਹਿਰ ਹੈ ਤੇ ਉਮੀਦ ਹੈ ਕਿ ਉਹ ਇਸ ਫਿਲਮ ਦੀ ਕਾਮਯਾਬੀ ਲਈ ਪੂਰਾ ਤਾਣ ਲਾਵੇਗਾ।

ਤੀਜੀ ਫਿਲਮ ਹੈ, ਸਰਬਜੀਤ ਚੀਮਾ ਦੀ 'ਵੈਲਕਮ ਟੂ ਪੰਜਾਬ'। ਚੀਮਾ ਇਸ ਤੋਂ ਪਹਿਲਾਂ ਦੋ ਫਿਲਮਾਂ ਕਰ ਚੁੱਕਾ ਹੈ। ਪਹਿਲੀ ਠੀਕ-ਠਾਕ ਰਹੀ ਸੀ ਤੇ ਦੂਜੀ 'ਆਪਣੀ ਬੋਲੀ ਆਪਣਾ ਦੇਸ' ਨੂੰ ਚੰਗਾ ਹੁੰਗਾਰਾ ਮਿਲਿਆ ਸੀ। ਹੁਣ ਉਹ ਫਿਰ ਪੰਜਾਬ ਨਾਲ ਜੁੜੇ ਮੁੱਦਿਆਂ ਦੀ ਗੱਲ ਕਰੇਗਾ ਤੇ ਉਮੀਦ ਕੀਤੀ ਜਾ ਰਹੀ ਹੈ ਕਿ ਜੇ ਉਸ ਦੇ ਮੁੱਦੇ ਪੰਜਾਬੀਆਂ ਨੂੰ ਟੁੰਬ ਗਏ ਤਾਂ 'ਵੈਲਕਮ ਟੂ ਪੰਜਾਬ' ਵੀ ਲੋਕ ਮਨਾਂ ਨੂੰ ਟੁੰਬ ਜਾਵੇਗੀ।

ਛਿੱਟ-ਪੁੱਟ ਫਿਲਮਾਂ ਹੋਰ ਵੀ ਨੇ, ਜਿਹੜੀਆਂ ਕਿਸੇ ਦੇ ਧਿਆਨ 'ਚ ਨਹੀਂ ਤੇ ਜਿਹੜੀਆਂ ਸ਼ੂਟਿੰਗ ਮੌਕੇ ਲੋਕਾਂ ਦਾ ਧਿਆਨ ਖਿੱਚਣ 'ਚ ਅਸਮਰੱਥ ਰਹਿੰਦੀਆਂ ਨੇ, ਉਹ ਬਾਅਦ 'ਚ ਵੀ ਵੱਡਾ ਮਾਅਰਕਾ ਨਹੀਂ ਮਾਰਦੀਆਂ।

ਪੰਜ-ਚਾਰ ਫਿਲਮਾਂ ਇਹੋ ਜਿਹੀਆਂ ਵੀ ਨੇ ਜਿਨ੍ਹਾਂ ਦੇ ਹੀਰੋ, ਨਿਰਮਾਤਾ-ਨਿਰਦੇਸ਼ਕ, ਹੀਰੋਇਨ ਸਮੇਤ ਯੂਨਿਟ ਦਾ ਹਰ ਮੈਂਬਰ ਨਵਾਂ ਹੈ। ਜੇ ਇਨ੍ਹਾਂ ਵਿਚੋਂ ਕੋਈ ਕਾਮਯਾਬ ਹੋ ਗਈ ਤਾਂ ਕੁਦਰਤੀ ਕ੍ਰਿਸ਼ਮਾ ਹੀ ਹੋਵੇਗਾ ਤੇ ਜੇ ਨਾ ਹੋਈਆਂ ਤਾਂ ਇਨ੍ਹਾਂ ਦੇ ਨਿਰਮਾਤਾ ਬਰਾਬਰ ਰਿਲੀਜ਼ ਹੋਈ ਕਿਸੇ ਵੱਡੀ ਫਿਲਮ ਸਿਰ ਭਾਂਡਾ ਭੰਨ ਦੇਣਗੇ ਕਿ ਸਾਡੇ ਬਰਾਬਰ ਫਲਾਣੀ ਲੱਗ ਗਈ, ਏਸ ਲਈ ਸਾਡੇ ਵਾਲੀ ਫਿਲਮ ਦਰਸ਼ਕ ਨਹੀਂ ਖਿੱਚ ਸਕੀ ਤੇ ਜਾਂ ਫਿਰ ਉਨ੍ਹਾਂ ਦਿਨਾਂ ਵਿਚ ਗ਼ਰਮ ਹੋਏ ਕਿਸੇ ਮੁੱਦੇ ਦੀ ਗੱਲ ਛੇੜ ਬਹਿਣਗੇ ਕਿ ਜੇ ਉਹ ਮੁੱਦਾ ਨਾ ਉਠਦਾ ਤਾਂ ਦਰਸ਼ਕ ਨੇ ਸਿਨੇਮੇ ਵੱਲ ਭੱਜੇ ਆਉਣਾ ਸੀ।

## ਚੱਲਦੇ ਚੱਲਦੇ

ਕਈ ਵਾਰ ਬੰਦਾ ਵੱਡੀ ਛਾਲ ਮਾਰਨ ਦੇ ਚੱਕਰ 'ਚ ਗੋਡੇ-ਗਿੱਟੇ ਛਿਲਾ ਬੈਠਦੈ। ਇਹ ਗੱਲ ਕਲਾਕਾਰਾਂ 'ਤੇ ਅਕਸਰ ਢੁੱਕਦੀ ਰਹਿੰਦੀ ਹੈ। ਪਿਛਲੇ ਸੀਜ਼ਨ 'ਚ ਇੱਕ ਅਖੌਤੀ ਕਲਾਕਾਰ ਨੇ ਕੈਸਿਟ ਕਰਾ ਲਈ। ਗਾਉਣਾ ਉਸ ਨੂੰ ਬਿਲਕੁਲ ਨਹੀਂ ਆਉਂਦਾ। ਗੀਤਕਾਰ, ਸੰਗੀਤਕਾਰ, ਵੀਡੀਓ ਡਾਇਰੈਕਟਰ, ਕੰਪਨੀ ਮਾਲਕ ਸਭ ਨੂੰ ਬਾਰਾਂ-ਤੇਰਾਂ ਵੰਡ ਬੈਠਾ। ਕੁਝ ਦਿਨ ਚੈਨਲਾਂ 'ਤੇ ਥੋੜ੍ਹੀ-ਬਹੁਤ ਐਡ ਹੋਈ ਤੇ ਫੇਰ ਉਮੀਦਾਂ 'ਤੇ ਪਾਣੀ ਫਿਰ ਗਿਆ।

ਕਲਾਕਾਰ ਨੇ ਸੋਚਿਆ ਸੀ ਕਿ ਖਰਚੇ ਪੈਸੇ ਪ੍ਰੋਗਰਾਮ ਮਿਲਣ 'ਤੇ ਵਾਪਸ ਆ ਜਾਣਗੇ ਪਰ ਜਦੋਂ ਇੱਕ ਵੀ ਪ੍ਰੋਗਰਾਮ ਨਾ ਮਿਲਿਆ ਤਾਂ ਉਸ ਨੂੰ ਕੈਸਿਟ ਤਿਆਰ ਕਰਾਉਣ 'ਚ ਯੋਗਦਾਨ ਪਾਉਣ ਵਾਲਿਆਂ 'ਤੇ ਸ਼ੱਕ ਹੋਣ ਲੱਗ ਗਿਆ। ਫੇਰ ਉਹਨੇ ਸੰਗੀਤਕਾਰ, ਗੀਤਕਾਰ, ਵੀਡੀਓ ਡਾਇਰੈਕਟਰ ਤੇ ਕੰਪਨੀ ਵਾਲਿਆਂ ਤੋਂ ਬਦਲਾ ਲੈਣ ਲਈ ਸਾਰਿਆਂ 'ਤੇ ਧੋਖਾਦੇਹੀ ਦੇ ਪਰਚੇ ਕਰਾਉਣੇ ਸ਼ੁਰੂ ਕਰ ਦਿੱਤੇ ਨੇ। ਪਿਛਲੇ ਦਿਨੀਂ ਕਲਾਕਾਰ ਨੂੰ ਐਸ.ਐਚ.ਓ. ਨੇ ਥਾਣੇ ਬੁਲਾਇਆ ਤੇ ਝਿੜਕ ਕੇ ਆਖਿਆ, 'ਜੇ ਤੈਨੂੰ ਗਾਉਣਾ ਨਹੀਂ ਆਉਂਦਾ ਸੀ ਤਾਂ ਤੂੰ ਗਾਉਣ ਕਿਉਂ ਲੱਗਿਆ...।'

ਥਾਣੇ ਦੇ ਮੁਨਸ਼ੀ ਨੇ ਉਹਨੂੰ ਪਤੇ ਦੀ ਗੱਲ ਦੱਸੀ, 'ਪਹਿਲਾਂ ਤੂੰ ਆਪਣੀ ਕਮਾਈ ਗਾਉਣ 'ਤੇ ਲਾ ਛੱਡੀ ਤੇ ਜਿਹੜੇ ਚਾਰ ਛਿੱਲੜ ਬਾਕੀ ਬਚੇ ਨੇ, ਉਹ ਤੂੰ ਪਰਚੇ ਕਰਾਉਣ ਬਦਲੇ ਪੁਲਸੀਆਂ ਨੂੰ ਖੁਆ-ਪਿਆ ਦੇਵੇਂਗਾ, ਸਿਆਣਾ ਬਣ ਤੇ ਜੋ ਹੋਇਆ, ਭੁੱਲ ਜਾਹ...।'

ਸੁਣਨ 'ਚ ਆਇਆ ਹੈ ਕਿ ਇਹ ਗੱਲ ਹੁਣ ਕਲਾਕਾਰ ਸਾਹਿਬ ਦੇ ਖਾਨੇ ਪੈ ਗਈ ਹੈ।

# ਟਿੱਪ

*(ਸਫਾ 35 ਦੀ ਬਾਕੀ)*

ਤਦੇ ਉਸ ਨੂੰ ਇਕ ਗੱਲ ਚੇਤੇ ਆਈ ਤੇ ਉਸ ਪਰਦੇ ਵਾਲੀ ਕੰਧ ਵੱਲ ਵੇਖਿਆ।

ਕੁਝ ਹੀ ਚਿਰ ਪਿੱਛੋਂ ਉਹ ਕੇਲਿਆਂ ਦੇ ਪਕੌੜਿਆਂ ਵਾਲੀ ਪਲੇਟ ਚੁੱਕੀ ਕੁੜੀ ਕੋਲ ਆਇਆ ਤੇ ਪਲੇਟ ਮੇਜ਼ 'ਤੇ ਰੱਖਦਿਆਂ ਉਸ ਦੇ ਚਿਹਰੇ ਵੱਲ ਵੇਖਿਆ।

ਕੁੜੀ ਨੇ ਵੀ ਇਕ ਨਜ਼ਰ ਉਸ ਵੱਲ ਵੇਖਿਆ ਤੇ ਮੁਸਕਰਾ ਕੇ ਕਿਹਾ, "ਬਿਨਾਂ ਆਰਡਰ ਦੇ ਹੀ ਲੈ ਆਂਦੇ ਨੇ?"

"ਪਿਛਲੀ ਵਾਰ ਆਰਡਰ ਦਿੱਤਾ ਸੀ ਨਾ," ਸਲੀਮ ਨੇ ਕਿਹਾ।

"ਪਿਛਲੀ ਵਾਰ?" ਕੁੜੀ ਦੇ ਚਿਹਰੇ ਤੇ ਹੈਰਾਨੀ ਆਈ।

"ਜੀ, ਪਿਛਲੀ ਵਾਰ ਕੇਲਿਆਂ ਦੇ ਪਕੌੜੇ ਬਣਾਉਣ ਦੀ ਸਿਫਾਰਸ਼ ਕੀਤੀ ਸੀ ਨਾ?"

"ਓਹ!" ਕੁੜੀ ਦੇ ਮੂੰਹੋਂ ਨਿਕਲਿਆ। ਫੇਰ ਉਹ ਸਲੀਮ ਵੱਲ ਵੇਖ ਕੇ ਮੁਸਕਰਾਈ। ਤਦੇ ਉਸ ਨੇ ਘੜੀ ਵੇਖੀ।

ਸਲੀਮ ਨੇ ਚਟਣੀ ਵਾਲੀ ਪਲੇਟ ਸੌਸ ਦੀ ਬੋਤਲ ਕਾਂਟਾ, ਪਾਣੀ ਦਾ ਗਲਾਸ ਆਦਿ ਚੀਜ਼ਾਂ ਮੇਜ਼ ਤੇ ਰੱਖੀਆਂ। ਫੇਰ ਕਿਹਾ, "ਹੋਰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਫਰਮਾਉਣਾ।"

"ਹੋਰ? ਹੋਰ ਕਿਸ ਚੀਜ਼ ਦੀ ਸਿਫਾਰਸ਼ ਕਰਨੀ ਏਂ ਅੱਜ?" ਕੁੜੀ ਨੇ ਹਲਕੀ ਜਿਹੀ ਸ਼ਰਾਰਤ ਨਾਲ ਪੁੱਛਿਆ।

"ਮਾਂਹ ਦੀ ਦਾਲ ਦੇ ਪਕੌੜਿਆਂ ਦੀ।"

"ਪਕੌੜਿਆਂ ਤੋਂ ਛੁੱਟ?"

"ਵੈਜੀਟੇਬਲ ਸੈਂਡਵਿਚ ਦੀ।"

"ਇੰਨੀ ਭੁੱਖ ਮੈਨੂੰ ਨਹੀਂ ਏ।"

"ਤਾਂ ਫੇਰ-ਪਰ ਖਾ ਕੇ ਵੇਖੋ ਇਕ ਵਾਰ। ਖਾਧਿਆਂ ਭੁੱਖ ਸਗੋਂ ਵਧ ਜਾਏਗੀ, ਤੇ ਖਾਣ ਪਿੱਛੋਂ ਢਿੱਡ ਬਿਲਕੁਲ ਬੋਝਲ ਮਹਿਸੂਸ ਨਹੀਂ ਹੋਵੇਗਾ।"

"ਤਾਂ ਫੇਰ ਸਿਫਾਰਸ਼ ਕਬੂਲ ਏ। ਪਰ ਜ਼ਰਾ ਛੇਤੀ ਲੈ ਕੇ ਆਉਣਾ।"

"ਹੁਣੇ ਹਾਜ਼ਰ ਹੋਇਆ।"

ਕੁੜੀ ਪਕੌੜੇ ਖਾਣ ਲੱਗੀ। ਕਾਹਲ ਵਿਚ ਹੋਣ 'ਤੇ ਵੀ ਉਹ ਉਨ੍ਹਾਂ 'ਚੋਂ ਉਠਣ ਵਾਲੀ ਮਹਿਕ ਤੇ ਉਨ੍ਹਾਂ ਦੇ ਸਵਾਦ ਦਾ ਪੂਰਾ ਅਨੰਦ ਲੈਂਦੀ ਹੋਈ ਖਾ ਰਹੀ ਸੀ।

ਸਲੀਮ ਸੈਂਡਵਿਚ ਲੈ ਕੇ ਆਇਆ। ਡਬਲਰੋਟੀ ਦੇ ਪਤਲੇ-ਪਤਲੇ ਸੱਜਰੇ ਚਿੱਟੇ ਟੁਕੜਿਆਂ ਵਿਚੋਂ ਟਮਾਟਰ, ਕੱਕੜੀ ਆਦਿ ਦੇ ਟੋਟੇ ਤੇ ਸਲਾਦ ਦੇ ਪੱਤੇ ਝਾਕ ਰਹੇ ਸਨ। ਦੋਵਾਂ ਚੌਰਸ ਟੁਕੜਿਆਂ ਨੂੰ ਅਜੀਬ ਢੰਗ ਨਾਲ ਤਿੰਨਾਂ ਟੋਟਿਆਂ ਵਿਚ ਕਟਿਆ ਹੋਇਆ ਸੀ। ਕੁੜੀ ਕੁਝ ਚਿੰਰ ਜਿਵੇਂ ਅੱਖਾਂ ਨਾਲ ਸੈਂਡਵਿਚ ਦਾ ਸਵਾਦ ਮਾਣਦੀ ਰਹੀ।

ਸਲੀਮ ਉਸ ਤੋਂ ਕੁਝ ਦੂਰ ਜਾ ਕੇ ਖੜ੍ਹਾ ਹੋ ਗਿਆ ਸੀ ਜਿਥੋਂ ਕਿ ਉਸ ਨਾਲ ਗੱਲ ਕਰ ਸਕਦਾ ਸੀ।

ਕੁੜੀ ਨੇ ਸੈਂਡਵਿਚ ਖਾਂਦਿਆਂ ਉਸ ਵੱਲ ਵੇਖਿਆ ਤੇ ਕਿਹਾ, "ਸੱਚਮੁੱਚ ਅਜਿਹੇ ਸੈਂਡਵਿਚ ਦਾਦ ਦੇ ਕਾਬਿਲ ਹਨ।"

"ਸ਼ੁਕਰੀਆ," ਸਲੀਮ ਨੇ ਕਿਹਾ। "ਮੈਂ ਆਪਣੇ ਨਾਵਲਿਟ ਵਿਚ ਅਜਿਹੇ ਸੈਂਡਵਿਚ ਦਾ ਇਕ ਥਾਂ ਜ਼ਿਕਰ ਕੀਤਾ ਏ।" ਉਹ ਚਾਹੁੰਦਾ ਸੀ ਕਿ ਕੁੜੀ ਉਸ ਦੇ ਲਿਖਣ ਬਾਰੇ ਗੱਲ ਕਰੇ।

"ਅੱਛਾ!" ਕੁੜੀ ਨੇ ਕਿਹਾ ਤੇ ਸੈਂਡਵਿਚ ਦਾ ਦੂਜਾ ਟੋਟਾ ਚੁੱਕ ਕੇ ਖਾਣ ਲੱਗੀ। ਤਦ ਨਾਵਲਿਟ ਸਬੰਧੀ ਗੱਲਾਂ ਹੋਣ ਲੱਗੀਆਂ ਪਰ ਵਧੇਰੇ ਵਿਸਥਾਰ ਨਾਲ ਨਹੀਂ।

ਉਨ੍ਹਾਂ ਗੱਲਾਂ ਦੇ ਦੌਰਾਨ ਕੁੜੀ ਨੇ ਪੁੱਛਿਆ, "ਕੁਝ ਚਿਰ ਪਹਿਲਾਂ ਇਥੇ ਕੋਈ ਕੁੜੀ ਤਾਂ ਨਹੀਂ ਆਈ ਸੀ?"

"ਕੁੜੀ? ਨਹੀਂ ਤਾਂ।"

"ਮੇਰੀ ਅਪਾਇੰਟਮੈਂਟ ਸੀ ਉਸ ਨਾਲ ਇਥੇ। ਪਰ ਮੈਂ ਕਾਫੀ ਲੇਟ ਹੋ ਗਈ। ਸੁਨਹਿਰੇ ਫ਼ਰੇਮ ਦੀ ਐਨਕ ਲਾਉਂਦੀ ਏ ਉਹ।"

"ਨਹੀਂ ਪਿਛਲੇ ਘੰਟੇ ਭਰ ਤੋਂ ਤਾਂ ਕੋਈ ਕੁੜੀ ਨਹੀਂ ਆਈ ਇਥੇ ਤੇ ਜਿੱਥੋਂ ਤਕ ਮੇਰਾ ਖਿਆਲ ਏ ਐਨਕ ਵਾਲੀ ਕੁੜੀ ਤਾਂ ਕੋਈ ਨਹੀਂ ਆਈ।"

"ਖੈਰ," ਕੁੜੀ ਨੇ ਘੜੀ ਵੇਖੀ। "ਹੁਣ ਤਾਂ ਆਉਣ ਦੀ ਆਸ ਵੀ ਨਹੀਂ ਏ। ਟਾਈਮ ਵੀ ਹੋ ਗਿਆ ਏ। ਚੰਗਾ ਤਾਂ ਹੁਣ ਚਾਹ ਆ ਜਾਏ। ਜ਼ਰਾ ਛੇਤੀ।"

ਚਾਹ ਪੀਂਦਿਆਂ ਕੁੜੀ ਨੇ ਸਲੀਮ ਨਾਲ ਕੁਝ ਹੋਰ ਗੱਲਾਂ ਕੀਤੀਆਂ। ਇਕ ਵਾਰ ਉਸ ਨੇ ਪੁੱਛਿਆ ਕਿ ਇਸਮਤ ਚੁਗਤਾਈ ਦੀਆਂ ਕਹਾਣੀਆਂ ਬਾਰੇ ਉਸ ਦਾ ਕੀ ਖ਼ਿਆਲ ਹੈ ਤੇ ਕੈਥਰੀਨ ਮੈਨਸਫੀਲਡ ਦੀਆਂ ਕਹਾਣੀਆਂ ਬਾਰੇ ਕੀ ਰਾਏ ਹੈ? ਪਰ ਉਸ ਦੇ ਜਵਾਬ ਦੇਣ ਤੋਂ ਪਹਿਲਾਂ ਖੁਦ ਹੀ ਦੱਸਣ ਲੱਗੀ ਕਿ ਉਸ ਨੂੰ ਕੈਥਰੀਨ ਮੈਨਸਫੀਲਡ ਦੀਆਂ ਕਹਾਣੀਆਂ ਕਿਉਂ ਜ਼ਿਆਦਾ ਚੰਗੀਆਂ ਲੱਗਦੀਆਂ ਹਨ?

ਉਸ ਵੇਲੇ ਸਲੀਮ ਨੂੰ ਲੱਗਾ ਕਿ ਉਹ ਸੱਚਮੁੱਚ ਇਕ ਅਦੀਬ ਸੀ। ਇਸਮਤ ਚੁਗਤਾਈ ਤੇ ਕ੍ਰਿਸ਼ਨ ਚੰਦਰ ਤੇ ਮੰਟੋ-ਨਹੀਂ ਮੰਟੋ ਨਹੀਂ-ਤੇ ਰਾਜਿੰਦਰ ਸਿੰਘ ਬੇਦੀ ਦੀ ਕੌਮ ਦਾ ਆਦਮੀ ਸੀ। ਇਕ ਦਿਨ ਇਹ ਲੋਕ ਵੀ ਤਾਂ ਮਾਮੂਲੀ ਜਿਹੇ ਬੰਦੇ ਸਨ, ਉਸ ਨੇ ਮਨ ਵਿਚ ਕਿਹਾ। ਬੇਦੀ ਤਾਂ ਸੁਣਿਐ ਡਾਕਖਾਨੇ ਦਾ ਬਾਬੂ ਸੀ। ਕੀ ਪਤਾ ਕਦੇ ਮੈਂ ਵੀ ਉਨ੍ਹਾਂ ਜਿੱਡਾ ਵੱਡਾ ਅਦੀਬ ਬਣ ਜਾਵਾਂ ਤੇ ਤਦ ਇਹ ਕੁੜੀ ਸੋਚੇ...ਜਾਂ ਜੇ ਇਹ ਇਸ ਤਰ੍ਹਾਂ ਇਥੇ ਆਉਂਦੀ ਰਹੀ ਤਾਂ ਕੀ ਪਤਾ ਇੱਕ ਦਿਨ-ਇਕ ਦਿਨ ਕੀ ਪਤਾ...ਆਖਰ ਕਿਹੜੀ ਗੱਲ ਮੁਮਕਿਨ ਨਹੀਂ ਏ।

ਕੁੜੀ ਨੇ ਬਿਲ ਮੰਗਵਾਇਆ ਤੇ ਆਪਣਾ ਪਰਸ ਤੇ ਦੂਹਰਾ ਕੀਤਾ ਹੋਇਆ ਅੰਗਰੇਜ਼ੀ ਦਾ ਇਕ ਰਸਾਲਾ ਮੇਜ਼ ਤੋਂ ਚੁੱਕਿਆ।

ਸਲੀਮ ਪਲੇਟ ਵਿਚ ਬਿੱਲ ਰੱਖ ਕੇ ਲਿਆਇਆ। ਕੁੜੀ ਨੇ ਪੰਜ ਰੁਪਏ ਦਾ ਨੋਟ ਪਲੇਟ ਵਿਚ ਰਖਿਆ। ਸਲੀਮ ਬਾਕੀ ਪੈਸੇ ਲੈ ਕੇ ਆਇਆ ਪਰ ਪਲੇਟ ਕੁੜੀ ਦੇ ਸਾਹਮਣੇ ਰੱਖਦਿਆਂ ਹੀ ਕਿਸੇ ਸੰਕੋਚ ਜਿਹੇ ਵਿਚ ਉਥੋਂ ਚਲਾ ਗਿਆ।

ਕੁੜੀ ਨੇ ਪਲੇਟ ਵਿਚ ਪਏ ਪੈਸਿਆਂ ਵਲ ਵੇਖਿਆ। ਤਿੰਨ ਰੁਪਏ ਸਨ ਤੇ ਕੁਝ ਭਾਨ ਉਸ ਨੇ ਸੋਚਿਆ ਕਿ ਟਿੱਪ ਦੇ ਤੌਰ 'ਤੇ ਕੀ ਦੇਵੇ। ਇਕ ਵਾਰ ਸਲੀਮ ਉਸ ਦੇ ਸਾਹਮਣੇ ਆਇਆ ਤੇ ਉਸ ਲਈ ਉਸ ਦੇ ਮਨ ਵਿਚ ਪ੍ਰਸ਼ੰਸਾ ਤੇ ਤਰਸ ਦਾ ਮਿਲਵਾਂ ਜਿਹਾ ਭਾਵ ਜਾਗਿਆ। ਤਦੇ ਉਹ ਪੈਸੇ ਚੁੱਕ ਕੇ ਪਰਸ ਵਿਚ ਰੱਖਦਿਆਂ ਉਠੀ ਤੇ ਰੈਸਤੋਰਾਂ 'ਚੋਂ ਬਾਹਰ ਨਿਕਲ ਗਈ।

ਸਲੀਮ, ਜੋ ਉਸ ਵੇਲੇ ਕਿਸੇ ਦੇ ਬੁਲਾਉਣ ਤੇ ਦੂਜੇ ਮੇਜ਼ ਵੱਲ ਚਲਾ ਗਿਆ ਸੀ, ਚਾਣਚੱਕ ਮੁੜਿਆ ਤੇ ਕੁੜੀ ਨੂੰ ਰੈਸਤੋਰਾਂ 'ਚੋਂ ਬਾਹਰ ਨਿਕਲਦਿਆਂ ਵੇਖਿਆ। ਫੇਰ ਉਹ ਉਸ ਨੂੰ ਬਾਰੀ ਦੇ ਕੱਚ 'ਚੋਂ ਸੜਕ 'ਤੇ ਜਾਂਦਿਆਂ ਤਦ ਤਕ ਵੇਖਦਾ ਰਿਹਾ ਜਦ ਤਕ ਉਹ ਅੱਖਾਂ ਤੋਂ ਓਝਲ ਨਹੀਂ ਹੋ ਗਈ।

ਉਹ ਚਲੀ ਗਈ ਸੀ ਪਰ ਆਪਣਾ ਇਕ ਬਹੁਤ ਸੋਹਣਾ ਅਹਿਸਾਸ ਛੱਡ ਗਈ ਸੀ। ਸਲੀਮ ਕੁਝ ਚਿਰ ਉਥੇ ਖੜ੍ਹਾ ਰਿਹਾ। ਅਖੀਰ ਉਸ ਦੀ ਨਜ਼ਰ ਮੇਜ਼ ਵੱਲ ਗਈ ਤੇ ਮੇਜ਼ ਤੇ ਪਈ ਪਲੇਟ ਉਸ ਨੂੰ ਦਿਸੀ ਜਿਸ ਵਿਚ ਇਕ ਰੁਪਏ ਦਾ ਨੋਟ ਪਿਆ ਸੀ, ਟਿੱਪ ਦੇ ਤੌਰ 'ਤੇ।

ਉਹ ਅਗਾਂਹ ਵਧਦਾ-ਵਧਦਾ ਰੁਕ ਗਿਆ। ਇਕ ਰੁਪਿਆ! ਏਨੀ ਵੱਡੀ ਟਿੱਪ ਅੱਜ ਤੱਕ ਉਸ ਨੂੰ ਕਦੇ ਨਹੀਂ ਸੀ ਮਿਲੀ। ਕੋਈ ਹੋਰ ਮੌਕਾ ਹੁੰਦਾ ਤਾਂ ਉਹ ਖੁਸ਼ੀ ਨਾਲ ਅੱਗੇ ਵਧ ਕੇ ਉਸ ਨੂੰ ਚੁੱਕਦਾ ਪਰ ਉਸ ਵੇਲੇ ਉਸ ਦੇ ਪੈਰ ਉਥੇ ਥਾਂ ਜੰਮੇ ਰਹੇ ਤੇ ਉਸ ਨੂੰ ਲੱਗਾ ਕਿ ਉਹ ਉਸ ਕੁੜੀ ਦੀ ਨਜ਼ਰ ਵਿਚ ਇਕ ਬੈਰਾ ਸੀ-ਸਿਰਫ ਬੈਰਾ।


ਨਵੀਂ ਉਮੀਦ ਨਵਾਂ ਇਨਕਲਾਬ ਆਓ ਸਿਰਜੀਏ ਨਵਾਂ ਪੰਜਾਬ
ਆਓ ਪੰਜਾਬ ਦੀ ਦਸ਼ਾ ਤੇ ਦਿਸ਼ਾ ਸੁਧਾਰਣ ਲਈ ਤੇ ਆਪਣੇ ਉੱਜੜੇ ਘਰਾਂ ਨੂੰ
ਮੁੜ ਵਸਾਉਣ ਲਈ ਮਿਲ ਕੇ ਹੰਭਲਾ ਮਾਰੀਏ
PEOPLE'S PARTY OF PUNJAB
ਪ.ਪ.ਪ
ਨਵੇਂ ਇਨਕਲਾਬ ਦੇ ਮੋਢੀ
ਸ. ਮਨਪ੍ਰੀਤ ਸਿੰਘ ਬਾਦਲ
ਦੇ ਵਿਚਾਰ ਸੁਣਨ ਲਈ ਪਹੁੰਚੋ
ਇਸ ਦੌਰੇ ਦੌਰਾਨ ਸ: ਜਗਬੀਰ ਸਿੰਘ ਬਰਾੜ, ਸ: ਕੁਸ਼ਲਦੀਪ ਸਿੰਘ ਢਿੱਲੋਂ, ਸ: ਗੁਰਪ੍ਰੀਤ ਸਿੰਘ ਭੱਟੀ,
ਸ੍ਰੀ ਭਗਵੰਤ ਮਾਨ ਅਤੇ ਸ: ਦਰਸ਼ਨ ਸਿੰਘ ਬਰਾੜ ਵੀ ਆ ਰਹੇ ਹਨ।
FRIDAY, 12TH AUGUST 2011
CHICAGO (IL)
Avalon Banquets
1905 East Higgins Rd. Elk Grove Village IL 60007
Timing : 7:00 PM
Contact : Darshan Singh Basraon 815-557-4991
Sarwan Singh Tiwana 219-670-4579
ਪਰਵਾਸੀ ਪੰਜਾਬੀਆਂ ਨੂੰ ਸਾਡਾ ਨਿੱਘਾ ਸੱਦਾ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਹਰਪਾਲ ਸਿੰਘ ਪੰਮਾ 269-420-8135
ਨਰਿੰਦਰ ਸਿੰਘ ਮੁੰਦਰ 269-615-0216
ਦਰਬਾਰਾ ਸਿੰਘ ਮਾਂਗਟ 269-267-9621
ਕਰਨ ਗਿੱਲ 734-612-9984
ਸਤਵੰਤ ਸਿੰਘ ਕਾਲੇਕਾ 414-737-0137
ਬੇਅੰਤ ਸਿੰਘ ਬੋਪਾਰਾਏ 414-349-3449
ਪਰਮਿੰਦਰ ਸਿੰਘ ਵਾਲੀਆ 847-477-1613
ਬੀਬੀ ਜਸਵੀਰ ਕੌਰ ਮਾਨ 847-890-2390
ਬਿੱਕਰ ਸਿੰਘ ਸੇਖੋਂ 414-687-8414
ਬੀਬੀ ਸੁਖਦੇਵ ਕੌਰ ਘੁਮਾਣ 224-595-8849
ਸਰਵਣ ਸਿੰਘ ਟਿਵਾਣਾ 219-670-4579
ਦਰਸ਼ਨ ਸਿੰਘ ਬਸਰਾਓਂ 815-557-4991
ਸੰਨੀ ਕੁਲਾਰ 312-318-4428
ਬਲਜੀਤ ਸਿੰਘ ਸਿੱਧੂ 630-862-0941
ਹੈਪੀ ਹੀਰ 630-205-6575
ਜੈਰਾਮ ਸਿੰਘ ਕਾਹਲੋਂ 224-456-8096
ਜਗਮੀਤ ਸਿੰਘ 847-606-3664
ਦਰਸ਼ਨ ਸਿੰਘ ਦਰੜ 317-557-4278
ਰੇਸ਼ਮ ਸਿੰਘ ਫੋਰਟਵਿਨ 260-341-7667
ਪਰਮਿੰਦਰ ਸਿੰਘ ਗਰੇਵਾਲ, ਆਇਓਆ
ਰਾਣਾ ਸੇਖੋਂ
ਪੀ ਐਸ ਮਾਨ, ਮਿਜ਼ੌਰੀ
Party Co-ordinator: Bhagwant Mann
Tel:001-91-98159-23450, e-mail: bhagwantmann@gmail.com
Media Co-ordinator (Punjab): Arunjot Singh Sodhi Tel.: 001-91-9814100400, 9780900400 Email : arunjotsodhi@manpreetbadal.com
Head Office : # MLA Flat No. 9, Sector 3, Chandigarh (INDIA) Website : www.manpreetbadal.com Email : ppp@manpreetbadal.com
Quik Signs *661-703-8795 *661-900-7357


# ਮੇਰਾ ਭਲਵਾਨੀ ਤੋਂ ਫਿਲਮਾਂ ਤੱਕ ਦਾ ਸਫਰ

ਦਾਰਾ ਸਿੰਘ

ਪਹਿਲੀ ਫਿਲਮੀ ਕੁਸ਼ਤੀ ਮੈਂ 1952 ਵਿਚ ਮਦਰਾਸ ਵਿਚ ਲੜੀ ਸੀ, ਜਿਸ ਦਾ ਨਾਮ ਸੀ 'ਦਿ ਵਰਲਡ'। ਇਸ ਤੋਂ ਬਾਅਦ 1954 ਵਿਚ 'ਪਹਿਲੀ ਝਲਕ' ਨਾਂ ਦੀ ਫਿਲਮ ਵਿਚ ਹਾਸਰਸ ਕਲਾਕਾਰ ਓਮ ਪ੍ਰਕਾਸ਼ ਨਾਲ ਕੁਸ਼ਤੀ ਲੜੀ ਸੀ। ਓਮ ਪ੍ਰਕਾਸ਼ ਦਾ ਡੁਪਲੀਕੇਟ ਸੌਦਾਗਰ ਪਹਿਲਵਾਨ ਨੇ ਕੀਤਾ ਸੀ, ਮਤਲਬ ਦਾਅ ਪੇਚ ਅਤੇ ਲੜਨ ਦਾ ਸਾਰਾ ਕੰਮ ਓਮ ਜੀ ਦੀ ਥਾਂ ਸੌਦਾਗਰ ਨੇ ਕੀਤਾ, ਤੇ ਚਿਹਰਾ ਦਿਖਾਇਆ ਗਿਆ ਸੀ ਓਮ ਜੀ ਦਾ। ਇਸ ਫਿਲਮ ਦਾ ਹੀਰੋ ਸੀ ਕਿਸ਼ੋਰ ਕੁਮਾਰ ਤੇ ਹੀਰੋਇਨ ਸੀ ਵੈਜੰਤੀ ਮਾਲਾ। 1956 ਵਿਚ ਇਕ ਹੋਰ ਫਿਲਮ ਵਿਚ ਕੁਸ਼ਤੀ ਲੜੀ ਸੀ ਹਾਸਰਸ ਕਲਾਕਾਰ ਭਗਵਾਨ ਦਾਦਾ ਨਾਲ, ਤੇ ਭਗਵਾਨ ਦਾਦਾ ਦਾ ਡਬਲ ਕੀਤਾ ਸੀ ਅਜੀਤ ਸਿੰਘ ਨੇ। ਇਸ ਫਿਲਮ ਵਿਚ ਮੈਨੂੰ ਕੁਸ਼ਤੀ ਤੋਂ ਪਹਿਲਾਂ ਕੁਝ ਸ਼ਬਦ ਬੋਲਣ ਲਈ ਕਿਹਾ ਗਿਆ। ਰਿਹਰਸਲ ਵਿਚ ਮੈਂ ਉਹ ਸ਼ਬਦ ਕਦੇ ਗਲਤ ਤੇ ਕਦੇ ਠੀਕ ਵੀ ਬੋਲ ਜਾਂਦਾ ਸੀ। ਡਾਇਰੈਕਟਰ ਨੇ ਸੱਤ-ਅੱਠ ਵਾਰ ਕੋਸ਼ਿਸ਼ ਕਰਨ ਤੋਂ ਬਾਅਦ ਇਹ ਕਹਿ ਕੇ ਸ਼ਾਟ ਓ.ਕੇ. ਕਰ ਦਿੱਤਾ ਕਿ ਇਸ ਨੂੰ ਡੱਬ ਕਰ ਲਵਾਂਗੇ। ਅਸੀਂ ਘੋਲ ਵਾਲਾ ਕੰਮ ਤਾਂ ਇਕ ਦਿਨ ਵਿਚ ਖ਼ਤਮ ਕਰ ਦਿੱਤਾ, ਪਰ ਰਾਤ ਨੂੰ ਹੋਟਲ ਅਸਟੋਰੀਆ, ਚਰਚ ਗੇਟ ਵਿਚ ਮੈਨੂੰ ਰਾਤ ਭਰ ਨੀਂਦ ਨਾ ਆਈ। ਅਜੀਤ ਦੇ ਪੁਛਣ 'ਤੇ ਮੈਂ ਕਿਹਾ, ਭਈ ਮੈਂ ਬੋਲ ਤਾਂ ਠੀਕ ਰਿਹਾ ਸੀ, ਫਿਰ ਉਨ੍ਹਾਂ ਨੂੰ ਮੇਰੇ ਲਫ਼ਜ਼ ਪਸੰਦ ਕਿਉਂ ਨਹੀਂ ਆਏ, ਤੇ ਕਈ ਵਾਰ ਉਹ ਵਿਚੋਂ ਕਹਿ ਵੀ ਦਿੰਦੇ ਸਨ, ਯੇ ਠੀਕ ਹੈ। ਅਜੀਤ ਨੇ ਕਿਹਾ, ਜਿਹੜੀ ਗੱਲ ਖ਼ਤਮ ਹੋ ਗਈ, ਉਸ 'ਤੇ ਮਿੱਟੀ ਪਾ ਤੇ ਆਰਾਮ ਨਾਲ ਸੌਂ ਜਾ; ਪਰ ਉਸ ਦੇ ਇਸ ਮਿੱਟੀ ਪਾਉਣ ਵਾਲੇ ਮਸ਼ਵਰੇ ਨਾਲ ਮੇਰੀ ਤਸੱਲੀ ਨਹੀਂ ਸੀ ਹੋਈ, ਜਾਂ ਤੇ ਕੋਈ ਸਿਆਣਾ ਬੰਦਾ ਸਮਝਾਉਂਦਾ ਤਾਂ ਤਸੱਲੀ ਹੁੰਦੀ। ਪ੍ਰੋਡਿਊਸਰ ਡਾਇਰੈਕਟਰ ਵੀ ਐਨਾ ਹੀ ਜਾਣਦੇ ਸਨ ਕਿ ਇਹ ਠੀਕ ਹੈ ਤੇ ਇਹ ਗਲਤ। ਗਲਤੀ ਕਿੱਥੇ ਹੈ, ਇਹ ਉਹ ਵੀ ਮੈਨੂੰ ਸਮਝਾ ਨਹੀਂ ਸਨ ਸਕੇ ਤੇ ਇਸ ਗ਼ਲਤੀ ਦਾ ਮੈਨੂੰ ਉਦੋਂ ਪਤਾ ਲੱਗਾ, ਜਦੋਂ ਮੈਂ ਉਰਦੂ ਜ਼ੁਬਾਨ ਪੜ੍ਹੀ ਤੇ ਬੋਲਣੀ ਸਿਖੀ। ਉਸਤਾਦ ਹਸਨ ਨੇ ਮੈਨੂੰ ਬੋਲਣ ਦੇ ਲਹਿਜੇ ਸਮਝਾਏ ਤਾਂ ਜਾ ਕੇ ਗੱਲ ਮੇਰੇ ਪੱਲੇ ਪਈ। ਭਗਵਾਨ ਦਾਦਾ ਵਾਲੀ ਫਿਲਮ ਵਿਚ ਅਲਫ਼ਾਜ਼ ਇੰਜ ਸਨ-ਛੋੜ ਦੋ, ਯੇ ਤੁਮ ਕਿਆ ਕਰ ਰਹੇ ਹੋ। ਸ਼ਬਦਾਂ ਦੀ ਪੂਰੀ ਕਤਾਰ ਮੈਂ ਠੀਕ ਬੋਲ ਜਾਂਦਾ ਸੀ, ਪਰ ਮੈਨੂੰ ਉਸ ਵਕਤ ਯੇ, ਜੇ ਅਤੇ ਜ਼ੇ ਦੇ ਫਰਕ ਦਾ ਅਹਿਸਾਸ ਨਹੀਂ ਸੀ। ਇਸ ਲਈ ਜੇ ਜ਼ੋਰ ਲਗਾ ਕੇ ਬੋਲਦਾ ਤਾਂ 'ਜ਼ੇ ਕਿਆ ਕਰ ਰਹੇ ਹੋ' ਬੋਲ ਜਾਂਦਾ ਸੀ, ਤੇ ਜੇ ਆਸਾਨੀ ਨਾਲ ਬੋਲਦਾ ਤਾਂ 'ਜੇ ਕਿਆ ਕਰ ਰਹੇ ਹੋ' ਹੋ ਜਾਂਦਾ ਸੀ। ਕਦੇ-ਕਦੇ ਰਿਹਰਸਲ ਵਿਚ 'ਯੇ ਕਿਆ ਕਰ ਰਹੇ ਹੋ' ਨਿਕਲਦਾ ਤਾਂ ਸਾਰੇ ਕਹਿ ਉਠਦੇ, "ਹਾਂ, ਇਹ ਠੀਕ ਹੈ, ਇੰਜ ਹੀ ਬੋਲ ਦਿਓ", ਪਰ ਕੈਮਰਾ ਸ਼ੁਰੂ ਹੁੰਦਿਆਂ ਹੀ ਫਿਰ 'ਜੇ' ਜਾਂ 'ਜ਼ੇ' ਹੋ ਜਾਂਦਾ ਸੀ। ਖ਼ੈਰ, ਇਸ ਫਿਕਰ ਨੂੰ ਇਹ ਸੋਚ ਕੇ ਮਗਰੋਂ ਲਾਹਿਆ ਕਿ ਆਪਾਂ ਕਿਹੜਾ ਐਕਟਰ ਬਣਨਾ ਹੈ। ਉਪਰਲੀਆਂ ਤਿੰਨ ਫਿਲਮਾਂ ਤੋਂ ਇਲਾਵਾ ਤਾਮਿਲ ਫਿਲਮ 'ਪੂਨੀ' ਵਿਚ ਵੀ ਮੈਂ ਕੁਸ਼ਤੀ ਲੜੀ ਸੀ। ਇਹ ਕੁਸ਼ਤੀ ਕਿੰਗਕਾਂਗ ਨਾਲ ਹੋਈ ਸੀ, ਤੇ ਇਕ ਹੋਰ ਤਾਮਿਲ ਫਿਲਮ ਵਿਚ ਮਜਾਹੀਆ ਐਕਟਰ ਬਲਰੀਆਂ ਨਾਲ ਵੀ ਕੁਸ਼ਤੀ ਲੜੀ ਸੀ।

1960 ਵਿਚ ਮੈਨੂੰ ਫਿਲਮ ਵਿਚ ਪੂਰਨ ਤੌਰ 'ਤੇ ਕੰਮ ਕਰਨ ਦੀ ਦਾਅਵਤ ਮਿਲੀ। ਇਨ੍ਹੀਂ ਦਿਨੀਂ ਬੰਬਈ (ਮੁੰਬਈ) ਅਤੇ ਅਹਿਮਦਾਬਾਦ ਵਿਚ ਦੰਗਲ ਹੋ ਰਹੇ ਸਨ। ਬੰਬਈ ਵਿਚ ਵੀ ਮਦਰਾਸ ਵਾਂਗ ਫਿਲਮ ਕਲਾਕਾਰ ਕੁਸ਼ਤੀਆਂ ਵੇਖਣ ਆਉਂਦੇ ਸਨ। ਸ਼ੰਮੀ ਕਪੂਰ, ਨਰਗਿਸ, ਪ੍ਰੇਮ ਨਾਥ ਅਤੇ ਹੋਰ ਵੀ ਕਈ ਕਲਾਕਾਰ। ਇਕ ਦੰਗਲ ਵਿਚ ਦਲੀਪ ਕੁਮਾਰ ਦਾ ਭਾਸ਼ਣ ਵੀ ਹੋਇਆ ਸੀ। ਇਹ ਦੰਗਲ ਸ਼ਾਇਦ ਕਿਸੇ ਚੈਰਿਟੀ ਫੰਡ ਵਾਸਤੇ ਸੀ। ਦੰਗਲ ਤੋਂ ਬਾਅਦ ਮੈਂ ਅਤੇ ਪਹਿਲਵਾਨ ਹਰਬੰਸ ਸਿੰਘ ਇਕੱਠੇ ਸਫ਼ਰ ਕਰ ਰਹੇ ਸੀ। ਏਅਰਪੋਰਟ 'ਤੇ ਬੈਠਿਆਂ, ਦਲੀਪ ਦੇ ਭਾਸ਼ਣ ਦੀ ਚਰਚਾ ਕਰਦਿਆਂ ਹਰਬੰਸ ਸਿੰਘ ਨੇ ਮੈਨੂੰ ਕਿਹਾ ਕਿ ਫਿਲਮਾਂ ਵਿਚ ਕੰਮ ਕਰਨ ਬਾਰੇ ਤੇਰਾ ਕੀ ਖ਼ਿਆਲ ਹੈ, ਤਾਂ ਮੈਂ ਉਨ੍ਹਾਂ ਨੂੰ ਆਪਣੇ ਕੌੜੇ ਤਜ਼ਰਬੇ ਵਾਲੀ ਗੱਲ ਦੱਸੀ ਕਿ ਮੈਥੋਂ ਤਾਂ ਲਫ਼ਜ਼ਾਂ ਦੀ ਇਕ ਕਤਾਰ ਵੀ ਨਹੀਂ ਸੀ ਬੋਲੀ ਗਈ। ਕਹਿਣ ਲੱਗੇ ਸਿੱਖਣ ਨਾਲ ਸਭ ਕੁਝ ਆ ਜਾਂਦਾ ਹੈ, ਵੈਸੇ ਤੇਰਾ ਚਿਹਰਾ ਫਿਲਮਾਂ ਵਾਸਤੇ ਫਿੱਟ ਹੈ। ਮੈਂ ਕਿਹਾ, ਕਰ ਲਓ ਮਖ਼ੌਲ, ਕੋਈ ਗੱਲ ਨਹੀਂ।

ਕਹਿਣ ਲੱਗੇ, ਮੈਂ ਮਜ਼ਾਕ ਨਹੀਂ, ਸੱਚ ਕਹਿ ਰਿਹਾ। ਜੇ ਤੈਨੂੰ ਮੌਕਾ ਮਿਲੇ ਤਾਂ ਜ਼ਰੂਰ ਕੋਸ਼ਿਸ਼ ਕਰੀਂ। ਇਹ ਗੱਲ ਤਾਂ ਮੈਂ ਉਸ ਵਕਤ ਭੁਲ-ਭੁਲਾ ਗਿਆ ਸੀ ਕਿਉਂਕਿ ਅਸੀਂ ਤਾਂ ਆਪਣੇ ਸਾਰੇ ਗਰੁਪ ਵਿਚੋਂ ਸੌਦਾਗਰ ਨੂੰ ਖ਼ੂਬਸੂਰਤ ਮੰਨਦੇ ਸੀ ਪਰ ਜਦੋਂ ਮੈਨੂੰ ਐਕਟਿੰਗ ਕਰਨ ਦਾ ਸੱਦਾ ਆਇਆ ਤਾਂ ਮੈਨੂੰ ਹਰਬੰਸ ਸਿੰਘ ਦੀ ਗੱਲ ਯਾਦ ਆਈ, ਤੇ ਮੈਂ ਸੋਚਣ ਲੱਗਾ ਕਿ ਵਾਕਿਆ ਹੀ ਮੇਰਾ ਚਿਹਰਾ ਫਿਲਮਾਂ ਵਿਚ ਕੰਮ ਕਰਨ ਦੇ ਯੋਗ ਹੋਵੇਗਾ?




ਮੈਂ ਅਹਿਮਦਾਬਾਦ ਤੋਂ ਕੁਸ਼ਤੀ ਘੁਲ ਕੇ ਆਇਆ ਸੀ। ਦਲਜੀਤ ਰਾਓ ਅਤੇ ਮੈਂ ਬੰਬਈ ਹੋਟਲ ਦੇ ਇਕੋ ਕਮਰੇ ਵਿਚ ਠਹਿਰੇ ਸੀ। ਮੇਰੇ ਆਉਣ 'ਤੇ ਉਸ ਨੇ ਦੱਸਿਆ ਕਿ ਕੋਈ ਫਿਲਮ ਨਿਰਮਾਤਾ ਜਿਹੜਾ ਆਪਣਾ ਟੈਲੀਫੋਨ ਨੰਬਰ ਅਤੇ ਪਤਾ ਛੱਡ ਗਿਆ ਹੈ, ਤੈਨੂੰ ਆਪਣੀ ਫਿਲਮ ਵਿਚ ਲੈਣਾ ਚਾਹੁੰਦਾ ਹੈ। ਉਸ ਨੂੰ ਫੋਨ ਕਰ ਲਵੋ। ਮੈਂ ਕਿਹਾ, ਨਹੀਂ ਇਹ ਪ੍ਰੋਡਿਊਸਰ ਐਵੇਂ ਗੱਪਾਂ-ਸ਼ੱਪਾਂ ਮਾਰਦੇ ਰਹਿੰਦੇ ਨੇ। ਇਕ ਪ੍ਰੋਡਿਊਸਰ ਨੇ ਮੇਰੇ ਨਾਲ ਮਦਰਾਸ ਵੀ ਗੱਲ ਕੀਤੀ ਸੀ। ਦਰਅਸਲ, ਮੈਂ ਆਪਣਾ ਮਨ ਮੁਕੰਮਲ ਤੌਰ 'ਤੇ ਤਿਆਰ ਨਹੀਂ ਸਾਂ ਕਰ ਸਕਿਆ ਕਿ ਕੰਮ ਕਰਨਾ ਹੈ ਜਾਂ ਨਹੀਂ। ਜੇ ਕੰਮ ਕਰਨ ਦੀ ਜਾਚ ਨਾ ਆਈ ਤਾਂ ਐਵੇਂ ਬਦਨਾਮੀ ਹੋਵੇਗੀ, ਤੇ ਕੁਸ਼ਤੀ ਵਿਚ ਜਿਹੜਾ ਨਾਮਣਾ ਖੱਟਿਆ ਹੈ, ਇਹ ਵੀ ਜਾਂਦਾ ਰਹੇਗਾ। ਦੂਸਰੇ ਪਾਸੇ ਜੀਅ ਵੀ ਕਰਦਾ ਸੀ ਤੇ ਮਨ ਕਹਿੰਦਾ ਸੀ ਕਿ ਜੇ ਫਿਲਮਾਂ ਵਿਚ ਕਾਮਯਾਬੀ ਮਿਲ ਗਈ ਤਾਂ ਬੁਢਾਪੇ ਦੇ ਸਹਾਰੇ ਲਈ ਕੰਮ ਮਿਲ ਜਾਵੇਗਾ, ਕਿਉਂਕਿ ਕੁਸ਼ਤੀਆਂ ਤਾਂ ਜਵਾਨੀ ਨਾਲ ਹੀ ਖ਼ਤਮ ਹੋ ਜਾਣਗੀਆਂ, ਤੇ ਫਿਰ ਕਿਧਰੇ ਗਾਮੇ ਪਹਿਲਵਾਨ ਵਾਲਾ ਜਾਂ ਜੋ ਆਮ ਬੁੱਢਿਆਂ ਪਹਿਲਵਾਨਾਂ ਦਾ ਹਾਲ ਹੁੰਦਾ ਹੈ, ਮੇਰਾ ਵੀ ਨਾ ਹੋਵੇ। ਆਖ਼ਿਰ ਸੋਚ ਵਿਚਾਰ ਕੇ ਫੈਸਲਾ ਕੀਤਾ ਕਿ ਕੁਸ਼ਤੀਆਂ ਵੀ ਨਾ ਛੱਡੋ ਤੇ ਫਿਲਮਾਂ ਵਿਚ ਕੀ ਕੋਸ਼ਿਸ਼ ਕਰ ਲਓ।

ਦੂਸਰੇ ਦਿਨ ਦੁਪਹਿਰ ਨੂੰ ਨਿਰਮਾਤਾ ਦੇਵੀ ਸ਼ਰਮਾ ਮੇਰੇ ਕਮਰੇ ਵਿਚ ਆਇਆ। ਮੁਲਾਕਾਤ ਹੋਈ ਤਾਂ ਕਹਿਣ ਲੱਗਾ, 'ਭਈ ਵਾਹ! ਲੋਗ ਤੋ ਹਮਾਰੇ ਪੀਛੇ ਘੂਮ ਰਹੇ ਹੈਂ ਕਿ ਹਮ ਉਨ੍ਹੇਂ ਫਿਲਮ ਮੇਂ ਕਾਮ ਦੇਂ, ਔਰ ਹਮ ਆਮ ਕੇ ਪੀਛੇ ਘੂਮ ਰਹੇ ਹੈਂ, ਔਰ ਆਪ ਹਮਾਰੀ ਪਰਵਾਹ ਹੀ ਨਹੀਂ ਕਰਤੇ।'

ਮੈਂ ਕਿਹਾ, 'ਆਪ ਵਾਕਿਆ ਹੀ ਫਿਲਮ ਬਨਾਨਾ ਚਾਹਤੇ ਹੈਂ, ਯਾ ਫਿਲਮ ਬਨਾਨੇ ਕਾ ਖ਼ਿਆਲ ਰਖਤੇ ਹੈਂ।'

ਕਹਿਣ ਲੱਗੇ, 'ਭਾਈ ਮੈਂ ਐਸਟੈਬਲਿਸ਼ਡ ਪ੍ਰੋਡਿਊਸਰ ਹੂੰ, ਔਰ ਕਈ ਫਿਲਮੇਂ ਬਨਾ ਚੁਕਾ ਹੂੰ। ਅਬ ਮੈਂ ਏਕ ਐਸੀ ਫਿਲਮ ਬਨਾਨਾ ਚਾਹਤਾ ਹੂੰ ਜੈਸੀ ਇੰਗਲਿਸ਼ ਜ਼ੁਬਾਨ ਮੇਂ ਬਨੀ ਹੈ 'ਹਰਕਿਉਲੀਸ ਇਨ ਚੇਨਜ਼'।'

ਮੈਂ ਕਿਹਾ, 'ਮੁਝੇ ਐਕਟਿੰਗ ਤੋ ਆਤੀ ਨਹੀਂ, ਉਸ ਕਾ ਕਿਆ ਕਰੇਂਗੇ?'

ਕਹਿਣ ਲੱਗੇ, 'ਹਮਾਰੇ ਡਾਇਰੈਕਟਰ ਬਾਬੂ ਭਾਈ ਮਿਸਤਰੀ ਨੇ ਆਪ ਕੀ ਕੁਸ਼ਤੀਆਂ ਦੇਖੀ ਹੈਂ, ਉਨਕਾ ਕਹਿਨਾ ਹੈ ਕਿ ਐਕਟਿੰਗ ਕੀ ਜ਼ਿੰਮੇਵਾਰੀ ਉਨ ਪਰ ਛੋੜ ਦੀ ਜਾਏ।'

ਮੈਂ ਕਿਹਾ, 'ਫਿਰ ਮੁਝੇ ਕਾਮ ਕਰਨੇ ਸੇ ਕੋਈ ਸੰਕੋਚ ਨਹੀਂ।'

ਕਹਿਣ ਲੱਗੇ, 'ਤੋ ਫਿਰ ਲੇਨੇ-ਦੇਨੇ ਕੀ ਬਾਤ ਕਰ ਲੀ ਜਾਏ। ਮੈਂ ਸਾਈਨਿੰਗ ਅਮਾਊਂਟ ਸਾਥ ਲੈ ਕਰ ਆਇਆ ਹੂੰ।'

ਮੈਂ ਕਿਹਾ, 'ਆਪ ਕੋ ਯੇ ਕੈਸੇ ਯਕੀਨ ਥਾ ਕਿ ਮੈਂ ਕਾਮ ਕਰਨੇ ਕੇ ਲੀਏ ਰਾਜ਼ੀ ਹੋ ਜਾਊਂਗਾ।'

ਕਹਿਨੇ ਲਗੇ, 'ਜਬ ਤੁਮਨੇ ਮੁਝਸੇ ਕਾਂਟੈਕਟ ਨਹੀਂ ਕੀਆ, ਤੋ ਥੋੜ੍ਹਾ ਮਾਯੂਸ ਹੂਆ ਥਾ, ਪਰ ਨਾ ਜਾਨੇ ਕਿਉਂ, ਮੁਝੇ ਵਿਸ਼ਵਾਸ ਥਾ ਕਿ ਤੁਮ ਮੇਰੀ ਫਿਲਮ ਮੇਂ ਜ਼ਰੂਰ ਕਾਮ ਕਰੋਗੇ। ਅਬ ਆਖਿਰੀ ਬਾਤ ਤੈਅ ਕਰਲੋ ਤੋ ਇਤਮੀਨਾਨ ਹੋ ਜਾਏ।'

ਮੈਂ ਕਿਹਾ, 'ਮੈਨੇ ਕਾਮ ਕਰਨੇ ਕੀ ਹਾਂ ਕਰ ਦੀ ਹੈ, ਅਬ ਲੇਨ-ਦੇਨ ਕੀ ਬਾਤ ਬਾਅਦ ਮੇਂ ਕਰ ਲੇਂਗੇ', ਪਰ ਦੇਵੀ ਜੀ ਤਾਂ ਤੁਰੰਤ ਫੈਸਲਾ ਕਰਨ ਲਈ ਕਾਹਲੇ ਸਨ। ਮੈਂ ਕਿਹਾ, 'ਠੀਕ ਹੈ, ਫੈਸਲਾ ਅਭੀ ਕੀਏ ਦੇਤੇ ਹੈਂ। ਆਪ ਕੀ ਫਿਲਮ ਮੇਂ ਮੁਝੇ ਕਿਤਨੇ ਦਿਨ ਕਾਮ ਕਰਨਾ ਹੋਗਾ?'

ਸੋਚ ਕੇ ਕਹਿਣ ਲੱਗੇ, 'ਸਾਠ ਦਿਨ ਤੋ ਲਗ ਹੀ ਜਾਏਂਗੇ।' ਮੈਂ ਕਿਹਾ, 'ਫਿਰ ਆਪ ਮੁਝੇ ਸਾਠ ਹਜ਼ਾਰ ਰੁਪਿਆ ਦੇ ਦੇਣਾ।' ਦੇਵੀ ਸ਼ਰਮਾ ਬੜੇ ਚਤੁਰ ਇਨਸਾਨ ਸਨ, ਭਾਂਪ ਗਏ ਕਿ 'ਮੈਨੇ ਤੋ ਸੀਧਾ ਦਿਨ ਕਾ ਏਕ ਹਜ਼ਾਰ ਰੁਪਿਆ ਕੇ ਹਿਸਾਬ ਸੇ ਮਾਂਗੇ ਹੈਂ।' ਕਹਿਣ ਲੱਗੇ, 'ਅਗਰ ਕਾਮ ਕਮ ਦਿਨ ਕਾ ਹੋ ਤੋ?'

ਮੈਂ ਕਿਹਾ, 'ਕਿਤਨੇ ਦਿਨ ਦਾ ਹੋ ਸਕਤਾ ਹੈ?'

ਕਹਿਣ ਲੱਗੇ, 'ਅਗਰ ਕਾਮ ਪਚਾਸ ਦਿਨ ਕਾ ਹੋ ਤੋ?' ਮੈਂ ਕਿਹਾ, 'ਠੀਕ ਹੈ, ਆਪ ਪਚਾਸ ਹਜ਼ਾਰ ਦੇ ਦੇਣਾ।'

ਉਹ ਫਿਰ ਕਹਿਣ ਲੱਗੇ, 'ਅਗਰ ਕਾਮ ਚਾਲੀਸ ਦਿਨ ਕਾ ਹੋ ਤੋ?'

ਮੈਂ ਕਿਹਾ, 'ਤੋ ਚਾਲੀਸ ਹਜ਼ਾਰ ਦੇ ਦੇਣਾ, ਮਗਰ ਇਸ ਸੇ ਕਮ ਨਹੀਂ ਲੂੰਗਾ, ਕਾਮ ਚਾਹੇ 30 ਦਿਨਾ ਕਾ ਹੋ।'

ਬੜੇ ਚਲਾਕ ਨਿਕਲੇ ਉਹ। ਕਹਿਣੇ ਲੱਗੇ, 'ਪਾਂਚ ਹਜ਼ਾਰ ਆਪ ਯੇ ਪਕੜੀਏ ਜੋ ਮੈਂ ਲੇ ਕਰ ਆਇਆ ਹੂੰ। ਹਜ਼ਾਰ ਰੁਪਏ ਹਰ ਰੋਜ਼ ਕੀ ਸ਼ੂਟਿੰਗ ਪਰ ਲੇਤੇ ਜਾਨਾ। ਅਗਰ ਤੋ ਕਾਮ 30 ਦਿਨ ਮੇਂ ਖ਼ਤਮ ਹੋ ਗਿਆ, ਤੋ ਆਪ ਕੋ ਮਿਲ ਗਏ 35 ਹਜ਼ਾਰ ਔਰ ਅਗਰ ਕਾਮ ਚਾਲੀਸ ਦਿਨੋਂ ਮੇਂ ਖ਼ਤਮ ਹੂਆ ਤੋ ਆਪ ਕੋ ਮਿਲ ਗਏ 45 ਹਜ਼ਾਰ।'

ਉਸ ਨੇ ਇਸ ਢੰਗ ਨਾਲ ਸਮਝਾਇਆ ਕਿ ਮੈਂ ਮੰਨ ਗਿਆ। ਫੈਸਲਾ ਇਹ ਹੋਇਆ ਕਿ ਜੇ ਮੈਨੂੰ ਕਿਸੇ ਦੂਸਰੇ ਸ਼ਹਿਰ ਵਿਚੋਂ ਕੁਸ਼ਤੀਆਂ ਕਰਦੇ ਨੂੰ ਸੱਦਣਗੇ ਤਾਂ ਆਉਣ-ਜਾਣ ਦਾ ਹਵਾਈ ਜਹਾਜ਼ ਦਾ ਕਿਰਾਇਆ ਅਤੇ ਹੋਟਲ ਦਾ ਰਹਿਣ-ਸਹਿਣ ਆਦਿ ਦਾ ਖ਼ਰਚਾ ਵੀ ਇਹ ਦੇਣਗੇ ਕਿਉਂਕਿ ਬੰਬਈ ਕੁਸ਼ਤੀਆਂ ਦਾ ਟੂਰਨਾਮੈਂਟ ਤਾਂ ਖ਼ਤਮ ਹੋਣ ਵਾਲਾ ਸੀ।

ਦੇਵੀ ਸ਼ਰਮਾ ਦੀ ਫਿਲਮ ਦਾ ਨਾਮ ਸੀ 'ਕਿੰਗਕਾਂਗ'। ਇਹ ਨਾਮ ਇਨ੍ਹਾਂ ਨੇ ਇੰਗਲਿਸ਼ ਫਿਲਮ 'ਕਿੰਗਕਾਂਗ' ਦੇਖ ਕੇ ਰੱਖਿਆ ਸੀ। ਦਰਅਸਲ, ਪਹਿਲਵਾਨ ਕਿੰਗਕਾਂਗ ਦਾ ਨਾਮ ਵੀ ਇਸ ਇੰਗਲਿਸ਼ ਫਿਲਮ ਦੀ ਮਸ਼ਹੂਰੀ ਅਤੇ ਕਿੰਗਕਾਂਗ ਦੀ ਤਾਕਤ ਦੇ ਕ੍ਰਿਸ਼ਮੇ ਦੇਖ ਕੇ ਹੀ ਪਿਆ ਸੀ। ਕਿੰਗਕਾਂਗ ਦਾ ਅਸਲੀ ਨਾਮ ਐਮਲ ਜ਼ਾਇਆ ਸੀ। ਮੈਂ ਦੇਵੀ ਸ਼ਰਮਾ ਨੂੰ ਕਿਹਾ, 'ਜੇ ਫਿਲਮ ਦਾ ਨਾਮ 'ਕਿੰਗਕਾਂਗ' ਰੱਖਿਆ ਹੈ ਤਾਂ ਪਹਿਲਵਾਨ 'ਕਿੰਗਕਾਂਗ' ਨੂੰ ਵੀ ਲੈ ਲਓ, ਕਿਉਂਕਿ ਉਨ੍ਹਾਂ ਨੂੰ ਮੇਰੇ ਨਾਲ ਲੜਨ ਵਾਸਤੇ ਕੋਈ ਪਹਿਲਵਾਨ ਚਾਹੀਦਾ ਸੀ।

1962 ਦੇ ਅਗਸਤ ਮਹੀਨੇ ਮੈਂ ਆਪਣੀ ਪਤਨੀ ਅਤੇ ਧੀ ਨੂੰ ਬੰਬਈ ਬੁਲਾ ਲਿਆ। ਇਸੇ ਮਹੀਨੇ ਕਿੰਗਕਾਂਗ ਫਿਲਮ ਰਿਲੀਜ਼ ਹੋਈ ਸੀ। ਇਹ ਫਿਲਮ ਐਨੀ ਕਾਮਯਾਬ ਹੋਈ ਕਿ ਬਹੁਤ ਸਾਰੇ ਨਿਰਮਾਤਾ ਮੇਰੇ ਕੋਲ ਆਏ ਕਿ ਮੈਨੂੰ ਸ਼ੂਟਿੰਗ ਦੀਆਂ ਤਾਰੀਖਾਂ ਮੁਕੱਰਰ ਕਰਨ ਵਾਸਤੇ ਸੈਕਟਰੀ ਦੀ ਲੋੜ ਪੈ ਗਈ। ਸ੍ਰੀ ਲਲਿਤ ਸੀ. ਦੋਸ਼ੀ ਜੋ ਲਲਿਤ ਭਾਈ ਦੇ ਨਾਮ ਨਾਲ ਜਾਣੇ ਜਾਂਦੇ ਹਨ, ਨੂੰ ਸੈਕਟਰੀ ਮੁਕੱਰਰ ਕੀਤਾ ਗਿਆ। ਇਹ ਗੁਜਰਾਤ ਦੇ ਰਹਿਣ ਵਾਲੇ ਸਨ ਪਰ ਬੰਬਈ ਪੱਕੇ ਤੌਰ 'ਤੇ ਸੈਟਲ ਹੋ ਚੁੱਕੇ ਸਨ। ਸੈਕਟਰੀਸ਼ਿਪ ਦੇ ਕੰਮ ਵਿਚ ਬੜੇ ਹੀ ਸਿਆਣੇ ਬੰਦੇ ਸਾਬਤ ਹੋਏ। ਮੇਰੇ ਇਲਾਵਾ ਇਹ ਅਜੀਤ ਅਤੇ ਪ੍ਰਾਣ ਸਾਹਿਬ ਦਾ ਵੀ ਕੰਮ ਦੇਖਦੇ ਸਨ। ਫਿਲਮਾਂ ਵਿਚ ਮੇਰੀ ਬਹੁਤ ਮਸ਼ਹੂਰੀ ਹੋਈ ਤਾਂ ਕੁਸ਼ਤੀ ਦੇ ਸ਼ੌਕੀਨਾਂ ਨੂੰ ਬਹੁਤ ਗੁੱਸਾ ਆਇਆ। ਮੇਰੇ ਚਾਹੁਣ ਵਾਲਿਆਂ ਨੇ ਬਹੁਤ ਖ਼ਤ ਲਿਖੇ। ਉਤਰ ਪ੍ਰਦੇਸ਼ 'ਚੋਂ ਕਿਸੇ ਨੇ ਮੈਨੂੰ ਖ਼ਤ ਲਿਖਿਆ ਜਿਸ ਵਿਚ ਉਸ ਨੇ ਸ਼ਿਕਵਿਆਂ ਭਰੀ ਲੰਬੀ ਕਵਿਤਾ ਲਿਖੀ। ਉਸ ਦੇ ਕੁਝ ਬੋਲ ਇਸ ਤਰ੍ਹਾਂ ਸਨ, 'ਤੁਮ ਭਾਰਤ ਕੇ ਭੀਮ ਹੋ, ਬਜਾਤੇ ਕਿਉਂ ਬੀਨ ਹੋ' ਇਤਿਆਦਿ।

ਮੈਂ ਆਪਣੇ ਕੁਸ਼ਤੀ ਪ੍ਰੇਮੀਆਂ ਨੂੰ ਲਿਖਿਆ ਕਿ 'ਮੈਂ ਕੁਸ਼ਤੀ ਬਿਲਕੁਲ ਨਹੀਂ ਛੱਡ ਰਿਹਾ, ਬਾਕਾਇਦਾ ਜ਼ੋਰ ਜਾਰੀ ਹਨ' ਤਾਂ ਕਿਤੇ ਉਨ੍ਹਾਂ ਨੂੰ ਧੀਰਜ ਆਈ। ਉਨ੍ਹਾਂ ਦਾ ਖ਼ਿਆਲ ਸੀ ਕਿ ਫਿਲਮਾਂ ਦੀ ਚਮਕ-ਦਮਕ ਅਤੇ ਹੁਸਨ ਦਾ ਬੋਲ-ਬਾਲਾ ਪਹਿਲਵਾਨ ਨੂੰ ਪਹਿਲਵਾਨੀ ਭੁਲਾ ਦਏਗਾ ਪਰ ਮੈਂ ਆਪਣੇ ਇਰਾਦੇ ਦਾ ਪੱਕਾ ਸੀ। ਫਿਲਮਾਂ ਵਿਚ ਕੰਮ ਕਰਨ ਦੇ ਬਾਵਜੂਦ ਮੈਂ ਫਿਲਮੀ ਦੁਨੀਆਂ ਦੀਆਂ ਰੰਗੀਨੀਆਂ ਤੋਂ ਦੂਰ ਰਹਿੰਦਾ ਸੀ। ਦੇਰ ਰਾਤ ਤੱਕ ਦੀਆਂ ਪਾਰਟੀਆਂ 'ਤੇ ਨਹੀਂ ਸਾਂ ਜਾਂਦਾ। ਦੋ-ਤਿੰਨ ਸਾਲ ਫਿਲਮਾਂ ਵਿਚ ਰਹਿਣ ਤੋਂ ਬਾਅਦ ਵੀ ਮੈਂ ਪੂਰੀ ਲਗਨ ਨਾਲ ਘੁਲਦਾ ਰਿਹਾ ਤਾਂ ਕਿਤੇ ਜਾ ਕੇ ਮੇਰੇ ਚਾਹੁਣ ਵਾਲਿਆਂ ਨੂੰ ਯਕੀਨ ਆਇਆ ਕਿ ਵਾਕਿਆ ਹੀ ਮੈਂ ਸੱਚ ਬੋਲ ਰਿਹਾ ਹਾਂ।

'ਏਕ ਥਾ ਅਲੀ ਬਾਬਾ' ਦੇ ਇਕ ਸੀਨ ਦੀ ਗੱਲ ਮੈਨੂੰ ਕਦੇ ਨਹੀਂ ਭੁੱਲ ਸਕਦੀ। ਡਾਇਰੈਕਟਰ ਹਰਬੰਸ ਬਜ਼ਿਦ ਸੀ ਕਿ ਆਵਾਜ਼ ਮੇਰੀ ਹੀ ਰਹੇਗੀ, ਇਸ ਲਈ ਸਹੀ ਬੁਲਵਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੇਰਾ ਅਤੇ ਖ਼ਲਨਾਇਕ ਰਾਮ ਸਿੰਘ ਦਾ ਸੀਨ ਚੱਲ ਰਿਹਾ ਸੀ, ਤੇ ਮੇਰੇ ਕੋਲੋਂ ਇਜਾਜ਼ਤ ਲਫ਼ਜ਼ ਠੀਕ ਨਹੀਂ ਸੀ ਬੋਲਿਆ ਜਾ ਰਿਹਾ। ਕਹਿਣਾ ਸਿਰਫ਼ ਇੰਨਾ ਸੀ, "ਖ਼ਾਦਿਮ ਕੋ ਅੰਦਰ ਆਨੇ ਕੀ ਇਜਾਜ਼ਤ ਹੈ?"

ਸ਼ਾਮ ਨੂੰ ਸ਼ੂਟਿੰਗ ਖ਼ਤਮ ਹੋਣ ਪਿੱਛੋਂ ਮੈਨੂੰ ਅਤੇ ਰਾਮ ਸਿੰਘ ਨੂੰ ਇਕੋ ਕਾਰ ਵਿਚ ਸਫ਼ਰ ਕਰਨ ਦਾ ਮੌਕਾ ਮਿਲਿਆ। ਮੈਨੂੰ ਉਦਾਸ ਵੇਖ ਕੇ ਰਾਮ ਸਿੰਘ ਕਹਿਣ ਲੱਗਾ, 'ਘਬਰਾਉਣ ਦੀ ਤੇ ਉਦਾਸ ਹੋਣ ਦੀ ਲੋੜ ਨਹੀਂ, ਹਰ ਨਵੇਂ ਬੰਦੇ ਨਾਲ ਇਸ ਤਰ੍ਹਾਂ ਹੀ ਹੁੰਦਾ ਹੈ। ਮੈਂ ਜਦੋਂ ਨਵਾਂ-ਨਵਾਂ ਫਿਲਮਾਂ ਵਿਚ ਆਇਆ ਤਾਂ ਇਸੇ ਤਰ੍ਹਾਂ ਬੋਲਣ ਵਿਚ ਦਿੱਕਤਾਂ ਆਉਂਦੀਆਂ ਸਨ ਪਰ ਅੱਜ ਮੈਂ ਲੋਕਾਂ ਨੂੰ ਬੋਲਣਾ ਸਿਖਾਉਂਦਾ ਹਾਂ।'

ਰਾਮ ਸਿੰਘ ਦੀ ਇਸ ਗੱਲ ਨੇ ਮੈਨੂੰ ਬੜਾ ਹੌਂਸਲਾ ਦਿੱਤਾ। ਮੈਂ ਸੋਚਣ ਲੱਗ ਪਿਆ, ਭਈ ਕੀ ਪਤਾ ਰਾਮ ਸਿੰਘ ਵਾਂਗੂੰ ਮੈਂ ਵੀ ਇਕ ਦਿਨ ਇੰਨਾ ਤਜ਼ਰਬੇਕਾਰ ਹੋ ਜਾਵਾਂ ਕਿ ਲੋਕਾਂ ਨੂੰ ਬੋਲਣਾ ਸਿਖਾਵਾਂ। ਸੋਚਿਆ ਤਾਂ ਢਿੱਲੇ ਜਿਹੇ ਮਨ ਨਾਲ ਸੀ, ਤੇ ਨਾਲ ਹੀ ਆਤਮਾ ਦੀ ਆਵਾਜ਼ ਸੀ, 'ਸਿਖਾਉਣ ਦੀ ਗੱਲ ਛੱਡ, ਜੇ ਆਪ ਨੂੰ ਹੀ ਬੋਲਣਾ ਆ ਜਾਵੇ ਤਾਂ ਬਹੁਤ ਹੈ।'



# PUNJABI CULTURAL SOCIETY OF CHICAGO

*Proudly Presents*

# 17th PUNJABI SPORTS FESTIVAL

SUNDAY, AUGUST 7, 2011, Time 9am-5pm at

COMMUNITY RECREATION CENTER, 120 OAK ST. ADDISON, IL. 60101

KABADDI, VOLLEYBALL, SOCCER, ATHLETICS, MUSICAL CHAIRS, YOGA, BHANGRA AEROBICS, KIDS' EVENTS & MUCH MORE.


Free entry, Complimentry Breakfast & Lunch, Enjoy Family Style Fun, All day Sports Festival. All Teams Register by July 31, 2011. Team Registration fee is $50 & Individual Sports $5 per person.

PCS Basketball Tournament Saturday, August 6, 2011, Time 9am-5pm at Community Recreation Center, 120 Oak St. Addison, IL. 60101





For More Information Please Contact: (847) 359-5PCS, Balwinder S Girn (847)-532-0610, Baljit Sidhu (630) 862-0941, Avind Gakhal (847) 705-1440 or any PCS Officials

# ਪੰਜਾਬੀ ਸਭਿਆਚਾਰਕ ਸਭਾ

PUNJABI CULTURAL SOCIETY OF CHICAGO
P .O. BOX 1244, PALATINE, IL. 60078
E- mail: info@PCSChicago.org or Visit www.PCSChicago.org

# ਮੀਰੀ ਪੀਰੀ ਸਪੋਰਟਸ ਕੱਲਬ ਇੰਡੀਅਨਐਪੋਲਿਸ (ਇੰਡੀਆਨਾ)



ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ

ਪ੍ਰਧਾਨ
ਕੁਲਵੰਤ ਸਿੰਘ ਦਿਉਲ
317-625-1954

ਮੀਤ ਪ੍ਰਧਾਨ
ਪ੍ਰਮਜੀਤ ਸਿੰਘ ਸਿੱਧੂ
201-312-8768

ਜਨਰਲ ਸੈਕਟਰੀ
ਸਤਵੰਤ ਸਿੰਘ ਨਿੱਜਰ
916-416-2499

ਸੈਕਟਰੀ
ਅਵਤਾਰ ਸਿੰਘ ਤਾਰੀ
317-604-9999

ਸੈਕਟਰੀ
ਗੁਰਵਿੰਦਰ ਸਿੰਘ ਢਿਲੋਂ
317-989-4599

ਖਜ਼ਾਨਚੀ
ਬੁੱਕਣ ਸਿੰਘ
317-373-7922
ਬਲਜੀਤ ਸਿੰਘ
415-336-5282

### 3500 ਬਰੁਕਸਾਈਡ ਪਾਰਕ (ਇੰਡੀਅਨਐਪੋਲਿਸ) ਦੇ ਖੁੱਲ੍ਹੇ ਮੈਦਾਨਾਂ ਵਿਚ

# ਪਹਿਲਾ ਪੰਜਾਬੀ ਖੇਡ ਮੇਲਾ

## 23 ਜੁਲਾਈ 2011 ਦਿਨ ਸਨਿਚਰਵਾਰ

**(3500 Brookside Parkway Indianapolis, IN 46201)**

## ਸਮੂਹ ਕਬੱਡੀ, ਬਾਸਕਟਬਾਲ ਅਤੇ ਵਾਲੀਬਾਲ ਦੇ ਸਮੂਹ ਖਿਡਾਰੀਆਂ ਅਤੇ ਪ੍ਰੇਮੀਆਂ ਨੂੰ ਇਸ ਟੂਰਨਾਮੈਂਟ ਵਿਚ ਪਹੁੰਚ ਕੇ ਰੌਣਕ ਵਧਾਉਣ ਦਾ ਖੁੱਲ੍ਹਾ ਸੱਦਾ

## ਇਨਾਮ

**ਪਹਿਲਾ ਇਨਾਮ-ਕਬੱਡੀ**
ਜੀ ਐਮ ਕਾਰਪੋਰੇਸ਼ਨ

**ਪਹਿਲਾ ਇਨਾਮ-ਵਾਲੀਬਾਲ**
ਸੁਰਜੀਤ ਸਿੰਘ ਬੈਂਸ

**ਪਹਿਲਾ ਇਨਾਮ-ਬਾਸਕਟਬਾਲ**
ਨਿੱਕ ਟਰਾਂਸਪੋਰਟ (Knick)

**ਦੂਜਾ ਇਨਾਮ-ਕਬੱਡੀ**
ਐਚ ਐਂਡ ਜੇ ਕੰਪਨੀ

**ਦੂਜਾ ਇਨਾਮ-ਵਾਲੀਬਾਲ**
ਐਚ. ਕੇ. ਇੰਕ

**ਦੂਜਾ ਇਨਾਮ-ਬਾਸਕਟਬਾਲ**
ਮੇ ਫਲਾਵਰ ਇੰਸ਼ੋਰੈਂਸ ਕੰਪਨੀ

**ਅੰਡਰ 21 ਕਬੱਡੀ-ਪਹਿਲਾ ਇਨਾਮ**
ਸੰਨੀ ਸ਼ੇਰਗਿੱਲ
**ਅੰਡਰ 21 ਕਬੱਡੀ-ਦੂਜਾ ਇਨਾਮ**
ਕੁਲਵਿੰਦਰ ਸਿੰਘ ਰੰਧਾਵਾ ਅਤੇ ਤੀਰਥ ਅਟਵਾਲ

**ਬੀਬੀਆਂ ਤੇ ਬੱਚਿਆਂ ਵਾਸਤੇ ਖਾਸ ਇਵੈਂਟਸ**
> ਬੀਬੀਆਂ ਦੇ ਵਾਲੀਬਾਲ ਮੁਕਾਬਲੇ
> ਬੀਬੀਆਂ ਤੇ ਬੱਚਿਆਂ ਦੀਆਂ ਦੌੜਾਂ
> ਰੱਸਾਕਸ਼ੀ ਦੇ ਮੁਕਾਬਾਲੇ

**ਜ਼ਰੂਰੀ ਬੇਨਤੀ**
> ਸਾਰੀਆਂ ਟੀਮਾਂ ਵਿਚ ਪਲੇਅਰ ਮਿਡਵੈਸਟ ਅਮਰੀਕਾ ਦੇ ਹੋਣੇ ਚਾਹੀਦੇ ਹਨ।
> ਰੈਫਰੀ ਦਾ ਫੈਸਲਾ ਅਟੱਲ ਹੋਵੇਗਾ।
> ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁਧ ਸਖਤ ਕਾਰਵਾਈ ਕੀਤੀ ਜਾਵੇਗੀ।
> ਪੁਲਿਸ ਵਲੋਂ ਸੁਰੱਖਿਆ ਦਾ ਖਾਸ ਪ੍ਰਬੰਧ ਹੋਵੇਗਾ।
> ਬੀਬੀਆਂ ਤੇ ਬੱਚਿਆਂ ਦੇ ਬੈਠਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**ਕੁਮੈਂਟਰੀ**
ਮੱਖਣ ਸਿੰਘ ਹਕੀਮਪੁਰ ਤੇ ਸੁਖਚੈਨ ਬਰਾੜ

**ਸਾਰਾ ਦਿਨ ਫਰੀ ਲੰਗਰ ਦੀ ਸੇਵਾ ਇੰਡੀਅਨ ਪੈਲੇਸ ਰੈਸਟੋਰੈਂਟ, ਸੁਖਦੇਵ ਸਿੰਘ ਸਮਰਾ ਵਲੋਂ**

**ਕਮੇਟੀ ਦੇ ਸਹਾਇਕ ਮੈਂਬਰ:** ਗੁਰਪ੍ਰੀਤ ਸਿੰਘ ਧਨੋਆ, ਗੁਰਮੁਖ ਸਿੰਘ ਗੋਰਾ, ਰਜਿੰਦਰ ਸਿੰਘ ਸੰਨੀ, ਜਸਵੀਰ ਸਿੰਘ ਡਿਪਟੀ, ਜਿੰਮੀ ਬਰਾੜ, ਰਣਜੀਤ ਸਿੰਘ ਪੱਤੜ, ਜਸਵੀਰ ਸਿੰਘ ਲਾਲੀ, ਨੱਛਤਰ ਸਿੰਘ, ਮਨਿੰਦਰ ਸਿੰਘ ਵਾਲੀਆ, ਸਰਬਜੀਤ ਸਿੰਘ ਸਾਬੀ, ਪਰਮਜੀਤ ਸਿੰਘ ਅਟਵਾਲ, ਮੱਖਣ ਸਿੰਘ ਪ੍ਰਤਾਪਰਾ, ਜਸਵਿੰਦਰ ਸਿੰਘ ਅਟਵਾਲ, ਸੀ ਐਸ ਆਹਲੂਵਾਲੀਆ, ਦਰਸ਼ਨ ਸਿੰਘ ਦਰੜ, ਭਜਨ ਸਿੰਘ ਸਿੱਧੂ।

**ਵਿਸ਼ੇਸ਼ ਸਨਮਾਨ:** ਸੰਤ ਪ੍ਰੇਮ ਸਿੰਘ ਸੁਸਾਇਟੀ

**ਪਤਵੰਤੇ ਸੱਜਣ:** ਸੈਕਰਾਮੈਂਟੋ (ਕੈਲੀਫੋਰਨੀਆ) ਤੋਂ ਸੁੱਖੀ ਸੇਖੋਂ, ਕਿੰਦੂ ਰਮੀਦੀ, ਗੁਰਮੁਖ ਸਿੰਘ ਸੰਧੂ ਤੇ ਸੀਤਲ ਸਿੰਘ ਨਿੱਜਰ; ਪ੍ਰੀਤ ਨਿਊ ਯਾਰਕ; ਅਜੈਬ ਸਿੰਘ ਲੱਖਣ (ਸ਼ਿਕਾਗੋ), ਰਣਧੀਰ ਸਿੰਘ ਨਿੱਜਰ, ਪਰਮਜੀਤ ਸਿੰਘ ਲਿੱਦੜ, ਹੈਪੀ ਟਰਾਂਸਪੋਰਟ, ਗੁਰਿੰਦਰ ਸਿੰਘ ਢਿੱਲੋਂ।

**ਸਹਿਯੋਗੀ ਸੰਸਥਾਵਾਂ:** ਗੁਰਦਵਾਰਾ ਪ੍ਰਬੰਧਕ ਕਮੇਟੀ ਗਰੀਨਵੁੱਡ, ਗੁਰਦੁਵਾਰਾ ਪ੍ਰਬੰਧਕ ਕਮੇਟੀ ਐਕਟਨ, ਗੁਰਦਵਾਰਾ ਪ੍ਰਬੰਧਕ ਕਮੇਟੀ ਰੇਅਮੰਡ, ਹਿੰਦੂ ਮੰਦਰ ਇੰਡੀਅਨਐਪੋਲਿਸ, ਦਸ਼ਮੇਸ਼ ਅਕੈਡਮੀ ਗੁਰਦਵਾਰਾ ਸਾਹਿਬ।

**ਡਾਇਮੰਡ ਸਪਾਂਸਰ:** ਅੰਬਰ ਰੈਸਟੋਰੈਂਟ, ਇੰਡੀਆ ਪੈਲੇਸ, ਐਚ ਕੇ ਇੰਕ, ਸਿੰਘ ਟਰੱਕ ਅਤੇ ਟਰੇਲਰ ਰਿਪੇਅਰ, ਐਚ ਐਂਡ ਜੇ ਟਰਾਂਸਪੋਰਟ, ਸਵਰਨ ਸਿੰਘ ਗਿੱਲ, ਤਜਿੰਦਰ ਸਿੰਘ ਗਿੱਲ, ਅਕਾਸ਼ਦੀਪ, ਪਲਵਿੰਦਰ ਲਿੱਦੜ, ~~ਸੋਢੀ ਟਰਾਂਸਪੋਰਟ~~, ਸੰਨੀ ਸ਼ੇਰਗਿੱਲ, ਕੁਲਵਿੰਦਰ ਸਿੰਘ ਰੰਧਾਵਾ, ਤੀਰਥ ਅਟਵਾਲ, ਦਰਸ਼ਨ ਸਿੰਘ ਦਰੜ, ਮਨਜੀਤ ਸਿੰਘ ਨਾਗਰਾ, ਪ੍ਰਿਥਪਾਲ ਸਿੰਘ ਘੋਤੜਾ, ਸੁਰਜੀਤ ਸਿੰਘ (ਜੇ ਐਸ ਆਰ ਟਰੱਕਿੰਗ), ਨਿੱਕ ਟਰਾਂਸਪੋਰਟ, ਮੇ ਫਲਾਵਰ ਇੰਸ਼ੋਰੈਂਸ, ਸਪਾਈਸ ਲੌਜਿਸਟਿਕ, ਸੰਨੀ ਗਿੱਲ, ਰਾਜ ਡਾਇਮੰਡ ਐਕਸਪ੍ਰੈਸ, ਬਲਦੇਵ ਸਿੰਘ ਸੱਲ੍ਹਾਂ, ਦਲਵਿੰਦਰ ਸਿੰਘ ਗੁਰਾਇਆ, ਕੁਲਵਿੰਦਰ ਸਿੰਘ ਅਤੇ ਤੀਰਥ ਸਿੰਘ (5 ਸਟਾਰ ਪੈਟਰੋਲੀਅਮ), ਜਸਦੀਪ ਸਿੰਘ ਸਿੱਧੂ (ਸਿੱਧੂ ਟਰਾਂਸਪੋਰਟ)।

**ਗੋਲਡ ਸਪਾਂਸਰ:** ਗੁਰਪ੍ਰੀਤ ਸਿੰਘ ਨਿੱਜਰ (Gee Transportation Inc.), ਅਮਰਜੀਤ ਸਿੰਘ, ਜਸਪਾਲ ਸਿੰਘ ਅਟਵਾਲ, ਮਹਿੰਦਰ ਸਿੰਘ, ਅਮਰਦੀਪ ਸਿੰਘ, ਜੱਸੀ ਸੀ.ਬੀ.ਆਈ. ਟਰੱਕ ਰਿਪੇਅਰ, ਅਮਰੀਕ ਸਿੰਘ ਗਰੇਵਾਲ, ਅੱਛਰਜੀਤ ਸਿੰਘ ਗਰੇਵਾਲ, ਸ਼ਾਰਪ ਟਰਾਂਸਪੋਰਟ, ਕੁਲਦੀਪ ਸਿੰਘ, ਬਲਜੀਤ ਬੋਪਾਰਾਏ, ਗਗਨਦੀਪ ਸਿੰਘ, ਸਿੰਘ ਟਰੱਕ ਐਂਡ ਟਰੇਲਰ, ਪਰਮਜੀਤ ਸਿੰਘ, ਦੇਸੀ ਬਾਜ਼ਾਰ, ਨਵਜੀਤ ਸਿੰਘ, ਜਗਦੀਸ਼ ਸਿੰਘ, ਜਗਜੀਤ ਸਿੰਘ, ਹਰਦੀਪ ਸਿੰਘ ਟੁੱਟ, ਟੁੱਟ ਬ੍ਰਦਰਜ਼ (ਲੱਕੀ), ਗੁਰਪ੍ਰੀਤ ਸਿੰਘ, ਟਵਿੰਨ ਫਲੈਗ, ਰਣਜੀਤ ਸਿੰਘ ਧਾਮੀ, ਤੇਜਿੰਦਰ ਸਿੰਘ ਨਿਊ ਜਰਸੀ, ਪਲਵਿੰਦਰ ਸਿੰਘ, ਬਲਵਿੰਦਰ ਸਿੰਘ ਖੱਖ, ਸਨਦੀਪ ਸਿੰਘ ਲਾਡੀ, ਸੁਖਵਿੰਦਰ ਸਿੰਘ ਬਿੱਲੂ, ਸੁਰਿੰਦਰ ਕੁਲਾਰ, ਵਰਿੰਦਰ ਸਾਹੀ, ਕਿਰਨਜੀਤ (ਕਿੰਟੂ) ਬਾਵਾ, ਪਾਲ ਖਲੀਲ, ਸਰਬਜੀਤ ਸਿੰਘ ਗਿੱਲ, ਜਸਪਾਲ ਸਿੰਘ ਜੱਸਾ, ਇੰਡੀਹਾਂਡਾ, ਹਰਬੰਤ ਸਿੰਘ, ਦਲਜੀਤ ਸਿੰਘ, ਮਲਕੀਤ ਸਿੰਘ, ਸੁਰਿੰਦਰ ਸਿੰਘ, ਹਰਜੀਤ ਸਿੰਘ, ਜਸਵੀਰ ਸਿੰਘ, ਜਸਵੀਰ ਸਿੰਘ ਬਾਲਾ, ਹਰਵਿੰਦਰ ਸਿੰਘ, ਮੰਗਾ ਮੱਟੂ, ਗੁਰਿੰਦਰ ਸਿੰਘ, ਸੋਹਲ ਕੰਸਟ੍ਰਕਸ਼ਨ ਇੰਕ, ਬਲਜੀਤ ਸਿੰਘ ਗਿੱਲ, ਕੁਲਦੀਪ ਸਿੰਘ ਭਾਊ, ਰਾਣਾ ਸਿੱਧੂ, ਕੁਲਤਾਰ ਸਿੰਘ ਪੈਟਰੋ, ਸੰਨੀ ਟੱਰਕ ਰਿਪੇਅਰ, ਜਸਵਿੰਦਰ ਸਿੰਘ, ਗੁਰਦੀਪ ਸਿੰਘ, ਕੈਨਮੈਕਸ ਐਕਸਪ੍ਰੈਸ (ਗਿੱਲ), ਅਸ਼ੋਕ ਅਤੇ ਬੌਬੀ, ਨਵਦੀਪ ਸਿੰਘ, ਜਗਜੀਤ ਸਿੰਘ, ਹਰਪ੍ਰੀਤ ਸਿੰਘ, ਗੋਲਡਨ ਕੀ ਪ੍ਰਾਪਰਟੀਜ਼ ਇੰਕ, ਐਕਸੀਡ ਇੰਸ਼ੋਰੈਂਸ ਏਜੰਸੀ, ਜੇ ਐਂਡ ਸੰਗਾਰਾ ਸਿੰਘ, ਗੁਰਿੰਦਰ ਸਿੰਘ ਸੰਧੂ, ਬਲਜੀਤ ਸਿੰਘ ਸੰਧੂ, ਭਗਤ ਟਰੱਕਿੰਗ (ਪਾਲੀ), ਤੇਜਿੰਦਰ ਸਿੰਘ ਮਾਹਲ, ਜਸਪ੍ਰੀਤ ਸਿੰਘ ਦਿਓਲ, ਕੀ ਟਰੱਕਿੰਗ ਕੰਪਨੀ, ਜਸਦੀਪ ਸਿੰਘ ਸਿੱਧੂ, ਗੁਰਿੰਦਰ ਸਿੰਘ ਗਿੰਦਾ, ਲਾਡਾ ਟਰੱਕਿੰਗ ਕੰਪਨੀ।

**ਸਿਲਵਰ ਸਪਾਂਸਰ:** ਨਰਿੰਦਰ ਸਿੰਘ ਕੇਲੀ, ਹਰਜਿੰਦਰ ਸਿੰਘ, ਹਰਕ੍ਰਿਸ਼ਨ ਸਿੰਘ, ਸਵਰਨ ਸਿੰਘ, ਰਘਵੀਰ ਸਿੰਘ, ਸੂਚਾ ਸਿੰਘ, ਮਨਜੀਤ ਸਿੰਘ, ਅਮਰਜੀਤ ਸਿੰਘ, ਆਧੀ ਟਰੱਇੰਗ, ਹਰਬੰਸ ਸਿੰਘ, ਪਰਮਿੰਦਰ ਸਿੰਘ ਬਸਰਾ, ਅਵਤਾਰ ਸਿੰਘ, ਜਸਵਿੰਦਰ ਸਿੰਘ, ਸਤਨਾਮ ਸਿੰਘ, ਹਰਪ੍ਰੀਤ ਸਿੰਘ ਸਹੋਤਾ, ਗੁਰਨਾਮ ਸਿੰਘ, ਸਤਵੀਰ ਸਿੰਘ, ਅਮਰਜੀਤ ਸਿੰਘ, ਅਮਰੀਕ ਸਿੰਘ, ਦਵਿੰਦਰ ਸਿੰਘ ਨਿੱਜਰ, ਗੁਰਦੀਪ ਸਿੰਘ ਨਿੱਜਰ।

**ਜਲ ਦੀ ਸੇਵਾ:** ਜੱਸੀ, ਹੈਰੀ, ਬਲਵੀਰ ਸਿੰਘ, ਸਤਨਾਮ ਸਿੰਘ, ਪਰਮਦੀਪ ਸਿੰਘ